

Ray Dhaliwal
Real Estate Broker

# Moving to Indiana?

Contact Ray Dhaliwal @ 317-993-4987

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

Helpful in Easy and Accessible Home Loans at best Interest Rates.

CENTURY 21 SCHEETZ
RAYD@C21Scheetz.com



Twenty-Fourth Year of Publication    ਨਿਊਯਾਰਕ ਐਡੀਸ਼ਨ    Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Email:punjabtimes1@gmail.com
www.punjabtimesusa.com

Punjab Times, Vol 25, Issue 03; January 20, 2024    20451 N. Plum Grove Rd., Palatine, IL 60074    Ph:847-359-0746, Fax:847-705-9388


# ਗੈਰ-ਕਾਨੂੰਨੀ ਪਰਵਾਸ ਬਾਰੇ ਨਵੇਂ ਖੁਲਾਸੇ

## ਟਰੈਵਲ ਏਜੰਟ ਵੀ ਲੈ ਰਹੇ ਖਾਲਿਸਤਾਨ ਦਾ ਸਹਾਰਾ

**ਚੰਡੀਗੜ੍ਹ:** ਵਿਦੇਸ਼ ਜਾਣ ਲਈ ਪੰਜਾਬੀ ਨੌਜਵਾਨ ਕਿਸ ਹੱਦ ਤੱਕ ਆਪਣੀ ਜਾਨ ਜ਼ੋਖ਼ਮ ਵਿਚ ਪਾਉਣ ਲਈ ਤਿਆਰ-ਬਰ-ਤਿਆਰ ਬੈਠੇ ਹਨ, ਨਿਕਾਰਾਗੁਆ ਕਾਂਡ ਦੀ ਜਾਂਚ ਵਿਚ ਇਸ ਬਾਰੇ ਵੱਡੇ ਖੁਲਾਸੇ ਹੋ ਰਹੇ ਹਨ। ਜਾਂਚ ਵਿਚ ਸਾਹਮਣੇ ਆਇਆ ਹੈ ਕਿ ਅਮਰੀਕਾ ਵਿਚ ਦਾਖਲ ਹੁੰਦੇ ਸਮੇਂ ਫੜੇ ਜਾਣ ਉਤੇ ਇਨ੍ਹਾਂ ਨੌਜਵਾਨਾਂ ਨੇ ਆਪਣੇ ਆਪ ਨੂੰ ਖਾਲਿਸਤਾਨੀ ਗਰੁੱਪ ਨਾਲ ਸਬੰਧਤ ਦੱਸਣ ਸੀ ਤਾਂ ਕਿ ਉਨ੍ਹਾਂ ਨੂੰ ਸ਼ਰਨ ਮਿਲ ਸਕੇ।

ਨਿਕਾਰਾਗੁਆ ਡੰਕੀ ਰੂਟ ਮਾਮਲੇ ਵਿਚ ਅੰਮ੍ਰਿਤਸਰ ਜ਼ਿਲ੍ਹਾ ਦਿਹਾਤੀ ਪੁਲਿਸ ਨੇ ਦੋ ਕੇਸ ਦਰਜ ਕੀਤੇ ਹਨ। ਚੇਤੇ ਰਹੇ ਕਿ ਲਗਭਗ 200 ਪੰਜਾਬੀਆਂ ਸਮੇਤ ਹੋਰ ਯਾਤਰੀਆਂ ਨੂੰ ਫਰਾਂਸ ਵਿਚ ਰੋਕਿਆ ਗਿਆ ਸੀ ਤੇ ਬਾਅਦ ਵਿਚ ਭਾਰਤ ਵਾਪਸ ਭੇਜ ਦਿੱਤਾ ਗਿਆ ਸੀ। ਇਹ ਜਹਾਜ਼ ਰੋਮਾਨੀਆ ਦੀ ਕੰਪਨੀ ਲੀਜੈਂਡ ਏਅਰਲਾਈਨਜ਼ ਦਾ ਹੈ; ਕੰਪਨੀ ਅਨੁਸਾਰ ਇਸ ਉਡਾਣ ਨੂੰ ਇਕ ਵਿਅਕਤੀ ਨੇ ਚਾਰਟਡ ਉਡਾਣ (ਭਾਵ ਪੂਰੇ ਦਾ ਪੂਰਾ ਜਹਾਜ਼) ਵਜੋਂ ਕਿਰਾਏ ਉਤੇ ਲਿਆ ਸੀ। ਮੁਸਾਫ਼ਰਾਂ ਵਿਚ ਬੱਚੇ ਅਤੇ ਨਾਬਾਲਗ ਵੀ ਸਨ। ਜਾਂਚ ਵਿਚ ਸਾਹਮਣੇ ਆਇਆ ਹੈ ਕਿ ਇਨ੍ਹਾਂ ਮੁਸਾਫ਼ਰਾਂ ਨੇ ਪਹਿਲਾਂ ਨਿਕਾਰਾਗੁਆ ਠਹਿਰਨਾ ਸੀ ਤੇ ਫਿਰ ਗ਼ੈਰ-ਕਾਨੂੰਨੀ ਢੰਗ ਨਾਲ ਅਮਰੀਕਾ ਜਾਂ ਕੈਨੇਡਾ ਜਾਣ ਦਾ ਯਤਨ ਕਰਨਾ ਸੀ।



ਇਸੇ ਦੌਰਾਨ, ਗੁਜਰਾਤ ਪੁਲਿਸ ਨੇ 14 ਏਜੰਟਾਂ ਵਿਰੁੱਧ ਐਫ.ਆਈ.ਆਰ. ਦਰਜ ਕੀਤੀ ਹੈ। ਪੁੱਛਗਿੱਛ ਦੌਰਾਨ ਖੁਲਾਸਾ ਹੋਇਆ ਹੈ ਕਿ ਏਜੰਟਾਂ ਨੇ ਫੜੇ ਜਾਣ ਦੀ ਸੂਰਤ ਵਿਚ ਯਾਤਰੀਆਂ ਨੂੰ ਸਕ੍ਰਿਪਟ ਦਿੱਤੀ ਹੋਈ ਸੀ ਜਿਸ ਦੀ ਮਦਦ ਨਾਲ ਯਾਤਰੀਆਂ ਨੇ ਬਾਰਡਰ ਕੰਟਰੋਲ ਅਥਾਰਿਟੀ ਨੂੰ ਸ਼ਰਨ ਦੇਣ ਲਈ ਮਨਾਉਣਾ ਸੀ। ਜੇ ਉਹ ਗ਼ੈਰ-ਕਾਨੂੰਨੀ ਪਰਵਾਸ ਵਿਚ ਨਾ ਫੜੇ ਜਾਂਦੇ ਤਾਂ ਉਨ੍ਹਾਂ ਅਮਰੀਕਾ ਵਿਚਲੇ ਵਿਅਕਤੀਆਂ ਨਾਲ ਸੰਪਰਕ ਕਰਨਾ ਸੀ। ਪੰਜਾਬ ਵਿਚ ਉਨ੍ਹਾਂ ਨੂੰ ਸਕ੍ਰਿਪਟ ਦੇ ਕੇ ਕਿਹਾ ਗਿਆ ਸੀ ਕਿ ਉਹ ਸਰਹੱਦ ਉਤੇ ਖ਼ੁਦ ਨੂੰ ਖਾਲਿਸਤਾਨੀ ਗਰੁੱਪ ਨਾਲ ਸਬੰਧਤ ਦੱਸਣ ਤਾਂ ਕਿ ਉਨ੍ਹਾਂ ਨੂੰ ਸ਼ਰਨ ਮਿਲ ਸਕੇ। ਗੁਜਰਾਤ 'ਚੋਂ ਗਏ ਵਿਅਕਤੀਆਂ ਨੂੰ ਹੋਰ ਕਹਾਣੀਆਂ ਦੱਸਣ ਲਈ ਕਿਹਾ ਗਿਆ ਸੀ। ਮਨੁੱਖੀ ਤਸਕਰੀ ਦਾ ਇਹ ਕੰਮ ਦਿੱਲੀ 'ਚ ਕੇਂਦਰਤ ਸੀ ਤੇ ਜ਼ਿਆਦਾਤਰ ਏਜੰਟ ਪੰਜਾਬ ਤੋਂ ਹਨ। ਹਾਲਾਂਕਿ ਪੁਲਿਸ ਨੇ ਅਮਰੀਕਾ ਵਿਚ ਰਾਜਸੀ ਸ਼ਰਨ ਲੈਣ ਦੀ ਕੋਸ਼ਿਸ਼ ਕਰਨ ਵਾਲੇ ਨੌਜਵਾਨਾਂ ਖ਼ਿਲਾਫ਼ ਮੁਢਲੀ ਪੜਤਾਲ ਦੌਰਾਨ ਤਰਨ ਤਾਰਨ ਜ਼ਿਲ੍ਹੇ ਨਾਲ ਸਬੰਧਤ 20 ਜਣਿਆਂ ਨੂੰ ਬੇਕਸੂਰ ਪਾਇਆ ਹੈ। ਇਨ੍ਹਾਂ ਨੂੰ ਸਾਜ਼ਿਸ਼ ਅਧੀਨ ਲਈ ਖੁਦ ਨੂੰ ਖਾਲਿਸਤਾਨ ਦੇ ਸਮਰਥਕ ਦੇ ਤੌਰ ਉਤੇ ਪੇਸ਼ ਕਰਨ ਲਈ ਕਿਹਾ ਗਿਆ ਸੀ।

ਪੁਲਿਸ ਵੱਲੋਂ ਸੱਦੇ ਗਏ 12 ਪੀੜਤਾਂ ਵਿਚੋਂ ਸਿਰਫ ਦੋ ਨੇ ਆਪਣੇ ਬਿਆਨ ਦਰਜ ਕਰਨ ਲਈ ਸਹਿਮਤੀ ਦਿੱਤੀ, ਬਾਕੀ ਪੀੜਤਾਂ ਨੇ ਪੁਲਿਸ ਨੂੰ ਬਿਆਨ ਦੇਣ ਤੋਂ ਇਨਕਾਰ ਕਰ ਦਿੱਤਾ। ਪਿੰਡ ਤਲਵੰਡੀ ਦੇ ਕੰਵਰਮਨ ਸਿੰਘ ਤੇ ਪਿੰਡ ਬੁੱਟਰ ਸਿਵੀਆਂ ਦੇ ਦਮਨਪ੍ਰੀਤ ਸਿੰਘ ਦੇ ਬਿਆਨਾਂ ਉਤੇ ਥਾਣਾ ਅਜਨਾਲਾ ਤੇ ਮਹਿਤਾ ਥਾਣੇ ਵਿਚ ਦਰਜ ਕੀਤੇ ਗਏ ਹਨ। ਸ਼ਿਕਾਇਤਕਰਤਾ ਕੰਵਰਮਨ ਨੇ ਪੁਲਿਸ ਨੂੰ ਦੱਸਿਆ ਕਿ ਤਰਸੇਮ ਸਿੰਘ ਨੇ ਉਸ ਨੂੰ ਅਮਰੀਕਾ ਭੇਜਣ ਦਾ ਝਾਂਸਾ ਦਿੱਤਾ। ਉਸ ਨੇ ਦੁਬਈ ਲਈ ਟਿਕਟਾਂ ਲਈਆਂ ਸਨ ਤੇ ਟਰੈਵਲ ਏਜੰਟ ਨੇ ਦੁਬਈ ਵਿਚ ਸੰਧੂ ਨਾਂ ਦੇ ਆਪਣੇ ਸਾਥੀ ਰਾਹੀਂ ਅਮਰੀਕਾ ਭੇਜਣ ਦਾ ਭਰੋਸਾ ਦਿੱਤਾ ਜਿਸ ਨੇ ਉਸ ਤੋਂ 5000 ਅਮਰੀਕੀ ਡਾਲਰ ਲਏ। ਉਸ ਨੇ ਕਿਹਾ ਕਿ ਉਹ ਉਸ ਨੂੰ ਨਿਕਾਰਾਗੁਆ ਰਾਹੀਂ ਅਮਰੀਕਾ ਭੇਜੇਗਾ। ਨਿਕਾਰਾਗੁਆ ਪਹੁੰਚਣ 'ਤੇ ਉਸ ਨੂੰ ਅਮਰੀਕਾ ਦਾ ਵੀਜ਼ਾ ਸੌਂਪ ਦਿੱਤਾ ਜਾਵੇਗਾ। ਉਸ ਨੇ 21 ਦਸੰਬਰ ਨੂੰ ਦੁਬਈ ਤੋਂ ਨਿਕਾਰਾਗੁਆ ਲਈ ਹਵਾਈ ਉਡਾਣ ਲਈ ਸੀ ਪਰ ਉਨ੍ਹਾਂ ਨੂੰ ਫਰਾਂਸ ਵਿਚ ਰੋਕ ਦਿੱਤਾ ਗਿਆ ਅਤੇ ਬਾਅਦ 'ਚ ਭਾਰਤ ਭੇਜ ਦਿੱਤਾ ਗਿਆ।

ਵਿਦੇਸ਼ ਜਾ ਕੇ ਵੱਸਣ ਲਈ ਆਪਣੀ ਜਾਨ ਜ਼ੋਖ਼ਮ ਵਿਚ ਪਾਉਣ ਦਾ ਇਹ ਕੋਈ ਪਹਿਲਾ ਮਾਮਲਾ ਨਹੀਂ ਹੈ। ਅਕਤੂਬਰ 2023 ਤੋਂ ਸਤੰਬਰ 2023 ਤੱਕ 96917 ਭਾਰਤੀਆਂ ਨੂੰ ਅਮਰੀਕਾ ਵਿਚ ਗ਼ੈਰ-ਕਾਨੂੰਨੀ ਢੰਗ ਨਾਲ ਦਾਖ਼ਲ ਹੋਣ ਦੇ ਯਤਨ ਕਰਦਿਆਂ ਗ੍ਰਿਫ਼ਤਾਰ ਕੀਤਾ ਗਿਆ ਸੀ।

*(ਬਾਕੀ ਸਫਾ 6 'ਤੇ)*

### ਪਠਾਨਕੋਟ ਦਾ ਨੌਜਵਾਨ ਪਨਾਮਾ ਦੇ ਜੰਗਲਾਂ 'ਚ ਲਾਪਤਾ

**ਪਠਾਨਕੋਟ:** ਪਠਾਨਕੋਟ ਦੇ ਨੌਜਵਾਨ ਜਗਮੀਤ ਸਿੰਘ ਦਾ ਪਨਾਮਾ ਦੇ ਜੰਗਲਾਂ ਵਿਚ ਲਾਪਤਾ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਨੌਜਵਾਨ ਨੂੰ ਟਰੈਵਲ ਏਜੰਟ ਪਤੀ-ਪਤਨੀ ਨੇ ਅਮਰੀਕਾ ਭੇਜਣ ਦਾ ਝਾਂਸਾ ਦਿੱਤਾ ਸੀ ਪਰ ਗ਼ੈਰ-ਕਾਨੂੰਨੀ ਢੰਗ ਰਾਹੀਂ ਭੇਜਦੇ ਸਮੇਂ ਉਹ ਜੰਗਲਾਂ ਵਿਚ ਕਿਧਰੇ ਗੁੰਮ ਹੋ ਗਿਆ। ਨੌਜਵਾਨ ਦੀ ਮਾਪਿਆਂ ਨਾਲ ਪਿਛਲੇ ਮਹੀਨੇ 19 ਦਸੰਬਰ ਨੂੰ ਆਖ਼ਰੀ ਵਾਰ ਗੱਲ ਹੋਈ ਸੀ। ਉਸ ਤੋਂ ਬਾਅਦ ਉਸ ਦਾ ਕੋਈ ਥਹੁ-ਪਤਾ ਨਹੀਂ ਲੱਗ ਰਿਹਾ। ਪਰਿਵਾਰ ਦਾ ਰੋ-ਰੋ ਕੇ ਬੁਰਾ ਹਾਲ ਹੈ।

# 'ਆਪ' ਤੇ ਕਾਂਗਰਸ 'ਚ ਭਾਈਵਾਲੀ ਦੀ ਸ਼ੁਰੂਆਤ

**ਚੰਡੀਗੜ੍ਹ:** ਵਿਰੋਧੀ ਪਾਰਟੀਆਂ ਦੇ ਗੱਠਜੋੜ 'ਇੰਡੀਆ' ਤਹਿਤ 'ਆਪ' ਅਤੇ ਕਾਂਗਰਸ ਵਿਚ ਭਾਈਵਾਲੀ ਦੀ ਸ਼ੁਰੂਆਤ ਚੰਡੀਗੜ੍ਹ ਵਿਚ ਮੇਅਰ ਦੀਆਂ ਚੋਣਾਂ ਤੋਂ ਹੋ ਗਈ ਹੈ। ਦੋਵੇਂ ਪਾਰਟੀਆਂ ਇੰਡੀਅਨ ਨੈਸ਼ਨਲ ਡਿਵੈਲਪਮੈਂਟਲ ਇਨਕਲੂਸਿਵ ਅਲਾਇੰਸ (ਇੰਡੀਆ) ਦਾ ਹਿੱਸਾ ਹਨ। ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ 'ਚ ਮੇਅਰ ਦੀ ਚੋਣ ਲਈ 'ਆਪ' ਅਤੇ ਕਾਂਗਰਸ ਵਿਚਕਾਰ ਗੱਠਜੋੜ ਹੋਇਆ ਹੈ। ਇਸ ਤਹਿਤ 'ਆਪ' ਮੇਅਰ ਅਤੇ ਕਾਂਗਰਸ ਸੀਨੀਅਰ ਡਿਪਟੀ ਮੇਅਰ ਤੇ ਡਿਪਟੀ ਮੇਅਰ ਦੇ ਅਹੁਦਿਆਂ ਲਈ ਚੋਣ ਲੜੇਗੀ।

ਇਹ ਗਠਜੋੜ ਅਜਿਹੇ ਸਮੇਂ ਹੋਇਆ ਹੈ ਜਦੋਂ ਵਿਰੋਧੀ ਇੰਡੀਆ ਗਠਜੋੜ ਦੇ ਦੋਵੇਂ ਭਾਈਵਾਲ 'ਆਪ' ਅਤੇ ਕਾਂਗਰਸ ਇਸ ਸਾਲ ਦੀਆਂ ਲੋਕ ਸਭਾ ਚੋਣਾਂ ਲਈ ਸੀਟਾਂ ਦੀ ਵੰਡ ਉਤੇ ਗੱਲਬਾਤ ਕਰ ਰਹੇ ਹਨ। ਚੰਡੀਗੜ੍ਹ ਨਗਰ ਨਿਗਮ ਵਿਚ ਭਾਜਪਾ ਦੇ 14 ਕੌਂਸਲਰ ਹਨ। ਪਾਰਟੀ ਕੋਲ ਇਕ ਸੰਸਦ ਮੈਂਬਰ ਵਾਲੀ ਵੋਟ ਵੀ ਹੈ। 'ਆਪ' ਦੇ 13 ਅਤੇ ਕਾਂਗਰਸ ਦੇ 7 ਕੌਂਸਲਰ ਹਨ; ਸ਼੍ਰੋਮਣੀ ਅਕਾਲੀ ਦਲ ਦਾ ਇਕ ਕੌਂਸਲਰ ਹੈ। ਕਾਂਗਰਸ ਨੇ 2022 ਅਤੇ 2023 ਵਿਚ ਵੋਟਿੰਗ ਵਿਚ ਹਿੱਸਾ ਨਹੀਂ ਲਿਆ ਸੀ ਜਿਸ ਕਾਰਨ ਮੇਅਰ ਦੀ ਚੋਣ ਵਿੱਚ ਭਾਜਪਾ ਦੀ ਜਿੱਤ ਹੋਈ ਸੀ।


## One stop shop for all your taxi needs

**The Friendly Group Ltd.**
**Chelsea Taxi Brokers**
Ph: 212-947-9833, 212-695-0601

*40 ਸਾਲਾਂ ਤੋਂ ਭਾਈਚਾਰੇ ਦੀ ਸੇਵਾ ਵਿਚ*

*All types of insurance*
** Medallion transfers*
** Accident claims*
** Taxi Stand Facility available*



We are here at your service to sell and buy or insure medallions and we are in business to help our Punjabi Community since last 40 years.

*ਟੈਕਸੀ ਮਡਾਲੀਅਨ ਖਰੀਦਣ, ਵੇਚਣ ਜਾਂ ਲੀਜ਼ 'ਤੇ ਲੈਣ ਜਾਂ ਦੇਣ ਲਈ ਸਾਡਾ ਸੂਝਵਾਨ ਤੇ ਸੁਹਿਰਦ ਸਟਾਫ਼ ਤੁਹਾਨੂੰ ਵਾਜਬ ਕੀਮਤਾਂ ਦਿਵਾਉਣ ਲਈ ਹਰ ਯਤਨ ਕਰੇਗਾ।*

*Ask us about Purchase or new buyer and financing.

# ਇੰਡੋ ਅਮੈਰੀਕਨ ਹੈਰੀਟੇਜ ਫੋਰਮ ਵਲੋਂ ਗਦਰੀ ਬਾਬਿਆਂ ਦਾ ਸਾਲਾਨਾ ਮੇਲਾ 7 ਅਪਰੈਲ ਨੂੰ

**ਫਰਿਜ਼ਨੋ:** ਇੰਡੋ ਅਮੈਰੀਕਨ ਹੈਰੀਟੇਜ ਫੋਰਮ ਦੀ ਇਕ ਮੀਟਿੰਗ, ਫੋਰਮ ਦੇ ਵਾਈਸ ਪ੍ਰੈਜ਼ੀਡੈਂਟ ਸ. ਪਰਗਟ ਸਿੰਘ ਧਾਲੀਵਾਲ ਦੇ ਘਰ ਫਰਿਜ਼ਨੋ ਵਿਚ ਹੋਈ। ਇਸ ਮੀਟਿੰਗ ਵਿਚ ਗਦਰੀ ਬਾਬਿਆਂ ਦਾ 22ਵਾਂ ਮੇਲਾ 7 ਅਪਰੈਲ 2024 ਨੂੰ ਫਰਿਜ਼ਨੋ ਵਿਚ ਕਰਵਾਉਣ ਦਾ ਫੈਸਲਾ ਲਿਆ ਗਿਆ। ਇਹ ਮੇਲਾ ਸੈਂਟਰਲ ਹਾਈ ਸਕੂਲ ਫਰਿਜ਼ਨੋ ਦੇ ਪਰਫਾਰਮਿੰਗ ਆਰਟ ਸੈਂਟਰ ਵਿਚ ਦੁਪਹਿਰ 1 ਵਜੇ ਤੋਂ ਸ਼ਾਮ 6 ਵਜੇ ਤੱਕ ਹੋਵੇਗਾ ਅਤੇ ਭਾਰਤ ਦੇ ਆਜ਼ਾਦੀ ਸੰਗਰਾਮ ਦੀਆਂ ਬਹਾਦਰ ਬੀਬੀਆਂ ਬੀਬੀ ਗੁਲਾਬ ਕੌਰ, ਦੁਰਗਾ ਭਾਬੀ ਅਤੇ ਹੋਰ ਉਨ੍ਹਾਂ ਮਹਾਨ ਔਰਤਾਂ ਨੂੰ ਸਮਰਪਿਤ ਹੋਵੇਗਾ ਜਿਨ੍ਹਾਂ ਨੇ ਜਾਂ ਤਾਂ ਸਿੱਧਿਆਂ ਆਪ ਅੰਗਰੇਜ਼ ਸਾਮਰਾਜ ਵਿਰੁਧ ਚੱਲ ਰਹੇ ਆਜ਼ਾਦੀ ਦੇ ਸੰਘਰਸ਼ ਵਿਚ ਹਿੱਸਾ ਲਿਆ ਜਾਂ ਹੋਰ ਆਜ਼ਾਦੀ ਘੁਲਾਟੀਆਂ ਨਾਲ ਜੁੜੇ ਹੋਣ ਕਾਰਨ ਉਨ੍ਹਾਂ ਆਜ਼ਾਦੀ ਸੰਗਰਾਮੀਆਂ ਦੀ ਗੈਰ ਹਾਜ਼ਰੀ ਵਿਚ ਆਪਣੇ ਪਰਿਵਾਰਾਂ ਦੀ ਪਾਲਣਾ ਕਰਨ ਲਈ ਅਥਾਹ ਕੁਰਬਾਨੀਆਂ ਕਰਦਿਆਂ ਆਜ਼ਾਦੀ ਦੀ ਲੜਾਈ ਵਿਚ ਅਜਿਹਾ ਰੋਲ ਅਦਾ ਕੀਤਾ ਜਿਹਦਾ ਕਿਸੇ ਨੇ ਬਹੁਤਾ ਨੋਟਿਸ ਨਹੀਂ ਲਿਆ। ਇਨ੍ਹਾਂ ਵਿਚ ਗਦਰੀ ਬਾਬਿਆਂ ਦੇ ਉਨ੍ਹਾਂ ਪਰਿਵਾਰਾਂ ਨਾਲ ਜੁੜੀਆਂ ਔਰਤਾਂ ਵੀ ਸ਼ਾਮਲ ਹਨ ਜਿਨ੍ਹਾਂ ਦੀਆਂ ਜਾਇਦਾਦਾਂ ਵੀ ਸਰਕਾਰਾਂ ਨੇ ਨਿਲਾਮ ਕਰ ਦਿੱਤੀਆਂ ਅਤੇ ਉਨ੍ਹਾਂ ਨੂੰ ਆਪਣੇ ਬੱਚਿਆਂ ਅਤੇ ਪਰਿਵਾਰ ਦੇ ਪਾਲਣ ਲਈ ਵੀ ਬੇਅੰਤ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪਿਆ। ਇਸ ਪ੍ਰੋਗਰਾਮ ਵਿਚ ਗੀਤ, ਕਵਿਤਾਵਾਂ ਦੇ ਨਾਲ ਨਾਲ ਗਦਰ ਲਹਿਰ ਨਾਲ ਜੁੜੇ ਹੋਏ ਬੁਲਾਰੇ ਵੱਖ-ਵੱਖ ਮਸਲਿਆਂ 'ਤੇ ਆਪਣੇ ਵਿਚਾਰ ਪੇਸ਼ ਕਰਨਗੇ। ਹਮੇਸ਼ਾ ਵਾਂਗ ਹੁਸ਼ਿਆਰ ਵਿਦਿਆਰਥੀਆਂ ਨੂੰ ਉਤਸ਼ਾਹਤ ਕਰਨ ਲਈ 4.0 ਗਰੇਡ ਵਾਲੇ ਵਿਦਿਆਰਥੀਆਂ ਦਾ ਸਨਮਾਨ ਕੀਤਾ ਜਾਵੇਗਾ।



ਮੀਟਿੰਗ ਵਿਚ 7 ਅਪਰੈਲ ਨੂੰ ਹੋਣ ਵਾਲੇ ਪ੍ਰੋਗਰਾਮ ਦੀ ਸਫਲਤਾ ਲਈ ਵੱਖ-ਵੱਖ ਕਮੇਟੀਆਂ ਦਾ ਗਠਨ ਕੀਤਾ ਗਿਆ। ਆਉਣ ਵਾਲੇ ਹਫਤਿਆਂ ਵਿਚ ਪ੍ਰੋਗਰਾਮ ਸਬੰਧੀ ਹੋਰ ਵਿਸਥਾਰ ਸਾਂਝਾ ਕੀਤਾ ਜਾਏਗਾ। ਮੀਟਿੰਗ ਨੇ ਸਾਰੇ ਭਾਰਤੀ ਭਾਈਚਾਰੇ ਨੂੰ ਇਸ ਪ੍ਰੋਗਰਾਮ ਦੀ ਸਫਲਤਾ ਲਈ ਪਿਛਲੇ ਸਾਲਾਂ ਵਾਂਗ ਹੀ ਫੋਰਮ ਦਾ ਸਾਥ ਦੇਣ ਦੀ ਅਪੀਲ ਕੀਤੀ।

# ਆਬਿਦ ਰਸ਼ੀਦ ਦਾ ਪਾਕਿਸਤਾਨ ਵਿਚ ਸਾਹਿਤਕ ਸੰਸਥਾਵਾਂ ਵਲੋਂ ਨਿੱਘਾ ਸਵਾਗਤ

**ਸ਼ਿਕਾਗੋ:** ਅਮਰੀਕਾ ਦੇ ਮਸ਼ਹੂਰ ਸ਼ਾਇਰ ਆਬਿਦ ਰਸ਼ੀਦ ਦਾ ਲਾਹੌਰ, ਰਾਵਲਪਿੰਡੀ, ਮੁਲਤਾਨ, ਫ਼ੈਸਲਾਬਾਦ (ਲਾਇਲਪੁਰ) ਇਸਲਾਮਾਬਾਦ ਅਤੇ ਕਰਾਚੀ ਪਾਕਿਸਤਾਨ ਵਿਚ ਸਾਹਿਤਕ ਸੰਸਥਾਵਾਂ ਵਲੋਂ ਨਿੱਘਾ ਸਵਾਗਤ ਕੀਤਾ ਗਿਆ। ਆਬਿਦ ਰਸ਼ੀਦ ਸਾਹਿਬ ਨੇ ਕਰਾਚੀ ਦੇ ਚਾਰ ਰੋਜ਼ਾ ਆਲਮੀ ਪੱਧਰ ਦੀ ਉਰਦੂ ਕਾਨਫ਼ਰੰਸ ਅਤੇ ਲਾਹੌਰ ਵਿਚ 'ਇਸ਼ਕਬਾਦ' ਵਲੋਂ ਆਯੋਜਿਤ ਤਿੰਨ ਰੋਜ਼ਾ ਜਸ਼ਨ-ਏ-ਇਫ਼ਤਖ਼ਾਰ ਆਰਿਫ਼ ਵਿਚ ਸ਼ਿਕਾਗੋ ਦੀ ਪ੍ਰਤੀਨਿਧਤਾ ਕੀਤੀ।


ਆਬਿਦ ਰਸ਼ੀਦ ਦੇ ਸਨਮਾਨ ਵਿਚ ਪਾਕਿਸਤਾਨ ਦੇ ਵੱਖ ਵੱਖ ਸ਼ਹਿਰਾਂ ਵਿਚ ਅਦਬੀ ਪ੍ਰੋਗਰਾਮ ਆਯੋਜਿਤ ਕੀਤੇ ਗਏ। ਇਨ੍ਹਾਂ ਪ੍ਰੋਗਰਾਮਾਂ ਵਿਚ ਉਨ੍ਹਾਂ ਦੀਆਂ ਅਦਬੀ ਸੇਵਾਵਾਂ ਦੀ ਸ਼ਲਾਘਾ ਕੀਤੀ ਗਈ ਅਤੇ ਉਨ੍ਹਾਂ ਦੀਆਂ ਕਿਤਾਬਾਂ ਦੀ ਘੁੰਡ ਚੁਕਾਈ ਦੀ ਰਸਮ ਵੀ ਅਦਾ ਕੀਤੀ ਗਈ। ਉਨ੍ਹਾਂ ਦੀ ਸ਼ਾਇਰੀ ਉੱਤੇ ਬਹੁਤ ਸੰਜੀਦਾ ਵਿਚਾਰ ਚਰਚਾ ਕੀਤੀ ਗਈ। ਮਸ਼ਹੂਰ ਸ਼ਾਇਰ ਇਫ਼ਤਖ਼ਾਰ ਆਰਿਫ਼, ਜਨਾਬ ਅੱਬਾਸ ਤਾਬਿਸ਼, ਜਨਾਬ ਪੀਰਜ਼ਾਦਾ ਕਾਸਿਮ, ਜਨਾਬ ਖ਼ਾਲਿਦ ਸ਼ਰੀਫ, ਜਨਾਬ ਰਿਆਜ਼ ਮਜੀਦ ਅਤੇ ਜਨਾਬ ਮਹਿਬੂਬ ਜ਼ਫ਼ਰ ਆਦਿ ਨੇ ਆਪਣੇ ਅਦਬੀ ਤਜਰਬਿਆਂ ਮੁਤਾਬਿਕ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਆਬਿਦ ਰਸ਼ੀਦ ਇਕ ਅਹਿਦ ਸ਼ਾਜ਼ ਸ਼ਾਇਰ ਹੈ। ਇਨ੍ਹਾਂ ਸਾਹਿਤਕ ਸਰਗਰਮੀਆਂ ਵਿਚ ਆਬਿਦ ਰਸ਼ੀਦ ਸਾਹਿਬ ਦੀ ਸ਼ਾਇਰੀ ਨੂੰ ਬਹੁਤ ਪਸੰਦ ਕੀਤਾ ਗਿਆ। ਸੁਖ਼ਨਵਰ ਸ਼ਿਕਾਗੋ, ਹਰੀਮ ਏ



ਨਾਤ ਦੀਆਂ ਸਾਹਿਤਕ ਸਰਗਰਮੀਆਂ ਦੀ ਸ਼ਲਾਘਾ ਕੀਤੀ ਗਈ ਅਤੇ ਆਬਿਦ ਰਸ਼ੀਦ ਦੀ ਅਦਬੀ ਸੰਸਥਾ ਸੁਖ਼ਨਵਰ ਪੰਜਾਬ ਦਾ ਸਾਹਿਤ ਦੇ ਖੇਤਰ ਵਿਚ ਵਿਸ਼ੇਸ਼ ਯੋਗਦਾਨ ਪਾਉਣ ਲਈ ਮੁਬਾਰਕਾਂ ਦਿੱਤੀਆਂ ਅਤੇ ਪਾਕਿਸਤਾਨ ਦੀਆਂ ਸਾਹਿਤਕ ਸੰਸਥਾਵਾਂ ਨੇ ਭਵਿੱਖ ਵਿਚ ਆਪਣਾ ਸਹਿਯੋਗ ਦੇਣ ਦਾ ਵਾਅਦਾ ਵੀ ਕੀਤਾ।

ਇਸਲਾਮਾਬਾਦ ਵਿਖੇ ਸਰਕਾਰੀ ਸੰਸਥਾ ਅਕੈਡਮੀ ਆਫ ਲੈਟਰ, ਲਾਹੌਰ ਵਿਖੇ ਸਰਕਾਰੀ ਸੰਸਥਾ ਮਜਲਿਸ ਤਰੱਕੀ ਅਦਬ ਅਤੇ ਕਰਾਚੀ ਵਿਖੇ ਸਰਕਾਰੀ ਸੰਸਥਾ ਅਕੈਡਮੀ ਅਦਬੀਆਤ ਵਿਚ ਆਬਿਦ ਰਸ਼ੀਦ ਸਾਹਿਬ ਦੀਆਂ ਕਿਤਾਬਾਂ ਦੀ ਘੁੰਡ ਚੁਕਾਈ ਹੋਈ ਅਤੇ ਮੁਸ਼ਾਇਰੇ ਦਾ ਆਯੋਜਨ ਕੀਤਾ ਗਿਆ। ਲਾਹੌਰ ਵਿਖੇ ਬੀ ਐਫ ਸੀ ਯੂਨੀਵਰਸਿਟੀ ਵਿਚ ਸ਼ਾਨਦਾਰ ਮੁਸ਼ਾਇਰਾ ਕੀਤਾ ਗਿਆ। ਵੱਡੀ ਗਿਣਤੀ ਵਿਦਿਆਰਥੀਆਂ ਨੇ ਮੁਸ਼ਾਇਰੇ ਵਿਚ ਸ਼ਿਰਕਤ ਕੀਤੀ ਤੇ ਆਬਿਦ ਸਾਹਿਬ ਦੀ ਸ਼ਾਇਰੀ ਨੂੰ ਦਿਲ ਖੋਲ੍ਹ ਕੇ ਦਾਦ ਨਾਲ ਨਿਵਾਜਿਆ।

ਲਾਹੌਰ ਦੀ ਸਾਹਿਤਕ ਸੰਸਥਾ ਇਸ਼ਕਬਾਦ ਵਲੋਂ ਸ਼ਾਹੀ ਕਿਲੇ ਵਿਚ ਜਸ਼ਨ ਏ ਇਫ਼ਤਖ਼ਾਰ ਆਰਿਫ਼ ਆਯੋਜਿਤ ਕੀਤਾ ਗਿਆ। ਇਹ ਤਿੰਨ ਰੋਜ਼ਾ



ਸਮਾਗਮ ਬਹੁਤ ਸਾਰੀਆਂ ਸਾਹਿਤਕ ਗਤੀਵਿਧੀਆਂ 'ਤੇ ਆਧਾਰਿਤ ਸੀ। ਇਸ ਸਮਾਗਮ ਵਿਚ ਇਫ਼ਤਖ਼ਾਰ ਆਰਿਫ ਉਤੇ ਇਕ ਫੀਚਰ ਫਿਲਮ ਅਤੇ ਸੰਗੀਤਕ ਪ੍ਰੋਗਰਾਮ ਪੇਸ਼ ਕੀਤੇ ਗਏ। ਆਬਿਦ ਰਸ਼ੀਦ ਦੇ ਸਨਮਾਨ ਵਿਚ ਵੱਖੋ ਵੱਖ ਗੈਰ ਸਰਕਾਰੀ ਅਦਬੀ ਸੰਸਥਾਵਾਂ ਵਲੋਂ ਪੰਜ, ਲਾਹੌਰ ਵਿਖੇ ਪੰਜ, ਫੈਸਲਾਬਾਦ ਲਾਇਲਪੁਰ ਵਿਖੇ ਦੋ, ਰਾਵਲਪਿੰਡੀ ਵਿਚ ਦੋ ਅਤੇ ਮੁਲਤਾਨ ਵਿੱਚ ਇਕ-ਸ਼ਾਨਦਾਰ ਮੁਸ਼ਾਇਰਿਆਂ ਦਾ ਆਯੋਜਨ ਕੀਤਾ ਗਿਆ। ਆਬਿਦ ਸਾਹਿਬ ਦਾ ਕਹਿਣਾ ਹੈ ਕਿ ਇਹ ਚਾਰ ਰੋਜ਼ਾ ਸਾਹਿਤਕ ਸਫਰ ਬਹੁਤ ਹੀ ਯਾਦਗਾਰੀ ਰਿਹਾ। ਉਨ੍ਹਾਂ ਕਿਹਾ ਕਿ ਉਹ ਯਾਦਗਾਰੀ ਖ਼ੂਬਸੂਰਤ ਪਲ ਮੇਰੇ ਜੀਵਨ ਦੇ ਵਿਸ਼ੇਸ਼ ਪਲਾਂ ਵਿਚ ਹਮੇਸ਼ਾਂ ਸ਼ੁਮਾਰ ਰਹਿਣਗੇ। ਇਹ ਸਫਰ ਸਾਹਿਤਕ ਦ੍ਰਿਸ਼ਟੀਕੋਣ ਤੋਂ ਬਹੁਤ ਸਾਰਥਕ ਸਿੱਧ ਹੋਇਆ ਹੈ। ਉਨ੍ਹਾਂ ਨੇ ਇਨ੍ਹਾਂ ਸਮਾਗਮਾਂ ਨੂੰ ਕਾਮਯਾਬ ਕਰਨ ਲਈ ਸਾਰਿਆਂ ਲਈ ਦਿਲੋਂ ਦੁਆਵਾਂ ਕੀਤੀਆਂ ਅਤੇ ਧੰਨਵਾਦ ਕੀਤਾ।

# ਵੈਨਕੂਵਰ ਵਿਚਾਰ ਮੰਚ ਦੇ ਲੇਖਕਾਂ, ਕਲਾਕਾਰਾਂ ਨੇ ਨਾਵਲਕਾਰ ਗੁਰਦਿਆਲ ਸਿੰਘ ਦਾ ਜਨਮ ਦਿਨ ਮਨਾਇਆ

**ਸਰੀ:** ਵੈਨਕੂਵਰ ਵਿਚਾਰ ਮੰਚ ਵੱਲੋਂ ਜਰਨੈਲ ਆਰਟ ਗੈਲਰੀ ਸਰੀ ਵਿਚ ਵਿਸ਼ੇਸ਼ ਮੀਟਿੰਗ ਕਰ ਕੇ ਪੰਜਾਬੀ ਦੇ ਮਹਾਨ ਨਾਵਲਕਾਰ ਗੁਰਦਿਆਲ ਸਿੰਘ ਦੇ ਜਨਮ ਦਿਨ 'ਤੇ ਉਨ੍ਹਾਂ ਨੂੰ ਯਾਦ ਕੀਤਾ ਗਿਆ। ਇਸ ਮੌਕੇ ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਪੰਜਾਬੀ ਸਾਹਿਤ ਦੇ ਸਮੂਹ ਪਾਠਕਾਂ ਨੂੰ ਗੁਰਦਿਆਲ ਸਿੰਘ ਦੇ ਜਨਮ ਦਿਨ ਦੀ ਵਧਾਈ ਦਿੱਤੀ ਅਤੇ ਉਨ੍ਹਾਂ ਨਾਲ ਆਪਣੀਆਂ ਯਾਦਾਂ ਤਾਜ਼ਾ ਕੀਤੀਆਂ। ਉਨ੍ਹਾਂ ਦੱਸਿਆ ਕਿ ਲਿਖਾਰੀ ਸਭਾ ਬਰਨਾਲਾ ਇਲਾਕੇ ਦੀ ਪ੍ਰਸਿੱਧ ਸਾਹਿਤਕ ਸੰਸਥਾ ਸੀ ਅਤੇ ਗੁਰਦਿਆਲ ਸਿੰਘ ਵੀ ਉਸ ਸਭਾ ਦੇ ਮੈਂਬਰ ਸਨ ਅਤੇ ਉਸ ਸਭਾ ਵਿਚ ਉਨ੍ਹਾਂ ਦਾ ਮਿਲਾਪ ਗੁਰਦਿਆਲ ਸਿੰਘ ਨਾਲ ਹੋਇਆ। ਗੁਰਦਿਆਲ ਸਿੰਘ ਨੇ ਸ਼ੁਰੂ ਵਿਚ ਬਕੱਲਮਖ਼ੁਦ ਕਾਲਮ ਰਾਹੀਂ ਬਾਲ ਸਾਹਿਤ ਦੀ ਰਚਨਾ ਕੀਤੀ। ਕੁਝ ਕਵਿਤਾਵਾਂ ਵੀ ਲਿਖੀਆਂ ਸਨ ਜੋ ਗੁਰਦਿਆਲ ਸਿੰਘ ਰਾਹੀ ਦੇ ਨਾਂ ਹੇਠ ਪ੍ਰਕਾਸ਼ਿਤ ਹੋਈਆਂ, ਫਿਰ ਉਨ੍ਹਾਂ ਬਹੁਤ ਵਧੀਆ ਕਹਾਣੀਆਂ ਲਿਖੀਆਂ। ਜਦੋਂ ਉਨ੍ਹਾਂ ਦਾ ਪਹਿਲਾ ਨਾਵਲ 'ਮੜ੍ਹੀ ਦਾ ਦੀਵਾ' ਪ੍ਰਕਾਸ਼ਿਤ ਹੋਇਆ ਤਾਂ ਉਸ ਨੇ ਪੰਜਾਬੀ ਨਾਵਲ ਨੂੰ ਅਹਿਮ ਮੋੜ ਦਿੱਤਾ। 'ਮੜ੍ਹੀ ਦਾ ਦੀਵਾ' ਪ੍ਰਕਾਸ਼ਿਤ ਹੋਣ ਉਪਰੰਤ ਦੇ ਗੁਰਦਿਆਲ ਸਿੰਘ ਦੇ ਨਾਮ ਨਾਲ "ਮੜ੍ਹੀ ਦਾ ਦੀਵਾ" ਜੁੜ ਗਿਆ।

ਸ਼ਾਇਰ ਮੋਹਨ ਗਿੱਲ ਨੇ ਕਿਹਾ ਕਿ ਗੁਰਦਿਆਲ ਸਿੰਘ ਨੇ ਪੰਜਾਬੀ ਨਾਵਲ ਵਿਚ ਨਾਇਕ ਦੇ ਪ੍ਰਚੱਲਿਤ ਸੰਕਲਪ ਨੂੰ ਤੋੜਿਆ ਅਤੇ ਦੱਬੇ ਕੁਚਲੇ ਅਤੇ ਆਮ ਲੋਕਾਂ ਨੂੰ ਪੰਜਾਬੀ ਨਾਵਲ ਦੇ ਨਾਇਕ ਬਣਾਇਆ। ਉਨ੍ਹਾਂ ਦੇ ਨਾਵਲਾਂ ਵਿਚ ਲੇਖਕ ਖ਼ੁਦ ਕਿਤੇ ਨਜ਼ਰ ਨਹੀਂ ਆਉਂਦਾ ਸਗੋਂ ਪਾਤਰ ਹੀ ਆਪਣੇ ਸਹਿਜ ਰੂਪ ਵਿਚ ਪ੍ਰਗਟ ਹੁੰਦੇ ਹਨ। ਪ੍ਰਸਿੱਧ ਆਰਟਿਸਟ ਜਰਨੈਲ ਸਿੰਘ ਨੇ ਗੁਰਦਿਆਲ ਸਿੰਘ ਨੂੰ ਪੰਜਾਬੀ ਦੇ ਬਹੁਤ ਵੱਡੇ ਨਾਵਲਕਾਰ ਦੱਸਦਿਆਂ ਕਿਹਾ ਕਿ 'ਮੜ੍ਹੀ ਦਾ ਦੀਵਾ' ਤੇ 'ਅਣਹੋਏ' ਉਨ੍ਹਾਂ ਦੇ ਵਿਸ਼ਵ ਪ੍ਰਸਿੱਧ ਸ਼ਾਹਕਾਰ ਹਨ। ਉਨ੍ਹਾਂ ਆਪਣੇ ਨਾਵਲਾਂ ਵਿਚ ਠੇਠ ਮਲਵਈ ਭਾਸ਼ਾ ਨੂੰ ਪ੍ਰਸਾਰਨ ਦਾ ਵੀ ਵਿਸ਼ੇਸ਼ ਕਾਰਜ ਕੀਤਾ।



ਹਰਦਮ ਸਿੰਘ ਮਾਨ ਨੇ ਉਨ੍ਹਾਂ ਨੂੰ ਨਤਮਸਤਕ ਹੁੰਦਿਆਂ ਕਿਹਾ ਕਿ ਉਨ੍ਹਾਂ ਨੂੰ ਗੁਰਦਿਆਲ ਸਿੰਘ ਦੀ ਸਾਹਿਤਕ ਬੁੱਕਲ ਮਾਣਨ ਦਾ ਫ਼ਖ਼ਰ ਹਾਸਲ ਹੈ। ਉਹ ਬਹੁਤ ਹੀ ਦਰਵੇਸ਼ ਇਨਸਾਨ, ਵੱਡੇ ਵਿਦਵਾਨ, ਮਹਾਨ ਚਿੰਤਕ ਅਤੇ ਸਾਹਿਤਕਾਰ ਸਨ ਜਿਨ੍ਹਾਂ ਪੰਜਾਬੀ ਸਾਹਿਤ ਨੂੰ ਵਿਸ਼ਵ ਦੀਆਂ ਬੁਲੰਦੀਆਂ ਤੀਕ ਪੁਚਾਇਆ। ਸ਼ੁਰੂ ਵਿਚ ਉਨ੍ਹਾਂ ਦਾ ਜੀਵਨ ਬੇਹੱਦ ਸੰਘਰਸ਼ਮਈ ਰਿਹਾ। ਉਨ੍ਹਾਂ ਨੇ ਦਸ ਨਾਵਲਾਂ, ਦਸ ਕਹਾਣੀ ਸੰਗ੍ਰਹਿਾਂ, ਤਿੰਨ ਨਾਟਕਾਂ ਤੇ ਦਸ ਬਾਲ ਪੁਸਤਕਾਂ ਦੇ ਯੋਗਦਾਨ ਰਾਹੀਂ ਪੰਜਾਬੀ ਸਾਹਿਤ ਨੂੰ ਮਾਲੋਮਾਲ ਕੀਤਾ ਅਤੇ ਇਸ ਯੋਗਦਾਨ ਦੀ ਬਦੌਲਤ ਉਨ੍ਹਾਂ ਨੂੰ ਸਾਹਿਤ ਦੇ ਵੱਡੇ ਮਾਣ ਸਨਮਾਨ ਮਿਲੇ।

ਅੰਗਰੇਜ਼ ਬਰਾੜ ਨੇ ਉਨ੍ਹਾਂ ਨੂੰ ਸਾਡੇ ਸਮਿਆਂ ਦਾ ਬਹੁਤ ਵੱਡਾ ਲੇਖਕ ਦੱਸਦਿਆਂ ਕਿਹਾ ਕਿ ਉਨ੍ਹਾਂ ਨੇ ਪੰਜਾਬੀ ਸਾਹਿਤ ਵਿਚ ਨਿਵੇਕਲੀਆਂ ਪੈੜਾਂ ਪਾਈਆਂ। ਉਨ੍ਹਾਂ ਨੂੰ ਭਾਰਤ ਦਾ ਸਭ ਤੋਂ ਵੱਡਾ ਸਾਹਿਤਕ ਐਵਾਰਡ 'ਗਿਆਨਪੀਠ' ਹਾਸਲ ਕਰਨ ਦਾ ਵੀ ਫ਼ਖ਼ਰ ਪ੍ਰਾਪਤ ਹੋਇਆ। ਮਹਿੰਦਰਪਾਲ ਸਿੰਘ ਪਾਲ, ਬੌਬੀ ਦਿਓਲ, ਨਰਿੰਦਰ ਸਿੱਧੂ ਅਤੇ ਪ੍ਰੀਤਇੰਦਰ ਸਿੰਘ ਬਾਜਵਾ ਨੇ ਗੁਰਦਿਆਲ ਸਿੰਘ ਦੇ ਨਾਵਲਾਂ ਅਤੇ ਪਾਤਰ ਚਿਤਰਨ ਦੀ ਗੱਲ ਕੀਤੀ। - **ਹਰਦਮ ਮਾਨ**

# .ਗ਼ਜ਼ਲ ਮੰਚ ਸਰੀ ਵੱਲੋਂ ਕੁਲਵਿੰਦਰ ਖਹਿਰਾ ਦੀ ਪੁਸਤਕ 'ਹਨੇਰੇ ਦੀ ਤਲੀ ਤੇ' ਰਿਲੀਜ਼

ਸਰੀ: ਗ਼ਜ਼ਲ ਮੰਚ ਸਰੀ ਦੀ ਸਾਲ 2024 ਦੀ ਪਹਿਲੀ ਮੀਟਿੰਗ ਮੰਚ ਦੇ ਪ੍ਰਧਾਨ ਅਤੇ ਨਾਮਵਰ ਸ਼ਾਇਰ ਜਸਵਿੰਦਰ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਬੀਤੇ ਸਾਲ ਮੰਚ ਵੱਲੋਂ ਕੀਤੀਆਂ ਪੁਸਤਕਾਂ ਲੋਕ ਅਰਪਣ ਕੀਤੀਆਂ ਗਈਆਂ ਅਤੇ ਬਾਹਰੋਂ ਆਏ ਮਹਿਮਾਨ ਲੇਖਕਾਂ ਨਾਲ ਵਿਸ਼ੇਸ਼ ਪ੍ਰੋਗਰਾਮ ਰਚਾਏ ਗਏ। ਮੰਚ ਵੱਲੋਂ ਪੁਸਤਕਾਂ ਪ੍ਰਕਾਸ਼ਿਤ ਕਰਨ ਦਾ ਕਾਰਜ ਵੀ ਸ਼ੁਰੂ ਕੀਤਾ



ਗਈਆਂ ਸਰਗਰਮੀਆਂ ਦਾ ਲੇਖਾ-ਜੋਖਾ ਕੀਤਾ ਗਿਆ।

ਮੰਚ ਦੇ ਜਨਰਲ ਸਕੱਤਰ ਦਵਿੰਦਰ ਗੌਤਮ ਨੇ ਪਿਛਲੇ ਸਾਲ ਮੰਚ ਵੱਲੋਂ ਕਰਵਾਏ ਗਏ ਸਾਹਿਤਕ ਪ੍ਰੋਗਰਾਮਾਂ ਉੱਪਰ ਤਸੱਲੀ ਪ੍ਰਗਟ ਕਰਦਿਆਂ ਕਿਹਾ ਕਿ ਇਹ ਖੁਸ਼ੀ ਦੀ ਗੱਲ ਹੈ ਕਿ ਪਿਛਲੇ ਸਾਲ ਮੰਚ ਨੇ ਆਪਣੇ ਪ੍ਰੋਗਰਾਮਾਂ ਰਾਹੀਂ ਬਹੁਤ ਸਾਰੇ ਨਵੇਂ ਸਾਹਿਤਕ ਪਾਠਕਾਂ ਅਤੇ ਸਰੋਤਿਆਂ ਨੂੰ ਆਪਣੇ ਨਾਲ ਜੋੜਨ ਦਾ ਕਾਰਜ ਕੀਤਾ ਹੈ। ਉਨ੍ਹਾਂ ਦੱਸਿਆ ਕਿ ਪਿਛਲੇ ਸਾਲ ਦੌਰਾਨ ਵੱਖ-ਵੱਖ ਸਮਾਗਮਾਂ ਰਾਹੀਂ ਮੰਚ ਦੇ ਸ਼ਾਇਰ ਕ੍ਰਿਸ਼ਨ ਭਨੋਟ, ਰਾਜਵੰਤ ਰਾਜ, ਦਵਿੰਦਰ ਗੌਤਮ ਅਤੇ ਪਾਲ ਢਿੱਲੋਂ ਦੀਆਂ ਗਿਆ। ਉਨ੍ਹਾਂ ਕਿਹਾ ਕਿ ਮੰਚ ਵੱਲੋਂ ਅਜਿਹੀਆਂ ਸਰਗਰਮੀਆਂ ਅਤੇ ਪ੍ਰੋਗਰਾਮ ਇਸ ਸਾਲ ਵੀ ਜਾਰੀ ਰੱਖੇ ਜਾਣਗੇ।

ਇਸ ਮੌਕੇ ਸ਼ਾਇਰ ਰਾਜਵੰਤ ਰਾਜ ਨੇ ਦੱਸਿਆ ਕਿ ਗ਼ਜ਼ਲ ਮੰਚ ਸਰੀ ਦੀ ਵੈੱਬਸਾਈਟ ਬਣਾਈ ਗਈ ਹੈ ਅਤੇ ਇਹ ਵੈੱਬਸਾਈਟ 28 ਜਨਵਰੀ ਨੂੰ ਸਿਟੀ ਸੈਂਟਰ ਲਾਇਬਰੇਰੀ ਸਰੀ ਵਿਖੇ ਰਿਲੀਜ਼ ਕੀਤੀ ਜਾਵੇਗੀ। ਮੀਟਿੰਗ ਦੌਰਾਨ ਟੋਰਾਂਟੋ ਦੇ ਸ਼ਾਇਰ ਕੁਲਵਿੰਦਰ ਖਹਿਰਾ ਦੀ ਗਜ਼ਲਾਂ ਦੀ ਪੁਸਤਕ 'ਹਨੇਰੇ ਦੀ ਤਲੀ ਤੇ' ਰਿਲੀਜ਼ ਕੀਤੀ ਗਈ। ਇਸ ਮੀਟਿੰਗ ਵਿਚ ਕ੍ਰਿਸ਼ਨ ਭਨੋਟ, ਦਸ਼ਮੇਸ਼ ਗਿੱਲ ਫਿਰੋਜ਼ਣ, ਹਰਦਮ ਸਿੰਘ ਮਾਨ, ਪ੍ਰੀਤ ਮਨਪ੍ਰੀਤ ਅਤੇ ਰਣਦੀਪ ਖਹਿਰਾ ਵੀ ਸ਼ਾਮਲ ਸਨ।

# ਕਰਮਨ ਵਿਖੇ ਲੋਹੜੀ ਦੌਰਾਨ ਹੋਏ ਧਾਰਮਿਕ ਸਮਾਗਮ

**ਫਰਿਜ਼ਨੋ:** ਕੈਲੀਫੋਰਨੀਆ ਦੇ ਕਰਮਨ ਸ਼ਹਿਰ ਦੇ ਗੁਰਦੁਆਰਾ ਅਨੰਦਗੜ੍ਹ ਸਾਹਿਬ ਵਿਖੇ ਲੋਹੜੀ ਦੇ ਤਿਉਹਾਰ



ਮੌਕੇ ਧਾਰਮਿਕ ਸਮਾਗਮ ਕਰਵਾਏ ਗਏ। ਇਨ੍ਹਾਂ ਸਮਾਗਮਾਂ ਦੀ ਸ਼ੁਰੂਆਤ ਗੁਰਬਾਣੀ-ਕੀਰਤਨ ਨਾਲ ਹੋਈ। ਜਿੱਥੇ ਹਜ਼ੂਰੀ ਰਾਗੀ ਭਾਈ ਬਲਜਿੰਦਰ ਸਿੰਘ ਅਤੇ ਨਰਿੰਦਰ ਸਿੰਘ ਦੇ ਜਥੇ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਨਿਹਾਲ ਕੀਤਾ। ਉਪਰੰਤ ਲੱਗੇ ਵੱਡੇ ਅੱਗ ਦੇ ਧੂਣਿਆਂ 'ਤੇ ਸੰਗਤਾਂ ਨੇ ਤਿਲ ਸੁੱਟ ਜਿੱਥੇ ਨਿੱਘ ਮਾਣਿਆ, ਉੱਥੇ ਆਉਣ ਵਾਲੇ ਸਾਲ ਵਿਚ ਪਾਪ-ਦਲਿੱਦਰ ਖਤਮ ਕਰਨ ਦੀ ਵਚਨਬੱਧਤਾ ਵੀ ਪ੍ਰਗਟਾਈ।

ਇਸੇ ਤਰ੍ਹਾਂ ਇਸ ਦਿਨ ਪਰੰਪਰਾਗਤ ਤਰੀਕੇ ਨਾਲ ਵੱਖ-ਵੱਖ ਪਦਾਰਥਾਂ ਦੇ ਸੁਆਦਿਸ਼ਟ ਲੰਗਰਾਂ ਤੋਂ ਇਲਾਵਾ ਲੋਹੜੀ ਦਾ ਤੋਹਫ਼ਾ ਮੂੰਗਫਲੀ, ਰਿਓੜੀਆਂ ਅਤੇ ਗੱਚਕ ਦੇ ਲੰਗਰ ਵੀ ਅਤੁੱਟ ਵਰਤੇ। ਅੰਤ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਸਮਾਗਮ ਯਾਦਗਾਰੀ ਹੋ ਨਿਬੜੇ।

**-ਕੁਲਵੰਤ ਧਾਲੀਆਂ/ ਨੀਟਾ ਮਾਛੀਕੇ**

# ਆਸ਼ਿਆਨ ਟਰੈਵਲ ਨੇ ਸੈਕਰਾਮੈਂਟੋ ਵਿਚ ਖੋਲ੍ਹਿਆ ਨਵਾਂ ਦਫਤਰ

**ਸੈਕਰਾਮੈਂਟੋ:** ਸਮੁੱਚੇ ਅਮਰੀਕਾ ਅੰਦਰ ਵੱਖ-ਵੱਖ ਸ਼ਹਿਰਾਂ ਵਿਚ ਹਵਾਈ ਟਿਕਟਾਂ ਅਤੇ ਇਮੀਗਰੇਸ਼ਨ ਸੰਬੰਧੀ ਸੇਵਾਵਾਂ ਨਿਭਾਉਣ ਵਾਲੀ ਵੱਡੀ ਏਜੰਸੀ "ਆਸ਼ਿਆਨ ਟਰੈਵਲ" ਵੱਲੋਂ ਕੈਲੇਫੋਰਨੀਆ ਦੀ ਰਾਜਧਾਨੀ ਸੈਕਰਾਮੈਂਟੋ ਵਿਖੇ ਆਪਣੇ ਨਵੇਂ ਦਫ਼ਤਰ ਰਾਹੀਂ ਸੇਵਾਵਾਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਆਸ਼ਿਆਨ ਟਰੈਵਲ ਨੂੰ ਪ੍ਰਮੁੱਖ ਤੌਰ 'ਤੇ ਸ. ਤਰਨ ਸਿੰਘ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਦੁਆਰਾ ਬਹੁਤ ਵਧੀਆ ਤਰੀਕੇ ਨਾਲ ਚਲਾਇਆ ਜਾ ਰਿਹਾ ਹੈ। ਏਅਰ ਟਿਕਟਾਂ ਅਤੇ ਇਮੀਗਰੇਸ਼ਨ ਦੀਆਂ ਸੇਵਾਵਾਂ ਤੋਂ ਇਲਾਵਾ ਸਾਲ ਵਿਚ ਦੋ ਵਾਰ ਪਾਕਿਸਤਾਨ ਦੇ ਗੁਰਧਾਮਾਂ ਦੀ ਯਾਤਰਾ ਲਈ ਸੰਗਤਾਂ ਨੂੰ ਵਾਜਬ ਖਰਚੇ 'ਤੇ ਲੈ ਕੇ ਜਾਂਦੇ ਹਨ। ਸ. ਤਰਨ ਸਿੰਘ ਮਿਹਨਤੀ ਇਨਸਾਨ ਹਨ। ਇਨ੍ਹਾਂ ਦੁਆਰਾ ਆਸ਼ਿਆਨ ਟਰੈਵਲ ਦੀਆਂ ਸੇਵਾਵਾ ਤੋਂ ਇਲਾਵਾ ਪੰਜਾਬੀ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਸਥਾਨਕ ਕਲਾਕਾਰਾਂ ਨੂੰ ਲੈ ਕੇ "ਫਰਿਜ਼ਨੋ ਡਰੀਮਜ਼" ਨਾਂ ਦੀ ਸੰਸਥਾ ਦਾ ਵੀ ਗਠਨ ਕੀਤਾ ਗਿਆ ਹੈ। ਜੋ ਆਪਣੇ ਸਫਲ ਪ੍ਰੋਗਰਾਮ ਕਰਾਉਣ ਦਾ ਮਾਣ ਹਾਸਲ ਕਰ ਚੁੱਕੇ ਹਨ। ਇਸੇ ਤਰ੍ਹਾਂ ਫਰਿਜ਼ਨੋ ਤੋਂ ਹਫਤਾਵਾਰੀ ਰੇਡੀਓ ਪ੍ਰੋਗਰਾਮ "ਰਿਚ ਐਂਡ ਫੇਮਜ਼" ਵੀ ਹੋਸਟ ਜਸਵੰਤ ਸਿੰਘ ਮਹਿਮੀ ਦੁਆਰਾ ਪੇਸ਼ ਕੀਤਾ ਜਾਂਦਾ ਹੈ। ਸਮੁੱਚੇ ਤੌਰ 'ਤੇ ਆਸ਼ਿਆਨ ਟਰੈਵਲ ਦੀ ਸਮੁੱਚੀ ਟੀਮ ਭਰੋਸੇਯੋਗ ਅਤੇ ਤਸੱਲੀ ਨਾਲ ਸੇਵਾਵਾਂ ਨਿਭਾਉਂਦੀ ਹੈ। ਏਅਰ ਟਿਕਟਾਂ, ਵੀਜ਼ਾ, ਕਿਸੇ ਦੇਸ਼-ਵਿਦੇਸ਼ ਦਾ ਸੈਰ-ਸਪਾਟਾ ਕਰਨ ਜਾਂ ਫਿਰ ਇਮੀਗਰੇਸ਼ਨ ਸੰਬੰਧੀ ਸੇਵਾਵਾਂ ਲਈ ਸੈਕਰਾਮੈਂਟੋ ਦਫਤਰ ਦਾ ਪਤਾ: 65 ਤੁਨਿਟਅ ਚਟ, ੁਂਟਿਏ-1, ਅਚਰਅਮਏਨਟੋ, ਛਅ 95823 ਹੈ। ਜਿੱਥੇ ਗੁਰਜੰਟ ਸਿੰਘ ਢਿੱਲੋਂ (ਗੈਰੀ ਢਿੱਲੋਂ) ਸੇਵਾਵਾ ਨਿਭਾਉਣਗੇ। ਇਸੇ ਤਰ੍ਹਾਂ ਫਰਿਜ਼ਨੋ ਦਫਤਰ ਦੇ ਪ੍ਰਬੰਧਕ ਦੀਆਂ ਸੇਵਾਵਾਂ ਜਸਵੰਤ ਸਿੰਘ ਮਹਿਮੀ ਨਿਭਾ ਰਹੇ ਹਨ।






# Matrimonials

## ਲੜਕੀ ਦੀ ਲੋੜ ਹੈ

California settled Grewal Jatt Sikh family seeking compatible match for their US born, Kesdhariboy 27,5'9" son, well versed in both cultures. The boy is Bachelors degree holder and currently working in IT. Please call us at: E-mail- kamk1837@gmail.com or Whatsapp: 1-209-302-4376

03-06

US Based well educated Khatri Gursikh family is seeking a match for their Son, 31 Years, 5'7", Non-Vegetarian, Does not Drink. He wears a Turban. He has earned a Masters in Computer Science Degree from the US. He works for a reputed large Information Technology company in the Bay Area as a Technical Lead & Software Engineer. Looking for an educated and well settled US Citizen or Green Card match living in the US. Beyond education, girl must be with a family-oriented mindset and should have good moral family values. Caste no bar. Please contact Ph: 425-305-0114 or Email: **issuri@gmail.com**

02-05

Well educated Jatt Sikh Bay area family is seeking a suitable match for their July 2000 US born Son, height 5' 10". He has a BS in Computer Science from UCLA and a MS in CS BioMedical Imaging from UCSF. He does not drink. He wears a turban and keeps his hair. He is now working for a Software Company. Beyond education (BDS, DDS preferred), girl must be with a family-oriented mindset and should have good moral family values. Please contact ph:5108616491 or email: pgrrealty@gmail.com

52-03

Jat Sikh Mann parents seeks a SMF for their son, 34 years old, 5'-6" tall, Ph.D. Chemistry, working as scientist in USA, very shortly divorced. Girl should be American or Canadian. Upper caste welcome. Marriage bureau excuse. Call/text +1 572 273 4588.

52-03

Looking for suitable Ramgarhia Sikh Dhiman match in USA/Canada/Punjab for our well settled boy (US citizen), 30 years old, 5' 11", residing in Chicago. Please contact: manpreetrupal24@gmail.com

52-03

Verma family looking for a suitable match for their son. Age 31, Ht 5'10", USA citizen, divorsed (No Kid), well settled. Caste no bar. Please send biodata/pictures at Whatsapp: (224) 595-9926 or E-Mail: inderjeetverma08@gmail.com

51-54

Arora Sikh family looking for a suitable match in USA or Canada for clean-shaven highly placed Sikh Surgeon in New York, USA, age 53, height 6'1", recently divorced, with Gursikh values no drinking, no smoking, vegetarian. Caste no bar, but the girl also should have Gursikh values, and no drinking, at least a graduate, and preferably working. Contact: E-Mail: jawa222@gmail.com or Call. 785-304-6280

50-53

## ਲੜਕੇ ਦੀ ਲੋੜ ਹੈ

Jat Sikh family seeks a suitable match for their daughter born and raised in US, 29 years. MD doctor in residency in the US. Looking for a US/Canada born or raised Amritdhari boy doctor or higher education. Send biodata and pictures to gurkirpa224@gmail.com.

02-05

Jatt Sikh parents invite matrimonial alliance for their US born daughter 38, 5'9" beautiful, family oriented, never married. Master's in Bioengineering Management- executive position in Bay Area, California. The boy must be from the USA, professionally qualified; good-natured and well settled, with family values. Serious enquiries only. Please respond with latest photo and biodata to kaurprincess11@yahoo.com or whatsapp 669-946-5891

41-44

Jatt Sikh family seeks suitable match for their daughter who has her MD and is currently working in the Bay Area (California) as a Doctor. 38 yrs old (never married). 5'-5". The boy should be settled in the Bay Area (California) with a University degree and professionally employed. Please contact 408-763-3949

39-42

# ਜ਼ੀਰੋ ਬਿਜਲੀ ਬਿੱਲ: ਪੰਜਾਬ ਸਰਕਾਰ ਸਿਰ ਸਬਸਿਡੀ ਦੀ ਪੰਡ ਹੋਈ ਭਾਰੀ

**ਚੰਡੀਗੜ੍ਹ:** ਪੰਜਾਬ ਵਿਚ ਠੰਢ ਕਾਰਨ ਜ਼ੀਰੋ ਬਿੱਲਾਂ ਵਾਲੇ ਕੁਨੈਕਸ਼ਨਾਂ ਦਾ ਗਰਾਫ ਵਧਿਆ ਹੈ ਅਤੇ ਨਾਲ ਹੀ ਸਬਸਿਡੀ ਦੀ ਪੰਡ ਵੀ ਭਾਰੀ ਹੋਣ ਲੱਗੀ ਹੈ। ਪਾਵਰਕੌਮ ਦੇ ਤੱਥਾਂ ਅਨੁਸਾਰ ਦਸੰਬਰ 2023 ਵਿਚ 36.65 ਲੱਖ ਖਪਤਕਾਰਾਂ ਨੂੰ ਜ਼ੀਰੋ ਬਿੱਲ ਜਾਰੀ ਹੋਏ ਹਨ ਜਦੋਂ ਕਿ ਦਸੰਬਰ 2022 ਵਿਚ ਇਹ ਅੰਕੜਾ 33.16 ਲੱਖ ਬਿੱਲਾਂ ਦਾ ਸੀ। ਇਸ ਤੋਂ ਸਾਫ਼ ਹੈ ਕਿ ਲੰਘੇ ਦਸੰਬਰ ਦੇ ਮੁਕਾਬਲੇ 2022 ਦਸੰਬਰ ਵਿੱਚ 2.89 ਲੱਖ ਜ਼ੀਰੋ ਬਿੱਲ ਵੱਧ ਜਾਰੀ ਹੋਏ ਹਨ।



ਸਬਸਿਡੀ ਦੇਖੀਏ ਤਾਂ ਦਸੰਬਰ 2023 ਵਿਚ ਸਬਸਿਡੀ ਦਾ ਬਿਲ 540.59 ਕਰੋੜ ਰੁਪਏ ਬਣਿਆ ਹੈ ਜਦਕਿ ਦਸੰਬਰ 2022 ਵਿਚ ਇਹੋ ਬਿੱਲ 388.28 ਕਰੋੜ ਸੀ। ਇਕ ਸਾਲ ਵਿਚ ਸਬਸਿਡੀ ਬਿੱਲ 152.31 ਕਰੋੜ ਰੁਪਏ ਵਧ ਗਿਆ। ਇਵੇਂ ਨਵੰਬਰ 2023 ਵਿਚ ਜ਼ੀਰੋ ਬਿੱਲਾਂ ਨਾਲ ਸਬਸਿਡੀ ਵਿਚ ਪਿਛਲੇ ਵਰ੍ਹੇ ਦੇ ਨਵੰਬਰ ਮਹੀਨੇ ਮੁਕਾਬਲੇ 100.25 ਕਰੋੜ ਦਾ ਵਾਧਾ ਹੋਇਆ ਹੈ। ਬਿਜਲੀ ਮਾਹਿਰ ਦੱਸਦੇ ਹਨ ਕਿ ਜਿਨ੍ਹਾਂ ਘਰਾਂ ਵਿਚ ਪਹਿਲਾਂ ਇਕ ਮੀਟਰ ਸੀ, ਉਨ੍ਹਾਂ ਪਰਿਵਾਰਾਂ ਨੇ ਜ਼ੀਰੋ ਬਿੱਲਾਂ ਦਾ ਲਾਹਾ ਲੈਣ ਖ਼ਾਤਰ ਦੋ ਮੀਟਰ ਲਗਵਾ ਲਏ ਹਨ ਜਿਸ ਨਾਲ ਖਪਤਕਾਰਾਂ ਦੀ ਗਿਣਤੀ ਵਧ ਗਈ ਹੈ।

ਸਬਸਿਡੀ ਵਿਚ ਵਾਧੇ ਦਾ ਕਾਰਨ ਇਹ ਦੱਸਿਆ ਜਾ ਰਿਹਾ ਹੈ ਕਿ ਉਂਜ ਤਾਂ ਖਪਤਕਾਰਾਂ ਦੀ ਠੰਢ ਵਿਚ ਖਪਤ ਘੱਟ ਜਾਂਦੀ ਹੈ ਪਰ ਲੋਕ ਸਾਰੇ ਮੁਫ਼ਤ ਯੂਨਿਟਾਂ ਦੀ ਖਪਤ ਕਰਨ ਲਈ ਵੱਧ ਬਿਜਲੀ ਬਾਲਦੇ ਹਨ। ਜਦੋਂ ਤੋਂ ਜ਼ੀਰੋ ਬਿੱਲ ਸ਼ੁਰੂ ਹੋਏ ਹਨ, ਉਦੋਂ ਤੋਂ ਹੁਣ ਤੱਕ ਅਗਸਤ 2023 ਦਾ ਇਕਲੌਤਾ ਅਜਿਹਾ ਮਹੀਨਾ ਹੈ ਜਦੋਂ ਬਿਜਲੀ ਸਬਸਿਡੀ ਦਾ ਬਿੱਲ ਸਭ ਤੋਂ ਵੱਧ 823.33 ਕਰੋੜ ਰੁਪਏ ਬਣਿਆ ਹੈ। ਜੁਲਾਈ 2022 ਤੋਂ ਦਸੰਬਰ 2023 ਤੱਕ ਜ਼ੀਰੋ ਬਿੱਲਾਂ ਤਹਿਤ 10196.90 ਕਰੋੜ ਦੀ ਸਬਸਿਡੀ ਦਾ ਬਿੱਲ ਬਣਿਆ ਹੈ।

ਸਰਕਾਰ ਨੇ ਸੂਬੇ ਦੇ ਲੋਕਾਂ ਨੂੰ 300 ਯੂਨਿਟ ਪ੍ਰਤੀ ਮਹੀਨਾ ਦੀ ਸੁਵਿਧਾ ਜੁਲਾਈ 2022 ਤੋਂ ਦਿੱਤੀ ਹੈ ਅਤੇ ਉਸ ਤੋਂ ਪਹਿਲਾਂ ਚੰਨੀ ਸਰਕਾਰ ਸਮੇਂ 7 ਕਿਲੋਵਾਟ ਲੋਡ ਤੱਕ ਦੇ ਖਪਤਕਾਰਾਂ ਨੂੰ ਢਾਈ ਰੁਪਏ ਪ੍ਰਤੀ ਯੂਨਿਟ ਸਬਸਿਡੀ ਦਿੱਤੀ ਹੋਈ ਸੀ। ਘਰੇਲੂ ਖਪਤਕਾਰਾਂ ਨੂੰ ਮੌਜ ਲੱਗੀ ਹੋਈ ਹੈ। ਜ਼ੀਰੋ ਬਿੱਲਾਂ ਅਤੇ ਢਾਈ ਰੁਪਏ ਯੂਨਿਟ ਸਬਸਿਡੀ ਲੈਣ ਵਾਲੇ ਕੁੱਲ ਖਪਤਕਾਰਾਂ ਦਾ ਅੰਕੜਾ ਦਸੰਬਰ ਮਹੀਨੇ ਦਾ 97.64 ਫ਼ੀਸਦੀ ਬਣਦਾ ਹੈ। ਮਤਲਬ ਇਹ ਕਿ ਸੂਬੇ ਦੇ ਸਿਰਫ਼ 2.36 ਫ਼ੀਸਦੀ ਖਪਤਕਾਰ ਅਜਿਹੇ ਬਚੇ ਹਨ ਜਿਨ੍ਹਾਂ ਨੂੰ ਘਰੇਲੂ ਬਿਜਲੀ ਉਤੇ ਕੋਈ ਸਬਸਿਡੀ ਨਹੀਂ ਮਿਲ ਰਹੀ। ਪਹਿਲਾਂ ਕਾਂਗਰਸ ਸਰਕਾਰ ਦੌਰਾਨ ਐਸ.ਸੀ., ਬੀ.ਸੀ, ਬੀ.ਪੀ.ਐਲ. ਪਰਿਵਾਰਾਂ ਨੂੰ ਪ੍ਰਤੀ ਮਹੀਨਾ 200 ਯੂਨਿਟ ਦੀ ਬਿਜਲੀ ਮੁਆਫ਼ੀ ਸੀ।

ਅਗਲੇ ਵਿੱਤੀ ਵਰ੍ਹੇ 2024-25 ਦੌਰਾਨ ਪੰਜਾਬ ਵਿਚ ਸਮੁੱਚੀ ਬਿਜਲੀ ਸਬਸਿਡੀ ਦਾ ਬਿੱਲ 22 ਹਜ਼ਾਰ ਕਰੋੜ ਰੁਪਏ ਅਨੁਮਾਨਿਆ ਗਿਆ ਹੈ ਜਿਸ ਵਿਚ ਘਰੇਲੂ ਖਪਤਕਾਰਾਂ ਦਾ 9000 ਕਰੋੜ ਦਾ ਬਿੱਲ ਵੀ ਸ਼ਾਮਲ ਕੀਤਾ ਗਿਆ ਹੈ। ਖੇਤੀ ਮੋਟਰਾਂ ਵਾਲੀ ਸਬਸਿਡੀ ਦਾ ਬਿੱਲ ਵੀ 10 ਹਜ਼ਾਰ ਕਰੋੜ ਹੋ ਜਾਵੇਗਾ। ਸਨਅਤਾਂ ਨੂੰ ਦਿੱਤੀ ਜਾਂਦੀ ਬਿਜਲੀ ਸਬਸਿਡੀ ਵੀ ਵਧ ਕੇ 3000 ਕਰੋੜ ਹੋ ਜਾਵੇਗੀ। ਅਗਲੇ ਵਿੱਤੀ ਵਰ੍ਹੇ ਦੌਰਾਨ ਜੋ ਸਬਸਿਡੀ ਅਨੁਮਾਨੀ ਗਈ ਹੈ, ਉਸ ਮੁਤਾਬਕ ਪੰਜਾਬ ਸਰਕਾਰ ਨੂੰ ਰੋਜ਼ਾਨਾ ਔਸਤਨ 60.27 ਕਰੋੜ ਰੁਪਏ ਬਿਜਲੀ ਸਬਸਿਡੀ ਦੇ ਤਾਰਨੇ ਪੈਣਗੇ।

# ਸੱਤ ਮਹੀਨਿਆਂ ਪਿੱਛੋਂ ਟੈਂਕੀ ਤੋਂ ਉਤਰਿਆ ਸਿੱਖਿਆ ਪ੍ਰੋਵਾਈਡਰ

**ਸੰਗਰੂਰ:** ਮੁੱਖ ਮੰਤਰੀ ਦੀ ਕੋਠੀ ਤੋਂ ਤਕਰੀਬਨ ਡੇਢ ਕਿਲੋਮੀਟਰ ਦੂਰ ਪਿੰਡ ਖੁਰਾਣਾ ਵਿਚ ਲਗਭਗ ਸੌ ਫੁੱਟ ਉੱਚੀ ਪਾਣੀ ਦੀ ਟੈਂਕੀ ਉਤੇ 215 ਦਿਨਾਂ ਤੋਂ ਡਟੇ ਸਿੱਖਿਆ ਪ੍ਰੋਵਾਈਡਰ ਇੰਦਰਜੀਤ ਸਿੰਘ ਡੇਲੂਆਣਾ ਮੁੱਖ ਮੰਤਰੀ ਭਗਵੰਤ ਮਾਨ ਦੇ ਭਰੋਸੇ ਮਗਰੋਂ ਹੇਠਾਂ ਉਤਰ ਆਇਆ ਹੈ।

ਇਸੇ ਦੌਰਾਨ ਟੈਂਕੀ ਹੇਠਾਂ ਚੱਲ ਰਿਹਾ ਪੱਕਾ ਮੋਰਚਾ ਵੀ ਸਮਾਪਤ ਕਰ ਦਿੱਤਾ ਗਿਆ ਹੈ। ਦੱਸਣਯੋਗ ਹੈ ਕਿ 8736 ਕੱਚੇ ਅਧਿਆਪਕ ਯੂਨੀਅਨ ਦੇ ਸੂਬਾਈ ਵਫ਼ਦ ਨਾਲ ਮੀਟਿੰਗ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਮੰਗਾਂ ਮੰਨਣ ਦਾ ਭਰੋਸਾ ਦਿੱਤਾ ਗਿਆ ਸੀ। ਤਕਰੀਬਨ 7 ਮਹੀਨੇ ਮਗਰੋਂ ਜਿਉਂ ਹੀ ਇੰਦਰਜੀਤ ਸਿੰਘ ਡੇਲੂਆਣਾ ਟੈਂਕੀ ਤੋਂ ਹੇਠਾਂ ਉਤਰੇ ਤਾਂ ਸੈਂਕੜੇ ਸਾਥੀ ਅਧਿਆਪਕਾਂ ਵੱਲੋਂ ਫੁੱਲਾਂ ਦੇ ਹਾਰ ਪਾ ਕੇ ਜੈਕਾਰਿਆਂ ਦੀ ਗੂੰਜ ਵਿਚ ਉਸ ਦਾ ਸਵਾਗਤ ਕੀਤਾ ਗਿਆ।

ਇਸ ਮੌਕੇ ਸਿੱਖਿਆ ਪ੍ਰੋਵਾਈਡਰ ਯੂਨੀਅਨ ਦੇ ਸੂਬਾ ਪ੍ਰਧਾਨ ਮਨਪ੍ਰੀਤ ਸਿੰਘ ਮੋਗਾ ਅਤੇ ਆਈ.ਈ.ਵੀ. ਦੇ ਸੂਬਾ ਪ੍ਰਧਾਨ ਗੁਰਲਾਲ ਸਿੰਘ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਯੂਨੀਅਨ ਨਾਲ ਕੀਤੀ ਮੀਟਿੰਗ ਦੌਰਾਨ ਲਿਖਤੀ ਤੌਰ ਉਤੇ ਭਰੋਸਾ ਦਿਵਾਇਆ ਗਿਆ ਹੈ ਕਿ ਲੋਹੜੀ ਤੋਂ ਬਾਅਦ ਮੀਟਿੰਗ ਕਰ ਕੇ ਮੰਗਾਂ ਦਾ ਹੱਲ ਜ਼ਰੂਰ ਕੱਢਿਆ ਜਾਵੇਗਾ। ਇਸ ਮੌਕੇ ਇੰਦਰਜੀਤ ਸਿੰਘ ਡੇਲੂਆਣਾ ਨੇ ਕਿਹਾ ਕਿ ਤਨਖਾਹ ਸਕੇਲ 'ਤੇ ਰੈਗੂਲਰ ਕਰਨ ਦੀ ਮੰਗ ਨੂੰ ਜਿਉਂਦਾ ਰੱਖਣ ਲਈ ਉਸ ਨੇ 7 ਮਹੀਨੇ ਟੈਂਕੀ ਉਪਰ ਦਿਨ-ਰਾਤ ਬਿਤਾ ਕੇ ਸੰਘਰਸ਼ ਕੀਤਾ ਅਤੇ ਉਹ ਕੱਚੇ ਅਧਿਆਪਕਾਂ ਦੀ ਮੰਗ ਨੂੰ ਮੁੜ ਜਿਉਂਦਾ ਕਰਨ ਵਿਚ ਸਫ਼ਲ ਹੋਇਆ ਹੈ।

ਉਨ੍ਹਾਂ ਪੰਜਾਬ ਦੇ ਸਾਰੇ ਸਾਥੀ ਅਧਿਆਪਕਾਂ ਨੂੰ ਇਕਜੁੱਟ ਹੋਣ ਦਾ ਸੱਦਾ ਦਿੰਦਿਆਂ ਬਾਕਾਇਦਾ ਕਿਹਾ, "ਭਾਵੇਂ ਸਰਕਾਰ ਨੇ ਵਾਅਦਾ ਕੀਤਾ ਹੈ ਪਰ ਆਪਾਂ ਸਰਕਾਰ ਨੂੰ ਵਾਅਦੇ ਤੋਂ ਭੱਜਣ ਨਹੀਂ ਦੇਣਾ ਅਤੇ ਅਸਲੀ ਮਾਅਨਿਆਂ 'ਚ ਰੈਗੂਲਰ ਹੋਣ ਤੱਕ ਸੰਘਰਸ਼ ਲਈ ਤਿਆਰ-ਬਰ-ਤਿਆਰ ਰਹਿਣਾ ਹੈ।"

## ਰੋਡਵੇਜ਼ ਦੇ ਕੱਚੇ ਕਾਮਿਆਂ ਨੂੰ ਪੱਕਾ ਕਰਾਂਗੇ: ਭੁੱਲਰ

**ਚੰਡੀਗੜ੍ਹ:** ਪੰਜਾਬ ਦੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਪੰਜਾਬ ਰੋਡਵੇਜ਼ ਅਤੇ ਪਨਬੱਸ ਦੇ ਠੇਕਾ ਆਧਾਰਿਤ ਡਰਾਈਵਰਾਂ ਤੇ ਕੰਡਕਟਰਾਂ ਦੀਆਂ ਸੇਵਾਵਾਂ ਪੱਕੀਆਂ ਕਰਨ ਲਈ ਸਰਕਾਰ ਵਚਨਬੱਧ ਹੈ। ਪੰਜਾਬ ਰੋਡਵੇਜ਼, ਪਨਬੱਸ ਸਟੇਟ ਟਰਾਂਸਪੋਰਟ ਵਰਕਰਜ਼ ਯੂਨੀਅਨ ਅਤੇ ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰਜ਼ ਯੂਨੀਅਨ ਦੇ ਮੁਲਾਜ਼ਮਾਂ ਨਾਲ ਮੀਟਿੰਗ ਦੌਰਾਨ ਮੰਤਰੀ ਨੇ ਦੱਸਿਆ ਕਿ ਵਿਭਾਗ ਵੱਲੋਂ ਪੰਜਾਬ ਰੋਡਵੇਜ਼, ਪਨਬੱਸ ਵਿਚ ਠੇਕਾ ਆਧਾਰਿਤ ਡਰਾਈਵਰਾਂ ਅਤੇ ਕੰਡਕਟਰਾਂ ਨੂੰ ਰੈਗੂਲਰ ਕਰਨ ਸਬੰਧੀ ਕੇਸ ਮੁੱਖ ਮੰਤਰੀ ਵੱਲੋਂ ਗਠਿਤ ਕੀਤੀ ਤਿੰਨ ਮੈਂਬਰੀ ਕੈਬਨਿਟ ਸਬ-ਕਮੇਟੀ ਵੱਲੋਂ ਹਮਦਰਦੀ ਨਾਲ ਵਿਚਾਰਿਆ ਜਾ ਰਿਹਾ ਹੈ।

# ਸੁਖਬੀਰ ਸਿੰਘ ਬਾਦਲ ਨੂੰ ਸੁਪਰੀਮ ਕੋਰਟ ਤੋਂ ਰਾਹਤ ਮਿਲੀ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਵੱਲੋਂ ਦਾਇਰ ਉਹ ਅਪੀਲ ਖਾਰਜ ਕਰ ਦਿੱਤੀ ਜਿਸ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਿਰੁੱਧ 2021 'ਚ ਦਰਜ ਐਫ.ਆਈ.ਆਰ. ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਰੱਦ ਕੀਤੇ ਜਾਣ ਨੂੰ ਚੁਣੌਤੀ ਦਿੱਤੀ ਗਈ ਸੀ। ਸਿਖਰਲੀ ਅਦਾਲਤ ਨੇ ਕਿਹਾ ਕਿ ਕੇਸ 'ਫਰਜ਼ੀ' ਹੈ। ਬਾਦਲ ਵਿਰੁੱਧ ਐਫ.ਆਈ.ਆਰ. 'ਐਪੀਡੈਮਿਕ ਡਿਸੀਜ਼ ਐਕਟ', 1897 ਤਹਿਤ ਦਰਜ ਕੀਤੀ ਗਈ ਸੀ। ਇਸ ਵਿਚ ਸਰਕਾਰੀ ਅਧਿਕਾਰੀ ਦੇ ਹੁਕਮਾਂ ਦੀ ਉਲੰਘਣਾ ਵੀ ਸ਼ਾਮਲ ਸੀ। ਸੁਖਬੀਰ ਬਾਦਲ ਉਤੇ ਦੋਸ਼ ਸੀ ਕਿ ਉਨ੍ਹਾਂ ਅੰਮ੍ਰਿਤਸਰ ਜ਼ਿਲ੍ਹੇ ਦੇ ਬਿਆਸ ਕਸਬੇ ਵਿਚ ਇਕ ਪ੍ਰਾਈਵੇਟ ਕੰਪਨੀ ਵੱਲੋਂ ਕੀਤੀ ਜਾ ਰਹੀ ਮਾਈਨਿੰਗ ਵਿਚ ਵਿਘਨ ਪਾਇਆ, ਧਮਕਾਇਆ ਤੇ ਗੈਰਕਾਨੂੰਨੀ ਕੰਮ ਕੀਤਾ। ਜਸਟਿਸ ਅਭੈ ਐਸ ਓਕਾ ਤੇ ਉੱਜਲ ਭੁਆਨ ਦੇ ਬੈਂਚ ਨੇ ਹੈਰਾਨੀ ਜ਼ਾਹਿਰ ਕੀਤੀ ਤੇ ਕਿਹਾ ਕਿ ਕੇਸ ਦੇ ਸ਼ਿਕਾਇਤਕਰਤਾ ਨੇ ਸੁਪਰੀਮ ਕੋਰਟ ਪਹੁੰਚ ਨਹੀਂ ਕੀਤੀ, ਸਿਰਫ ਰਾਜ ਸਰਕਾਰ ਨੇ ਹੀ ਐਫ.ਆਈ.ਆਰ. ਰੱਦ ਕਰਨ ਦੇ ਹਾਈ ਕੋਰਟ ਦੇ ਹੁਕਮਾਂ ਵਿਰੁੱਧ ਅਪੀਲ ਕੀਤੀ। ਸਿਖਰਲੀ ਅਦਾਲਤ ਨੇ ਕਿਹਾ, 'ਬਿਨਾਂ ਸ਼ੱਕ ਇਹ ਕੇਸ ਫਰਜ਼ੀ ਹੈ'। ਬੈਂਚ ਨੇ ਪੰਜਾਬ ਸਰਕਾਰ ਦੇ ਵਕੀਲ ਨੂੰ



ਕਿਹਾ, 'ਸਿਰਫ ਇਸ ਕਰ ਕੇ ਕਿ ਇਕ ਵਿਅਕਤੀ ਸਿਆਸੀ ਆਗੂ ਹੈ, ਤੇ ਮੌਕੇ ਉਤੇ ਨਿਰੀਖਣ ਕਰਨ ਜਾਂ ਕੁਝ ਹੋਰ ਕਰਨ ਗਿਆ, ਉਸ ਉਤੇ ਕੇਸ ਦਰਜ ਕਰ ਲਿਆ ਗਿਆ। ਐਫ.ਆਈ.ਆਰ. ਵਿਚ ਦਰਜ ਅਪਰਾਧਾਂ ਵਿਚੋਂ ਕੋਈ ਵੀ ਨਹੀਂ ਕੀਤਾ ਗਿਆ।' ਜਦ ਸਰਕਾਰ ਦੇ ਵਕੀਲ ਨੇ ਕਿਹਾ ਕਿ ਹਾਈ ਕੋਰਟ ਨੇ ਗਲਤ ਢੰਗ ਨਾਲ ਐਫ.ਆਈ.ਆਰ. ਰੱਦ ਕੀਤੀ ਹੈ, ਤਾਂ ਬੈਂਚ ਨੇ ਕਿਹਾ ਕਿ ਹਾਈ ਕੋਰਟ ਨੇ ਪੂਰਾ ਦਸਤਾਵੇਜ਼ ਦੇਖਿਆ ਹੈ ਤੇ ਉਨ੍ਹਾਂ ਨੂੰ ਇਨ੍ਹਾਂ ਵਿਚੋਂ ਕੋਈ ਵੀ ਅਪਰਾਧ ਕੀਤਾ ਹੋਇਆ ਨਹੀਂ ਮਿਲਿਆ। ਜਸਟਿਸ ਓਕਾ ਨੇ ਕਿਹਾ, 'ਦਿਲਚਸਪ ਤੱਥ ਇਹ ਹੈ ਕਿ ਸ਼ਿਕਾਇਤਕਰਤਾ ਮਾਈਨਿੰਗ ਕੰਪਨੀ ਹੈ ਤੇ ਇਸ ਨੇ ਹਾਈ ਕੋਰਟ ਦੇ ਹੁਕਮ ਵਿਰੁੱਧ ਅਪੀਲ ਨਹੀਂ ਕੀਤੀ। ਸਿਰਫ ਰਾਜ ਸਰਕਾਰ ਨੇ ਇਸ ਨੂੰ ਚੁਣੌਤੀ ਦਿੱਤੀ ਹੈ, ਅਜਿਹਾ ਕਿਉਂ?' ਇਹ ਕਹਿੰਦਿਆਂ ਸੁਪਰੀਮ ਕੋਰਟ ਨੇ ਪਟੀਸ਼ਨ ਖਾਰਜ ਕਰ ਦਿੱਤੀ। ਜ਼ਿਕਰਯੋਗ ਹੈ ਕਿ 4 ਅਗਸਤ, 2023 ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸਾਬਕਾ ਮੁੱਖ ਮੰਤਰੀ ਬਾਦਲ ਵਿਰੁੱਧ ਦਰਜ ਇਹ ਐਫ.ਆਈ.ਆਰ. ਖਾਰਜ ਕੀਤੀ ਸੀ। ਪਹਿਲੀ ਜੁਲਾਈ 2021 ਵਿਚ ਦਰਜ ਐਫ.ਆਈ.ਆਰ. ਵਿਚ ਦਾਅਵਾ ਕੀਤਾ ਗਿਆ ਸੀ ਕਿ ਬਾਦਲ ਨੇ ਕੰਪਨੀ ਦੇ ਮੁਲਾਜ਼ਮਾਂ ਨੂੰ ਧਮਕਾਇਆ ਸੀ ਅਤੇ ਕਾਨੂੰਨੀ ਤੌਰ ਉਤੇ ਚੱਲ ਰਹੇ ਕੰਮ ਵਿਚ ਅੜਿੱਕਾ ਪਾਇਆ। ਉਸ ਵੇਲੇ ਕੋਵਿਡ-19 ਦੀਆਂ ਪਾਬੰਦੀਆਂ ਲੱਗੀਆਂ ਹੋਈਆਂ ਸਨ।

# ਡਰੱਗ ਮਾਮਲਾ: ਮਜੀਠੀਆ ਕੋਲੋਂ ਪੜਤਾਲ ਕਰਨ ਵਾਲੀ 'ਸਿਟ' ਵਿਚ ਤਿੰਨ ਹੋਰ ਮੈਂਬਰ ਸ਼ਾਮਲ

**ਪਟਿਆਲਾ:** ਨਸ਼ਾ ਤਸਕਰੀ ਮਾਮਲੇ ਦਾ ਸਾਹਮਣਾ ਕਰ ਰਹੇ ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਤੋਂ ਪੁੱਛ-ਪੜਤਾਲ ਕਰਨ ਲਈ ਪਟਿਆਲਾ ਦੇ ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ ਦੀ ਅਗਵਾਈ ਹੇਠ ਨਵੀਂ ਬਣਾਈ ਗਈ ਤਿੰਨ ਮੈਂਬਰੀ 'ਸਿਟ' ਵਿਚ ਤਿੰਨ ਹੋਰ ਮੈਂਬਰਾਂ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਟੀਮ ਵਿਚ ਰਾਸ਼ਟਰਪਤੀ ਪੁਲਿਸ ਮੈਡਲ ਪ੍ਰਾਪਤ ਪਟਿਆਲਾ ਦੇ ਡੀ.ਐਸ.ਪੀ. ਸਿਟੀ-2 ਜਸਵਿੰਦਰ ਸਿੰਘ ਟਿਵਾਣਾ ਸਮੇਤ ਸਟੇਟ ਕਰਾਈਮ ਵਿੰਗ ਮੁਹਾਲੀ ਦੇ ਡੀ.ਐਸ.ਪੀ. ਨਰਿੰਦਰ ਸਿੰਘ ਅਤੇ ਇਸੇ ਵਿੰਗ ਦੇ ਇੰਸਪੈਕਟਰ ਦਰਬਾਰਾ ਸਿੰਘ ਨੂੰ ਵੀ ਸ਼ਾਮਲ ਕੀਤਾ ਗਿਆ ਹੈ।

ਉਂਜ ਇਹ ਤਿੰਨੋਂ ਅਧਿਕਾਰੀ ਏ.ਡੀ.ਜੀ.ਪੀ. ਮੁਖਵਿੰਦਰ ਛੀਨਾ ਦੀ ਅਗਵਾਈ



ਹੇਠਲੀ ਟੀਮ 'ਚ ਵੀ ਸ਼ਾਮਲ ਰਹੇ ਹਨ ਪਰ ਇਨ੍ਹਾਂ ਨੂੰ ਇਸ ਕੇਸ ਬਾਰੇ ਪਹਿਲਾਂ ਤੋਂ ਹੀ ਜਾਣਕਾਰੀ ਹੋਣ ਕਾਰਨ ਨਵੀਂ 'ਸਿਟ' ਵਿਚ ਸ਼ਾਮਲ ਕੀਤਾ ਗਿਆ ਹੈ। ਯਾਦ ਰਹੇ ਕਿ ਮੁਖਵਿੰਦਰ ਛੀਨਾ 31 ਦਸੰਬਰ ਨੂੰ ਸੇਵਾਮੁਕਤ ਹੋ ਚੁੱਕੇ ਹਨ। ਉਹ ਇਸ 'ਸਿਟ' ਦੇ ਤਕਰੀਬਨ ਨੌਂ ਮਹੀਨੇ ਮੁਖੀ ਰਹੇ ਪਰ ਉਨ੍ਹਾਂ ਨੇ ਸਰਗਰਮੀ ਅੰਤਲੇ ਦਿਨਾਂ 'ਚ ਹੀ ਵਿਖਾਈ। ਇਸ ਦੌਰਾਨ 11 ਦਸੰਬਰ ਨੂੰ ਪਹਿਲੀ ਵਾਰ ਮਜੀਠੀਆ ਨੂੰ ਸੰਮਨ ਜਾਰੀ ਕਰਕੇ 18 ਦਸੰਬਰ ਨੂੰ ਪਟਿਆਲਾ 'ਚ ਸੱਤ ਘੰਟੇ ਪੁੱਛ-ਪੜਤਾਲ ਕੀਤੀ ਤੇ ਉਸੇ ਹੀ ਦਿਨ 27 ਦਸੰਬਰ ਲਈ ਮੁੜ ਸੰਮਨ ਜਾਰੀ ਕਰ ਦਿੱਤੇ ਪਰ ਮਜੀਠੀਆ ਹਾਜ਼ਰ ਨਾ ਹੋਏ ਜਿਸ ਤਹਿਤ 27 ਦਸੰਬਰ ਨੂੰ ਹੀ ਮੁੜ ਜਾਰੀ ਕੀਤੇ ਗਏ ਸੰਮਨਾਂ ਤਹਿਤ ਜਦੋਂ ਮਜੀਠੀਆ 30 ਦਸੰਬਰ ਨੂੰ ਪੇਸ਼ ਹੋਏ ਤਾਂ ਛੀਨਾ ਦੀ ਅਗਵਾਈ ਹੇਠਲੀ ਟੀਮ ਨੇ ਚਾਰ ਘੰਟੇ ਪੁੱਛਗਿੱਛ ਕੀਤੀ।

# ਕੇਂਦਰੀ ਏਜੰਸੀਆਂ ਵੱਲੋਂ ਪੰਜਾਬ 'ਚ ਗੈਂਗਸਟਰਾਂ ਉਤੇ ਵੱਡੀ ਕਾਰਵਾਈ

**ਚੰਡੀਗੜ੍ਹ:** ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਦੀਆਂ ਟੀਮਾਂ ਨੇ ਪੰਜਾਬ ਦੇ ਅੱਧੀ ਦਰਜਨ ਤੋਂ ਵੱਧ ਜ਼ਿਲ੍ਹਿਆਂ ਵਿਚ ਗੈਂਗਸਟਰਾਂ ਨਾਲ ਸਿੱਧੇ ਜਾਂ ਅਸਿੱਧੇ ਤੌਰ ਉਤੇ ਜੁੜੇ ਟਿਕਾਣਿਆਂ ਉਤੇ ਛਾਪੇ ਮਾਰੇ। ਪੰਜਾਬ ਪੁਲਿਸ ਦੇ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਐਨ.ਆਈ.ਏ. ਟੀਮਾਂ ਨੇ ਪੰਜਾਬ ਪੁਲਿਸ ਦੇ ਸਹਿਯੋਗ ਨਾਲ ਤਰਨ ਤਾਰਨ, ਫਿਰੋਜ਼ਪੁਰ, ਜਲੰਧਰ, ਮੁਹਾਲੀ, ਬਠਿੰਡਾ, ਰੋਪੜ ਅਤੇ ਲੁਧਿਆਣਾ ਜ਼ਿਲ੍ਹਿਆਂ ਵਿਚ ਛਾਪੇ ਮਾਰੇ। ਪੁਲਿਸ ਅਧਿਕਾਰੀਆਂ ਦਾ ਦੱਸਣਾ ਹੈ ਕਿ ਮੁਹਾਲੀ ਵਿਚ ਤਿੰਨ ਥਾਵਾਂ, ਪਟਿਆਲਾ ਵਿਚ ਦੋ, ਜਲੰਧਰ ਵਿਚ 2, ਬਠਿੰਡਾ 2, ਫਿਰੋਜ਼ਪੁਰ 3, ਲੁਧਿਆਣਾ 2, ਰੋਪੜ ਅਤੇ ਤਰਨ ਤਾਰਨ ਵਿਚ 5 ਥਾਵਾਂ ਉਤੇ ਗੈਂਗਸਟਰਾਂ ਦੇ ਟਿਕਾਣਿਆਂ 'ਤੇ ਦਿਨ ਭਰ ਤਲਾਸ਼ੀ ਮੁਹਿੰਮ ਚਲਾਈ। ਐਨ.ਆਈ.ਏ. ਟੀਮਾਂ ਨੇ ਮਸ਼ਕੂਕਾਂ ਦੀਆਂ ਜਾਇਦਾਦਾਂ, ਪਿਛਲੇ ਸਮੇਂ ਦੌਰਾਨ ਵੱਖ-ਵੱਖ ਤਰ੍ਹਾਂ ਦੇ ਲੋਕਾਂ ਨਾਲ ਵਰਤ ਵਿਹਾਰ ਸਬੰਧੀ ਜਾਣਕਾਰੀ ਇਕੱਤਰ ਕੀਤੀ। ਇਸ ਦੌਰਾਨ 2 ਪਿਸਤੌਲ, 2 ਮੈਗਜ਼ੀਨ ਅਤੇ ਗੋਲੀਸਿੱਕਾ, 4.60 ਲੱਖ ਰੁਪਏ ਦੀ ਨਕਦੀ ਤੋਂ ਇਲਾਵਾ ਦਸਤਾਵੇਜ਼ ਅਤੇ ਡਿਜੀਟਲ ਉਪਕਰਨ ਬਰਾਮਦ ਕੀਤੇ ਗਏ ਹਨ। ਛਾਪਾਮਾਰ ਟੀਮਾਂ ਨੇ




ਮੋਬਾਈਲ ਫੋਨ, ਬੈਂਕ ਖਾਤਿਆਂ ਅਤੇ ਕੰਪਿਊਟਰਾਂ ਦੀ ਚੈਕਿੰਗ ਵੀ ਕੀਤੀ।

ਐਨ.ਆਈ.ਏ. ਨੇ ਪਿਛਲੇ ਸਾਲ 10 ਜੁਲਾਈ ਨੂੰ ਹਰਵਿੰਦਰ ਸਿੰਘ ਉਰਫ ਰਿੰਦਾ ਅਤੇ ਲਖਬੀਰ ਸਿੰਘ ਸੰਧੂ ਉਰਫ ਲੰਡਾ ਖ਼ਿਲਾਫ਼ ਕੇਸ ਦਰਜ ਕੀਤਾ ਸੀ। ਐਨ.ਆਈ.ਏ. ਦਾ ਕਹਿਣਾ ਹੈ ਕਿ ਉਕਤ ਵਿਅਕਤੀ ਪੰਜਾਬ ਵਿਚ ਦਹਿਸ਼ਤੀ ਕਾਰਵਾਈਆਂ ਦੇ ਨਾਲ-ਨਾਲ ਹਥਿਆਰਾਂ ਅਤੇ ਗੋਲਾ ਬਾਰੂਦ ਦੀ ਤਸਕਰੀ ਵਿਚ ਮੁੱਖ ਸਾਜ਼ਿਸ਼ਕਾਰਾਂ ਵਜੋਂ ਸ਼ਾਮਲ ਹਨ। ਐਨ.ਆਈ.ਏ. ਦੀ ਜਾਂਚ ਮੁਤਾਬਕ ਉਹ ਦਹਿਸ਼ਤੀ ਕਾਰਵਾਈਆਂ ਨੂੰ ਅੰਜਾਮ ਦੇਣ ਲਈ ਵੱਖ-ਵੱਖ ਐਮ.ਟੀ.ਐਸ.ਐਸ. ਚੈਨਲਾਂ ਰਾਹੀਂ ਆਪਣੇ ਸਾਥੀਆਂ ਨੂੰ ਫੰਡ ਵੀ ਭੇਜ ਰਹੇ ਹਨ। ਐਨ.ਆਈ.ਏ. ਨੇ ਜਿਨ੍ਹਾਂ ਤਿੰਨ ਮਾਮਲਿਆਂ 'ਤੇ ਕਾਰਵਾਈ ਕੀਤੀ ਹੈ, ਉਹ ਪਾਬੰਦੀਸ਼ੁਦਾ ਦਹਿਸ਼ਤੀ ਸੰਗਠਨ ਬੱਬਰ ਖਾਲਸਾ ਇੰਟਰਨੈਸ਼ਨਲ ਅਤੇ ਦੇਸ਼ 'ਚ ਚੱਲ ਰਹੇ ਅਤਿਵਾਦੀ-ਗੈਂਗਸਟਰ ਨੈੱਟਵਰਕ ਵੱਲੋਂ ਕੀਤੀਆਂ ਜਾ ਰਹੀਆਂ ਦਹਿਸ਼ਤੀ ਸਰਗਰਮੀਆਂ ਨਾਲ ਸਬੰਧਤ ਹਨ। ਟੀਮਾਂ ਵੱਲੋਂ ਕਈ ਥਾਵਾਂ ਉਤੇ ਸ਼ੱਕੀ ਸਮੱਗਰੀ ਵੀ ਬਰਾਮਦ ਕੀਤੀ ਗਈ ਹੈ। ਦਰਜਨ ਦੇ ਕਰੀਬ ਵਿਅਕਤੀਆਂ ਤੋਂ ਡੂੰਘੀ ਪੁੱਛਗਿੱਛ ਕੀਤੀ ਗਈ। ਐਨ.ਆਈ.ਏ. ਟੀਮਾਂ ਵੱਲੋਂ ਇਸ ਸਾਲ ਦੌਰਾਨ ਪਹਿਲੀ ਵਾਰੀ ਗੈਂਗਸਟਰਾਂ ਦੇ ਟਿਕਾਣਿਆਂ 'ਤੇ ਛਾਪੇਮਾਰੀ ਕੀਤੀ ਗਈ ਹੈ।

# ਕਾਉਂਕੇ ਮਾਮਲਾ: ਪਰਿਵਾਰ ਵੱਲੋਂ ਪੁਲਿਸ ਅਧਿਕਾਰੀਆਂ ਖਿਲਾਫ ਸ਼ਿਕਾਇਤ

**ਜਗਰਾਉਂ:** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਕਾਰਜਕਾਰੀ ਜਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਦੀ ਪੁਲਿਸ ਹਿਰਾਸਤ ਦੌਰਾਨ ਹੋਈ ਮੌਤ ਦੇ ਮਾਮਲੇ ਵਿਚ ਉਨ੍ਹਾਂ ਦੀ ਪਤਨੀ ਬੀਬੀ ਗੁਰਮੇਲ ਕੌਰ ਨੇ ਜਗਰਾਉਂ ਪੁਲਿਸ ਨੂੰ ਸ਼ਿਕਾਇਤ ਸੌਂਪੀ ਹੈ।

ਸੱਤ ਸਫ਼ਿਆਂ ਦੀ ਸ਼ਿਕਾਇਤ 'ਚ 16 ਪੁਲਿਸ ਅਫ਼ਸਰਾਂ ਦੇ ਨਾਂ ਦਾ ਜ਼ਿਕਰ ਹੈ। ਬੀਬੀ ਗੁਰਮੇਲ ਕੌਰ ਅਤੇ ਉਨ੍ਹਾਂ ਦੇ ਪੁੱਤਰ ਹਰੀ ਸਿੰਘ ਕਾਉਂਕੇ ਨੇ ਇਸ ਮਾਮਲੇ ਉਤੇ ਇਨਸਾਫ਼ ਦੀ ਮੰਗ ਕੀਤੀ ਹੈ। ਸ਼ਿਕਾਇਤ ਦੇਣ ਵੇਲੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਉੱਚ ਪੱਧਰੀ ਵਫ਼ਦ, ਹਲਕਾ ਇੰਚਾਰਜ ਤੇ ਸਾਬਕਾ ਵਿਧਾਇਕ ਐਸ.ਆਰ. ਕਲੇਰ ਵੀ ਮੌਜੂਦ ਸਨ। ਥਾਣਾ ਸਦਰ ਜਗਰਾਉਂ ਦੀ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿਚ ਜਥੇਦਾਰ ਕਾਉਂਕੇ ਦੀ ਪੁਲਿਸ ਹਿਰਾਸਤ 'ਚ ਹੋਈ ਮੌਤ ਦੇ ਮਾਮਲੇ ਵਿਚ ਪਰਿਵਾਰ ਨੇ ਤਤਕਾਲੀ ਪੁਲਿਸ ਅਧਿਕਾਰੀਆਂ ਤੇ ਕਰਮਚਾਰੀਆਂ ਖ਼ਿਲਾਫ਼ ਕੇਸ ਦਰਜ ਕਰਨ ਦੀ ਮੰਗ ਕੀਤੀ ਹੈ। ਇਸ ਸ਼ਿਕਾਇਤ 'ਚ ਬਾਕਾਇਦਾ ਇਨ੍ਹਾਂ ਦੇ ਨਾਂ ਵੀ ਦਰਜ



ਹਨ। ਬੀਬੀ ਗੁਰਮੇਲ ਕੌਰ ਨੇ ਕਿਹਾ ਕਿ ਜਿਹੜੇ ਪੁਲਿਸ ਅਧਿਕਾਰੀਆਂ ਨੇ ਉਨ੍ਹਾਂ ਦੇ ਪਤੀ 'ਤੇ ਅੰਨ੍ਹਾ ਤਸ਼ੱਦਦ ਕਰਕੇ ਸ਼ਹੀਦ ਕੀਤਾ, ਖਿਲਾਫ ਕੇਸ ਦਰਜ ਕਰਕੇ ਜੇਲ੍ਹ ਭੇਜਿਆ ਜਾਵੇ। ਉਨ੍ਹਾਂ ਕਿਹਾ ਕਿ ਉਹ ਬਹੁਤ ਲੰਮਾ ਸਮਾਂ ਇਨਸਾਫ ਲਈ ਦਰ ਦਰ ਭਟਕੇ ਹਨ ਪਰ ਇਸ ਦੁੱਖ ਦੀ ਘੜੀ ਵਿਚ ਪੰਥਕ ਪਾਰਟੀ ਅਤੇ ਸ਼੍ਰੋਮਣੀ ਕਮੇਟੀ ਦਾ ਸਹਿਯੋਗ ਮਿਲਣ ਨਾਲ ਉਨ੍ਹਾਂ ਨੂੰ ਇਨਸਾਫ਼ ਮਿਲਣ ਦੀ ਉਮੀਦ ਜਾਗੀ ਹੈ। ਐਡਵੋਕੇਟ ਘੁੰਮਣ ਨੇ ਕਿਹਾ ਕਿ ਭਾਈ ਕਾਉਂਕੇ ਦੇ ਮਾਮਲੇ 'ਚ ਹੁਣ ਹੋਰ ਸਮਾਂ ਖ਼ਰਾਬ ਨਹੀਂ ਕੀਤਾ ਜਾਵੇਗਾ ਤੇ ਲੋੜ ਪੈਣ ਉਤੇ ਉਹ ਸੁਪਰੀਮ ਕੋਰਟ ਜਾਣ ਤੋਂ ਵੀ ਪਿੱਛੇ ਨਹੀਂ ਹਟਣਗੇ।

### ਰਿਪੋਰਟ ਮੰਗਵਾਈ ਜਾਵੇਗੀ: ਸੰਧਵਾਂ

**ਪਟਿਆਲਾ:** ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਅਕਾਲ ਤਖ਼ਤ ਦੇ ਸਾਬਕਾ ਕਾਰਜਕਾਰੀ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਉਤੇ ਹੋਏ ਪੁਲਿਸ ਤਸ਼ੱਦਦ ਅਤੇ ਕਤਲ ਮਾਮਲੇ ਸਬੰਧੀ ਪੰਜਾਬ ਦੇ ਗ੍ਰਹਿ ਸਕੱਤਰ ਤੋਂ ਰਿਪੋਰਟ ਮੰਗਵਾਈ ਜਾਵੇਗੀ ਤਾਂ ਜੋ ਪਤਾ ਲਾਇਆ ਜਾ ਸਕੇ ਕਿ ਇਸ ਘਟਨਾਕ੍ਰਮ ਵਿਚ ਕਿਹੜੇ ਵਿਅਕਤੀ ਦੋਸ਼ੀ ਰਹੇ ਹਨ ਤੇ ਜਾਂਚ ਹੋਣ ਦੇ ਬਾਵਜੂਦ ਮਾਮਲਾ ਇੰਨਾ ਲਟਕਾਉਣ ਦੇ ਕੀ ਕਾਰਨ ਰਹੇ? ਇਸ ਤੋਂ ਇਲਾਵਾ ਸੰਧਵਾਂ ਨੇ ਨਕੋਦਰ ਕਾਂਡ ਬਾਰੇ ਵੀ ਗ੍ਰਹਿ ਸਕੱਤਰ ਤੋਂ ਰਿਪੋਰਟ ਮੰਗਵਾਉਣ ਦੀ ਗੱਲ ਆਖੀ ਹੈ।

### ਕੌਮੀ ਘੱਟ ਗਿਣਤੀ ਕਮਿਸ਼ਨ ਵੱਲੋਂ ਨੋਟਿਸ

**ਚੰਡੀਗੜ੍ਹ:** ਕੌਮੀ ਘੱਟ ਗਿਣਤੀ ਕਮਿਸ਼ਨ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਕਾਰਜਕਾਰੀ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦੀ ਹੱਤਿਆ ਦੇ ਮਾਮਲੇ ਉਤੇ ਨੋਟਿਸ ਲਿਆ ਹੈ। ਕਮਿਸ਼ਨ ਨੇ ਇਸ ਸਬੰਧੀ ਪੰਜਾਬ ਸਰਕਾਰ ਤੋਂ 20 ਜਨਵਰੀ ਤੱਕ ਰਿਪੋਰਟ ਮੰਗ ਲਈ ਹੈ। ਇਸ ਸਬੰਧੀ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੇ ਪ੍ਰਧਾਨ ਪ੍ਰੋ. ਸ਼ਾਮ ਸਿੰਘ ਤੇ ਜਨਰਲ ਸਕੱਤਰ ਖੁਸ਼ਹਾਲ ਸਿੰਘ ਨੇ ਕੌਮੀ ਘੱਟ ਗਿਣਤੀ ਕਮਿਸ਼ਨ ਨੂੰ ਪੱਤਰ ਲਿਖਿਆ ਸੀ ਜਿਸ ਤੋਂ ਬਾਅਦ ਕੇਂਦਰ ਸਰਕਾਰ ਦੇ ਅੰਡਰ ਸੈਕਟਰੀ ਸੁਮਨ ਕੁਮਾਰ ਨੇ ਪੰਜਾਬ ਦੇ ਮੁੱਖ ਸਕੱਤਰ ਨੂੰ ਪੱਤਰ ਲਿਖ ਕੇ ਰਿਪੋਰਟ ਮੰਗੀ ਹੈ। ਕੇਂਦਰ ਸਰਕਾਰ ਨੇ ਪੰਜਾਬ ਸਰਕਾਰ ਤੋਂ ਪੁੱਛਿਆ ਹੈ ਕਿ ਉਸ ਨੇ ਇਸ ਮਾਮਲੇ ਉਤੇ ਹੁਣ ਤਕ ਕੀ ਕਾਰਵਾਈ ਕੀਤੀ ਹੈ। ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਨੇ ਘੱਟ ਗਿਣਤੀ ਕਮਿਸ਼ਨ ਵੱਲੋਂ ਰਿਪੋਰਟ ਮੰਗੇ ਜਾਣ ਦਾ ਸਵਾਗਤ ਕੀਤਾ ਹੈ।

### ਵਕੀਲਾਂ ਦਾ ਪੰਜ ਮੈਂਬਰੀ ਪੈਨਲ ਗਠਿਤ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੰਥਕ ਧਿਰਾਂ ਦੇ ਨਾਲ ਮਿਲ ਕੇ ਇਥੇ ਗੁਰਦੁਆਰਾ ਰਕਾਬਗੰਜ ਸਾਹਿਬ ਵਿਚ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਕਾਰਜਕਾਰੀ ਜਥੇਦਾਰ ਮਰਹੂਮ ਗੁਰਦੇਵ ਸਿੰਘ ਕਾਉਂਕੇ ਦੀ 31ਵੀਂ ਬਰਸੀ ਮਨਾਈ। ਇਸ ਮੌਕੇ ਭਾਈ ਕਾਉਂਕੇ ਦੇ ਕਤਲ ਦਾ ਇਨਸਾਫ ਲੈਣ ਲਈ ਵਕੀਲਾਂ ਦੀ ਪੰਜ ਮੈਂਬਰੀ ਟੀਮ ਗਠਿਤ ਕੀਤੀ ਗਈ ਜਿਸ ਦਾ ਚੇਅਰਮੈਨ ਪੰਜਾਬ ਦੇ ਸਾਬਕਾ ਐਡੀਸ਼ਨਲ-ਐਡਵੋਕੇਟ ਜਨਰਲ ਛਿੰਦਰਪਾਲ ਸਿੰਘ ਬਰਾੜ ਨੂੰ ਥਾਪਿਆ ਗਿਆ। ਕਾਲਕਾ ਨੇ ਦੱਸਿਆ ਕਿ ਕਮੇਟੀ ਸਮੇਤ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਪੰਥਕ ਸ਼ਖ਼ਸੀਅਤਾਂ ਦਾ ਵਫ਼ਦ ਛੇਤੀ ਹੀ ਪੰਜਾਬ ਦੇ ਮੁੱਖ ਮੰਤਰੀ ਨਾਲ ਮੁਲਾਕਾਤ ਕਰਕੇ ਭਾਈ ਕਾਉਂਕੇ ਦੇ ਕਾਤਲ ਪੁਲਿਸ ਅਫ਼ਸਰਾਂ ਤੇ ਉਨ੍ਹਾਂ ਨੂੰ ਬਚਾਉਣ ਵਾਲਿਆਂ ਖ਼ਿਲਾਫ਼ ਕਾਰਵਾਈ ਦੀ ਮੰਗ ਕਰੇਗਾ।

## ਸ਼੍ਰੋਮਣੀ ਕਮੇਟੀ ਅਮਲੇ ਨੂੰ ਡਿਊਟੀ ਦੌਰਾਨ ਕੁਤਾਹੀ ਦੇ ਦੋਸ਼ ਹੇਠ ਭਾਰੀ ਜਰਮਾਨੇ



**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਸ੍ਰੀ ਅਕਾਲ ਤਖ਼ਤ ਵਿਖੇ ਤਾਇਨਾਤ ਅਮਲੇ ਜਿਸ ਵਿਚ ਇਕ ਵਧੀਕ ਮੁੱਖ ਗ੍ਰੰਥੀ ਸਣੇ ਅੱਠ ਕਰਮਚਾਰੀ ਸ਼ਾਮਲ ਹਨ, ਨੂੰ ਡਿਊਟੀ ਦੌਰਾਨ ਕੁਤਾਹੀ ਵਰਤਣ ਦੇ ਦੋਸ਼ ਹੇਠ ਭਾਰੀ ਮਾਇਕ ਜਰਮਾਨੇ ਕੀਤੇ ਗਏ ਹਨ।

ਮਿਲੇ ਵੇਰਵਿਆਂ ਤਹਿਤ ਵਧੀਕ ਮੁੱਖ ਗ੍ਰੰਥੀ ਨੂੰ ਇਕ ਲੱਖ ਰੁਪਏ ਅਤੇ ਬਾਕੀ ਕਰਮਚਾਰੀਆਂ ਨੂੰ 25-25 ਹਜ਼ਾਰ ਰੁਪਏ ਮਾਇਕ ਜੁਰਮਾਨਾ ਕੀਤਾ ਗਿਆ ਹੈ। ਇਨ੍ਹਾਂ ਖ਼ਿਲਾਫ਼ ਦੋਸ਼ ਹੈ ਕਿ ਉਨ੍ਹਾਂ ਨੇ ਬੰਦੀ ਛੋੜ ਦਿਵਸ ਸਮਾਗਮ ਸਮੇਂ ਸ੍ਰੀ ਅਕਾਲ ਤਖ਼ਤ ਦੀ ਫ਼ਸੀਲ ਤੋਂ ਕੀਤੇ ਗਏ ਸਮਾਗਮ ਸਮੇਂ ਆਪਣੀ ਡਿਊਟੀ ਪੂਰੀ ਚੌਕਸੀ ਨਾਲ ਨਹੀਂ ਕੀਤੀ ਸੀ। ਕਰਮਚਾਰੀਆਂ ਨੂੰ ਜਰਮਾਨੇ ਲਾਉਣ ਦੇ ਕੀਤੇ ਗਏ ਫੈਸਲੇ ਦੀ ਸ਼੍ਰੋਮਣੀ ਕਮੇਟੀ ਦੇ ਇਕ ਉੱਚ ਅਧਿਕਾਰੀ ਨੇ ਪੁਸ਼ਟੀ ਕੀਤੀ ਹੈ। ਜ਼ਿਕਰਯੋਗ ਹੈ ਕਿ ਬੰਦੀ ਛੋੜ ਦਿਵਸ ਸਮਾਗਮ ਸਮੇਂ ਇਕ ਵਿਅਕਤੀ ਨਿਹੰਗ ਸਿੰਘ ਬਾਣੇ ਵਿਚ ਸ੍ਰੀ ਅਕਾਲ ਤਖ਼ਤ ਦੀ ਫ਼ਸੀਲ ਉਤੇ ਆ ਗਿਆ ਸੀ ਅਤੇ ਉਸ ਨੇ ਉਥੇ ਰੱਖੇ ਮਾਇਕ 'ਤੇ ਆਪ ਮੁਹਾਰੇ ਬੋਲਣਾ ਸ਼ੁਰੂ ਕਰ ਦਿੱਤਾ। ਸਮਾਗਮ ਸਮੇਂ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਇਸ ਫ਼ਸੀਲ ਤੋਂ ਨਿਹੰਗ ਸਿੰਘ ਜਥੇਬੰਦੀਆਂ ਦੇ ਪ੍ਰਤੀਨਿਧਾਂ ਨੂੰ ਸਨਮਾਨਿਤ ਕੀਤਾ ਗਿਆ ਸੀ। ਇਸ ਘਟਨਾ ਦਾ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਨੋਟਿਸ ਲੈਂਦਿਆਂ ਸ਼੍ਰੋਮਣੀ ਕਮੇਟੀ ਨੂੰ ਹਦਾਇਤ ਕੀਤੀ ਸੀ ਕਿ ਇਕ ਉੱਚ ਪੱਧਰੀ ਕਮੇਟੀ ਬਣਾਈ ਜਾਵੇ ਜੋ ਇਸ ਮਾਮਲੇ ਦੀ ਜਾਂਚ ਕਰੇ ਅਤੇ ਭਵਿੱਖ ਵਿਚ ਅਜਿਹਾ ਮੁੜ ਨਾ ਹੋਵੇ ਸਬੰਧੀ ਨੇਮ ਤਿਆਰ ਕੀਤੇ ਜਾਣ।

## ਜੰਮੂ ਕਸ਼ਮੀਰ ਵਿਚ ਗਸ਼ਤ ਦੌਰਾਨ ਪੰਜਾਬ ਦੇ ਜਵਾਨ ਦੀ ਮੌਤ

**ਪਠਾਨਕੋਟ:** ਪਿੰਡ ਭੈਣੀ ਖਾਦਰ ਦਾ 24 ਸਾਲਾ ਫੌਜੀ ਜਵਾਨ ਗੁਰਪ੍ਰੀਤ ਸਿੰਘ ਜੰਮੂ ਕਸ਼ਮੀਰ ਅੰਦਰ ਗਸ਼ਤ ਕਰਦੇ ਸਮੇਂ ਖੱਡ ਵਿਚ ਡਿੱਗਣ ਕਾਰਨ ਮਾਰਿਆ ਗਿਆ।

ਗੁਰਪ੍ਰੀਤ ਸਿੰਘ ਦੇ ਪਿਤਾ ਨਰਿੰਦਰ ਸਿੰਘ ਨੇ ਦੱਸਿਆ ਕਿ ਉਸ ਦਾ ਲੜਕਾ ਪਿਛਲੇ ਸਾਲ ਅਗਸਤ ਮਹੀਨੇ ਵੀਨਾਗੁੜੀ ਪੱਛਮੀ ਬੰਗਾਲ ਤੋਂ 45 ਦਿਨ ਦੀ ਛੁੱਟੀ ਉਤੇ ਆਇਆ ਸੀ। ਛੁੱਟੀ ਕੱਟਣ ਬਾਅਦ ਉਹ ਸਿੱਧਾ 18 ਰਾਸ਼ਟਰੀ ਰਾਈਫਲਜ਼ ਦੇ ਜੰਮੂ ਕਸ਼ਮੀਰ ਦੇ ਅਤਿਵਾਦ ਨਾਲ ਪ੍ਰਭਾਵਿਤ ਖੇਤਰ ਗੁਲਮਰਗ ਸੈਕਟਰ ਵਿਚ ਤਾਇਨਾਤ ਸੀ। ਉਹ ਆਪਣੇ ਸਾਥੀਆਂ ਨਾਲ ਗੁਲਮਰਗ ਤੋਂ ਕਾਫੀ ਦੂਰ ਬਰਫੀਲੀਆਂ ਪਹਾੜੀਆਂ ਉਤੇ ਅਤਿਵਾਦੀਆਂ ਦੀ ਭਾਲ ਲਈ ਗਸ਼ਤ ਕਰ ਰਿਹਾ ਸੀ ਕਿ ਇਸ ਦੌਰਾਨ ਗੁਰਪ੍ਰੀਤ ਸਿੰਘ ਦਾ ਪੈਰ ਪਹਾੜੀ ਤੋਂ ਤਿਲਕ ਗਿਆ ਅਤੇ ਡੂੰਘੀ ਖਾਈ ਵਿਚ ਡਿੱਗਣ ਨਾਲ ਉਸ ਦੀ ਮੌਤ ਹੋ ਗਈ।

ਸੈਨਿਕ ਪਰਿਵਾਰ ਸੁਰੱਖਿਆ ਪਰਿਸ਼ਦ ਦੇ ਜਨਰਲ ਸਕੱਤਰ ਕੁੰਵਰ ਰਾਵਿੰਦਰ ਵਿੱਕੀ ਨੇ ਦੱਸਿਆ ਕਿ ਗੁਰਪ੍ਰੀਤ ਸਿੰਘ ਛੇ ਸਾਲ ਪਹਿਲਾਂ ਫੌਜ ਦੀ 73 ਫੀਲਡ ਰੈਜੀਮੈਂਟ ਵਿਚ ਭਰਤੀ ਹੋਇਆ ਸੀ। ਉਹ ਆਪਣੇ ਮਾਪਿਆਂ ਤੇ ਛੋਟੇ ਭਰਾ ਦਾ ਸਹਾਰਾ ਸੀ ਤੇ ਘਰ ਵਿਚ ਇਕੱਲਾ ਹੀ ਕਮਾਉਣ ਵਾਲਾ ਸੀ।

## ਗੁਰੂ ਅਮਰ ਦਾਸ ਦਾ 450 ਸਾਲਾ ਜੋਤੀ ਜੋਤਿ ਦਿਵਸ ਮਨਾਏਗੀ ਸ਼੍ਰੋਮਣੀ ਕਮੇਟੀ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ ਗੁਰੂ ਅਮਰ ਦਾਸ ਜੀ ਦੇ ਜੋਤੀ-ਜੋਤਿ ਸਮਾਉਣ ਦਿਵਸ ਦੀ 450 ਸਾਲਾ ਸ਼ਤਾਬਦੀ ਸਤੰਬਰ ਵਿਚ ਮਨਾਈ ਜਾਵੇਗੀ। ਇਹ ਫੈਸਲਾ ਧਰਮ ਪ੍ਰਚਾਰ ਕਮੇਟੀ ਦੀ ਗੁਰਦੁਆਰਾ ਸ੍ਰੀ ਆਲਮਗੀਰ ਵਿਚ ਹੋਈ ਮੀਟਿੰਗ ਦੌਰਾਨ ਕੀਤਾ ਗਿਆ।

ਮੀਟਿੰਗ ਵਿਚ ਸਮਾਗਮਾਂ ਸਬੰਧੀ ਰੂਪ-ਰੇਖਾ ਤਿਆਰ ਕਰਨ ਲਈ ਇਕ ਉੱਚ-ਪੱਧਰੀ ਕਮੇਟੀ ਗਠਤ ਕਰਨ ਦਾ ਫੈਸਲਾ ਕੀਤਾ ਗਿਆ। ਇਹ ਪ੍ਰਗਟਾਵਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੀਤਾ ਹੈ।

ਉਨ੍ਹਾਂ ਕਿਹਾ ਕਿ ਇਸ ਸ਼ਤਾਬਦੀ ਨੂੰ ਸਮਰਪਿਤ ਧਰਮ ਪ੍ਰਚਾਰ ਲਹਿਰ ਤਹਿਤ ਪਿੰਡ ਪੱਧਰ ਤੱਕ ਪ੍ਰਚਾਰਕ ਜਥੇ ਸੰਗਤਾਂ ਨੂੰ ਗੁਰੂ ਸਾਹਿਬ ਦੇ ਇਤਿਹਾਸਕ ਦਿਹਾੜੇ ਬਾਰੇ ਜਾਗਰੂਕ ਕਰਨ ਦੇ ਨਾਲ-ਨਾਲ ਗੁਰ-ਇਤਿਹਾਸ ਅਤੇ ਸਿੱਖ ਸਿਧਾਂਤਾਂ ਨਾਲ ਜੋੜਨਗੇ। ਉਨ੍ਹਾਂ ਕਿਹਾ ਕਿ ਇਸ ਸਬੰਧੀ ਸਮਾਗਮ ਗੁਰਦੁਆਰਾ ਸ੍ਰੀ ਬਾਉਲੀ ਸਾਹਿਬ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਮਨਾਏ ਜਾਣਗੇ।

## ਵਰਲਡ ਰਿਕਾਰਡਜ਼ ਸੰਸਥਾ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਸਨਮਾਨ ਪੱਤਰ

**ਅੰਮ੍ਰਿਤਸਰ:** ਐਕਸਕਲੂਸਿਵ ਵਰਲਡ ਰਿਕਾਰਡਜ਼ ਨਾਂ ਦੀ ਸੰਸਥਾ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਨੂੰ ਦੁਨੀਆਂ ਦੇ ਸਭ ਤੋਂ ਵੱਧ ਸ਼ਰਧਾਲੂਆਂ ਦੀ ਆਮਦ ਵਾਲੇ ਧਾਰਮਿਕ ਅਸਥਾਨ ਵਜੋਂ ਸੂਚੀਬੱਧ ਕਰਦਿਆਂ ਸ਼੍ਰੋਮਣੀ ਕਮੇਟੀ ਨੂੰ ਸਨਮਾਨ ਪੱਤਰ ਭੇਟ ਕੀਤਾ ਗਿਆ ਹੈ। ਸੰਸਥਾ ਦੇ ਮੁਖੀ ਡਾ. ਪੰਕਜ ਖਟਵਾਨੀ ਅਤੇ ਦੀਪਕ ਸ਼ਾਵਾਨੀ ਨੇ ਇਥੇ ਸ਼੍ਰੋਮਣੀ ਕਮੇਟੀ ਦਫ਼ਤਰ ਪੁੱਜ ਕੇ ਸਨਮਾਨ ਪੱਤਰ ਸਿੱਖ ਸੰਸਥਾ ਨੂੰ ਸੌਂਪਿਆ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਗੁਰਿੰਦਰ ਸਿੰਘ ਮਥਰੇਵਾਲ, ਮੀਤ ਸਕੱਤਰ ਜਸਵਿੰਦਰ ਸਿੰਘ ਜੱਸੀ ਤੇ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਇਹ ਸਨਮਾਨ ਪੱਤਰ ਪ੍ਰਾਪਤ ਕੀਤਾ। ਇਸ ਮੌਕੇ ਡਾ. ਪੰਕਜ ਖਟਵਾਨੀ ਨੇ ਕਿਹਾ ਕਿ ਹਰਿਮੰਦਰ ਸਾਹਿਬ ਪੂਰੀ ਦੁਨੀਆਂ ਦੇ ਸ਼ਰਧਾਲੂਆਂ ਲਈ ਸ਼ਰਧਾ ਦਾ ਪ੍ਰਤੀਕ ਹੈ ਤੇ ਲੱਖਾਂ ਦੀ ਗਿਣਤੀ ਵਿਚ ਸੰਗਤ ਦੀ ਆਮਦ ਦੇ ਬਾਵਜੂਦ ਪ੍ਰਬੰਧਕਾਂ ਵੱਲੋਂ ਵਧੀਆ ਸੇਵਾਵਾਂ ਦਿੱਤੀਆਂ ਜਾਂਦੀਆਂ ਹਨ।

## ਕੜਾਕੇ ਦੀ ਠੰਢ ਦੇ ਮੱਦੇਨਜ਼ਰ ਸ੍ਰੀ ਦਰਬਾਰ ਸਾਹਿਬ 'ਚ ਵਿਸ਼ੇਸ਼ ਪ੍ਰਬੰਧ

**ਅੰਮ੍ਰਿਤਸਰ:** ਕੜਾਕੇ ਦੀ ਠੰਢ ਦੌਰਾਨ ਸ੍ਰੀ ਹਰਿੰਦਰ ਸਾਹਿਬ ਵਿਖੇ ਦਰਸ਼ਨ ਕਰਨ ਲਈ ਆਉਣ ਵਾਲੇ ਸ਼ਰਧਾਲੂਆਂ ਵਾਸਤੇ ਪ੍ਰਬੰਧਕਾਂ ਵੱਲੋਂ ਇਥੇ ਠੰਢ ਤੋਂ ਬਚਣ ਵਾਸਤੇ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ। ਠੰਢ ਕਾਰਨ ਗੁਰੂ ਘਰ ਆਉਣ ਵਾਲੇ ਸ਼ਰਧਾਲੂਆਂ ਦੀ ਆਮਦ ਵਿਚ ਵੀ ਕੁਝ ਕਮੀ ਆਈ ਹੈ।

ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਦੱਸਿਆ ਕਿ ਗੁਰੂਘਰ ਆਉਣ ਵਾਲੇ ਸ਼ਰਧਾਲੂਆਂ ਨੂੰ ਠੰਢ ਤੋਂ ਬਚਾਉਣ ਵਾਸਤੇ ਵਿਸ਼ੇਸ਼ ਪ੍ਰਬੰਧ ਵੀ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਗੁਰੂਘਰ ਅੰਦਰ ਦਾਖ਼ਲ ਹੋਣ ਤੋਂ ਪਹਿਲਾਂ ਸ਼ਰਧਾਲੂਆਂ ਦੇ ਪੈਰ ਧੋਣ ਲਈ ਗਰਮ ਪਾਣੀ ਦਾ ਪ੍ਰਬੰਧ ਕੀਤਾ ਗਿਆ ਹੈ।

ਸ੍ਰੀ ਹਰਿਮੰਦਰ ਸਾਹਿਬ ਦੀ ਸਮੁੱਚੀ ਪਰਿਕਰਮਾ ਵਿਚ ਹਰੇ ਰੰਗ ਦੇ ਮੈਟ ਵਿਛਾਏ ਗਏ ਹਨ ਤਾਂ ਜੋ ਸ਼ਰਧਾਲੂਆਂ ਨੂੰ ਪਰਿਕਰਮਾ ਵਿਚ ਚੱਲਣ ਸਮੇਂ ਠੰਢ ਤੋਂ ਬਚਾਇਆ ਜਾ ਸਕੇ। ਦਰਸ਼ਨੀ ਡਿਊੜੀ ਤੋਂ ਲੈ ਕੇ ਸਮੁੱਚੇ ਪੁਲ, ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਤੇ ਆਲੇ-ਦੁਆਲੇ, ਪਹਿਲੀ ਤੇ ਦੂਜੀ ਮੰਜ਼ਿਲ ਤੇ ਵਿਸ਼ੇਸ਼ ਨਵੇਂ ਮੋਟੇ ਗਲੀਚੇ



ਵਿਛਾਏ ਗਏ ਹਨ। ਸ੍ਰੀ ਅਕਾਲ ਤਖ਼ਤ ਅਤੇ ਇਸ ਦੇ ਨੇੜਲੇ ਗੁਰਦੁਆਰਿਆਂ ਵਿਚ ਵੀ ਇਸੇ ਤਰ੍ਹਾਂ ਦੇ ਗਲੀਚੇ ਵਿਛਾਏ ਗਏ ਹਨ। ਸ੍ਰੀ ਹਰਿਮੰਦਰ ਸਾਹਿਬ ਦੀਆਂ ਉਪਰਲੀਆਂ ਮੰਜ਼ਿਲਾਂ ਉਤੇ ਬਣੀਆਂ ਖਿੜਕੀਆਂ ਨੂੰ ਬੰਦ ਰੱਖਿਆ ਜਾ ਰਿਹਾ ਹੈ। ਪਰਿਕਰਮਾ ਤੇ ਵਰਾਂਡਿਆਂ 'ਚ ਸ਼ਰਧਾਲੂਆਂ ਦੇ ਬੈਠਣ ਲਈ ਵਿਸ਼ੇਸ਼ ਗਲੀਚੇ ਵਿਛਾਏ ਗਏ ਹਨ। ਪਰਿਕਰਮਾ ਤੋਂ ਬਾਹਰ ਚਾਰੋਂ ਪਾਸੇ ਬਣੇ ਗੇਟਾਂ ਦੇ ਕੋਲ ਚਾਹ ਦੇ ਲੰਗਰ ਵੀ ਚੱਲ ਰਹੇ ਹਨ। ਉਨ੍ਹਾਂ ਦੱਸਿਆ ਕਿ ਲੰਗਰ ਹਾਲ ਵਿਚ ਵੀ ਵਿਸ਼ੇਸ਼ ਮੈਟ ਵਿਛਾਏ ਜਾ ਰਹੇ ਹਨ।

ਪਿਛਲੇ ਲਗਭਗ ਤਿੰਨ ਹਫਤਿਆਂ ਤੋਂ ਪੈ ਰਹੀ ਹੱਡ-ਚੀਰਵੀਂ ਠੰਢ ਤੇ ਧੁੰਦ ਕਾਰਨ ਗੁਰੂਘਰ ਵਿਖੇ ਨਤਮਸਤਕ ਹੋਣ ਵਾਸਤੇ ਆਉਣ ਵਾਲੇ ਸ਼ਰਧਾਲੂਆਂ ਦੀ ਗਿਣਤੀ ਵੀ ਘਟੀ ਹੈ। ਪ੍ਰਬੰਧਕਾਂ ਮੁਤਾਬਕ ਨੇੜਲੇ ਇਲਾਕਿਆਂ ਤੇ ਪੰਜਾਬ ਵਿਚਲੇ ਸ਼ਰਧਾਲੂਆਂ ਦੀ ਗਿਣਤੀ ਵਿਚ ਕੋਈ ਕਮੀ ਨਹੀਂ ਆਈ ਹੈ ਪਰ ਦੂਰ-ਦੁਰਾਡੇ ਤੋਂ ਆਉਣ ਵਾਲੇ ਸ਼ਰਧਾਲੂਆਂ ਦੀ ਗਿਣਤੀ ਘਟੀ ਹੈ।

ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਨੇ ਦੱਸਿਆ ਕੇ ਪਹਿਲਾਂ ਆਮ ਦਿਨਾਂ ਵਿਚ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੜਾਹ ਪ੍ਰਸ਼ਾਦ ਲਈ ਲਗਭਗ ਅੱਠ ਕੁਇੰਟਲ ਤੋਂ ਵੱਧ ਦੇਸੀ ਘਿਓ ਦੀ ਵਰਤੋਂ ਹੋ ਰਹੀ ਸੀ ਪਰ ਇਸ ਵੇਲੇ ਪੰਜ ਕੁਇੰਟਲ ਦੇਸੀ ਘਿਓ ਦੀ ਵਰਤੋਂ ਹੋ ਰਹੀ ਹੈ।

### ਸ਼੍ਰੋਮਣੀ ਕਮੇਟੀ ਨੇ ਐਕਸ ਨੂੰ ਭੇਜਿਆ ਕਾਨੂੰਨੀ ਨੋਟਿਸ

**ਅੰਮ੍ਰਿਤਸਰ:** ਸੋਸ਼ਲ ਮੀਡੀਆ ਪਲੇਟਫਾਰਮ ਐਕਸ (ਪਹਿਲਾਂ ਟਵਿੱਟਰ) ਵਿਰੁੱਧ ਸ਼੍ਰੋਮਣੀ ਕਮੇਟੀ ਨੇ ਇਕ ਫਰਜ਼ੀ ਐਕਸ ਖਾਤੇ ਨੂੰ ਲੈ ਕੇ ਕਾਰਵਾਈ ਆਰੰਭੀ ਹੈ ਅਤੇ ਇਸ ਮਾਮਲੇ ਵਿਚ ਐਕਸ, ਟਵਿੱਟਰ ਨੂੰ ਕਾਨੂੰਨੀ ਨੋਟਿਸ ਭੇਜਿਆ ਹੈ। ਇਹ ਕਾਨੂੰਨੀ ਨੋਟਿਸ ਸ਼੍ਰੋਮਣੀ ਕਮੇਟੀ ਦੀ 20 ਨਵੰਬਰ ਨੂੰ ਹੋਈ ਅੰਤ੍ਰਿੰਗ ਕਮੇਟੀ ਦੇ ਫੈਸਲੇ ਅਨੁਸਾਰ ਸੰਸਥਾ ਦੇ ਕਾਨੂੰਨੀ ਸਲਾਹਕਾਰ ਐਡਵੋਕੇਟ ਅਮਨਬੀਰ ਸਿੰਘ ਸਿਆਲੀ ਵੱਲੋਂ ਭੇਜਿਆ ਗਿਆ ਹੈ। ਨੋਟਿਸ ਵਿਚ ਉਨ੍ਹਾਂ ਕਿਹਾ ਕਿ ਐਕਸ ਜਿਹੇ ਸੋਸ਼ਲ ਮੀਡੀਆ ਮੰਚਾਂ ਵੱਲੋਂ ਪੈਰੋਡੀ ਖਾਤਿਆਂ ਦੀ ਨੀਤੀ ਹੇਠ ਕਿਸੇ ਵੀ ਧਰਮ ਜਾਂ ਧਾਰਮਿਕ ਸੰਸਥਾ ਵਿਰੁੱਧ ਨਫ਼ਰਤੀ ਪ੍ਰਚਾਰ ਫੈਲਾਉਣਾ ਅਤੇ ਇਸ ਨੂੰ ਹੱਲਾਸ਼ੇਰੀ ਦੇਣੀ ਭਾਰਤੀ ਦੰਡ ਪ੍ਰਣਾਲੀ, ਸੂਚਨਾ ਤਕਨਾਲੋਜੀ ਐਕਟ 2001 ਅਤੇ ਸੂਚਨਾ ਤਕਨਾਲੋਜੀ ਨਿਯਮਾਂ 2021 ਦੀ ਉਲੰਘਣਾ ਹੈ। ਇਹ ਵਰਤਾਰਾ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਅਤੇ ਵਿਸ਼ਵਾਸ ਨੂੰ ਸੱਟ ਮਾਰਨ ਲਈ ਕੀਤਾ ਜਾ ਰਿਹਾ ਹੈ।

**Punjab Times**
**Established in 2000**
**24nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਨਾਨਕਸ਼ਾਹੀ ਕੈਲੰਡਰ ਵਿਵਾਦ ਕਾਰਨ ਸਿੱਖ ਸੰਗਤ ’ਚ ਦੁਬਿਧਾ

**ਅੰਮ੍ਰਿਤਸਰ:** ਨਾਨਕਸ਼ਾਹੀ ਕੈਲੰਡਰ ਦਾ ਵਿਵਾਦ ਸਿੱਖ ਸੰਗਤ ਲਈ ਨਿਰੰਤਰ ਦੁਬਿਧਾ ਦਾ ਕਾਰਨ ਬਣਿਆ ਹੋਇਆ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਭਾਰਤ ਵਿਚ 17 ਜਨਵਰੀ, ਜਦੋਂ ਕਿ ਪਾਕਿਸਤਾਨ ਵਿਚ ਇਹ ਪ੍ਰਕਾਸ਼ ਪੁਰਬ 5 ਜਨਵਰੀ ਨੂੰ ਮਨਾਇਆ ਗਿਆ। ਵੱਖ ਵੱਖ ਗੁਰੂ ਸਾਹਿਬਾਨ ਦੇ ਪ੍ਰਕਾਸ਼ ਪੁਰਬ ਅਤੇ ਹੋਰ ਦਿਨ-ਤਿਉਹਾਰ ਵੱਖ-ਵੱਖ ਮੁਲਕਾਂ ਵਿਚ ਵੱਖ-ਵੱਖ ਤਰੀਕਾਂ ਉਤੇ ਮਨਾਉਣ ਦਾ ਇਹ ਪਹਿਲਾ ਮਾਮਲਾ ਨਹੀਂ ਹੈ। ਇਸ ਤੋਂ ਪਹਿਲਾਂ ਵੀ ਇਹ ਸਿਲਸਿਲਾ ਲਗਭਗ 2010 ਤੋਂ ਨਿਰੰਤਰ ਜਾਰੀ ਹੈ।

ਪਿਛਲੇ ਵਰ੍ਹੇ ਵੀ ਇਹ ਪ੍ਰਕਾਸ਼ ਪੁਰਬ ਦੋ ਵੱਖ-ਵੱਖ ਤਰੀਕਾਂ ਉਤੇ ਪਾਕਿਸਤਾਨ ਵਿਚ 5 ਜਨਵਰੀ 2023 ਅਤੇ ਭਾਰਤ ਵਿਚ 29 ਦਸੰਬਰ 2022 ਨੂੰ ਮਨਾਇਆ ਗਿਆ ਸੀ। ਪ੍ਰਕਾਸ਼ ਪੁਰਬ ਅਤੇ ਹੋਰ ਗੁਰਪੁਰਬਾਂ ਦੀਆਂ ਤਰੀਕਾਂ ਵਿਚ ਇਹ ਵਖਰੇਵਾਂ ਸਿਰਫ ਨਾਨਕਸ਼ਾਹੀ ਕੈਲੰਡਰ ਦੇ ਵਿਵਾਦ ਕਾਰਨ ਹੈ। ਮੂਲ ਨਾਨਕਸ਼ਾਹੀ ਕੈਲੰਡਰ 2003 ਵਿਚ ਬਣਾਇਆ ਤੇ ਲਾਗੂ ਕੀਤਾ ਗਿਆ ਸੀ। ਇਹ ਕੈਲੰਡਰ 2009 ਤੱਕ ਲਾਗੂ ਰਿਹਾ ਪਰ 2010 ਵਿਚ ਇਸ ਵਿਚ ਸੋਧ ਦੇ ਨਾਂ ਉਤੇ ਇਸ ਨੂੰ ਮੁੜ ਬਿਕਰਮੀ ਕੈਲੰਡਰ ਦਾ ਰੂਪ ਦੇ ਦਿੱਤਾ ਗਿਆ। ਮੁੜ 2015 ਵਿਚ ਇਸ ਨੂੰ ਪੂਰਨ ਬਿਕਰਮੀ ਕੈਲੰਡਰ ਬਣਾ ਦਿੱਤਾ ਗਿਆ ਪਰ ਇਸ ਦਾ ਨਾਂ ਨਾਨਕਸ਼ਾਹੀ ਕੈਲੰਡਰ ਰਹਿਣ ਦਿੱਤਾ ਗਿਆ। ਨਾਨਕਸ਼ਾਹੀ ਕੈਲੰਡਰ ਵਿਚ ਕੀਤੀ ਗਈ ਸੋਧ ਤੋਂ ਬਾਅਦ ਪਾਕਿਸਤਾਨ ਵਿਚ ਗੁਰਦੁਆਰਿਆਂ ਦਾ ਪ੍ਰਬੰਧ ਦੇਖ ਰਹੀ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਹੀ ਮੰਨਿਆ ਜਾ ਰਿਹਾ ਹੈ ਜਦੋਂ ਕਿ ਭਾਰਤ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਨੂੰ ਮਾਨਤਾ ਦਿੱਤੀ ਗਈ ਹੈ। ਪੀ.ਐਸ.ਜੀ.ਪੀ.ਸੀ. ਤੋਂ ਇਲਾਵਾ ਕਈ ਹੋਰ ਸਿੱਖ ਜਥੇਬੰਦੀਆਂ ਨੇ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਮਾਨਤਾ ਦਿੱਤੀ ਹੈ।

## ਨਵਜੋਤ ਸਿੱਧੂ ਦੀ ਪਟੀਸ਼ਨ ‘ਤੇ ਪੰਜਾਬ ਸਰਕਾਰ ਨੂੰ ਨੋਟਿਸ

**ਨਵੀਂ ਦਿੱਲੀ:** ਨੈਸ਼ਨਲ ਗਰੀਨ ਟ੍ਰਿਬਿਊਨਲ ਨੇ ਕਾਂਗਰਸ ਆਗੂ ਨਵਜੋਤ ਸਿੰਘ ਸਿੱਧੂ ਤੇ ਹੋਰਾਂ ਵੱਲੋਂ ਪੰਜਾਬ ਦੇ ਰੂਪਨਗਰ ‘ਚ ਗੈਰਕਾਨੂੰਨੀ ਖਣਨ ਦੇ ਮਾਮਲੇ ਵਿਚ ਦਾਇਰ ਪਟੀਸ਼ਨ ਉਤੇ ਸੂਬਾ ਸਰਕਾਰ, ਸਬੰਧਤ ਜ਼ਿਲ੍ਹਾ ਮੈਜਿਸਟਰੇਟ ਤੇ ਹੋਰ ਸਬੰਧਤ ਅਧਿਕਾਰੀਆਂ ਨੂੰ ਨੋਟਿਸ ਜਾਰੀ ਕੀਤਾ ਹੈ। ਪਟੀਸ਼ਨ ‘ਚ ਗੈਰਕਾਨੂੰਨੀ ਖਣਨ ਰੁਕਵਾਉਣ ਅਤੇ ਸਬੰਧਤ ਅਧਿਕਾਰੀਆਂ ਖ਼ਿਲਾਫ਼ ਜਾਂਚ ਮਗਰੋਂ ਸਖਤ ਕਾਰਵਾਈ ਦੀ ਮੰਗ ਕੀਤੀ ਗਈ ਹੈ। ਜਸਟਿਸ ਪ੍ਰਕਾਸ਼ ਸ੍ਰੀਵਾਸਤਵ ਦੀ ਅਗਵਾਈ ਹੇਠਲੇ ਬੈਂਚ ਨੇ ਐਡਵੋਕੇਟ ਕੇਸੀ ਮਿੱਤਲ ਤੇ ਅਭਿਮੰਨਿਊ ਵਾਲੀਆ ਵੱਲੋਂ ਦਾਇਰ ਹਲਫਨਾਮਿਆਂ ‘ਤੇ ਸੁਣਵਾਈ ਮਗਰੋਂ ਸਾਰੀਆਂ ਸਬੰਧਤ ਧਿਰਾਂ ਤੋਂ ਜਵਾਬ ਮੰਗਿਆ ਤੇ ਮਾਮਲੇ ਦੀ ਸੁਣਵਾਈ 11 ਮਾਰਚ ਨੂੰ ਤੈਅ ਕਰ ਦਿੱਤੀ ਹੈ।

# ਅਕਾਲੀ-ਬਸਪਾ ਗੱਠਜੋੜ ਟੁੱਟਣ ਦਾ ਖਦਸ਼ਾ

**ਚੰਡੀਗੜ੍ਹ:** ਬਹੁਜਨ ਸਮਾਜ ਪਾਰਟੀ ਦੀ ਸੁਪਰੀਮੋ ਕੁਮਾਰੀ ਮਾਇਆਵਤੀ ਵੱਲੋਂ ਸੰਸਦੀ ਚੋਣਾਂ ਦੌਰਾਨ ਦੇਸ਼ ਵਿਚ ਕਿਸੇ ਵੀ ਪਾਰਟੀ ਨਾਲ ਗੱਠਜੋੜ ਨਾ ਕਰਨ ਦੇ ਐਲਾਨ ਤੋਂ ਬਾਅਦ ਪੰਜਾਬ ਵਿਚਲੇ ਅਕਾਲੀ-ਬਸਪਾ ਗੱਠਜੋੜ ਉਤੇ ਸਵਾਲੀਆ ਨਿਸ਼ਾਨ ਲੱਗ ਗਿਆ ਹੈ। ਅਕਾਲੀ ਆਗੂਆਂ ਨੂੰ ਇਹ ਵੀ ਡਰ ਸਤਾਉਣ ਲੱਗਾ ਹੈ ਕਿ ਭਾਜਪਾ ਨਾਲ ਜੇਕਰ ਮੁੜ ਸਾਂਝ ਨਾ ਪਈ ਤੇ ਕਿਤੇ ਬਸਪਾ ਨਾਲ ਵੀ ਸਾਂਝ ਨਾ ਟੁੱਟ ਜਾਵੇ।

ਮਾਇਆਵਤੀ ਦੇ ਐਲਾਨ ਤੋਂ ਬਾਅਦ ਬਸਪਾ ਦੀ ਸੂਬਾਈ ਲੀਡਰਸ਼ਿਪ ਕੋਈ ਵੀ ਟਿੱਪਣੀ ਨਹੀਂ ਕਰ ਰਹੀ ਜਦੋਂ ਕਿ ਅਕਾਲੀਆਂ ਦਾ ਕਹਿਣਾ ਹੈ ਕਿ ਅਕਾਲੀ-ਬਸਪਾ ਗੱਠਜੋੜ ਕਾਇਮ ਰਹੇਗਾ। ਇਸ ਦੇ ਨਾਲ ਹੀ ਅਹਿਮ ਤੱਥ ਇਹ ਵੀ ਹੈ ਕਿ ਅਕਾਲੀ ਦਲ ਵੱਲੋਂ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਹੇਠਲੇ ਕੌਮੀ ਜਮਹੂਰੀ ਗੱਠਜੋੜ ਦਾ ਹਿੱਸਾ ਬਣਨ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ ਜਾ ਰਿਹਾ ਹੈ। ਕੁਮਾਰੀ ਮਾਇਆਵਤੀ ਦਾ ਕਹਿਣਾ ਹੈ ਕਿ ਬਹੁਜਨ ਸਮਾਜ ਪਾਰਟੀ ਆਗਾਮੀ ਸੰਸਦੀ ਚੋਣਾਂ ਦੌਰਾਨ ਭਾਜਪਾ ਦੀ ਅਗਵਾਈ ਵਾਲੇ ਐਨ.ਡੀ.ਏ. ਜਾਂ ਕਾਂਗਰਸ ਦੀ ਅਗਵਾਈ ਵਾਲੇ ਇੰਡੀਆ ਗੱਠਜੋੜ ਨਾਲ ਸਾਂਝ ਪਾਉਣ ਦੀ ਥਾਂ ਇਕੱਲਿਆਂ ਹੀ ਚੋਣਾਂ ਲੜੇਗੀ। ਜ਼ਿਕਰਯੋਗ ਹੈ ਕਿ 1996 ਦੀਆਂ ਸੰਸਦੀ ਚੋਣਾਂ ਵੀ ਅਕਾਲੀ ਦਲ ਅਤੇ ਬਸਪਾ ਨੇ ਗੱਠਜੋੜ ਤਹਿਤ ਲੜੀਆਂ ਸਨ। ਚੋਣਾਂ ਜਿੱਤਣ ਤੋਂ ਤੁਰਤ ਬਾਅਦ ਅਕਾਲੀਆਂ ਨੇ ਭਾਜਪਾ ਨਾਲ ਸਿਆਸੀ ਸਾਂਝ ਪਾ ਲਈ ਸੀ। ਅਕਾਲੀਆਂ ਦੀ ਸਿਆਸੀ ਸਾਂਝ ਭਾਜਪਾ ਨਾਲ ਸਾਲ 2021 ਤੱਕ ਚੱਲੀ ਅਤੇ ਖੇਤੀ ਕਾਨੂੰਨਾਂ ਨੇ ਪੰਜਾਬ ਵਿਚ ਅਜਿਹਾ ਸਿਆਸੀ ਕੁੜੱਤਣ ਵਾਲਾ ਮਾਹੌਲ ਸਿਰਜਿਆ ਕਿ ਅਕਾਲੀ-ਭਾਜਪਾ ਗੱਠਜੋੜ ਟੁੱਟ ਗਿਆ। ਅਕਾਲੀ ਦਲ ਦੇ ਬੁਲਾਰੇ ਅਤੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਦਾ ਕਹਿਣਾ ਹੈ ਕਿ ਬਸਪਾ ਪ੍ਰਧਾਨ ਦੇ ਇਸ ਐਲਾਨ ਨਾਲ ਅਕਾਲੀ-ਬਸਪਾ ਗੱਠਜੋੜ ਉਤੇ ਕੋਈ ਅਸਰ ਨਹੀਂ ਪਵੇਗਾ।

## ਪੰਜਾਬ ਸਰਕਾਰ ਵੱਲੋਂ ਰੰਗਲਾ ਪੰਜਾਬ ਸੰਮੇਲਨ ਮੁਲਤਵੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ 18 ਤੋਂ 24 ਜਨਵਰੀ ਤੱਕ ਅੰਮ੍ਰਿਤਸਰ ਵਿਚ ਹੋਣ ਵਾਲੇ ਰੰਗਲਾ ਪੰਜਾਬ ਟੂਰਿਜ਼ਮ ਸਮਿਟ ਨੂੰ ਮੁਲਤਵੀ ਕਰਨ ਦਾ ਫੈਸਲਾ ਕੀਤਾ ਹੈ। ਸੂਬਾ ਸਰਕਾਰ ਨੇ ਸਥਾਨਿਕ ਟੂਰਿਜ਼ਮ ਸਮਿਟ ਦੀ ਥਾਂ ਹੁਣ ਫਿਲਹਾਲ ਕੌਮਾਂਤਰੀ ਸੈਰ ਸਪਾਟਾ ਵਪਾਰ ਮੇਲੇ ਵਿਚ ਪੰਜਾਬ ਸਰਕਾਰ ਦੀ ਟੀਮ ਭੇਜਣ ਦਾ ਫੈਸਲਾ ਕੀਤਾ ਹੈ। ਪੰਜਾਬ ਸੈਰ ਸਪਾਟਾ ਵਿਭਾਗ ਦੀ ਮੰਤਰੀ ਅਨਮੋਲ ਗਗਨ ਮਾਨ ਦੀ ਅਗਵਾਈ ਵਿਚ ਵਫਦ 24 ਤੋਂ 28 ਜਨਵਰੀ ਤੱਕ ਕੌਮਾਂਤਰੀ ਸੈਰ ਸਪਾਟਾ ਵਪਾਰ ਮੇਲੇ ਵਿਚ ਹਿੱਸਾ ਲੈਣ ਸਪੇਨ ਜਾ ਰਿਹਾ ਹੈ। ਸਪੇਨ ਦੇ ਮੈਡਰਿਡ ਵਿਚ ਕੌਮਾਂਤਰੀ ਸੈਰ ਸਪਾਟਾ ਵਪਾਰ ਮੇਲਾ ਹੋ ਰਿਹਾ ਹੈ। ਵਫਦ ਵਿਚ ਚਾਰ ਉੱਚ ਅਧਿਕਾਰੀ ਵੀ ਜਾ ਰਹੇ ਹਨ। ਇਹ ਪਹਿਲੀ ਵਾਰ ਹੈ ਕਿ ਪੰਜਾਬ ਸੈਰ ਸਪਾਟਾ ਵਿਭਾਗ ਵੱਲੋਂ ਕਿਸੇ ਅੰਤਰਰਾਸ਼ਟਰੀ ਸੈਰ ਸਪਾਟਾ ਮੇਲੇ ਵਿਚ ਸ਼ਮੂਲੀਅਤ ਕੀਤੀ ਜਾ ਰਹੀ ਹੈ। ਸੈਰ ਸਪਾਟਾ ਵਿਭਾਗ ਦੀ ਟੀਮ 23 ਜਨਵਰੀ ਨੂੰ ਰਵਾਨਾ ਹੋਵੇਗੀ ਅਤੇ 29 ਜਨਵਰੀ ਨੂੰ ਵਾਪਸ ਆਵੇਗੀ। ਪੰਜਾਬ ਵਿਚ ਹੋਣ ਵਾਲਾ ਰੰਗਲਾ ਪੰਜਾਬ ਸੰਮੇਲਨ ਹੁਣ 5 ਫਰਵਰੀ ਤੋਂ ਸ਼ੁਰੂ ਹੋਵੇਗਾ।

# ਅਦਾਲਤ ਵੱਲੋਂ ਸੁਖਪਾਲ ਖਹਿਰਾ ਨੂੰ ਜ਼ਮਾਨਤ

**ਭੁਲੱਥ:** ਕਪੂਰਥਲਾ ਦੀ ਅਦਾਲਤ ਨੇ ਡਰਾਉਣ ਧਮਕਾਉਣ ਨਾਲ ਸਬੰਧਤ ਫੌਜਦਾਰੀ ਕੇਸ ਵਿਚ ਭੁਲੱਥ ਤੋਂ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੂੰ ਜ਼ਮਾਨਤ ਦੇ ਦਿੱਤੀ ਹੈ। ਜੁਡੀਸ਼ਲ ਮੈਜਿਸਟਰੇਟ (ਪਹਿਲਾ ਦਰਜਾ) ਸੁਪ੍ਰੀਤ ਕੌਰ ਨੇ ਖਹਿਰਾ ਦੇ ਵਕੀਲ ਕੰਵਲਜੀਤ ਸਿੰਘ ਨੂੰ ਇਕ ਲੱਖ ਰੁਪਏ ਦਾ ਮੁਚੱਲਕਾ ਭਰਨ ਦੀ ਹਦਾਇਤ ਕੀਤੀ ਹੈ। ਕਪੂਰਥਲਾ ਪੁਲਿਸ ਨੇ ਰਣਜੀਤ ਕੌਰ ਦੀ ਸ਼ਿਕਾਇਤ ਉਤੇ ਖਹਿਰਾ ਖਿਲਾਫ਼ ਆਈ.ਪੀ.ਸੀ. ਦੀਆਂ ਧਾਰਾਵਾਂ 195ਏ ਤੇ 506 ਤਹਿਤ ਕੇਸ ਦਰਜ ਕੀਤਾ ਸੀ। ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਖਹਿਰਾ ਨੂੰ 2015 ਦੇ ਐਨ.ਡੀ.ਪੀ.ਐਸ. ਕੇਸ ਵਿਚ 4 ਜਨਵਰੀ ਨੂੰ ਜ਼ਮਾਨਤ ਦੇਣ ਤੋਂ ਫੌਰੀ ਮਗਰੋਂ ਕਪੂਰਥਲਾ ਪੁਲਿਸ ਨੇ ਵਿਧਾਇਕ ਨੂੰ ਉਪਰੋਕਤ ਕੇਸ ਵਿਚ ਗ੍ਰਿਫਤਾਰ ਕਰ ਲਿਆ ਸੀ। ਸ਼ਿਕਾਇਤਕਰਤਾ ਰਣਜੀਤ ਕੌਰ 2015 ਡਰੱਗ ਕੇਸ ਦੇ ਮੁੱਖ ਗਵਾਹ ਕਸ਼ਮੀਰ ਸਿੰਘ ਦੀ ਪਤਨੀ ਹੈ। ਖਹਿਰਾ ਨੂੰ ਐਨ.ਡੀ.ਪੀ.ਐਸ. ਤਹਿਤ ਦਰਜ ਕੇਸ ਵਿਚ ਪਿਛਲੇ ਸਾਲ ਸਤੰਬਰ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ।

ਸੁਖਪਾਲ ਸਿੰਘ ਖਹਿਰਾ ਦੇ ਪੁੱਤਰ ਮਹਿਤਾਬ ਸਿੰਘ ਖਹਿਰਾ ਨੇ ਦੱਸਿਆ ਕਿ ਭਗਵੰਤ ਮਾਨ ਸਰਕਾਰ ਉਨ੍ਹਾਂ ਦੇ ਪਿਤਾ ਦੀ ਲੋਕ ਹਿੱਤਾਂ ਖਾਤਰ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਖਹਿਰਾ ਜ਼ਮਾਨਤ ‘ਤੇ ਰਿਹਾਅ ਹੋਣ ਤੋਂ ਬਾਅਦ ਚੰਡੀਗੜ੍ਹ ਲਈ ਰਵਾਨਾ ਹੋ ਗਏ। ਇਸ ਦੌਰਾਨ ਭੁਲੱਥ ਤੇ ਪਿੰਡ ਰਾਮਗੜ੍ਹ ਵਿਚ ਖਹਿਰਾ ਦੇ ਸਮਰਥਕਾਂ ਵਲੋਂ ਲੱਡੂ ਵੰਡ ਕੇ ਤੇ ਢੋਲ ਵਜਾ ਕੇ ਖੁਸ਼ੀ ਦਾ ਇਜ਼ਹਾਰ ਕੀਤਾ ਗਿਆ।

# ਕਿਸਾਨ ਜਥੇਬੰਦੀਆਂ ਵਿਚਾਲੇ ਏਕੇ ਦਾ ਅਮਲ ਸਿਰੇ ਚੜ੍ਹਿਆ

**ਜਲੰਧਰ:** ਸੰਯੁਕਤ ਕਿਸਾਨ ਮੋਰਚੇ ਦੀ ਮੀਟਿੰਗ ਦੌਰਾਨ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਵਿਚਾਲੇ ਏਕਤਾ ਦਾ ਅਮਲ ਸਿਰੇ ਚੜ੍ਹ ਗਿਆ ਹੈ। ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਦੀ ਬਲਬੀਰ ਸਿੰਘ ਰਾਜੇਵਾਲ ਗਰੁੱਪ ਨਾਲ ਸਬੰਧਤ ਪੰਜ ਜਥੇਬੰਦੀਆਂ ਨਾਲ ਸਾਂਝੀ ਮੀਟਿੰਗ ਵਿਚ ਇਹ ਪੰਜ ਜਥੇਬੰਦੀਆਂ ਸੰਯੁਕਤ ਕਿਸਾਨ ਮੋਰਚੇ ਵਿਚ ਮੁੜ ਸ਼ਾਮਲ ਹੋ ਗਈਆਂ ਹਨ। ਇਸ ਦੌਰਾਨ ਮੀਟਿੰਗ ਵਿਚ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ, ਭਾਰਤੀ ਕਿਸਾਨ ਯੂਨੀਅਨ ਮਾਨਸਾ, ਕਿਸਾਨ ਸੰਘਰਸ਼ ਕਮੇਟੀ (ਕੰਵਲਪ੍ਰੀਤ ਸਿੰਘ ਪੰਨੂ), ਆਜ਼ਾਦ ਕਿਸਾਨ ਸੰਘਰਸ਼ ਕਮੇਟੀ (ਹਰਜਿੰਦਰ ਟਾਂਡਾ), ਆਲ ਇੰਡੀਆ ਕਿਸਾਨ ਫੈਡਰੇਸ਼ਨ (ਪ੍ਰੇਮ ਸਿੰਘ ਭੰਗੂ) ਦੇ ਆਗੂਆਂ ਨੇ ਅੱਗੇ ਤੋਂ ਚੋਣਾਂ ਨਾ ਲੜਨ ‘ਤੇ ਸਹਿਮਤੀ ਜਤਾਈ ਹੈ।

ਵਿਧਾਨ ਸਭਾ ਚੋਣਾਂ ਮਗਰੋਂ ਮੋਰਚੇ ਵਿਚ ਆਈ ਤਰੇੜ ਪਿੱਛੋਂ ਮੋਰਚੇ ਨੇ ਜਥੇਬੰਦੀਆਂ ਨੂੰ ਸੰਚਾਲਿਤ ਕਰਨ ਲਈ ਨੌਂ-ਨੁਕਾਤੀ ਦਿਸ਼ਾ ਨਿਰਦੇਸ਼ ਬਣਾਏ ਸਨ ਅਤੇ ਹੁਣ ਮੀਟਿੰਗ ਵਿਚ ਪੰਜ ਕਿਸਾਨ ਜਥੇਬੰਦੀਆਂ ਨੇ ਅੱਗੇ ਤੋਂ ਇਨ੍ਹਾਂ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਯਕੀਨੀ ਬਣਾਉਣ ਦਾ ਭਰੋਸਾ ਦਿੱਤਾ। ਕਿਸਾਨਾਂ ਦੀਆਂ ਮੰਗਾਂ ਸਮੇਤ ਪਾਣੀ ਨਾਲ ਸਬੰਧਤ ਮੰਗਾਂ ਨੂੰ ਲੈ ਕੇ ਸੰਘਰਸ਼ ਦੀ ਅਗਲੀ ਰਣਨੀਤੀ ਬਣਾਉਣ ਲਈ 28 ਜਨਵਰੀ ਨੂੰ ਚੰਡੀਗੜ੍ਹ ਵਿਚ ਮੁੜ ਮੀਟਿੰਗ ਸੱਦੀ ਗਈ ਹੈ।

## ਨੋਬੇਲ ਜੇਤੂ ਨਰਗਿਸ ਨੂੰ ਹੋਰ ਸਜ਼ਾ ਸੁਣਾਈ

**ਦੁਬਈ:** ਇਰਾਨ ਦੀ ਅਦਾਲਤ ਨੇ ਜੇਲ੍ਹ ‘ਚ ਬੰਦ ਤੇ ਨੋਬੇਲ ਸ਼ਾਂਤੀ ਪੁਰਸਕਾਰ ਜੇਤੂ ਨਰਗਿਸ ਮੁਹੰਮਦੀ ਨੂੰ 15 ਮਹੀਨਿਆਂ ਦੀ ਹੋਰ ਸਜ਼ਾ ਸੁਣਾਈ ਹੈ। ਨਰਗਿਸ ਉਤੇ ਦੋਸ਼ ਹੈ ਕਿ ਉਸ ਨੇ ਇਸਲਾਮਿਕ ਗਣਰਾਜ ਵਿਰੁੱਧ ਕੂੜ ਪ੍ਰਚਾਰ ਕੀਤਾ ਹੈ। ਮੁਹੰਮਦੀ ਦੇ ਪਰਿਵਾਰ ਨੇ ਦੱਸਿਆ ਕਿ ਨਵੀਂ ਸਜ਼ਾ 19 ਦਸੰਬਰ ਨੂੰ ਸੁਣਾਈ ਗਈ ਸੀ। ਨਰਗਿਸ ਨੇ ਅਦਾਲਤੀ ਸੁਣਵਾਈ ਵਿਚ ਜਾਣ ਤੋਂ ਇਨਕਾਰ ਕਰ ਦਿੱਤਾ ਸੀ। ਫੈਸਲੇ ਵਿਚ ਕਿਹਾ ਗਿਆ ਹੈ ਕਿ ਸਜ਼ਾ ਪੂਰੀ ਹੋਣ ਤੋਂ ਬਾਅਦ ਦੋ ਸਾਲ ਤੱਕ ਨਰਗਿਸ ਵਿਦੇਸ਼ ਨਹੀਂ ਜਾ ਸਕੇਗੀ। ਉਸ ਉਤੇ ਕਿਸੇ ਸਿਆਸੀ ਜਾਂ ਸਮਾਜਿਕ ਸੰਗਠਨ ਨਾਲ ਜੁੜਨ ਦੀ ਵੀ ਪਾਬੰਦੀ ਹੋਵੇਗੀ। ਇਸ ਤੋਂ ਇਲਾਵਾ ਉਹ ਦੋ ਸਾਲ ਤੱਕ ਮੋਬਾਈਲ ਵੀ ਨਹੀਂ ਰੱਖ ਸਕੇਗੀ।

# ਗੈਰ-ਕਾਨੂੰਨੀ ਪਰਵਾਸ ਬਾਰੇ ਨਵੇਂ ਖੁਲਾਸੇ

*(ਪਹਿਲੇ ਸਫੇ ਦੀ ਬਾਕੀ)*

ਇਨ੍ਹਾਂ ਵਿਚੋਂ 41,770 ਅਮਰੀਕਾ-ਮੈਕਸੀਕੋ ਸਰਹੱਦ ਉਤੇ ਗ੍ਰਿਫ਼ਤਾਰ ਕੀਤੇ ਗਏ ਅਤੇ 30,010 ਅਮਰੀਕਾ-ਕੈਨੇਡਾ ਸਰਹੱਦ ਤੋਂ। ਇਸ ਸਮੇਂ 7,25000 ਤੋਂ ਜ਼ਿਆਦਾ ਭਾਰਤੀ ਅਮਰੀਕਾ ਵਿਚ ਗ਼ੈਰ-ਕਾਨੂੰਨੀ ਤੌਰ ਉਤੇ ਰਹਿ ਰਹੇ ਹਨ। ਭਾਰਤੀ ਲਾਤੀਨੀ ਅਮਰੀਕੀ ਦੇਸ਼ਾਂ ਇਕੁਆਡਰ, ਅਲ ਸਲਵਾਡੋਰ, ਗੁਆਟੇਮਾਲਾ, ਹਾਂਡੂਰਸ, ਨਿਕਾਰਾਗੁਆ ਆਦਿ ਵਿਚ ਜਾ ਕੇ ਅਮਰੀਕਾ ਜਾਣ ਦੀ ਕੋਸ਼ਿਸ਼ ਕਰਦੇ ਹਨ। ਕੁਝ ਸਮਾਂ ਪਹਿਲਾਂ ਐਲ ਸਲਵਾਡੋਰ ਨੇ ਭਾਰਤ ਤੇ ਅਫਰੀਕਾ ਤੋਂ ਆ ਰਹੇ ਮੁਸਾਫ਼ਰਾਂ ਤੋਂ 1000 ਅਮਰੀਕੀ ਡਾਲਰ ਦਾ ਟੈਕਸ/ਫੀਸ ਲਾਉਣਾ ਸ਼ੁਰੂ ਕੀਤਾ ਹੈ। ਨਿਕਾਰਾਗੁਆ ਵਿਚ ਕਈ ਦੇਸ਼ਾਂ (ਖਾਸ ਕਰ ਕੇ ਹੈਤੀ) ਤੋਂ ਰੋਜ਼ਾਨਾ ਚਾਰਟਡ ਉਡਾਣਾਂ ਉਤਰਦੀਆਂ ਤੇ ਗ਼ੈਰ-ਕਾਨੂੰਨੀ ਪਰਵਾਸੀਆਂ ਨੂੰ ਉਥੇ ਲਿਆਉਂਦੀਆਂ ਹਨ। ਬਹੁਤ ਸਾਰੇ ਦੇਸ਼ਾਂ ਦੇ ਵਾਸੀਆਂ ਨੂੰ ਨਿਕਾਰਾਗੁਆ ਜਾਣ ਵਾਸਤੇ ਵੀਜ਼ੇ ਦੀ ਜ਼ਰੂਰਤ ਨਹੀਂ ਹੁੰਦੀ ਅਤੇ ਟੂਰਿਸਟ ਵੀਜ਼ਾ ਮੁਸਾਫ਼ਰਾਂ ਦੇ ਨਿਕਾਰਾਗੁਆ ਦਾਖ਼ਲ ਹੋਣ ਉਤੇ ਬਹੁਤ ਆਸਾਨੀ ਨਾਲ ਦੇ ਦਿੱਤਾ ਜਾਂਦਾ ਹੈ। ਇਹ ਸਾਰਾ ਕੰਮ ਮਨੁੱਖੀ ਤਸਕਰੀ ਕਰਨ ਵਾਲੇ ਏਜੰਟ ਅਤੇ ਅਪਰਾਧੀਆਂ ਦੇ ਗਰੋਹ (ਸਿੰਡੀਕੇਟ) ਕਰਦੇ ਹਨ। ਅਮਰੀਕਾ ਪਹੁੰਚਣ ਦੇ ਇਹ ਚਾਹਵਾਨ ਪਹਿਲਾਂ ਨਿਕਾਰਾਗੁਆ, ਬ੍ਰਾਜ਼ੀਲ, ਵੈਨੇਜ਼ੁਏਲਾ, ਕੋਲੰਬੀਆ, ਇਕੁਆਡਰ, ਪਨਾਮਾ ਆਦਿ ਪਹੁੰਚ ਕੇ ਫਿਰ ਮੈਕਸੀਕੋ ਵਿਚ ਦਾਖ਼ਲ ਹੁੰਦੇ ਹਨ ਅਤੇ ਉਥੋਂ ਅਮਰੀਕਾ ਪਹੁੰਚਣ ਦਾ ਯਤਨ ਕਰਦੇ ਹਨ। ਪੰਜਾਬ ਸਰਕਾਰ ਪਿਛਲੇ ਦੋ-ਢਾਈ ਦਹਾਕਿਆਂ ਤੋਂ ਗੈਰ-ਕਾਨੂੰਨੀ ਪਰਵਾਸ ਰਾਹੀਂ ਨੌਜਵਾਨਾਂ ਦੀ ਜਾਨ ਖਤਰੇ ਵਿਚ ਪਾਉਣ ਵਾਲੇ ਟਰੈਵਲ ਏਜੰਟਾਂ ਖ਼ਿਲਾਫ਼ ਕਾਰਵਾਈ ਦੇ ਦਾਅਵੇ ਕਰ ਰਹੀ ਹੈ ਪਰ ਤਾਜ਼ਾ ਘਟਨਾ ਨੇ ਸਰਕਾਰ ਦੀ ਇਸ ਪਾਸੇ ਸੰਜੀਦਗੀ ਦੀ ਪੋਲ ਖੋਲ੍ਹ ਦਿੱਤੀ ਹੈ।

# ਈ.ਡੀ. ਵੱਲੋਂ ਸਾਬਕਾ ਜੰਗਲਾਤ ਮੰਤਰੀ ਧਰਮਸੋਤ ਗ੍ਰਿਫ਼ਤਾਰ

**ਜਲੰਧਰ:** ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਪੰਜਾਬ ਵਿਚ ਜੰਗਲਾਤ ਮਹਿਕਮੇ ਦੀ ਜ਼ਮੀਨ ਉਤੇ ਦਰਖ਼ਤਾਂ ਦੀ ਕਟਾਈ ਨਾਲ ਜੁੜੇ ਕਥਿਤ ਘੁਟਾਲੇ ਵਿਚ ਕਾਂਗਰਸ ਆਗੂ ਤੇ ਸਾਬਕਾ ਜੰਗਲਾਤ ਮੰਤਰੀ ਸਾਧੂ ਸਿੰਘ ਧਰਮਸੋਤ ਨੂੰ ਗ੍ਰਿਫਤਾਰ ਕਰ ਲਿਆ ਹੈ। ਧਰਮਸੋਤ ਸੰਮਨਾਂ ਦੀ ਤਾਮੀਲ ਕਰਦੇ ਹੋਏ ਦੁਪਹਿਰੇ ਦੂਜੀ ਵਾਰ ਈ.ਡੀ. ਅਧਿਕਾਰੀਆਂ ਅੱਗੇ ਪੇਸ਼ ਹੋਏ ਸਨ। ਸੂਤਰਾਂ ਮੁਤਾਬਕ ਪੁੱਛ-ਪੜਤਾਲ ਦੌਰਾਨ ਧਰਮਸੋਤ ਜੰਗਲਾਤ ਘੁਟਾਲੇ ਅਤੇ ਆਮਦਨ ਤੋਂ ਵੱਧ ਜਾਇਦਾਦ ਮਾਮਲੇ ਵਿਚ ਆਪਣੇ ਉਤੇ ਲੱਗੇ ਦੋਸ਼ਾਂ ਬਾਰੇ ਠੋਸ ਜਵਾਬ ਨਹੀਂ ਦੇ ਸਕੇ। ਏਜੰਸੀ ਨੇ 64 ਸਾਲਾ ਸਿਆਸਤਦਾਨ ਨੂੰ ਭ੍ਰਿਸ਼ਟਾਚਾਰ ਰੋਕੂ ਐਕਟ (ਪੀ.ਐਮ.ਐਲ.ਏ.) ਦੀਆਂ ਵੱਖ-ਵੱਖ ਵਿਵਸਥਾਵਾਂ ਤਹਿਤ ਹਿਰਾਸਤ ਵਿਚ ਲਿਆ ਹੈ। ਈ.ਡੀ. ਨੇ ਨਵੰਬਰ 2023 ‘ਚ ਧਰਮਸੋਤ, ਸਾਬਕਾ ਜੰਗਲਾਤ ਮੰਤਰੀ ਸੰਗਤ ਸਿੰਘ ਗਿਲਜੀਆਂ, ਮਹਿਕਮੇ ਦੇ ਕੁਝ ਅਧਿਕਾਰੀਆਂ ਤੇ ਹੋਰਨਾਂ ਦੇ ਟਿਕਾਣਿਆਂ ‘ਤੇ ਛਾਪੇ ਮਾਰੇ ਸਨ। ਈਡੀ ਦੀ ਜਾਂਚ ਦਰਖ਼ਤਾਂ ਦੀ ਕਟਾਈ ਲਈ ਪਰਮਿਟ ਜਾਰੀ ਕਰਨ ਤੇ ਵਿਭਾਗੀ ਪੋਸਟਿੰਗ/ਤਬਾਦਲੇ ਲਈ ‘ਵੱਢੀ’ ਲੈਣ ਦੇ ਦੋਸ਼ਾਂ ਨਾਲ ਸਬੰਧਤ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਰਾਜੋਆਣਾ ਮਾਮਲਾ: ਕੇਂਦਰ ਸਰਕਾਰ ਨੇ ਕੋਈ ਹੁੰਗਾਰਾ ਨਾ ਭਰਿਆ



**ਅੰਮ੍ਰਿਤਸਰ:** ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਮਾਮਲੇ ਦੇ ਦੋਸ਼ ਹੇਠ ਜੇਲ੍ਹ ਵਿਚ ਬੰਦ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਮੁਆਫੀ ਸਬੰਧੀ ਦਾਇਰ ਕੀਤੀ ਗਈ ਰਹਿਮ ਦੀ ਅਪੀਲ 'ਤੇ ਕਾਰਵਾਈ ਕਰਵਾਉਣ ਦੇ ਮਕਸਦ ਨਾਲ ਸ੍ਰੀ ਅਕਾਲ ਤਖ਼ਤ ਵੱਲੋਂ ਬਣਾਈ ਪੰਜ ਮੈਂਬਰੀ ਕਮੇਟੀ ਨੂੰ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਅਜੇ ਤੱਕ ਕੋਈ ਹੁੰਗਾਰਾ ਨਹੀਂ ਮਿਲਿਆ। ਕਮੇਟੀ ਦੀ ਅਗਵਾਈ ਕਰ ਰਹੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਕੇਂਦਰੀ ਗ੍ਰਹਿ ਮੰਤਰੀ ਨੂੰ ਇਸ ਮਾਮਲੇ ਸਬੰਧੀ ਮੁਲਾਕਾਤ ਦਾ ਸਮਾਂ ਮੰਗਿਆ ਗਿਆ ਸੀ ਪਰ ਹੁਣ ਤੱਕ ਕੋਈ ਜਵਾਬ ਨਹੀਂ ਆਇਆ। ਸ਼੍ਰੋਮਣੀ ਕਮੇਟੀ ਵੱਲੋਂ ਇਸ ਸਬੰਧੀ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਦੋ ਵਾਰ ਪੱਤਰ ਭੇਜੇ ਜਾ ਚੁੱਕੇ ਹਨ। ਇਕ ਪੱਤਰ ਸ਼੍ਰੋਮਣੀ ਕਮੇਟੀ ਦੇ ਸਕੱਤਰ ਵੱਲੋਂ ਅਤੇ ਦੂਸਰਾ ਪੱਤਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੱਲੋਂ ਭੇਜਿਆ ਗਿਆ ਹੈ ਪਰ ਦੋਵਾਂ ਪੱਤਰਾਂ ਦਾ ਕੋਈ ਹੁੰਗਾਰਾ ਨਹੀਂ ਮਿਲਿਆ। ਇਸ ਤੋਂ ਪਹਿਲਾਂ ਪੰਜ ਮੈਂਬਰੀ ਕਮੇਟੀ ਵੱਲੋਂ ਪ੍ਰਧਾਨ ਮੰਤਰੀ ਨੂੰ ਮੁਲਾਕਾਤ ਲਈ ਸਮਾਂ ਦੇਣ ਸਬੰਧੀ ਪੱਤਰ ਭੇਜਿਆ ਗਿਆ ਸੀ, ਜਿਸ ਦੇ ਜਵਾਬ ਵਿਚ ਪ੍ਰਧਾਨ ਮੰਤਰੀ ਦਫ਼ਤਰ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਪੱਤਰ ਭੇਜ ਕੇ ਆਖਿਆ ਗਿਆ ਸੀ ਕਿ ਇਸ ਮਾਮਲੇ ਵਿਚ ਕੇਂਦਰੀ ਗ੍ਰਹਿ ਮੰਤਰਾਲੇ ਨਾਲ ਸੰਪਰਕ ਕੀਤਾ ਜਾਵੇ। ਕੇਂਦਰ ਸਰਕਾਰ ਦੇ ਇਸ ਰਵੱਈਏ ਕਾਰਨ ਪੰਜ ਮੈਂਬਰੀ ਕਮੇਟੀ ਸਣੇ ਸਿੱਖ ਜਗਤ ਵਿਚ ਨਿਰਾਸ਼ਾ ਦਾ ਆਲਮ ਹੈ।

ਸ਼੍ਰੋਮਣੀ ਕਮੇਟੀ ਵੱਲੋਂ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਮੁਆਫ਼ੀ ਸਬੰਧੀ ਰਹਿਮ ਦੀ ਅਪੀਲ ਲਗਭਗ 12 ਸਾਲ ਪਹਿਲਾਂ ਰਾਸ਼ਟਰਪਤੀ ਕੋਲ ਦਾਇਰ ਕੀਤੀ ਗਈ ਸੀ। ਇਸ ਅਪੀਲ ਉਤੇ ਅੱਜ ਤੱਕ ਸਥਾਈ ਫ਼ੈਸਲਾ ਨਹੀਂ ਕੀਤਾ ਗਿਆ। ਬਲਵੰਤ ਸਿੰਘ ਰਾਜੋਆਣਾ ਵੱਲੋਂ ਮੰਗ ਕੀਤੀ ਜਾ ਰਹੀ ਹੈ ਕਿ ਸ਼੍ਰੋਮਣੀ ਕਮੇਟੀ ਇਸ ਅਪੀਲ ਨੂੰ ਵਾਪਸ ਲੈ ਲਵੇ। ਇਸ ਸਬੰਧੀ ਉਸ ਨੇ ਜੇਲ੍ਹ ਵਿਚ ਭੁੱਖ ਹੜਤਾਲ ਵੀ ਸ਼ੁਰੂ ਕੀਤੀ ਸੀ। ਉਸ ਦੀ ਭੁੱਖ ਹੜਤਾਲ ਨੂੰ ਖਤਮ ਕਰਵਾਉਣ ਵਾਸਤੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਖੁਦ ਜੇਲ੍ਹ ਵਿੱਚ ਗਏ ਸਨ। ਇਸ ਤੋਂ ਬਾਅਦ ਜਥੇਦਾਰ ਵੱਲੋਂ ਪੰਜ ਮੈਂਬਰੀ ਕਮੇਟੀ ਬਣਾਈ ਗਈ ਸੀ। ਇਸ ਕਮੇਟੀ ਵੱਲੋਂ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕਰਨ ਦਾ ਫੈਸਲਾ ਕੀਤਾ ਗਿਆ ਸੀ ਪਰ ਹੁਣ ਤੱਕ ਇਸ ਸਬੰਧੀ ਕੀਤੇ ਗਏ ਯਤਨਾਂ ਦਾ ਨਤੀਜਾ ਸਿਫਰ ਰਿਹਾ ਹੈ।

ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਪਹਿਲਾਂ 31 ਦਸੰਬਰ ਤੱਕ ਦਾ ਸਮਾਂ ਦਿੱਤਾ ਗਿਆ ਸੀ ਅਤੇ ਕਮੇਟੀ ਦੀ ਮੰਗ ਉਤੇ ਹੁਣ 27 ਜਨਵਰੀ ਤੱਕ ਦਾ ਸਮਾਂ ਦਿੱਤਾ ਗਿਆ ਹੈ। ਜਥੇਦਾਰ ਨੇ ਸ਼੍ਰੋਮਣੀ ਕਮੇਟੀ ਨੂੰ ਆਖਿਆ ਸੀ ਕਿ ਜੇਕਰ ਇਸ ਨਿਰਧਾਰਿਤ ਸਮੇਂ ਵਿਚ ਕੇਂਦਰ ਸਰਕਾਰ ਵੱਲੋਂ ਰਹਿਮ ਦੀ ਅਪੀਲ ਬਾਰੇ ਕੋਈ ਠੋਸ ਫ਼ੈਸਲਾ ਨਹੀਂ ਕੀਤਾ ਜਾਂਦਾ ਤਾਂ ਇਸ ਅਪੀਲ ਨੂੰ ਵਾਪਸ ਲੈਣ ਬਾਰੇ ਵਿਚਾਰ ਕੀਤਾ ਜਾਵੇ।

## ਅਕਾਲੀ ਦਲ ਵੱਲੋਂ ਹੋਂਦ ਦਾ ਅਹਿਸਾਸ ਕਰਵਾਉਣ ਦਾ ਯਤਨ



**ਸ੍ਰੀ ਮੁਕਤਸਰ ਸਾਹਿਬ:** ਮੇਲਾ ਮਾਘੀ ਮੌਕੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਇਥੇ ਲਗਾਤਾਰ ਦੋ ਕਾਨਫਰੰਸਾਂ ਕਰਕੇ ਆਪਣੀ ਹੋਂਦ ਦਾ ਅਹਿਸਾਸ ਕਰਵਾਉਣ ਦਾ ਯਤਨ ਕੀਤਾ ਗਿਆ। ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਅਕਾਲੀ ਦਲ ਦੇ 103 ਸਾਲਾ ਇਤਿਹਾਸ 'ਚ ਪ੍ਰਕਾਸ਼ ਸਿੰਘ ਬਾਦਲ ਨੇ 70 ਸਾਲ ਦਲ ਦੇ ਲੇਖੇ ਲਾਏ। ਦੂਜੇ ਪਾਸੇ ਕਾਂਗਰਸ ਤੇ 'ਆਪ' ਨੇ ਸੂਬੇ ਦਾ ਕੋਈ ਕੰਮ ਨਹੀਂ ਕੀਤਾ ਸਗੋਂ ਲੁੱਟਿਆ ਹੀ ਹੈ।

ਇਨ੍ਹਾਂ ਪਾਰਟੀਆਂ ਵੱਲੋਂ ਪੰਥ ਨੂੰ ਕਮਜ਼ੋਰ ਕੀਤਾ ਜਾ ਰਿਹਾ ਹੈ। ਉਨ੍ਹਾਂ ਸਿੱਖਾਂ ਨੂੰ ਨਿਹੋਰਾ ਮਾਰਦਿਆਂ ਕਿਹਾ ਕਿ 1984 'ਚ ਕਾਂਗਰਸ ਨੇ ਗੁਰਦੁਆਰਿਆਂ ਉਤੇ ਹਮਲੇ ਕੀਤੇ ਅਤੇ ਦਿੱਲੀ ਸਿੱਖ ਕਤਲੇਆਮ ਕਰਵਾਇਆ ਪਰ ਫਿਰ ਕਾਂਗਰਸ ਨੇ ਪੰਜਾਬ ਵਿਚ 35 ਸੀਟਾਂ 'ਤੇ ਜਿੱਤ ਹਾਸਲ ਕੀਤੀ। ਉਸ ਤੋਂ ਬਾਅਦ ਵੀ ਕਾਂਗਰਸ ਨੇ ਪੰਜਾਬ ਵਿਚ ਤਿੰਨ ਵਾਰ ਸਰਕਾਰ ਬਣਾਈ। ਉਨ੍ਹਾਂ ਦੋਸ਼ ਲਾਇਆ ਕਿ 'ਆਪ' ਦੇ ਵਿਧਾਇਕ ਨਸ਼ਾ ਤਸਕਰਾਂ ਅਤੇ ਸ਼ਰਾਬ ਮਾਫੀਆ ਤੋਂ ਕਥਿਤ ਤੌਰ ਉਤੇ ਮਹੀਨਾ ਲੈਂਦੇ ਹਨ।

ਉਨ੍ਹਾਂ ਕਿਹਾ ਕਿ ਅਕਾਲੀ ਦਲ ਵੱਲੋਂ ਪਹਿਲੀ ਫਰਵਰੀ ਤੋਂ 'ਪੰਜਾਬ ਬਚਾਓ' ਯਾਤਰਾ ਸ਼ੁਰੂ ਕਰਕੇ ਲੋਕਾਂ ਨੂੰ ਦੱਸਿਆ ਜਾਵੇਗਾ ਕਿ ਕਿਸ ਤਰ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਸਰਕਾਰ ਚਲਾਉਣ ਲਈ ਕਰਜ਼ਾ ਲੈ ਕੇ ਸੂਬੇ ਨੂੰ ਤਬਾਹ ਕਰ ਰਹੇ ਹਨ। ਸ੍ਰੀ ਬਾਦਲ ਸੰਬੋਧਨ ਦੌਰਾਨ ਕਾਂਗਰਸ ਅਤੇ ਆਮ ਆਦਮੀ ਪਾਰਟੀ ਨੂੰ ਭੰਡਦੇ ਰਹੇ ਅਤੇ ਅਕਾਲੀ ਦਲ ਨੂੰ ਪੰਜਾਬ ਦੀ ਹਮਾਇਤੀ ਪਾਰਟੀ ਦੱਸਦੇ ਰਹੇ।

ਇਸ ਮੌਕੇ ਕਾਂਗਰਸ ਅਤੇ ਆਮ ਆਦਮੀ ਪਾਰਟੀ ਦਾ ਕੋਈ ਸੂਬਾਈ ਆਗੂ ਨਾ ਪੁੱਜਿਆ। ਕੜਾਕੇ ਦੀ ਠੰਢ ਤੇ ਧੁੰਦ ਦੇ ਬਾਵਜੂਦ ਲੱਖਾਂ ਦੀ ਗਿਣਤੀ ਵਿਚ ਸ਼ਰਧਾਲੂ ਚਾਲੀ ਮੁਕਤਿਆਂ ਨੂੰ ਨਤਮਸਤਕ ਹੋਣ ਲਈ ਗੁਰਦੁਆਰਾ ਟੁੱਟੀ ਗੰਢੀ ਸਾਹਿਬ ਪੁੱਜੇ।

### ਸਿਮਰਨਜੀਤ ਮਾਨ ਵੱਲੋਂ ਮੋਦੀ ਸਰਕਾਰ ਉਪਰ ਤਾਨਾਸ਼ਾਹੀ ਦੇ ਦੋਸ਼

**ਸ੍ਰੀ ਮੁਕਤਸਰ ਸਾਹਿਬ:** ਮਾਘੀ ਮੇਲੇ ਮੌਕੇ ਡੇਰਾ ਭਾਈ ਮਸਤਾਨ ਸਿੰਘ ਕੰਪਲੈਕਸ ਵਿਚ ਸ਼੍ਰੋਮਣੀ ਅਕਾਲੀ ਦਲ (ਅ) ਦੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਦਲ ਦੇ ਪ੍ਰਧਾਨ ਅਤੇ ਲੋਕ ਸਭਾ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਮੋਦੀ ਸਰਕਾਰ ਉਪਰ ਤਾਨਾਸ਼ਾਹੀ ਦੇ ਦੋਸ਼ ਲਾਏ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤਾਂ ਉਨ੍ਹਾਂ ਨੂੰ ਪਾਰਲੀਮੈਂਟ ਵਿਚ ਵੀ ਬੋਲਣ ਨਹੀਂ ਦਿੰਦੇ। ਉਨ੍ਹਾਂ ਕਿਹਾ ਕਿ ਸਿੱਖ ਵਿਰੋਧੀ ਸੋਚ ਕਰ ਕੇ ਹੀ ਅਮਰੀਕਾ, ਕੈਨੇਡਾ ਤੇ ਇੰਗਲੈਂਡ ਵਰਗੇ ਮੁਲਕਾਂ ਵੱਲੋਂ ਮੋਦੀ ਸਰਕਾਰ ਨੂੰ ਕਥਿਤ ਤੌਰ 'ਤੇ ਨਜ਼ਰ ਅੰਦਾਜ਼ ਕੀਤਾ ਜਾ ਰਿਹਾ ਹੈ। ਇਸ ਮੌਕੇ ਉਨ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ 'ਸਿੱਖਾਂ ਦੀ ਗੱਲ' ਕਰਨ ਵਾਲੇ ਲੋਕਾਂ ਨੂੰ ਹੀ ਭੇਜਣ ਦੀ ਅਪੀਲ ਕੀਤੀ।

## ਪੰਜਾਬ ਕਾਂਗਰਸ ਵੱਲੋਂ 'ਬਾਗੀਆਂ' ਨੂੰ ਚਿਤਾਵਨੀ



**ਚੰਡੀਗੜ੍ਹ:** ਕਾਂਗਰਸ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਦੇਵੇਂਦਰ ਯਾਦਵ ਵੱਲੋਂ ਅਗਾਮੀ ਲੋਕ ਸਭਾ ਚੋਣਾਂ ਦੀ ਤਿਆਰੀ ਵਜੋਂ ਸ਼ੁਰੂ ਕੀਤੇ ਮੰਥਨ ਪ੍ਰੋਗਰਾਮ ਦੌਰਾਨ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਸੂਬੇ ਵਿਚ 'ਜਿੱਤੇਗਾ ਪੰਜਾਬ, ਜਿੱਤੇਗੀ ਕਾਂਗਰਸ' ਬੈਨਰ ਹੇਠ ਰੈਲੀਆਂ ਕਰ ਰਹੇ ਸਾਬਕਾ ਪ੍ਰਧਾਨ ਨਵਜੋਤ ਸਿੱਧੂ ਨੂੰ ਸਿੱਧੇ ਤੌਰ ਉਤੇ ਚਿਤਾਵਨੀ ਦੇ ਦਿੱਤੀ ਹੈ। ਉਨ੍ਹਾਂ ਕਿਹਾ ਕਿ ਪਾਰਟੀ ਦਾ ਅਨੁਸ਼ਾਸਨ ਭੰਗ ਕਰਨ ਵਾਲਿਆਂ ਖ਼ਿਲਾਫ਼ ਕਾਰਵਾਈ ਹੋਵੇਗੀ।

ਰਾਜਾ ਵੜਿੰਗ ਨੇ ਪਹਿਲੀ ਦਫ਼ਾ ਸਖ਼ਤ ਲਹਿਜ਼ਾ ਰੱਖਿਆ ਹੈ, ਜਿਸ ਤੋਂ ਜਾਪਦਾ ਹੈ ਕਿ ਜੇ ਨਵਜੋਤ ਸਿੱਧੂ ਨੇ ਆਪਣਾ ਵੱਖਰਾ ਪੈਂਤੜਾ ਨਾ ਬਦਲਿਆ ਤਾਂ ਉਨ੍ਹਾਂ ਖ਼ਿਲਾਫ਼ ਕਾਰਵਾਈ ਹੋ ਸਕਦੀ ਹੈ। ਰਾਜਾ ਵੜਿੰਗ ਨੇ ਨਵਜੋਤ ਸਿੱਧੂ ਦੇ ਸੰਦਰਭ ਵਿਚ ਕਿਹਾ ਕਿ ਉਹ (ਸਿੱਧੂ) ਰੰਗ ਵਿਚ ਭੰਗ ਨਾ ਪਾਉਣ ਅਤੇ ਕਿਸੇ ਨੂੰ ਵੀ ਇਸ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਵੜਿੰਗ ਨੇ ਕਿਹਾ ਕਿ ਜੇ ਕੋਈ ਵੀ ਰੰਗ ਵਿਚ ਭੰਗ ਪਾਉਣ ਦੀ ਕੋਸ਼ਿਸ਼ ਕਰੇਗਾ ਤਾਂ ਉਸ ਨੂੰ ਇਸ ਦਾ ਖ਼ਮਿਆਜ਼ਾ ਭੁਗਤਣਾ ਪਵੇਗਾ। ਉਨ੍ਹਾਂ ਕਿਹਾ ਕਿ ਕਿਸੇ ਨੂੰ ਵੀ ਕਮਜ਼ੋਰ ਨਾ ਸਮਝਿਆ ਜਾਵੇ ਅਤੇ ਕਈ ਵਾਰ ਜਿਸ ਨੂੰ ਕਮਜ਼ੋਰ ਸਮਝਦੇ ਹਾਂ, ਉਹ ਐਸਾ ਵੱਡਾ ਟੀਕਾ ਲਗਾ ਦਿੰਦਾ ਹੈ ਕਿ ਬੰਦਾ ਲੱਭਿਆ ਨਹੀਂ ਥਿਆਉਂਦਾ। ਚੇਤੇ ਰਹੇ ਕਿ ਨਵਜੋਤ ਸਿੱਧੂ ਵੱਲੋਂ ਕਾਂਗਰਸ ਦੀਆਂ ਚਿਤਾਵਨੀਆਂ ਦੇ ਬਾਵਜੂਦ ਹੁਸ਼ਿਆਰਪੁਰ ਰੈਲੀ ਕੀਤੀ ਗਈ। ਪਹਿਲਾਂ ਰੈਲੀਆਂ ਉਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਉਂਗਲ ਧਰੀ ਸੀ, ਜੋ ਮਗਰੋਂ ਚੁੱਪ ਹੋ ਗਏ। ਉਸ ਮਗਰੋਂ ਰਾਜਾ ਵੜਿੰਗ ਨੇ ਸਭ ਨੂੰ ਅਨੁਸ਼ਾਸਨ ਵਿਚ ਰਹਿਣ ਦਾ ਪਾਠ ਪੜ੍ਹਾਇਆ ਸੀ। ਵੜਿੰਗ ਨੇ ਆਪਣਾ ਰੁਖ਼ ਨਰਮ ਕਰਦਿਆਂ ਕਿਹਾ ਸੀ ਕਿ ਜੇ ਕੋਈ ਕਾਂਗਰਸ ਦੀ ਮਜ਼ਬੂਤੀ ਲਈ ਰੈਲੀਆਂ ਕਰਦਾ ਹੈ ਤਾਂ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ। ਵੜਿੰਗ ਦੇ ਇਸ ਬਿਆਨ ਨੂੰ ਲੈ ਕੇ ਕਾਂਗਰਸ ਦੇ ਕਈ ਸਾਬਕਾ ਮੰਤਰੀ ਖ਼ਫ਼ਾ ਹੋ ਗਏ। ਸੂਤਰਾਂ ਮੁਤਾਬਕ ਹੁਣ ਦੇਵੇਂਦਰ ਯਾਦਵ ਦੇ ਇਸ਼ਾਰੇ ਮਗਰੋਂ ਹੀ ਵੜਿੰਗ ਸਖ਼ਤ ਹੋਏ ਜਾਪੇ ਹਨ।

## ਪੰਜਾਬ 'ਚ ਠੰਢ ਅਤੇ ਸੰਘਣੀ ਧੁੰਦ ਨੇ ਜ਼ਿੰਦਗੀ ਦੀ ਰਫਤਾਰ ਰੋਕੀ

**ਚੰਡੀਗੜ੍ਹ:** ਪੰਜਾਬ, ਹਰਿਆਣਾ, ਚੰਡੀਗੜ੍ਹ ਸਣੇ ਉਤਰ ਭਾਰਤ ਵਿਚ ਪੈ ਰਹੀ ਕੜਾਕੇ ਦੀ ਠੰਢ ਤੇ ਸੰਘਣੀ ਧੁੰਦ ਨੇ ਲੋਕਾਂ ਦੀ ਜ਼ਿੰਦਗੀ ਦੀ ਰਫ਼ਤਾਰ ਥੰਮੀ ਹੋਈ ਹੈ। ਲੋਹੜੀ ਦੀ ਰਾਤ ਪੰਜਾਬ ਤੇ ਹਰਿਆਣਾ ਵਿਚ ਸੀਜ਼ਨ ਦੀ ਸਭ ਤੋਂ ਠੰਢੀ ਰਾਤ ਦਰਜ ਕੀਤੀ ਗਈ ਜਦੋਂ ਪੰਜਾਬ ਦੇ ਨਵਾਂ ਸ਼ਹਿਰ ਵਿਚ ਘੱਟੋ ਘੱਟ ਤਾਪਮਾਨ ਸਿਫ਼ਰ ਤੱਕ ਪਹੁੰਚ ਗਿਆ। ਦੂਜੇ ਪਾਸੇ ਹਰਿਆਣਾ ਵਿਚ ਮਹਿੰਦਰਗੜ੍ਹ ਸਭ ਤੋਂ ਠੰਢਾ ਰਿਹਾ ਜਿੱਥੇ ਤਾਪਮਾਨ 2 ਡਿਗਰੀ ਦਰਜ ਕੀਤਾ ਗਿਆ ਹੈ।

ਮੌਸਮ ਵਿਗਿਆਨੀਆਂ ਨੇ ਅਜੇ ਹੋਰ ਸੰਘਣੀ ਧੁੰਦ ਤੇ ਠੰਢ ਸਬੰਧੀ ਰੈੱਡ ਅਲਰਟ ਜਾਰੀ ਕਰ ਦਿੱਤਾ ਹੈ। ਕੌਮੀ ਰਾਜਧਾਨੀ ਦਿੱਲੀ 'ਚ ਸੀਜ਼ਨ ਦਾ ਸਭ ਤੋਂ ਠੰਢਾ ਦਿਨ ਦਰਜ ਕੀਤਾ ਗਿਆ ਜਦੋਂ ਘੱਟੋ ਘੱਟ ਤਾਪਮਾਨ 3.5 ਡਿਗਰੀ ਰਿਹਾ। ਇਸੇ ਤਰ੍ਹਾਂ ਕਸ਼ਮੀਰ ਦੀਆਂ ਬਹੁਤੀਆਂ ਥਾਵਾਂ ਉਤੇ ਤਾਪਮਾਨ ਮਨਫੀ ਤੋਂ ਹੇਠਾਂ ਚੱਲ ਰਿਹਾ ਹੈ। ਸੰਘਣੀ ਧੁੰਦ ਕਾਰਨ ਦਿਖਣ ਹੱਦ ਘਟਣ ਕਰਕੇ ਜ਼ੀਰਕਪੁਰ ਵਿਚ ਇਕ ਕਾਰ ਸੁਖਨਾ ਚੋਅ ਵਿੱਚ ਡਿੱਗ ਗਈ। ਇਸੇ ਤਰ੍ਹਾਂ ਪੰਜਾਬ ਵਿਚ ਵੀ ਕਈ ਥਾਵਾਂ ਉਤੇ ਸੜਕ ਹਾਦਸੇ ਵਾਪਰੇ ਹਨ। ਮੌਸਮ ਵਿਭਾਗ ਤੋਂ ਮਿਲੀ ਜਾਣਕਾਰੀ ਅਨੁਸਾਰ ਰਾਜਧਾਨੀ ਚੰਡੀਗੜ੍ਹ ਵਿਚ ਘੱਟ ਤੋਂ ਘੱਟ ਤਾਪਮਾਨ 3.2 ਡਿਗਰੀ ਦਰਜ ਕੀਤਾ ਹੈ। ਇਸੇ ਤਰ੍ਹਾਂ ਅੰਮ੍ਰਿਤਸਰ ਵਿਚ 4.1 ਡਿਗਰੀ, ਲੁਧਿਆਣਾ 2.5, ਪਟਿਆਲਾ 3.4, ਪਠਾਨਕੋਟ 6.2, ਬਠਿੰਡਾ 4.2, ਫਰੀਦਕੋਟ 4, ਗੁਰਦਾਸਪੁਰ 4.5, ਫਤਹਿਗੜ੍ਹ ਸਾਹਿਬ 3 ਤੇ ਮੁਹਾਲੀ ਵਿਚ 5 ਡਿਗਰੀ ਤਾਪਮਾਨ ਦਰਜ ਕੀਤਾ ਹੈ। ਇਸੇ ਤਰ੍ਹਾਂ ਹਰਿਆਣਾ ਦੇ ਅੰਬਾਲਾ ਵਿਚ 4.4 ਡਿਗਰੀ, ਹਿਸਾਰ 3.9, ਕਰਨਾਲ 4, ਰੋਹਤਕ 5, ਭਿਵਾਨੀ 3.4, ਸਿਰਸਾ 6, ਫਰੀਦਾਬਾਦ 4.6, ਫਤਿਆਬਾਦ 3.7, ਗੁਰੂਗ੍ਰਾਮ 3.1, ਝੱਜਰ 4.4, ਜੀਂਦ 3.5, ਮੇਵਾਤ 4.8 ਡਿਗਰੀ ਤਾਪਮਾਨ ਦਰਜ ਕੀਤਾ ਹੈ।

### ਸਕੂਲਾਂ 'ਚ ਪੰਜਵੀਂ ਤੱਕ ਛੁਟੀਆਂ 21 ਤੱਕ ਵਧਾਈਆਂ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸੀਤ ਲਹਿਰ ਅਤੇ ਸੰਘਣੀ ਧੁੰਦ ਦੇ ਮੱਦੇਨਜ਼ਰ ਸਕੂਲਾਂ ਵਿਚ ਪੰਜਵੀਂ ਜਮਾਤ ਤੱਕ ਦੇ ਬੱਚਿਆਂ ਦੀਆਂ ਛੁੱਟੀਆਂ 21 ਜਨਵਰੀ ਤੱਕ ਵਧਾ ਦਿੱਤੀਆਂ ਹਨ। ਸਿੱਖਿਆ ਵਿਭਾਗ ਨੇ ਨੋਟੀਫਿਕੇਸ਼ਨ ਰਾਹੀਂ ਸਰਕਾਰੀ, ਏਡਿਡ, ਮਾਨਤਾ ਪ੍ਰਾਪਤ ਅਤੇ ਪ੍ਰਾਈਵੇਟ ਸਕੂਲਾਂ ਵਿਚ ਪ੍ਰੀ-ਪ੍ਰਾਇਮਰੀ ਤੋਂ ਪੰਜਵੀਂ ਜਮਾਤ ਤੱਕ 15 ਜਨਵਰੀ ਤੋਂ 21 ਜਨਵਰੀ ਤੱਕ ਛੁੱਟੀਆਂ ਕਰ ਦਿੱਤੀਆਂ ਹਨ। ਛੇਵੀਂ ਤੋਂ 12ਵੀਂ ਤੱਕ ਦੀਆਂ ਕਲਾਸਾਂ ਸਵੇਰ 10 ਤੋਂ ਦੁਪਹਿਰ 3 ਵਜੇ ਤੱਕ ਲੱਗਣਗੀਆਂ।

## ਫਸਲੀ ਰਹਿੰਦ-ਖੂੰਹਦ ਸਾੜਨ ਦੀਆਂ ਘਟਨਾਵਾਂ 50 ਫੀਸਦ ਘਟਾਉਣ ਦਾ ਟੀਚਾ



**ਚੰਡੀਗੜ੍ਹ:** ਪੰਜਾਬ ਦੇ ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਸੂਬਾ ਸਰਕਾਰ ਨੇ ਆਗਾਮੀ ਸੀਜ਼ਨ ਦੌਰਾਨ ਫਸਲੀ ਰਹਿੰਦ-ਖੂੰਹਦ ਨੂੰ ਸਾੜਨ ਦੀਆਂ ਘਟਨਾਵਾਂ 'ਚ 50 ਫੀਸਦ ਕਮੀ ਲਿਆਉਣ ਦਾ ਟੀਚਾ ਮਿਥਿਆ ਹੈ। ਇਹ ਪ੍ਰਗਟਾਵਾ ਖੇਤੀਬਾੜੀ ਮੰਤਰੀ ਨੇ ਚੰਡੀਗੜ੍ਹ ਦੇ ਮਗਸੀਪਾ ਵਿਚ ਪੰਜਾਬ ਰਿਮੋਟ ਸੈਂਸਿੰਗ ਸੈਂਟਰ (ਪੀ.ਆਰ.ਐੱਸ.ਸੀ.) ਲੁਧਿਆਣਾ ਵੱਲੋਂ 'ਐਗਰੋ-ਜੀਓਇਨਫੋਰਮੈਟਿਕਸ ਅਧੀਨ ਪਰਾਲੀ ਸਾੜਨ ਦੀ ਨਿਗਰਾਨੀ ਲਈ ਪੁਲਾੜ ਆਧਾਰਤ ਤਕਨਾਲੋਜੀ' ਵਿਸ਼ੇ ਉਤੇ ਕਰਵਾਈ ਸੂਬਾ ਪੱਧਰੀ ਵਰਕਸ਼ਾਪ-ਕਮ-ਟਰੇਨਿੰਗ ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਕੀਤਾ।

ਉਨ੍ਹਾਂ ਕਿਹਾ ਕਿ ਪ੍ਰਦੂਸ਼ਣ ਲਈ ਸਿਰਫ ਕਿਸਾਨਾਂ ਨੂੰ ਜ਼ਿੰਮੇਵਾਰ ਠਹਿਰਾਉਣ ਨਾਲ ਜ਼ਮੀਨੀ ਪੱਧਰ 'ਤੇ ਕੁਝ ਨਹੀਂ ਬਦਲੇਗਾ, ਕਿਸਾਨ ਵੀ ਵਧ ਰਹੇ ਪ੍ਰਦੂਸ਼ਣ ਦੇ ਸ਼ਿਕਾਰ ਹੋ ਰਹੇ ਹਨ। ਇਸ ਲਈ ਸਾਰਿਆਂ ਨੂੰ ਇਕੱਠੇ ਹੋ ਕੇ ਆਉਣ ਵਾਲੀਆਂ ਪੀੜ੍ਹੀਆਂ ਲਈ ਵਾਤਾਵਰਨ ਨੂੰ ਬਚਾਉਣ ਵਾਸਤੇ ਕੋਈ ਢੁਕਵਾਂ ਹੱਲ ਕੱਢਣਾ ਚਾਹੀਦਾ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਫਸਲਾਂ ਦੀ ਰਹਿੰਦ-ਖੂੰਹਦ ਨਾਲ ਨਜਿੱਠਣ ਲਈ ਕਿਸਾਨਾਂ ਨੂੰ ਸਬਸਿਡੀ 'ਤੇ ਲਗਭਗ 23,000 ਫਸਲੀ ਰਹਿੰਦ-ਖੂੰਹਦ ਪ੍ਰਬੰਧਨ (ਸੀ.ਆਰ.ਐੱਮ.) ਮਸ਼ੀਨਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਸਰਕਾਰ ਦੇ ਯਤਨਾਂ ਸਦਕਾ ਪਰਾਲੀ ਸਾੜਨ ਦੀਆਂ ਘਟਨਾਵਾਂ ਸਾਲ 2022 ਦੇ 49,922 ਤੋਂ ਘਟ ਕੇ 2023 ਵਿਚ 36,623 ਰਹਿ ਗਈਆਂ, ਜੋ 26 ਫ਼ੀਸਦ ਸਕਾਰਾਤਮਕ ਬਦਲਾਅ ਦੀ ਸਪੱਸ਼ਟ ਗਵਾਹੀ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਸਬਸਿਡੀ ਦੀ ਸਹੂਲਤ ਕੇਂਦਰ ਸਰਕਾਰ ਦੇ 100 ਫ਼ੀਸਦ ਯੋਗਦਾਨ ਅਧੀਨ ਚੱਲ ਰਹੀ ਸੀ ਪਰ ਮੌਜੂਦਾ ਸਮੇਂ ਇਹ 60 ਫ਼ੀਸਦ ਕੇਂਦਰ ਤੇ 40 ਫ਼ੀਸਦ ਸੂਬੇ ਦੀ ਹਿੱਸੇਦਾਰੀ ਵਜੋਂ ਚਲਾਈ ਜਾ ਰਹੀ ਹੈ।

ਇਸ ਦੌਰਾਨ ਵਿਸ਼ੇਸ਼ ਮੁੱਖ ਸਕੱਤਰ (ਵਿਕਾਸ) ਸ੍ਰੀ ਕੇ.ਏ.ਪੀ. ਸਿਨਹਾ ਨੇ ਕਿਹਾ ਕਿ ਸੂਬਾ ਸਰਕਾਰ ਫਸਲੀ ਰਹਿੰਦ-ਖੂੰਹਦ ਨੂੰ ਸਾੜਨ ਦੀਆਂ ਘਟਨਾਵਾਂ ਨੂੰ ਕਾਬੂ ਕਰਨ ਲਈ ਇਸ ਸਾਲ ਫਸਲੀ ਰਹਿੰਦ-ਖੂੰਹਦ ਪ੍ਰਬੰਧਨ ਮੁਹਿੰਮ ਸ਼ੁਰੂ ਕਰਨ ਉਤੇ ਵਿਚਾਰ ਕਰ ਰਹੀ ਹੈ। ਇਸ ਨਾਲ ਸਰਕਾਰ ਵੱਲੋਂ ਧਰਤੀ ਹੇਠਲੇ ਪਾਣੀ ਦੀ ਕਮੀ ਦੀ ਸਮੱਸਿਆ ਨੂੰ ਹੱਲ ਕਰਨ ਲਈ ਦੋ ਫਸਲਾਂ (ਕਣਕ-ਝੋਨੇ) ਦੇ ਚੱਕਰ ਤੋਂ ਦੂਰ ਕਰਨ ਲਈ ਕਿਸਾਨਾਂ ਨੂੰ ਫ਼ਸਲੀ ਵਿਭਿੰਨਤਾ ਅਪਣਾਉਣ ਵਾਸਤੇ ਉਤਸ਼ਾਹਿਤ ਕੀਤਾ ਜਾ ਰਿਹਾ ਹੈ।

### ਪਿੰਡਾਂ ਵਿਚ ਨਲ ਜਲ ਮਿੱਤਰ ਪ੍ਰੋਗਰਾਮ ਜਲਦੀ: ਜਿੰਪਾ



**ਚੰਡੀਗੜ੍ਹ:** ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ ਬ੍ਰਮਸ਼ੰਕਰ ਜਿੰਪਾ ਨੇ ਆਖਿਆ ਹੈ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸਾਰੇ ਪਿੰਡਾਂ ਵਿਚ ਜਲਦ ਹੀ 'ਨਲ ਜਲ ਮਿੱਤਰ ਪ੍ਰੋਗਰਾਮ' ਸ਼ੁਰੂ ਕੀਤਾ ਜਾ ਰਿਹਾ ਹੈ। ਇਸ ਪ੍ਰੋਗਰਾਮ ਤਹਿਤ ਪਿੰਡਾਂ ਦੇ ਲੋਕਾਂ ਨੂੰ ਮਲਟੀਸਕਿੱਲ ਕੋਰਸ ਕਰਵਾਇਆ ਜਾਵੇਗਾ, ਜਿਸ ਦਾ ਮੁੱਖ ਉਦੇਸ਼ ਪਿੰਡਾਂ ਦੇ ਵਸਨੀਕਾਂ ਨੂੰ ਹੁਨਰ ਆਧਾਰਿਤ ਸਿਖਲਾਈ ਦੇਣਾ ਹੈ ਤਾਂ ਜੋ ਉਹ ਜਲ ਸਪਲਾਈ ਸਕੀਮਾਂ ਨੂੰ ਬਿਹਤਰ ਢੰਗ ਨਾਲ ਚਲਾ ਸਕਣ। ਕੋਰਸ ਕਰਨ ਵਾਲਾ ਵਿਅਕਤੀ ਛੋਟੀ-ਮੋਟੀ ਮੁਰੰਮਤ ਤੇ ਸਾਂਭ ਸੰਭਾਲ ਕਰਨ ਦੇ ਯੋਗ ਬਣੇਗਾ ਤੇ ਉਸ ਨੂੰ ਪਿੰਡ ਪੱਧਰ 'ਤੇ ਹੀ ਰੁਜ਼ਗਾਰ ਮਿਲਣ ਦੀਆਂ ਸੰਭਾਵਨਾਵਾਂ ਵੀ ਪੈਦਾ ਹੋਣਗੀਆਂ। ਕੈਬਨਿਟ ਮੰਤਰੀਆਂ ਨੇ ਕਿਹਾ ਕਿ ਇਹ ਕੋਰਸ 510 ਘੰਟਿਆਂ ਦੀ ਮਿਆਦ ਦਾ ਹੈ।

# ਬਿਜਲੀ ਸਮਝੌਤੇ: ਤਤਕਾਲੀ ਸਿਆਸਤਦਾਨ ਵਿਜੀਲੈਂਸ ਦੇ ਨਿਸ਼ਾਨੇ ਉਤੇ

**ਚੰਡੀਗੜ੍ਹ:** ਵਿਜੀਲੈਂਸ ਬਿਊਰੋ ਪੰਜਾਬ ਨੇ ਤਾਪ ਬਿਜਲੀ ਘਰਾਂ ਅਤੇ ਸੂਰਜੀ ਊਰਜਾ ਦੇ 'ਬਿਜਲੀ ਖਰੀਦ ਸਮਝੌਤਿਆਂ' ਦੀ ਪੜਤਾਲ ਸ਼ੁਰੂ ਕਰ ਦਿੱਤੀ ਹੈ। ਪਾਵਰਕੌਮ ਨੇ ਬਿਜਲੀ ਖਰੀਦ ਸਮਝੌਤਿਆਂ ਨਾਲ ਸਬੰਧਤ ਸਾਰਾ ਰਿਕਾਰਡ ਵਿਜੀਲੈਂਸ ਨੂੰ ਸੌਂਪ ਦਿੱਤਾ ਹੈ।



ਜਾਣਕਾਰੀ ਮੁਤਾਬਕ ਵਿਜੀਲੈਂਸ ਨੇ ਮਾਮਲੇ ਦੇ ਤਕਨੀਕੀ ਪੱਖਾਂ ਨੂੰ ਸਮਝਣ ਲਈ ਬਿਜਲੀ ਮਾਹਿਰਾਂ ਦਾ ਸਹਿਯੋਗ ਲੈਣਾ ਸ਼ੁਰੂ ਕੀਤਾ ਹੈ। ਅਕਾਲੀ-ਭਾਜਪਾ ਗੱਠਜੋੜ ਸਰਕਾਰ ਸਮੇਂ ਸਾਲ 2007-17 ਦੌਰਾਨ ਤਾਪ ਬਿਜਲੀ ਘਰਾਂ ਨਾਲ ਹੋਏ ਬਿਜਲੀ ਖਰੀਦ ਸਮਝੌਤਿਆਂ ਨੂੰ ਲੈ ਕੇ ਤਤਕਾਲੀ ਸਿਆਸਤਦਾਨ ਵੀ ਹੁਣ ਵਿਜੀਲੈਂਸ ਦੇ ਨਿਸ਼ਾਨੇ ਉਤੇ ਆ ਗਏ ਹਨ। ਚੇਤੇ ਰਹੇ ਕਿ ਚੰਨੀ ਹਕੂਮਤ ਨੇ ਵੀ 11 ਨਵੰਬਰ, 2021 ਨੂੰ ਇਨ੍ਹਾਂ ਸਮਝੌਤਿਆਂ ਦੀ ਜਾਂਚ ਮੁੱਖ ਵਿਜੀਲੈਂਸ ਕਮਿਸ਼ਨਰ ਜਸਟਿਸ (ਰਿਟਾਇਰਡ) ਮਹਿਤਾਬ ਸਿੰਘ ਗਿੱਲ ਤੋਂ ਕਰਾਉਣ ਦਾ ਐਲਾਨ ਕੀਤਾ ਸੀ ਅਤੇ ਉਨ੍ਹਾਂ 3 ਦਸੰਬਰ, 2021 ਨੂੰ ਇਨ੍ਹਾਂ ਸਮਝੌਤਿਆਂ ਨਾਲ ਸਬੰਧਤ ਰਿਕਾਰਡ ਤਲਬ ਕੀਤਾ ਸੀ। ਇਹ ਜਾਂਚ ਕਿਸੇ ਤਣ-ਪੱਤਣ ਨਹੀਂ ਲੱਗੀ ਸੀ। ਹੁਣ ਵਿਜੀਲੈਂਸ ਬਿਊਰੋ ਜਸਟਿਸ ਗਿੱਲ ਵੱਲੋਂ ਕੀਤੀ ਜਾਂਚ ਦੇ ਤੱਥ ਵੀ ਵੇਖੇਗੀ। ਗੋਇੰਦਵਾਲ ਥਰਮਲ ਪਲਾਂਟ ਪਾਵਰਕੌਮ ਵੱਲੋਂ ਖ਼ਰੀਦੇ ਜਾਣ ਕਰਕੇ ਇਹ ਥਰਮਲ ਜਾਂਚ ਦੇ ਘੇਰੇ ਤੋਂ ਬਾਹਰ ਹੋ ਗਿਆ ਹੈ।

ਵਿਜੀਲੈਂਸ ਹੁਣ ਸਿਰਫ 1980 ਮੈਗਾਵਾਟ ਦੇ ਤਲਵੰਡੀ ਸਾਬੋ ਥਰਮਲ ਪਲਾਂਟ ਅਤੇ 1400 ਮੈਗਾਵਾਟ ਦੇ ਰਾਜਪੁਰਾ ਥਰਮਲ ਨਾਲ ਹੋਏ ਬਿਜਲੀ ਖ਼ਰੀਦ ਸਮਝੌਤਿਆਂ ਦੀ ਜਾਂਚ ਕਰੇਗੀ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੋਲਰ ਊਰਜਾ ਦੇ ਹੋਏ ਸਮਝੌਤਿਆਂ ਉਤੇ ਵੀ ਉਂਗਲ ਧਰੀ ਸੀ। ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਗੱਠਜੋੜ ਸਰਕਾਰ ਸਮੇਂ ਹੋਏ ਸੂਰਜੀ ਊਰਜਾ ਦੇ ਸੈਂਕੜੇ ਸਮਝੌਤਿਆਂ 'ਚੋਂ ਸਿਰਫ 17 ਸਮਝੌਤਿਆਂ ਨੂੰ ਹੀ ਜਾਇਜ਼ ਦੱਸਿਆ ਸੀ ਅਤੇ ਊਰਜਾ ਸਮਝੌਤਿਆਂ ਉਤੇ ਸ਼ੱਕ ਜ਼ਾਹਿਰ ਕੀਤਾ ਸੀ। ਪਤਾ ਲੱਗਾ ਹੈ ਕਿ ਵਿਜੀਲੈਂਸ ਹੁਣ ਸੂਰਜੀ ਊਰਜਾ ਦੇ ਹੋਏ ਸਮਝੌਤਿਆਂ ਦੀ ਪੜਤਾਲ ਵੀ ਕਰ ਰਹੀ ਹੈ। ਸੋਲਰ ਊਰਜਾ ਦੇ ਕਈ ਪ੍ਰੋਜੈਕਟ ਸਿਆਸਤਦਾਨਾਂ ਅਤੇ ਉੱਚ ਅਫਸਰਾਂ ਦੇ ਵੀ ਹਨ ਜਿਨ੍ਹਾਂ ਨੂੰ ਜਾਂਚ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਅਕਾਲੀ-ਭਾਜਪਾ ਗੱਠਜੋੜ ਸਰਕਾਰ ਦੌਰਾਨ ਸੂਰਜੀ ਊਰਜਾ ਦੇ ਪੰਜਾਬ ਅੰਦਰ ਕੁੱਲ 884 ਮੈਗਾਵਾਟ ਦੇ 91 ਸੋਲਰ ਪਾਵਰ ਪ੍ਰੋਜੈਕਟਾਂ ਦੇ ਬਿਜਲੀ ਖ਼ਰੀਦ ਸਮਝੌਤੇ ਹੋਏ ਸਨ ਜਿਨ੍ਹਾਂ ਦੀ ਬਿਜਲੀ ਦਰ 3.01 ਰੁਪਏ ਤੋਂ ਲੈ ਕੇ 8.74 ਰੁਪਏ ਪ੍ਰਤੀ ਯੂਨਿਟ ਦਰਮਿਆਨ ਸੀ। ਕਾਂਗਰਸੀ ਹਕੂਮਤ ਦੌਰਾਨ 2020-21 ਦੌਰਾਨ ਚਾਰ ਬਿਜਲੀ ਸਮਝੌਤੇ 767 ਮੈਗਾਵਾਟ ਦੇ ਹੋਏ ਸਨ ਜਿਨ੍ਹਾਂ ਦੀ ਬਿਜਲੀ ਦਰ 2.63 ਰੁਪਏ ਤੋਂ 4.50 ਰੁਪਏ ਪ੍ਰਤੀ ਯੂਨਿਟ ਦਰਮਿਆਨ ਰਹੀ। ਗੱਠਜੋੜ ਸਰਕਾਰ ਸਮੇਂ ਹੋਏ ਤਿੰਨ ਕੰਪਨੀਆਂ ਨਾਲ ਸੂਰਜੀ ਊਰਜਾ ਖ਼ਰੀਦਣ ਲਈ ਪ੍ਰਤੀ ਯੂਨਿਟ 17.91 ਰੁਪਏ ਦੇ ਹਿਸਾਬ ਨਾਲ ਸਮਝੌਤੇ ਹੋਏ ਸਨ ਜਦੋਂ ਕਿ ਇਕ ਕੰਪਨੀ ਨਾਲ 14.91 ਰੁਪਏ ਪ੍ਰਤੀ ਯੂਨਿਟ ਬਿਜਲੀ ਖ਼ਰੀਦ ਦਾ ਸੌਦਾ ਹੋਇਆ ਸੀ। ਇਸ ਤੋਂ ਇਲਾਵਾ ਗੱਠਜੋੜ ਸਰਕਾਰ ਸਮੇਂ 22 ਸੂਰਜੀ ਊਰਜਾ ਪ੍ਰੋਜੈਕਟਾਂ ਨਾਲ ਬਿਜਲੀ ਖ਼ਰੀਦ ਸਮਝੌਤੇ ਅੱਠ ਰੁਪਏ ਜਾਂ ਉਸ ਤੋਂ ਜ਼ਿਆਦਾ ਰਾਸ਼ੀ ਦੇ ਹਿਸਾਬ ਨਾਲ ਹੋਏ ਹਨ ਜਦੋਂ ਕਿ 35 ਪ੍ਰਾਜੈਕਟਾਂ ਨਾਲ 7 ਤੋਂ 8 ਰੁਪਏ ਪ੍ਰਤੀ ਯੂਨਿਟ ਦੇ ਹਿਸਾਬ ਨਾਲ ਸਮਝੌਤੇ ਕੀਤੇ ਗਏ ਹਨ।

## ਸੋਲਰ ਊਰਜਾ ਦੇ ਸਮਝੌਤਿਆਂ ਵੱਲ ਵੀ ਉਂਗਲ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੋਲਰ ਊਰਜਾ ਦੇ ਹੋਏ ਸਮਝੌਤਿਆਂ ਉਤੇ ਵੀ ਉਂਗਲ ਧਰੀ ਸੀ। ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਗੱਠਜੋੜ ਸਰਕਾਰ ਸਮੇਂ ਹੋਏ ਸੂਰਜੀ ਊਰਜਾ ਦੇ ਸੈਂਕੜੇ ਸਮਝੌਤਿਆਂ 'ਚੋਂ ਸਿਰਫ 17 ਸਮਝੌਤਿਆਂ ਨੂੰ ਹੀ ਜਾਇਜ਼ ਦੱਸਿਆ ਸੀ ਅਤੇ ਊਰਜਾ ਸਮਝੌਤਿਆਂ ਉਤੇ ਸ਼ੱਕ ਜ਼ਾਹਿਰ ਕੀਤਾ ਸੀ। ਪਤਾ ਲੱਗਾ ਹੈ ਕਿ ਵਿਜੀਲੈਂਸ ਹੁਣ ਸੂਰਜੀ ਊਰਜਾ ਦੇ ਹੋਏ ਸਮਝੌਤਿਆਂ ਦੀ ਪੜਤਾਲ ਵੀ ਕਰ ਰਹੀ ਹੈ।

# ਸੁਖਬੀਰ ਵੱਲੋਂ ਭਗਵੰਤ ਖਿਲਾਫ ਮਾਣਹਾਨੀ ਦਾ ਕੇਸ ਦਾਇਰ

**ਸ੍ਰੀ ਮੁਕਤਸਰ ਸਾਹਿਬ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਖ਼ਿਲਾਫ਼ ਇੱਥੋਂ ਦੀ ਅਦਾਲਤ ਵਿਚ ਮਾਣਹਾਨੀ ਦਾ ਕੇਸ ਦਾਇਰ ਕਰਕੇ ਇਕ ਕਰੋੜ ਰੁਪਏ ਹਰਜਾਨੇ ਦੀ ਮੰਗ ਕੀਤੀ ਗਈ ਹੈ। ਅਦਾਲਤ ਨੂੰ ਦਿੱਤੀ ਅਰਜ਼ੀ ਵਿਚ ਉਨ੍ਹਾਂ ਭਗਵੰਤ ਮਾਨ ਉਤੇ ਬਾਦਲ ਪਰਿਵਾਰ ਅਤੇ ਸ਼੍ਰੋਮਣੀ ਅਕਾਲ ਦਲ ਦੀ ਇੱਜ਼ਤ ਉਤੇ ਧੱਬਾ ਲਾਉਣ ਦਾ ਦੋਸ਼ ਲਾਇਆ ਹ। ਅਦਾਲਤ ਨੇ ਮੁੱਖ ਮੰਤਰੀ ਨੂੰ 19 ਫਰਵਰੀ ਲਈ ਸੰਮਨ ਜਾਰੀ ਕਰ ਦਿੱਤੇ ਹਨ। ਸ੍ਰੀ ਬਾਦਲ ਨੇ ਕਿਹਾ ਕਿ ਭਗਵੰਤ ਮਾਨ ਮੁੱਖ ਮੰਤਰੀ ਬਣਨ ਤੋਂ ਪਹਿਲਾਂ ਤਾਂ ਬਾਦਲ ਪਰਿਵਾਰ ਖ਼ਿਲਾਫ਼ ਝੂਠ ਬੋਲਦੇ ਹੀ ਸਨ, ਹੁਣ ਮੁੱਖ ਮੰਤਰੀ ਬਣਨ ਮਗਰੋਂ ਅਜਿਹਾ ਕਰਨ ਤੋਂ ਨਹੀਂ ਹਟੇ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਨੇ ਉਨ੍ਹਾਂ ਦੇ ਹਰਿਆਣਾ ਸਥਿਤ ਬਾਲਾਸਰ ਫਾਰਮ ਨੂੰ ਜਾਂਦੀ ਕੱਸੀ ਬਾਰੇ ਝੂਠ ਬੋਲਿਆ ਕਿ ਇਹ ਅਕਾਲੀ ਦਲ ਸਰਕਾਰ ਦੇ ਰਾਜ ਵੇਲੇ ਕੱਢੀ ਗਈ ਹੈ ਅਤੇ ਇਹ ਕੱਸੀ ਬਾਦਲ ਪਰਿਵਾਰ ਦੇ ਖੇਤ ਤੱਕ ਜਾਂਦੀ ਹੈ। ਦੂਜਾ ਝੂਠ ਬਾਦਲ ਪਰਿਵਾਰ ਦੀ ਟਰਾਂਸਪੋਰਟ ਬਾਰੇ ਬੋਲਿਆ ਹੈ। ਇਸ ਵਿਚ ਕਿਹਾ ਗਿਆ ਹੈ ਕਿ ਸਾਰੇ ਪਰਮਿਟ 'ਐਕਸਟੈਂਡ' ਕਰਵਾ ਕੇ ਚੰਡੀਗੜ੍ਹ



ਦੇ ਕਰਵਾ ਲਏ ਹਨ। ਇਸ ਤਰ੍ਹਾਂ ਉਹ ਲਗਾਤਾਰ ਬਾਦਲ ਪਰਿਵਾਰ ਅਤੇ ਸ਼੍ਰੋਮਣੀ ਅਕਾਲੀ ਦਲ ਦਾ ਅਕਸ ਖ਼ਰਾਬ ਕਰ ਰਹੇ ਹਨ। ਇਸ ਲਈ ਉਨ੍ਹਾਂ ਅਦਾਲਤ ਵਿਚ ਮਾਣਹਾਨੀ ਦਾ ਕੇਸ ਦਾਇਰ ਕਰਕੇ ਇਕ ਕਰੋੜ ਰੁਪਏ ਹਰਜਾਨੇ ਅਤੇ ਕਾਰਵਾਈ ਦੀ ਮੰਗ ਕੀਤੀ ਹੈ। ਇਸ ਦੌਰਾਨ ਸੁਖਬੀਰ ਬਾਦਲ ਦੇ ਵਕੀਲ ਮਨਜਿੰਦਰ ਸਿੰਘ ਬਰਾੜ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਨੂੰ 17 ਨਵੰਬਰ ਨੂੰ ਰਜਿਸਟਰਡ ਡਾਕ ਰਾਹੀਂ ਕਾਨੂੰਨੀ ਨੋਟਿਸ ਭੇਜ ਕੇ ਬਿਨਾਂ ਸ਼ਰਤ ਮੁਆਫ਼ੀ ਦੀ ਮੰਗ ਕੀਤੀ ਗਈ ਸੀ। ਉਨ੍ਹਾਂ ਵੱਲੋਂ ਨਾ ਤਾਂ ਮੁਆਫੀ ਮੰਗੀ ਤੇ ਨਾ ਹੀ ਪੱਤਰ ਦਾ ਜਵਾਬ ਦਿੱਤਾ ਗਿਆ।

## ਬਾਦਲਾਂ ਖਿਲਾਫ ਸਬੂਤ ਅਦਾਲਤ 'ਚ ਪੇਸ਼ ਕਰਾਂਗਾ: ਭਗਵੰਤ ਮਾਨ

**ਸੰਗਰੂਰ:** ਮੁੱਖ ਮੰਤਰੀ ਭਗਵੰਤ ਮਾਨ ਨੇ ਸ਼੍ਰੋਮਣੀ ਅਕਾਲੀ ਦਲ ਦੇ ਨੇਤਾ ਸੁਖਬੀਰ ਸਿੰਘ ਬਾਦਲ ਵੱਲੋਂ ਦਾਇਰ ਮਾਣਹਾਨੀ ਦੇ ਮੁਕੱਦਮੇ ਦਾ ਸਵਾਗਤ ਕਰਦਿਆਂ ਕਿਹਾ ਕਿ ਇਸ ਨਾਲ ਉਨ੍ਹਾਂ ਨੂੰ ਬਾਦਲ ਪਰਿਵਾਰ ਦੇ ਪੰਜਾਬ ਵਿਰੋਧੀ ਪੈਂਤੜੇ ਅਤੇ ਕੰਮਾਂ ਦਾ ਪਰਦਾਫਾਸ਼ ਕਰਨ ਦਾ ਇਕ ਹੋਰ ਮੌਕਾ ਮਿਲੇਗਾ ਅਤੇ ਉਹ ਬਾਦਲਾਂ ਖ਼ਿਲਾਫ਼ ਸਬੂਤ ਅਦਾਲਤ ਵਿਚ ਪੇਸ਼ ਕਰਨਗੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਬਾਦਲਾਂ ਦੀਆਂ ਬੱਸਾਂ, ਹੋਟਲਾਂ ਅਤੇ ਹੋਰ ਵਧਾਏ ਕਾਰੋਬਾਰਾਂ ਦੇ ਦਸਤਾਵੇਜ਼ ਉਨ੍ਹਾਂ ਕੋਲ ਹਨ, ਜਿਸ ਬਾਰੇ ਉਹ ਲੋਕਾਂ ਨੂੰ ਵਿਸਥਾਰ ਨਾਲ ਦੱਸਣਗੇ।

# ਵਿਜੀਲੈਂਸ ਨੇ ਕਾਂਗਰਸੀ ਆਗੂ ਕਾਂਗੜ 'ਤੇ ਸ਼ਿਕੰਜਾ ਕੱਸਿਆ

**ਭਗਤਾ ਭਾਈ:** ਵਿਜੀਲੈਂਸ ਵਿਭਾਗ ਪੰਜਾਬ ਦੀ ਟੀਮ ਵੱਲੋਂ ਸੀਨੀਅਰ ਕਾਂਗਰਸੀ ਆਗੂ ਅਤੇ ਸਾਬਕਾ ਕੈਬਨਿਟ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਦੇ ਜੱਦੀ ਪਿੰਡ ਕਾਂਗੜ ਵਿਚ ਪਹੁੰਚ ਕੇ ਉਨ੍ਹਾਂ ਦੀ ਕੋਠੀ ਦੀ ਮਿਣਤੀ ਕੀਤੀ ਗਈ। ਇਥੇ ਜ਼ਿਕਰਯੋਗ ਹੈ ਕਿ ਕਾਂਗੜ ਨੂੰ ਪਿਛਲੇ ਕੁਝ ਸਮੇਂ ਤੋਂ ਆਪਣੀ ਆਮਦਨ ਤੋਂ ਕਥਿਤ ਵੱਧ ਜਾਇਦਾਦ ਬਣਾਉਣ ਦੇ ਮਾਮਲੇ ਵਿਚ ਵਿਜੀਲੈਂਸ ਵਿਭਾਗ ਦੀ ਜਾਂਚ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਪ੍ਰਾਪਤ ਜਾਣਕਾਰੀ ਮੁਤਾਬਕ ਵਿਜੀਲੈਂਸ ਵਿਭਾਗ ਦੇ ਡੀ.ਐਸ.ਪੀ. ਕੁਲਵੰਤ ਸਿੰਘ ਦੀ ਅਗਵਾਈ ਹੇਠ ਟੀਮ ਚੰਡੀਗੜ੍ਹ ਤੋਂ ਆਏ ਤਕਨੀਕੀ ਮਾਹਿਰਾਂ ਨੂੰ ਨਾਲ ਲੈ ਕੇ ਪਿੰਡ ਕਾਂਗੜ ਪਹੁੰਚੀ। ਇਸ ਟੀਮ ਨੇ ਘਰ ਦੀ ਮਿਣਤੀ ਕਰਨ ਤੋਂ ਇਲਾਵਾ ਇਥੇ ਪਏ ਹੋਰ ਸਾਮਾਨ ਤੇ ਗੱਡੀਆਂ ਆਦਿ ਦੇ ਵੇਰਵੇ ਵੀ ਇਕੱਤਰ ਕੀਤੇ। ਟੀਮ ਕਰੀਬ 4 ਘੰਟੇ ਕਾਂਗੜ ਦੇ ਘਰ ਰਹੀ। ਡੀ.ਐਸ.ਪੀ. ਕੁਲਵੰਤ ਸਿੰਘ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਵਿਜੀਲੈਂਸ ਵੱਲੋਂ ਸਾਬਕਾ ਮੰਤਰੀ ਕਾਂਗੜ ਦੀਆਂ




ਹੋਰ ਜਾਇਦਾਦਾਂ ਦੀ ਜਾਂਚ ਕੀਤੀ ਗਈ ਹੈ। ਇਸ ਤੋਂ ਇਲਾਵਾ ਉਨ੍ਹਾਂ ਨੂੰ ਕਈ ਵਾਰ ਪੁੱਛ-ਪੜਤਾਲ ਲਈ ਵਿਜੀਲੈਂਸ ਦਫ਼ਤਰ ਬਠਿੰਡਾ 'ਚ ਬੁਲਾਇਆ ਜਾ ਚੁੱਕਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਇਸ ਕਾਰਵਾਈ ਸਮੇਂ ਗੁਰਪ੍ਰੀਤ ਸਿੰਘ ਕਾਂਗੜ ਘਰ ਵਿਚ ਮੌਜੂਦ ਨਹੀਂ ਸਨ ਪਰ ਉਨ੍ਹਾਂ ਦਾ ਪੁੱਤਰ ਹਰਮਨਵੀਰ ਸਿੰਘ ਜੈਸੀ ਅਤੇ ਉਨ੍ਹਾਂ ਦਾ ਇਕ ਭਾਈਵਾਲ ਹਾਜ਼ਰ ਸੀ। ਦੂਜੇ ਪਾਸੇ ਗੁਰਪ੍ਰੀਤ ਸਿੰਘ ਕਾਂਗੜ ਨੇ ਕਿਹਾ ਹੈ ਕਿ ਪੰਜਾਬ ਦੀ ਮੌਜੂਦਾ 'ਆਪ' ਸਰਕਾਰ ਵੱਲੋਂ ਇਹ ਕਾਰਵਾਈ ਸਿਆਸੀ ਬਦਲਾਖੋਰੀ ਤਹਿਤ ਕਰ ਕੇ ਉਨ੍ਹਾਂ ਨੂੰ ਬੇਵਜ੍ਹਾ ਪਰੇਸ਼ਾਨ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਉਹ ਵਿਜੀਲੈਂਸ ਵਿਭਾਗ ਨੂੰ ਇਸ ਜਾਂਚ ਵਿਚ ਪੂਰਾ ਸਹਿਯੋਗ ਦੇ ਰਹੇ ਹਨ ਤੇ ਅੱਗੇ ਤੋਂ ਵੀ ਸਹਿਯੋਗ ਦੇਣ ਲਈ ਤਿਆਰ ਹਨ।

# ਠੱਗੀ ਦੇ ਦੋਸ਼ ਹੇਠ ਕੈਨੇਡਾ ਤੋਂ ਪਰਤੀ ਨੂੰਹ ਹਵਾਈ ਅੱਡੇ 'ਤੇ ਗ੍ਰਿਫਤਾਰ

**ਰਾਏਕੋਟ:** ਥਾਣਾ ਸਦਰ ਰਾਏਕੋਟ ਪੁਲਿਸ ਨੇ ਸਹੁਰਾ ਪਰਿਵਾਰ ਨਾਲ ਠੱਗੀ ਮਾਰਨ ਦੇ ਦੋਸ਼ ਹੇਠ ਕੈਨੇਡਾ ਤੋਂ ਪਰਤੀ ਜੈਸਵੀਨ ਕੌਰ ਨੂੰ ਦਿੱਲੀ ਕੌਮਾਂਤਰੀ ਹਵਾਈ ਅੱਡੇ ਉਤੇ ਉਤਰਨ ਮਗਰੋਂ ਗ੍ਰਿਫ਼ਤਾਰ ਕਰ ਲਿਆ।

ਰਾਏਕੋਟ ਦੇ ਉਪ ਪੁਲਿਸ ਕਪਤਾਨ ਰਛਪਾਲ ਸਿੰਘ ਢੀਂਡਸਾ ਨੇ ਦੱਸਿਆ ਕਿ ਜੈਸਵੀਨ ਖ਼ਿਲਾਫ਼ 28 ਲੱਖ ਰੁਪਏ ਦੀ ਠੱਗੀ ਦਾ ਕੇਸ ਜੁਲਾਈ 2021 ਵਿਚ ਮਹੇਰਨਾ ਕਲਾਂ ਵਾਸੀ ਜਗਰੂਪ ਸਿੰਘ ਪੁੱਤਰ ਅਮਰੀਕ ਸਿੰਘ ਦੀ ਸ਼ਿਕਾਇਤ ਉਤੇ ਦਰਜ ਕੀਤਾ ਗਿਆ ਸੀ। ਹਾਲਾਂਕਿ ਜੈਸਵੀਨ ਵੱਲੋਂ ਵੀ ਆਪਣੇ ਪਤੀ ਤੇ ਸਹੁਰਾ ਪਰਿਵਾਰ ਖ਼ਿਲਾਫ਼ ਦਾਜ ਲਈ ਪਰੇਸ਼ਾਨ ਕਰਨ ਦਾ ਦੋਸ਼ ਲਾਉਂਦਿਆਂ ਸ਼ਿਕਾਇਤ ਦਿੱਤੀ ਸੀ ਪਰ ਸਥਾਨਕ ਤਤਕਾਲੀ ਡੀ.ਐਸ.ਪੀ. ਸੁਖਨਾਜ਼ ਸਿੰਘ ਨੇ ਇਸ ਸ਼ਿਕਾਇਤ ਨੂੰ ਖਾਰਜ




ਕਰਦਿਆਂ ਧੋਖਾਧੜੀ ਦੇ ਮਾਮਲੇ ਵਿਚ ਕੇਸ ਦਰਜ ਕਰਨ ਦੀ ਸਿਫ਼ਾਰਸ਼ ਕੀਤੀ ਸੀ। ਇਸ ਮਗਰੋਂ ਜ਼ਿਲ੍ਹਾ ਪੁਲਿਸ ਮੁਖੀ ਦੇ ਆਦੇਸ਼ ਉਤੇ ਥਾਣਾ ਸਦਰ ਰਾਏਕੋਟ ਪੁਲਿਸ ਨੇ ਕੇਸ ਦਰਜ ਕਰਕੇ ਜੈਸਵੀਨ ਖ਼ਿਲਾਫ਼ ਲੁਕਆਊਟ ਨੋਟਿਸ ਜਾਰੀ ਕੀਤਾ ਸੀ ਜਿਸ ਦੇ ਆਧਾਰ 'ਤੇ ਉਸ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਜੈਸਵੀਨ ਕੌਰ 4 ਨਵੰਬਰ 2015 ਨੂੰ ਜਗਰੂਪ ਸਿੰਘ ਨਾਲ ਵਿਆਹ ਕਰਵਾ ਕੇ 12 ਦਸੰਬਰ 2015 ਨੂੰ ਪੜ੍ਹਾਈ ਲਈ ਕੈਨੇਡਾ ਗਈ ਸੀ, ਜਿਸ ਦਾ ਸਾਰਾ ਖਰਚਾ ਜਗਰੂਪ ਦੇ ਪਰਿਵਾਰ ਨੇ ਕੀਤਾ ਸੀ। ਕੈਨੇਡਾ ਪੁੱਜ ਕੇ ਜੈਸਵੀਨ ਨੇ ਜਗਰੂਪ ਨੂੰ ਕੈਨੇਡਾ ਬੁਲਾਉਣ ਲਈ ਵੀਜ਼ਾ ਵਾਸਤੇ ਅਰਜ਼ੀ ਨਹੀਂ ਲਾਈ ਤੇ ਜਦੋਂ ਜ਼ੋਰ ਪਾਉਣ ਉਤੇ ਛੇ ਸਾਲਾਂ ਬਾਅਦ ਫਾਈਲ ਲਗਾਈ ਤਾਂ ਦਸਤਾਵੇਜ਼ ਪੂਰੇ ਨਾ ਹੋਣ ਕਾਰਨ ਵੀਜ਼ਾ ਨਹੀਂ ਮਿਲਿਆ। ਇਸ ਮਗਰੋਂ ਜੈਸਵੀਨ ਨੇ ਜਗਰੂਪ ਨਾਲ ਵਿਆਹ ਜਾਰੀ ਰੱਖਣ ਤੋਂ ਇਨਕਾਰ ਕਰ ਦਿੱਤਾ ਸੀ।

# ਲੱਖਾ ਸਿਧਾਣਾ ਵੱਲੋਂ 'ਪੰਜਾਬ ਤੇ ਪੰਜਾਬੀਅਤ ਬਚਾਓ' ਯਾਤਰਾ ਦੀ ਸ਼ੁਰੂਆਤ

**ਤਲਵੰਡੀ ਸਾਬੋ:** ਪੰਜਾਬੀ ਮਾਂ ਬੋਲੀ ਸਤਿਕਾਰ ਜਥੇਬੰਦੀ ਦੇ ਬੈਨਰ ਹੇਠ ਨੌਜਵਾਨ ਸਮਾਜ ਸੇਵੀ ਲਖਵੀਰ ਸਿੰਘ ਲੱਖਾ ਸਿਧਾਣਾ ਨੇ ਮਾਘੀ ਮੇਲੇ ਮੌਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਅਰਦਾਸ ਕਰ ਕੇ ਪੰਜਾਬ ਅਤੇ ਪੰਜਾਬੀਅਤ ਬਚਾਓ ਯਾਤਰਾ ਦੀ ਸ਼ੁਰੂਆਤ ਕੀਤੀ। ਯਾਤਰਾ ਦੇ ਰਵਾਨਾ ਹੋਣ ਤੋਂ ਪਹਿਲਾਂ ਲੱਖਾ ਸਿਧਾਣਾ ਨੇ ਕਿਹਾ ਕਿ ਪੰਜਾਬ ਦੀ ਕਿਸੇ ਵੀ ਸਿਆਸੀ ਧਿਰ ਭਾਵੇਂ ਉਹ ਅਕਾਲੀ ਦਲ ਹੋਵੇ, ਕਾਂਗਰਸ ਜਾਂ ਫਿਰ ਲੋਕਾਂ ਨੂੰ ਸੁਪਨੇ ਦਿਖਾ ਕੇ ਸੱਤਾ 'ਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਹੋਵੇ, ਕਿਸੇ ਨੇ ਵੀ ਪੰਜਾਬ ਦੇ ਅਸਲੀ ਮੁੱਦਿਆਂ ਨੂੰ ਹੱਲ ਕਰਨ ਵੱਲ ਧਿਆਨ ਹੀ ਨਹੀਂ ਦਿੱਤਾ। ਇਸ ਕਰ ਕੇ ਪੰਜਾਬ ਅੱਜ ਵੱਡੀ ਤ੍ਰਾਸਦੀ 'ਚੋਂ ਲੰਘ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਕੋਲ ਸਿੰਜਾਈ ਲਈ ਲੋੜੀਂਦਾ ਪਾਣੀ ਤੱਕ ਨਹੀਂ, ਧਰਤੀ ਹੇਠਲਾ ਪਾਣੀ ਲਗਾਤਾਰ ਹੇਠਾਂ ਜਾ ਰਿਹਾ ਹੈ, ਪੰਜਾਬ ਦੀ ਨੌਜਵਾਨੀ ਜਾਂ ਤਾਂ ਨਸ਼ਿਆਂ ਦਾ ਸ਼ਿਕਾਰ ਹੋ ਰਹੀ ਹੈ ਜਾਂ ਫਿਰ ਉਨ੍ਹਾਂ ਦਾ ਵਿਦੇਸ਼ਾਂ ਵੱਲ ਪਰਵਾਸ ਤੇਜ਼ੀ ਨਾਲ ਵਧ



ਰਿਹਾ ਹੈ। ਦੂਜੇ ਪਾਸੇ ਕੋਈ ਵੀ ਸਿਆਸੀ ਧਿਰ ਪਾਣੀ ਤੇ ਨਸ਼ਿਆਂ ਦੇ ਮੁੱਦੇ ਅਤੇ ਨੌਜਵਾਨਾਂ ਦੇ ਪਰਵਾਸ ਨੂੰ ਰੋਕਣ ਲਈ ਸੰਜੀਦਾ ਨਹੀਂ, ਜੋ ਕਿ ਵੱਡੀ ਚਿੰਤਾ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਇਸ ਯਾਤਰਾ ਰਾਹੀਂ ਅਸੀਂ ਸੂਬੇ ਦੇ ਪਿੰਡਾਂ ਦੀਆਂ ਸੱਥਾਂ ਜਾਂ ਜਨਤਕ ਤੌਰ 'ਤੇ ਲੋਕਾਂ ਵਿਚ ਵਿਚਰ ਕੇ ਪੰਜਾਬ ਦੇ ਅਸਲ ਮੁੱਦਿਆਂ ਉਤੇ ਸੰਵਾਦ ਰਚਾ ਕੇ ਲੋਕਾਂ ਨਾਲ ਮਸ਼ਵਰਾ ਕਰਾਂਗੇ ਕਿ ਇਨ੍ਹਾਂ ਗੰਭੀਰ ਮਸਲਿਆਂ ਦਾ ਹੱਲ ਕਿਸ ਤਰ੍ਹਾਂ ਹੋ ਸਕਦਾ ਹੈ।

## ਰਾਮ ਮੰਦਰ ਸਮਾਗਮ ਨੂੰ ਸਿਆਸਤ ਤੋਂ ਪ੍ਰੇਰਿਤ ਦੱਸਿਆ

**ਅੰਮ੍ਰਿਤਸਰ:** ਰਾਮ ਮੰਦਰ ਦੇ ਸਥਾਪਨਾ ਸਮਾਗਮ ਵਿਚ ਸ਼ਾਮਲ ਹੋਣ ਲਈ ਪੰਜ ਤਖ਼ਤਾਂ ਦੇ ਜਥੇਦਾਰਾਂ ਅਤੇ ਹੋਰ ਸਿੱਖ ਆਗੂਆਂ ਨੂੰ ਦਿੱਤੇ ਗਏ ਸੱਦਾ ਪੱਤਰ ਬਾਰੇ ਗੱਲ ਕਰਦਿਆਂ ਹਵਾਰਾ ਕਮੇਟੀ ਨੇ ਆਖਿਆ ਕਿ ਇਹ ਇਕ ਸਿਆਸੀ ਸਮਾਗਮ ਹੈ, ਜੋ ਲੋਕ ਸਭਾ ਚੋਣਾਂ ਨੂੰ ਧਿਆਨ ਵਿਚ ਰੱਖ ਕੇ ਕਰਵਾਇਆ ਜਾ ਰਿਹਾ ਹੈ। ਇਸ ਲਈ ਜਥੇਦਾਰਾਂ ਨੂੰ ਇਸ ਸਮਾਗਮ ਵਿਚ ਸ਼ਾਮਲ ਨਹੀਂ ਹੋਣਾ ਚਾਹੀਦਾ। ਦੂਜੇ ਪਾਸੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਇਸ ਮਾਮਲੇ ਵਿਚ ਕੋਈ ਵੀ ਵਿਅਕਤੀ ਅਕਾਲ ਤਖ਼ਤ ਦੇ ਹਵਾਲੇ ਨਾਲ ਗੁੰਮਰਾਹਕੁਨ ਪ੍ਰਚਾਰ ਨਾ ਕਰੇ। ਹਵਾਰਾ ਕਮੇਟੀ ਦੇ ਆਗੂ ਪ੍ਰੋਫੈਸਰ ਬਲਜਿੰਦਰ ਸਿੰਘ, ਐਡਵੋਕੇਟ ਅਮਰ ਸਿੰਘ ਚਾਹਲ, ਬਾਪੂ ਗੁਰਚਰਨ ਸਿੰਘ, ਬਲਦੇਵ ਸਿੰਘ ਨਵਾਂ ਪਿੰਡ, ਮਹਾਂਵੀਰ ਸਿੰਘ ਸੁਲਤਾਨਵਿੰਡ ਆਦਿ ਨੇ ਆਖਿਆ ਕਿ ਅਯੁੱਧਿਆ ਵਿਚ ਬਣੇ ਰਾਮ ਮੰਦਰ 'ਚ 22 ਜਨਵਰੀ ਨੂੰ ਮੂਰਤੀ ਸਥਾਪਨਾ ਪ੍ਰੋਗਰਾਮ ਕੀਤਾ ਜਾ ਰਿਹਾ ਹੈ। ਇਹ ਸਮਾਗਮ ਦੀ ਕਮਾਂਡ ਆਰ.ਐਸ.ਐਸ. ਅਤੇ ਭਾਜਪਾ ਦੇ ਹੱਥਾਂ ਵਿਚ ਹੈ, ਜਿਨ੍ਹਾਂ ਦਾ ਮੁੱਖ ਮੰਤਵ ਆ ਰਹੀਆਂ ਲੋਕ ਸਭਾ ਚੋਣਾਂ ਦੌਰਾਨ ਵੋਟਾਂ ਦਾ ਧਰੁਵੀਕਰਨ ਕਰਨਾ ਹੈ। ਉਨ੍ਹਾਂ ਕਿਹਾ ਕਿ ਸਿਆਸੀ ਸਮਾਗਮ ਹੋਣ ਕਾਰਨ ਤਖ਼ਤਾਂ ਦੇ ਜਥੇਦਾਰਾਂ ਨੂੰ ਵੀ ਪੰਥਕ ਹਿੱਤਾਂ ਦੀ ਰਾਖੀ ਕਰਦੇ ਹੋਏ ਇਸ ਉਦਘਾਟਨ ਸਮਾਗਮ ਵਿਚ ਸ਼ਾਮਲ ਨਹੀਂ ਹੋਣਾ ਚਾਹੀਦਾ।

# ਮਿੱਟੀ ਦੇ ਭਾਅ ਵਿਕ ਰਿਹਾ ਹੈ ਕਿਸਾਨਾਂ ਦਾ ਚਿੱਟਾ ਸੋਨਾ

**ਚੰਡੀਗੜ੍ਹ:** ਨਰਮਾ ਪੱਟੀ ਵਿਚ ਕਿਸਾਨਾਂ ਦੀ ਨਰਮੇ ਦੀ ਫਸਲ ਮਿੱਟੀ ਦੇ ਭਾਅ ਵਿਕ ਰਹੀ ਹੈ ਅਤੇ ਕਿਸਾਨ ਸਰਕਾਰੀ ਕੀਮਤ ਤੋਂ ਹੇਠਾਂ ਫ਼ਸਲ ਵੇਚਣ ਲਈ ਮਜਬੂਰ ਹਨ। ਕਿਸਾਨਾਂ ਦੀ ਬਾਂਹ ਨਾ ਕੇਂਦਰ ਫੜ ਰਿਹਾ ਹੈ ਅਤੇ ਨਾ ਹੀ ਪੰਜਾਬ ਸਰਕਾਰ ਨੇ ਕਿਸਾਨਾਂ ਦੀ ਸਾਰ ਲਈ ਹੈ। ਕਿਸਾਨਾਂ ਨੂੰ ਪ੍ਰਾਈਵੇਟ ਵਪਾਰੀਆਂ ਦੇ ਰਹਿਮੋ ਕਰਮ 'ਤੇ ਛੱਡ ਦਿੱਤਾ ਗਿਆ ਹੈ। ਪੰਜਾਬ ਮੰਡੀ ਬੋਰਡ ਦੇ ਅੰਕੜਿਆਂ ਅਨੁਸਾਰ ਹੁਣ ਤੱਕ ਪੰਜਾਬ ਵਿਚ 2.54 ਲੱਖ ਕੁਇੰਟਲ ਨਰਮਾ ਸਰਕਾਰੀ ਭਾਅ ਤੋਂ ਹੇਠਾਂ ਵਿਕ ਚੁੱਕਾ ਹੈ ਜਿਸ ਅਨੁਸਾਰ ਕਿਸਾਨਾਂ ਨੂੰ ਕਰੀਬ 100 ਕਰੋੜ ਦਾ ਰਗੜਾ ਲੱਗ ਚੁੱਕਿਆ ਹੈ।



ਵੇਰਵਿਆਂ ਅਨੁਸਾਰ ਪੰਜਾਬ ਵਿਚ ਇਸ ਵਾਰ ਨਰਮੇ ਹੇਠ ਰਕਬਾ ਘਟ ਕੇ ਸਿਰਫ਼ 1.73 ਲੱਖ ਹੈਕਟੇਅਰ ਰਹਿ ਗਿਆ ਹੈ ਜਦਕਿ ਪੰਜਾਬ ਸਰਕਾਰ ਖੇਤੀ ਵਿਭਿੰਨਤਾ ਦੇ ਦਾਅਵੇ ਕਰ ਰਹੀ ਹੈ। ਅਕਤੂਬਰ ਮਹੀਨੇ ਵਿਚ ਨਰਮੇ ਦੀ ਖ਼ਰੀਦ ਦਾ ਕੰਮ ਸ਼ੁਰੂ ਹੋ ਜਾਂਦਾ ਹੈ ਜੋ ਮਾਰਚ ਤੱਕ ਚੱਲਦਾ ਹੈ। ਕਪਾਹ ਮੰਡੀਆਂ ਵਿਚ ਹੁਣ ਤੱਕ ਕਰੀਬ 65 ਫ਼ੀਸਦੀ ਫ਼ਸਲ ਵਿਕ ਚੁੱਕੀ ਹੈ। ਇਸ ਵੇਲੇ ਤੱਕ ਪੰਜਾਬ ਦੀਆਂ ਡੇਢ ਦਰਜਨ ਕਪਾਹ ਮੰਡੀਆਂ ਵਿਚ 9.86 ਲੱਖ ਕੁਇੰਟਲ ਨਰਮੇ ਦੀ ਖ਼ਰੀਦ ਹੋਈ ਹੈ। ਖ਼ਰੀਦੇ ਹੋਏ ਨਰਮੇ ਵਿਚੋਂ 2.55 ਲੱਖ ਕੁਇੰਟਲ ਨਰਮਾ ਸਰਕਾਰੀ ਭਾਅ ਤੋਂ ਹੇਠਾਂ ਵਿਕਿਆ ਹੈ ਜੋ ਕੁੱਲ ਖ਼ਰੀਦ ਦਾ ਕਰੀਬ 25.76 ਫ਼ੀਸਦੀ ਬਣਦਾ ਹੈ।

ਭਾਰਤੀ ਕਪਾਹ ਨਿਗਮ ਨੇ ਹੁਣ ਤੱਕ 1.79 ਲੱਖ ਕੁਇੰਟਲ ਨਰਮੇ ਦੀ ਖ਼ਰੀਦ ਕੀਤੀ ਹੈ। ਇਸ ਵਾਰ ਨਰਮੇ ਦੀ ਸਰਕਾਰੀ ਕੀਮਤ 6,620 ਰੁਪਏ ਪ੍ਰਤੀ ਕੁਇੰਟਲ (ਮੀਡੀਅਮ ਰੇਸ਼ੇ ਵਾਲਾ ਨਰਮਾ) ਸੀ। ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਸਕੱਤਰ ਸ਼ਿੰਗਾਰਾ ਸਿੰਘ ਮਾਨ ਦਾ ਕਹਿਣਾ ਸੀ ਕਿ ਕਿਸਾਨਾਂ ਨੂੰ ਪ੍ਰਤੀ ਕੁਇੰਟਲ ਪਿੱਛੇ ਇਕ ਹਜ਼ਾਰ ਤੋਂ 2500 ਰੁਪਏ ਦਾ ਘਾਟਾ ਪਿਆ ਹੈ ਅਤੇ ਕਿਸੇ ਵੀ ਸਰਕਾਰ ਨੇ ਕਿਸਾਨ ਦੀ ਨਹੀਂ ਸੁਣੀ। ਵੇਰਵਿਆਂ ਅਨੁਸਾਰ ਪ੍ਰਾਈਵੇਟ ਵਪਾਰੀਆਂ ਨੇ ਹੁਣ ਤੱਕ ਪੰਜਾਬ ਚੋਂ 8.07 ਲੱਖ ਕੁਇੰਟਲ ਨਰਮਾ ਖ਼ਰੀਦ ਕੀਤਾ ਹੈ।

## ਪੰਜਾਬ ਸਰਕਾਰ ਦੀ ਚੁੱਪ ਕਾਰਨ ਹੋ ਰਹੀ ਹੈ ਕਿਸਾਨਾਂ ਦੀ ਲੁੱਟ

**ਚੰਡੀਗੜ੍ਹ:** ਪੰਜਾਬ ਸਰਕਾਰ ਦੀ ਚੁੱਪ ਕਾਰਨ ਕਿਸਾਨਾਂ ਦੀ ਮੰਡੀਆਂ ਵਿਚ ਲੁੱਟ ਹੋ ਰਹੀ ਹੈ। ਮਾਨਸਾ ਜ਼ਿਲ੍ਹੇ ਵਿਚ ਤਾਂ ਨਰਮੇ ਦੀਆਂ ਐਤਕੀਂ ਕਈ ਢੇਰੀਆਂ 3000 ਰੁਪਏ ਕੁਇੰਟਲ ਵਿਚ ਵੀ ਵਿਕੀਆਂ ਹਨ ਜਦਕਿ ਮੁਕਤਸਰ ਵਿਚ ਕਈ ਢੇਰੀਆਂ ਦਾ ਭਾਅ 3700 ਰੁਪਏ ਤੱਕ ਰਿਹਾ ਹੈ। ਪੰਜਾਬ ਦੇ 9 ਜ਼ਿਲ੍ਹਿਆਂ ਵਿਚ ਨਰਮੇ ਦੀ ਖ਼ਰੀਦ ਹੁੰਦੀ ਹੈ ਅਤੇ ਫ਼ਾਜ਼ਿਲਕਾ ਜ਼ਿਲ੍ਹੇ ਵਿਚ ਸਭ ਤੋਂ ਵੱਧ 95,250 ਕੁਇੰਟਲ ਨਰਮਾ ਸਰਕਾਰੀ ਭਾਅ ਤੋਂ ਹੇਠਾਂ ਵਿਕਿਆ ਹੈ। ਇਸੇ ਤਰ੍ਹਾਂ ਮਾਨਸਾ ਜ਼ਿਲ੍ਹੇ ਵਿਚ 84,662 ਕੁਇੰਟਲ ਅਤੇ ਮੁਕਤਸਰ ਜ਼ਿਲ੍ਹੇ ਵਿਚ 35,727 ਕੁਇੰਟਲ ਨਰਮਾ ਸਰਕਾਰੀ ਭਾਅ ਤੋਂ ਹੇਠਾਂ ਵਿਕਿਆ ਹੈ।

ਪੰਜਾਬ ਸਰਕਾਰ ਦੀ ਚੁੱਪ ਕਾਰਨ ਕਿਸਾਨਾਂ ਦੀ ਮੰਡੀਆਂ ਵਿਚ ਲੁੱਟ ਹੋ ਰਹੀ ਹੈ। ਮਾਨਸਾ ਜ਼ਿਲ੍ਹੇ ਵਿਚ ਤਾਂ ਨਰਮੇ ਦੀਆਂ ਐਤਕੀਂ ਕਈ ਢੇਰੀਆਂ 3000 ਰੁਪਏ ਕੁਇੰਟਲ ਵਿਚ ਵੀ ਵਿਕੀਆਂ ਹਨ ਜਦਕਿ ਮੁਕਤਸਰ ਵਿਚ ਕਈ ਢੇਰੀਆਂ ਦਾ ਭਾਅ 3700 ਰੁਪਏ ਤੱਕ ਰਿਹਾ ਹੈ। ਪੰਜਾਬ ਦੇ 9 ਜ਼ਿਲ੍ਹਿਆਂ ਵਿਚ ਨਰਮੇ ਦੀ ਖ਼ਰੀਦ ਹੁੰਦੀ ਹੈ ਅਤੇ ਫ਼ਾਜ਼ਿਲਕਾ ਜ਼ਿਲ੍ਹੇ ਵਿਚ ਸਭ ਤੋਂ ਵੱਧ 95,250 ਕੁਇੰਟਲ ਨਰਮਾ ਸਰਕਾਰੀ ਭਾਅ ਤੋਂ ਹੇਠਾਂ ਵਿਕਿਆ ਹੈ। ਇਸੇ ਤਰ੍ਹਾਂ ਮਾਨਸਾ ਜ਼ਿਲ੍ਹੇ ਵਿਚ 84,662 ਕੁਇੰਟਲ ਅਤੇ ਮੁਕਤਸਰ ਜ਼ਿਲ੍ਹੇ ਵਿਚ 35,727 ਕੁਇੰਟਲ ਨਰਮਾ ਸਰਕਾਰੀ ਭਾਅ ਤੋਂ ਹੇਠਾਂ ਵਿਕਿਆ ਹੈ। ਪਿਛਲੇ ਦਸ ਵਰ੍ਹਿਆਂ 'ਤੇ ਨਜ਼ਰ ਮਾਰੀਏ ਤਾਂ ਭਾਰਤੀ ਕਪਾਹ ਨਿਗਮ ਨੇ ਪੰਜਾਬ ਵਿਚੋਂ 2015-16 ਤੋਂ ਲੈ ਕੇ 2018-19 ਤੱਕ ਅਤੇ ਉਸ ਮਗਰੋਂ ਸਾਲ 2021-22 ਅਤੇ ਸਾਲ 2022-23 ਵਿਚ ਨਰਮਾ ਦੀ ਕਦੇ ਖ਼ਰੀਦ ਨਹੀਂ ਕੀਤੀ ਹੈ। ਕੁਝ ਵਰ੍ਹੇ ਪਹਿਲਾਂ ਤਾਂ ਮਾਰਕਫੈੱਡ ਵੱਲੋਂ ਵੀ ਨਰਮੇ ਦੀ ਖ਼ਰੀਦ ਕੀਤੀ ਜਾਂਦੀ ਸੀ ਪਰ ਹੁਣ ਮਾਰਕਫੈੱਡ ਵੀ ਪਾਸਾ ਵੱਟ ਗਿਆ ਹੈ।

# ਨਵੇਂ ਖ਼ਰੀਦੇ ਗੋਇੰਦਵਾਲ ਥਰਮਲ ਨੂੰ ਭਖਾਉਣ ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਨਵੇਂ ਖ਼ਰੀਦੇ 'ਸ੍ਰੀ ਗੁਰੂ ਅਮਰਦਾਸ ਥਰਮਲ ਪਲਾਂਟ' ਗੋਇੰਦਵਾਲ ਸਾਹਿਬ ਨੂੰ ਝੋਨੇ ਦੇ ਅਗਲੇ ਸੀਜ਼ਨ ਲਈ ਤਿਆਰ ਕਰਨਾ ਸ਼ੁਰੂ ਕਰ ਦਿੱਤਾ ਹੈ। 1080 ਕਰੋੜ ਰੁਪਏ 'ਚ ਖ਼ਰੀਦੇ 540 ਮੈਗਾਵਾਟ ਦੇ ਇਸ ਤਾਪਘਰ ਦਾ ਜ਼ਿੰਮਾ ਪਾਵਰਕੌਮ ਜਨਵਰੀ ਦੇ ਤੀਜੇ ਹਫ਼ਤੇ ਸੰਭਾਲ ਲਵੇਗਾ।

ਪਾਵਰਕੌਮ ਵੱਲੋਂ 'ਸ੍ਰੀ ਗੁਰੂ ਅਮਰਦਾਸ ਪਾਵਰ ਪਲਾਂਟ ਲਿਮਟਿਡ' ਨਾਮ ਦੀ ਕੰਪਨੀ ਰਜਿਸਟਰਡ ਕਰਵਾ ਲਈ ਗਈ ਹੈ। ਰਸਮੀ ਪ੍ਰਕਿਰਿਆ ਪੂਰੀ ਹੋਣ ਮਗਰੋਂ ਇਸ ਦੀ ਸਾਲਾਨਾ ਮੁਰੰਮਤ ਕੀਤੀ ਜਾਵੇਗੀ।

ਨਵੇਂ ਖ਼ਰੀਦੇ ਤਾਪਘਰ ਦੀ ਸਾਂਭ ਸੰਭਾਲ ਲਈ ਸੱਤ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ ਜਿਸ ਦੀ ਅਗਵਾਈ ਲਹਿਰਾ ਮੁਹੱਬਤ ਥਰਮਲ ਪਲਾਂਟ ਦੇ ਮੁੱਖ ਇੰਜੀਨੀਅਰ ਐੱਮ.ਆਰ. ਬਾਂਸਲ ਕਰਨਗੇ। ਇਸ ਕਮੇਟੀ ਵਿਚ ਲਹਿਰਾ ਥਰਮਲ ਦੇ ਡਿਪਟੀ ਚੀਫ ਇੰਜੀਨੀਅਰ ਇੰਦਰਜੀਤ ਸਿੰਘ ਸੰਧੂ, ਡਿਪਟੀ ਚੀਫ ਇੰਜੀਨੀਅਰ (ਫਿਊਲ) ਕੇਕੇ ਬਾਂਸਲ, ਰੋਪੜ ਥਰਮਲ ਦੇ ਨਿਗਰਾਨ ਇੰਜੀਨੀਅਰ ਰਣਜੀਤ ਸਿੰਘ, ਚੀਫ਼ ਆਡੀਟਰ ਰਾਜਨ ਗੁਪਤਾ, ਲਹਿਰਾ ਥਰਮਲ ਦੇ ਇੰਜ. ਬਲਜਿੰਦਰ ਸਿੰਘ ਅਤੇ ਰੋਪੜ ਥਰਮਲ ਦੇ ਇੰਜ. ਗੁਰਿੰਦਰ ਸਿੰਘ ਨੂੰ ਸ਼ਾਮਿਲ ਕੀਤਾ ਗਿਆ ਹੈ।



ਮਿਲੀ ਜਾਣਕਾਰੀ ਅਨੁਸਾਰ ਇਸ ਤਾਪਘਰ ਦੀ ਸਾਲਾਨਾ ਮੁਰੰਮਤ ਵੀ ਕਾਫ਼ੀ ਸਮੇਂ ਤੋਂ ਨਹੀਂ ਹੋਈ ਹੈ। ਪਾਵਰਕੌਮ ਇਸ ਦਾ ਚਾਰਜ ਲੈਣ ਤੋਂ ਪਹਿਲਾਂ ਤਾਪਘਰ ਵਿਚਲੀਆਂ ਸਭ ਕਮੀਆਂ ਪੇਸ਼ੀਆਂ ਦੀ ਨਿਸ਼ਾਨਦੇਹੀ ਕਰੇਗਾ। ਅਧਿਕਾਰੀ ਦੱਸਦੇ ਹਨ ਕਿ ਝੋਨੇ ਦੇ ਅਗਲੇ ਸੀਜ਼ਨ ਵਾਸਤੇ ਇਸ ਦੀ ਤਿਆਰੀ ਕੀਤੀ ਜਾਵੇਗੀ। ਹੁਣ ਤੱਕ ਇਹ ਥਰਮਲ 34 ਫ਼ੀਸਦੀ ਸਮਰੱਥਾ 'ਤੇ ਹੀ ਚੱਲਦਾ ਰਿਹਾ ਹੈ ਤੇ ਪਹਿਲੀ ਵਾਰ ਇਸ ਨੂੰ ਵੱਧ ਸਮਰੱਥਾ ਉਤੇ ਚਲਾਇਆ ਜਾਣਾ ਹੈ। ਪਾਵਰਕੌਮ ਪਛਵਾੜਾ ਕੋਲਾ ਖਾਣ ਦੀ ਵਰਤੋਂ ਲਈ ਕੇਂਦਰੀ ਕੋਲਾ ਮੰਤਰਾਲੇ ਨੂੰ ਪਹਿਲਾਂ ਹੀ ਪੱਤਰ ਭੇਜ ਚੁੱਕਾ ਹੈ। ਸੂਤਰ ਦੱਸਦੇ ਹਨ ਕਿ ਇਸ ਤਾਪਘਰ ਦੀ ਹਰ ਪ੍ਰਕਿਰਿਆ ਮੁਕੰਮਲ ਹੋਣ ਮਗਰੋਂ ਮੁੱਖ ਮੰਤਰੀ ਭਗਵੰਤ ਮਾਨ ਅਤੇ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਥਰਮਲ ਸਾਈਟ ਲਾਗੇ ਇਕ ਵੱਡਾ ਸਮਾਗਮ ਕਰਨਗੇ।

## ਅਰਸ਼ ਨੂੰ ਦਿੱਤਾ ਜਾਵੇਗਾ ਬਾਵਾ ਬਲਵੰਤ ਯਾਦਗਾਰੀ ਐਵਾਰਡ

**ਮੁਹਾਲੀ:** ਵਿਸ਼ਵ ਪੰਜਾਬੀ ਸਾਹਿਤਕ ਵਿਚਾਰ ਮੰਚ ਵੱਲੋਂ ਪੰਜਾਬੀ ਸਾਹਿਤ ਵਿਚ ਨਿਵੇਕਲਾ ਸਥਾਨ ਰੱਖਣ ਵਾਲੇ ਪ੍ਰਗਤੀਵਾਦੀ ਪੰਜਾਬੀ ਕਵੀ ਬਾਵਾ ਬਲਵੰਤ ਦੇ ਨਾਮ ਉਤੇ ਬਾਵਾ ਬਲਵੰਤ ਯਾਦਗਾਰੀ ਐਵਾਰਡ ਸਥਾਪਿਤ ਕੀਤਾ ਗਿਆ ਹੈ। ਮੁੱਖ ਕੋਆਰਡੀਨੇਟਰ ਡਾ. ਦੀਪਕ ਮਨਮੋਹਨ ਸਿੰਘ, ਕੋਆਰਡੀਨੇਟਰ ਡਾ. ਸ਼ਿੰਦਰਪਾਲ ਸਿੰਘ ਅਤੇ ਮੰਚ ਦੇ ਪ੍ਰਧਾਨ ਜਸਪਾਲ ਸਿੰਘ ਦੇਸੂਵੀ ਨੇ ਦੱਸਿਆ ਕਿ ਮੰਚ ਵੱਲੋਂ ਇਹ ਐਵਾਰਡ ਸ਼੍ਰੋਮਣੀ ਕਵੀ ਸਿਰੀ ਰਾਮ ਅਰਸ਼ ਨੂੰ ਦਿੱਤਾ ਜਾਵੇਗਾ ਜਿਸ ਸਬੰਧੀ ਸਮਾਗਮ 20 ਜਨਵਰੀ ਨੂੰ ਚੰਡੀਗੜ੍ਹ ਮਿਊਜ਼ੀਅਮ ਐਂਡ ਆਰਟ ਗੈਲਰੀ ਸੈਕਟਰ-10 ਵਿਚ ਕਰਵਾਇਆ ਜਾਵੇਗਾ।

# ਅਪੰਗਤਾ ਲਾਭ: ਹਾਈ ਕੋਰਟ ਰੱਖਿਆ ਮੰਤਰਾਲੇ ਬਾਰੇ ਸਖ਼ਤ

**ਚੰਡੀਗੜ੍ਹ:** ਪੰਜਾਬ ਹਰਿਆਣਾ ਹਾਈ ਕੋਰਟ ਨੇ ਆਰਮਡ ਫੋਰਸਿਜ਼ ਟ੍ਰਿਬਿਊਨਲ (ਏ.ਐਫ.ਟੀ.) ਵੱਲੋਂ ਜਵਾਨਾਂ ਨੂੰ ਦਿੱਤੇ ਗਏ ਅਪੰਗਤਾ ਲਾਭਾਂ ਵਿਰੁੱਧ ਰੱਖਿਆ ਮੰਤਰਾਲੇ ਦੁਆਰਾ ਪਟੀਸ਼ਨਾਂ ਅਤੇ ਅਪੀਲਾਂ ਦਾਇਰ ਕਰਨ ਦਾ ਨੋਟਿਸ ਲਿਆ ਹੈ। ਕਾਰਜਕਾਰੀ ਚੀਫ਼ ਜਸਟਿਸ ਰਿਤੂ ਬਾਹਰੀ ਅਤੇ ਜਸਟਿਸ ਅਮਨ ਚੌਧਰੀ ਉਤੇ ਆਧਾਰਿਤ ਡਿਵੀਜ਼ਨ ਬੈਂਚ ਨੇ ਕਿਹਾ ਕਿ ਸੁਣਵਾਈ ਦੀ ਅਗਲੀ ਤਰੀਕ ਉਤੇ ਅਰਜ਼ੀਕਾਰਾਂ ਦੇ ਵਕੀਲ ਇਸ ਗੱਲ 'ਤੇ ਸਹਾਇਤਾ ਕਰਨਗੇ ਕਿ ਏ.ਐਫ.ਟੀ. ਵੱਲੋਂ ਅਪੰਗਤਾ ਪੈਨਸ਼ਨ ਦੇਣ ਦੇ ਆਦੇਸ਼ਾਂ ਦੇ ਵਿਰੁੱਧ ਪਟੀਸ਼ਨਾਂ ਦਾਇਰ ਕਰਨ ਲਈ ਵਿਭਾਗ ਵਿਰੁੱਧ ਮਾਣਹਾਨੀ ਦੀ ਕਾਰਵਾਈ ਕਿਉਂ ਨਹੀਂ ਸ਼ੁਰੂ ਕੀਤੀ ਜਾ ਸਕਦੀ ਹੈ ਜਦਕਿ ਸੁਪਰੀਮ ਕੋਰਟ ਨੇ ਇਸ 'ਤੇ ਪਹਿਲਾਂ ਹੀ ਫ਼ੈਸਲਾ ਸੁਣਾਇਆ ਹੋਇਆ ਹੈ। ਬੈਂਚ ਨੇ ਇਹ ਵੀ ਕਿਹਾ ਕਿ ਇਸ ਮਾਮਲੇ 'ਚ ਪਟੀਸ਼ਨਰਾਂ ਉਪਰ 10 ਲੱਖ ਰੁਪਏ ਦਾ ਜੁਰਮਾਨਾ ਲਾਉਣ ਬਾਰੇ ਵੀ ਵਕੀਲ ਸਹਿਯੋਗ ਕਰਨਗੇ। ਬੈਂਚ ਨੇ ਹਦਾਇਤ ਕੀਤੀ ਕਿ ਸਬੰਧਤ ਵਿਭਾਗ ਦਾ ਇਕ ਸੀਨੀਅਰ ਅਧਿਕਾਰੀ ਅਗਲੀ ਸੁਣਵਾਈ ਉਤੇ ਅਦਾਲਤ ਵਿਚ ਹਾਜ਼ਰ ਰਹੇ। ਕੇਂਦਰ ਸਰਕਾਰ ਵੱਲੋਂ ਦਾਖ਼ਲ ਇਕ ਪਟੀਸ਼ਨ ਉਤੇ ਬੈਂਚ ਸੁਣਵਾਈ ਕਰ ਰਿਹਾ ਹੈ ਜਿਸ ਵਿਚ ਜਵਾਨਾਂ ਨੂੰ ਅਪੰਗਤਾ ਲਾਭ ਦੇਣ ਦੀ ਆਗਿਆ ਦੇਣ ਵਾਲੇ ਏ.ਐਫ.ਟੀ. ਦੇ ਫੈਸਲੇ ਨੂੰ ਚੁਣੌਤੀ ਦਿੱਤੀ ਗਈ ਸੀ। ਬੀਤੇ ਵਿਚ ਸੁਪਰੀਮ ਕੋਰਟ ਨੇ ਵੀ ਸਖ਼ਤ ਫ਼ੈਸਲੇ ਲੈਂਦਿਆਂ ਪੈਨਸ਼ਨ ਮਾਮਲਿਆਂ ਵਿਚ ਅਪੀਲਾਂ ਦਾਇਰ ਕਰਨ ਲਈ ਰੱਖਿਆ ਮੰਤਰਾਲੇ ਉਤੇ ਭਾਰੀ ਜੁਰਮਾਨਾ ਲਾਇਆ ਸੀ। ਜ਼ਿਕਰਯੋਗ ਹੈ ਕਿ ਦਸੰਬਰ 2014 ਵਿਚ ਰੱਖਿਆ ਮੰਤਰਾਲੇ ਵੱਲੋਂ ਅਪੰਗਤਾ ਪੈਨਸ਼ਨਾਂ ਵਿਰੁੱਧ ਦਾਇਰ ਕੀਤੀਆਂ ਲਗਭਗ ਇਕ ਹਜ਼ਾਰ ਅਪੀਲਾਂ ਨੂੰ ਸੁਪਰੀਮ ਕੋਰਟ ਨੇ ਖਾਰਜ ਕਰ ਦਿੱਤਾ ਸੀ, ਜਿਸ ਵਿਚ ਸਰਕਾਰ ਨੂੰ ਸਾਰੇ ਦਿਵਿਆਂਗ ਮੁਲਾਜ਼ਮਾਂ ਨਾਲ ਇੱਕੋ ਜਿਹਾ ਵਿਹਾਰ ਕਰਨ ਦਾ ਨਿਰਦੇਸ਼ ਦਿੱਤਾ ਗਿਆ ਸੀ।

## ਪੰਜਾਬ ਨੇ ਸਾਉਣੀ ਦੀਆਂ ਫਸਲਾਂ ਦੇ ਐਮ.ਐਸ.ਪੀ. ਬਾਰੇ ਤਜਵੀਜ਼ ਭੇਜੀ

**ਚੰਡੀਗੜ੍ਹ:** ਪੰਜਾਬ ਨੇ ਸਾਉਣੀ ਦੀਆਂ ਫਸਲਾਂ ਦਾ ਘੱਟੋ ਘੱਟ ਸਮਰਥਨ ਮੁੱਲ ਨਿਰਧਾਰਿਤ ਕਰਨ ਲਈ ਆਪਣੀ ਤਜਵੀਜ਼ ਕੇਂਦਰ ਸਰਕਾਰ ਨੂੰ ਭੇਜ ਦਿੱਤੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਸਟੇਟ ਤਜਵੀਜ਼ ਨੂੰ ਪ੍ਰਵਾਨਗੀ ਦੇ ਦਿੱਤੀ ਹੈ।

ਕੇਂਦਰ ਸਰਕਾਰ ਤੋਂ ਇਸ ਤਜਵੀਜ਼ ਤਹਿਤ ਮੰਗ ਕੀਤੀ ਹੈ ਕਿ ਸਾਲ 2024-25 ਲਈ ਝੋਨੇ ਦੀ ਫ਼ਸਲ ਦਾ ਸਰਕਾਰੀ ਭਾਅ 3284 ਰੁਪਏ ਪ੍ਰਤੀ ਕੁਇੰਟਲ (ਆਮ) ਅਤੇ ਗਰੇਡ ਏ ਝੋਨੇ ਦਾ ਸਰਕਾਰੀ ਭਾਅ 3324 ਰੁਪਏ ਪ੍ਰਤੀ ਕੁਇੰਟਲ ਤੈਅ ਕੀਤਾ ਜਾਵੇ। ਸਰਕਾਰ ਨੇ ਕਪਾਹ ਦਾ ਘੱਟੋ-ਘੱਟ ਸਮਰਥਨ ਮੁੱਲ 10,767 ਰੁਪਏ, ਮੂੰਗ ਦਾ 11,555 ਅਤੇ ਮਾਂਹ ਦਾ 9385 ਰੁਪਏ ਪ੍ਰਤੀ ਕੁਇੰਟਲ ਕਰਨ ਦੀ ਤਜਵੀਜ਼ ਭੇਜੀ ਹੈ। ਸਰਕਾਰ ਨੇ ਮੂੰਗਫਲੀ ਦਾ ਮੁੱਲ 8610 ਰੁਪਏ, ਅਰਹਰ ਦਾ 9450 ਰੁਪਏ ਪ੍ਰਤੀ ਕੁਇੰਟਲ ਮਿਥਣ ਦੀ ਤਜਵੀਜ਼ ਭੇਜੀ ਹੈ। ਸਰਕਾਰ ਨੇ ਦਾਲਾਂ, ਤੇਲ ਬੀਜ ਫ਼ਸਲਾਂ ਅਧੀਨ ਰਕਬਾ ਵਧਾਉਣ ਦੀ ਨੀਅਤ ਨਾਲ ਇਨ੍ਹਾਂ ਫ਼ਸਲਾਂ ਦੇ ਸਮਰਥਨ ਮੁੱਲ ਵਿਚ 35 ਤੋਂ 40 ਫ਼ੀਸਦੀ ਵਾਧੇ ਦੀ ਮੰਗ ਕੀਤੀ ਹੈ। ਪੰਜਾਬ ਸਰਕਾਰ ਨੇ ਐਤਕੀਂ ਪਰਾਲੀ ਪ੍ਰਬੰਧਨ ਲਈ 100 ਰੁਪਏ ਪ੍ਰਤੀ ਕੁਇੰਟਲ ਦੀ ਮੰਗ ਦੇ ਨਾਲ ਇਸ ਨੂੰ ਝੋਨੇ ਦੇ ਘੱਟੋ ਘੱਟ ਸਮਰਥਨ ਮੁੱਲ ਵਿਚ ਸ਼ਾਮਲ ਕੀਤਾ ਹੈ। ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਅਨੁਸਾਰ, ਕੇਂਦਰ ਸਰਕਾਰ ਨੂੰ ਹਰ ਹਾੜ੍ਹੀ, ਸਾਉਣੀ ਸੀਜ਼ਨ ਦੀ ਅਗੇਤੀ ਤਜਵੀਜ਼ ਭੇਜੀ ਜਾਂਦੀ ਹੈ।

# ਕੇਂਦਰ ਖਿਲਾਫ ਟਰੈਕਟਰ ਪਰੇਡ ਦੀ ਤਿਆਰੀ ਵਿਚ ਜੁਟੀਆਂ ਕਿਸਾਨ ਜਥੇਬੰਦੀਆਂ

**ਲੁਧਿਆਣਾ:** ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਦੇ ਪ੍ਰਧਾਨ ਹਰਿੰਦਰ ਸਿੰਘ ਲੱਖੋਵਾਲ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਵੱਲੋਂ 26 ਜਨਵਰੀ ਨੂੰ ਦੇਸ਼ ਭਰ ਵਿਚ ਕੇਂਦਰ ਸਰਕਾਰ ਖ਼ਿਲਾਫ਼ ਕੀਤੀ ਜਾ ਰਹੀ ਟਰੈਕਟਰ ਪਰੇਡ ਵਿਚ ਯੂਨੀਅਨ ਦੇ ਹਜ਼ਾਰਾਂ ਵਰਕਰ ਸ਼ਾਮਲ ਹੋਣਗੇ ਅਤੇ ਜੇਕਰ ਸਰਕਾਰ ਨੇ ਕਿਸਾਨਾਂ ਦੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਲੋਕ ਸਭਾ ਚੋਣਾਂ ਵਿਚ ਮੋਦੀ ਸਰਕਾਰ ਨੂੰ ਸਬਕ ਸਿਖਾਉਣ ਲਈ ਛੇਤੀ ਹੀ ਅਗਲਾ ਪ੍ਰੋਗਰਾਮ ਉਲੀਕਿਆ ਜਾਵੇਗਾ।



ਇੱਥੇ ਕਿਸਾਨ ਯੂਨੀਅਨ ਦੀ ਮੀਟਿੰਗ ਮਗਰੋਂ ਪ੍ਰਧਾਨ ਹਰਿੰਦਰ ਸਿੰਘ ਲੱਖੋਵਾਲ ਨੇ ਦੱਸਿਆ ਕਿ ਕੇਂਦਰ ਸਰਕਾਰ ਨੇ ਦਿੱਲੀ ਮੋਰਚੇ ਦੌਰਾਨ ਐਮ.ਐਸ.ਪੀ. ਉਤੇ ਗਾਰੰਟੀ, ਕਿਸਾਨਾਂ ਖ਼ਿਲਾਫ਼ ਦਰਜ ਪਰਚੇ ਰੱਦ ਕਰਨ, ਮੋਰਚੇ ਦੌਰਾਨ ਸ਼ਹੀਦ ਹੋਏ ਕਿਸਾਨਾਂ ਨੂੰ ਮੁਆਵਜ਼ਾ ਦੇਣ, ਲਖੀਮਪੁਰ ਖੀਰੀ ਦੀ ਘਟਨਾ ਦਾ ਇਨਸਾਫ਼ ਦੇਣ, ਫਸਲ ਬੀਮਾ ਯੋਜਨਾ ਲਾਗੂ ਕਰਨ, ਕਿਸਾਨਾਂ ਨੂੰ ਪੈਨਸ਼ਨ ਯੋਜਨਾ ਲਾਗੂ ਕਰਨ ਦੇ ਵਾਅਦੇ ਕੀਤੇ ਸਨ ਪਰ ਹਾਲੇ ਤੱਕ ਇਸ ਸਬੰਧੀ ਕੋਈ ਕਦਮ ਨਹੀਂ ਪੁੱਟਿਆ ਗਿਆ ਜਿਸ ਕਾਰਨ ਕਿਸਾਨਾਂ ਨੂੰ ਮੁੜ ਮੈਦਾਨ ਵਿਚ ਨਿੱਤਰਨਾ ਪੈ ਰਿਹਾ ਹੈ। ਉਨ੍ਹਾਂ ਨੇ ਹਿੱਟ ਐਂਡ ਰਨ ਕਾਨੂੰਨ ਖ਼ਿਲਾਫ਼ ਟਰੱਕ ਅਪਰੇਟਰਾਂ ਦਾ ਸਮਰਥਨ ਕਰਨ ਦਾ ਵੀ ਐਲਾਨ ਕੀਤਾ।

ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਪਰਮਿੰਦਰ ਸਿੰਘ ਪਾਲਮਾਜਰਾ ਅਤੇ ਹਰਮਿੰਦਰ ਸਿੰਘ ਖਹਿਰਾ ਨੇ ਕਿਹਾ ਕਿ ਚੰਡੀਗੜ੍ਹ ਦੇ ਤਿੰਨ ਰੋਜ਼ਾ ਧਰਨੇ ਉਪਰੰਤ ਮੁੱਖ ਮੰਤਰੀ ਨਾਲ ਮੀਟਿੰਗ ਦੌਰਾਨ ਜਿਨ੍ਹਾਂ ਮੰਗਾਂ 'ਤੇ ਸਹਿਮਤੀ ਬਣੀ ਸੀ, ਉਨ੍ਹਾਂ ਬਾਰੇ ਵੀ ਕੋਈ ਕਾਰਵਾਈ ਨਹੀਂ ਹੋਈ। ਉਨ੍ਹਾਂ ਮੰਗ ਕੀਤੀ ਕਿ ਪੰਜਾਬ ਸਰਕਾਰ ਇਨ੍ਹਾਂ ਮੁੱਦਿਆਂ ਸਬੰਧੀ ਤੁਰਤ ਕਾਰਵਾਈ ਕਰਦਿਆਂ ਨੋਟੀਫਿਕੇਸ਼ਨ ਜਾਰੀ ਕਰੇ।

## ਜਰਮਨ ਦੇ ਕਿਸਾਨ ਅੰਦੋਲਨ ਦੀ ਹਮਾਇਤ

**ਰਾਏਕੋਟ:** ਰਸਾਇਣਕ ਖਾਦਾਂ ਉੱਪਰ ਮਿਲਦੀਆਂ ਸਬਸਿਡੀਆਂ ਘਟਾਉਣ, ਤੇਲ ਪਦਾਰਥ ਮਹਿੰਗੇ ਕਰਨ, ਖੇਤੀ ਸੰਦਾਂ ਅਤੇ ਵਾਹਨਾਂ ਨੂੰ ਮਿਲਦੀ ਰਾਹਤ ਖ਼ਤਮ ਕਰਨ ਦੇ ਜਰਮਨ ਸਰਕਾਰ ਦੇ ਫੈਸਲੇ ਖ਼ਿਲਾਫ਼ ਸੜਕਾਂ ਉਤੇ ਉੱਤਰੇ ਕਿਸਾਨਾਂ ਦੀ ਸ਼ਲਾਘਾ ਕਰਦਿਆਂ ਭਾਰਤੀ ਕਿਸਾਨ ਯੂਨੀਅਨ ਏਕਤਾ (ਡਕੌਂਦਾ) ਦੇ ਸੂਬਾਈ ਪ੍ਰਧਾਨ ਮਨਜੀਤ ਸਿੰਘ ਧਨੇਰ ਅਤੇ ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ ਨੇ ਉਨ੍ਹਾਂ ਦੇ ਹੱਕੀ ਘੋਲ ਦੀ ਹਮਾਇਤ ਕਰਨ ਦਾ ਐਲਾਨ ਕੀਤਾ ਹੈ। ਭਾਰਤ ਵਿਚ ਵਿਵਾਦਿਤ ਖੇਤੀ ਕਾਨੂੰਨਾਂ ਖ਼ਿਲਾਫ਼ ਚੱਲੇ ਇਤਿਹਾਸਕ ਕਿਸਾਨ ਅੰਦੋਲਨ ਨੇ ਪੂਰੇ ਸੰਸਾਰ ਦੇ ਕਿਰਤੀਆਂ ਨੂੰ ਆਪਣੀਆਂ ਮੰਗਾਂ ਦੀ ਪ੍ਰਾਪਤੀ ਲਈ ਸੰਘਰਸ਼ ਦਾ ਰਾਹ ਦਿਖਾਇਆ ਹੈ।

# ਇਜ਼ਰਾਈਲ ਨੇ ਫਲਸਤੀਨੀਆਂ ਦੀ ਨਸਲਕੁਸ਼ੀ ਦੇ ਦੋਸ਼ ਨਕਾਰੇ

**ਦਿ ਹੇਗ:** ਫਲਸਤੀਨੀਆਂ ਦੀ ਨਸਲਕੁਸ਼ੀ ਦੇ ਦੋਸ਼ਾਂ ਦਾ ਬਚਾਅ ਕਰਦਿਆਂ ਇਜ਼ਰਾਈਲ ਨੇ ਕੌਮਾਂਤਰੀ ਨਿਆਂ ਅਦਾਲਤ 'ਚ ਦਾਅਵਾ ਕੀਤਾ ਹੈ ਕਿ ਆਪਣੇ ਮੁਲਕ ਦੇ ਲੋਕਾਂ ਦੀ ਰੱਖਿਆ ਲਈ ਉਹ ਗਾਜ਼ਾ 'ਚ ਜੰਗ ਲੜ ਰਿਹਾ ਹੈ। ਇਜ਼ਰਾਈਲ ਨੇ ਦੱਖਣੀ ਅਫ਼ਰੀਕਾ ਵੱਲੋਂ ਲਾਏ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਨਸਲਕੁਸ਼ੀ ਲਈ ਹਮਾਸ ਦੋਸ਼ੀ ਹੈ ਜਿਸ ਨੇ 7 ਅਕਤੂਬਰ ਨੂੰ ਉਨ੍ਹਾਂ ਦੇ ਮੁਲਕ ਉਤੇ ਹਮਲਾ ਕੀਤਾ ਸੀ। ਦੱਖਣੀ ਅਫ਼ਰੀਕਾ ਦੇ ਦੋਸ਼ਾਂ ਨੂੰ ਪਾਖੰਡ ਕਰਾਰ ਦਿੰਦਿਆਂ ਇਜ਼ਰਾਈਲ ਨੇ ਕਿਹਾ ਕਿ ਕੌਮਾਂਤਰੀ ਅਦਾਲਤ 'ਚ ਅਜਿਹਾ ਵੱਡਾ ਕੇਸ ਆਉਣ ਤੋਂ ਪਤਾ ਲਗਦਾ ਹੈ ਕਿ ਦੁਨੀਆ ਬਦਲ ਗਈ ਹੈ। ਇਜ਼ਰਾਇਲੀ ਆਗੂਆਂ ਨੇ ਗਾਜ਼ਾ 'ਤੇ ਹਵਾਈ ਅਤੇ ਜ਼ਮੀਨੀ ਹਮਲਿਆਂ ਦਾ ਬਚਾਅ ਕੀਤਾ ਹੈ।

ਇਜ਼ਰਾਇਲੀ ਕਾਨੂੰਨੀ ਸਲਾਹਕਾਰ ਤਲ ਬੈਕਰ ਨੇ ਦਿ ਹੇਗ ਦੇ ਪੈਲੇਸ ਆਫ਼ ਪੀਸ 'ਚ ਨੱਕੋ-ਨੱਕ ਭਰੇ ਹਾਲ ਵਿਚ ਕਿਹਾ ਕਿ ਉਨ੍ਹਾਂ ਦਾ ਮੁਲਕ ਉਹ ਜੰਗ ਲੜ ਰਿਹਾ ਜਿਸ ਦੀ ਸ਼ੁਰੂਆਤ ਉਸ ਨੇ ਨਹੀਂ ਕੀਤੀ ਅਤੇ ਨਾ ਹੀ ਉਹ ਇਹ ਜੰਗ ਚਾਹੁੰਦਾ ਸੀ। 'ਅਜਿਹੇ ਹਾਲਾਤ ਵਿਚ




ਇਜ਼ਰਾਈਲ 'ਤੇ ਨਸਲਕੁਸ਼ੀ ਦੇ ਇਲਜ਼ਾਮ ਤੋਂ ਵਧ ਝੂਠਾ ਅਤੇ ਭਿਆਨਕ ਦੋਸ਼ ਸ਼ਾਇਦ ਹੀ ਹੋਰ ਕੋਈ ਹੋ ਸਕਦਾ ਹੈ।' ਦੱਖਣੀ ਅਫ਼ਰੀਕਾ ਦੇ ਵਕੀਲਾਂ ਨੇ ਅਦਾਲਤ ਨੂੰ ਕਿਹਾ ਸੀ ਕਿ ਉਹ ਇਜ਼ਰਾਇਲੀ ਫ਼ੌਜ ਨੂੰ ਜੰਗ ਫੌਰੀ ਬੰਦ ਕਰਨ ਦੇ ਹੁਕਮ ਦੇਣ।

ਇਸ ਬੇਨਤੀ ਦਾ ਫੈਸਲਾ ਹੋਣ 'ਚ ਕਈ ਹਫ਼ਤਿਆਂ ਦਾ ਸਮਾਂ ਲੱਗ ਸਕਦਾ ਹੈ ਅਤੇ ਪੂਰੇ ਕੇਸ ਦੇ ਫ਼ੈਸਲੇ ਨੂੰ ਕਈ ਸਾਲ ਲੱਗਣ ਦੀ ਸੰਭਾਵਨਾ ਹੈ। ਉਂਜ ਇਹ ਵੀ ਸਪੱਸ਼ਟ ਨਹੀਂ ਹੈ ਕਿ ਇਜ਼ਰਾਈਲ ਅਦਾਲਤ ਦੇ ਕਿਸੇ ਹੁਕਮ ਨੂੰ ਮੰਨਦਾ ਹੈ ਜਾਂ ਨਹੀਂ। ਜੇਕਰ ਅਦਾਲਤ ਨੇ ਜੰਗ ਰੋਕਣ ਦੇ ਹੁਕਮ ਦਿੱਤੇ ਅਤੇ ਇਜ਼ਰਾਈਲ ਨੇ ਉਹ ਨਾ ਮੰਨੇ ਤਾਂ ਉਸ ਨੂੰ ਸੰਯੁਕਤ ਰਾਸ਼ਟਰ ਦੀਆਂ ਪਾਬੰਦੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਪਰ ਪਾਬੰਦੀਆਂ ਨੂੰ ਅਮਰੀਕਾ ਵੀਟੋ ਕਰ ਸਕਦਾ ਹੈ ਜੋ ਇਜ਼ਰਾਈਲ ਦਾ ਨੇੜਲਾ ਭਾਈਵਾਲ ਹੈ। ਵ੍ਹਾਈਟ ਹਾਊਸ ਨੇ ਵੀ ਇਸ 'ਤੇ ਪ੍ਰਤੀਕਰਮ ਦੇਣ ਤੋਂ ਇਨਕਾਰ ਕਰ ਦਿੱਤਾ ਹੈ ਕਿ ਜੇਕਰ ਅਦਾਲਤ ਇਜ਼ਰਾਈਲ ਨੂੰ ਨਸਲਕੁਸ਼ੀ ਲਈ ਜ਼ਿੰਮੇਵਾਰ ਠਹਿਰਾਉਂਦੀ ਹੈ ਤਾਂ ਉਹ ਕਿਹੋ ਜਿਹਾ ਰੁਖ਼ ਅਖ਼ਤਿਆਰ ਕਰੇਗਾ।

## ਹਮਲਿਆਂ ਦੀ ਸਾਜ਼ਿਸ਼ ਘੜ ਰਿਹੈ ਹਮਾਸ: ਇਜ਼ਰਾਈਲ

**ਤਲ ਅਵੀਵ:** ਦਹਿਸ਼ਤੀ ਜਥੇਬੰਦੀ ਹਮਾਸ ਮੱਧ ਪੂਰਬ, ਅਫ਼ਰੀਕਾ ਅਤੇ ਯੂਰਪ 'ਚ ਹਮਲਿਆਂ ਦੀ ਸਾਜ਼ਿਸ਼ ਘੜ ਰਹੀ ਹੈ। ਇਜ਼ਰਾਇਲੀ ਸੁਰੱਖਿਆ ਏਜੰਸੀ ਮੋਸਾਦ ਅਤੇ ਇਜ਼ਰਾਈਲ ਡਿਫੈਂਸ ਫੋਰਸਿਜ਼ ਨੇ ਇਸ ਦਾ ਦਾਅਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਖ਼ੁਫ਼ੀਆ ਰਿਪੋਰਟਾਂ ਤੋਂ ਖ਼ੁਲਾਸਾ ਹੋਇਆ ਹੈ ਕਿ ਹਮਾਸ ਬੇਕਸੂਰਾਂ ਨੂੰ ਨਿਸ਼ਾਨਾ ਬਣਾਉਣ ਲਈ ਵਿਦੇਸ਼ਾਂ 'ਚ ਆਪਣੀਆਂ ਹਿੰਸਕ ਗਤੀਵਿਧੀਆਂ ਵਧਾਉਣ ਦੀ ਤਾਕ ਵਿਚ ਹੈ। ਪਿਛਲੇ ਮਹੀਨੇ ਡੈਨਿਸ਼ ਅਤੇ ਜਰਮਨ ਅਧਿਕਾਰੀਆਂ ਨੇ ਸੱਤ ਸ਼ੱਕੀਆਂ ਨੂੰ ਗ੍ਰਿਫ਼ਤਾਰ ਕੀਤਾ ਸੀ ਜੋ ਹਮਾਸ ਤਰਫ਼ੋਂ ਯੂਰਪ 'ਚ ਆਮ ਲੋਕਾਂ ਉਤੇ ਹਮਲਿਆਂ ਦੀ ਯੋਜਨਾ ਘੜ ਰਹੇ ਸਨ। ਬਿਆਨ 'ਚ ਕਿਹਾ ਗਿਆ ਕਿ ਹਮਾਸ ਨੂੰ ਇਰਾਨ ਦੀਆਂ ਦਹਿਸ਼ਤੀ ਸਰਗਰਮੀਆਂ ਤੋਂ ਪ੍ਰੇਰਣਾ ਮਿਲਦੀ ਹੈ।

## ਇਮਰਾਨ ਦੀ ਪਾਰਟੀ ਦਾ ਚੋਣ ਨਿਸ਼ਾਨ ਰੱਦ

**ਇਸਲਾਮਾਬਾਦ:** ਪਾਕਿਸਤਾਨ ਵਿਚ 8 ਫਰਵਰੀ ਦੀਆਂ ਆਮ ਚੋਣਾਂ ਤੋਂ ਪਹਿਲਾਂ ਸੁਪਰੀਮ ਕੋਰਟ ਨੇ ਚੋਣ ਕਮਿਸ਼ਨ ਦੇ ਫੈਸਲੇ ਨੂੰ ਕਾਇਮ ਰੱਖਦਿਆਂ ਪਾਕਿਸਤਾਨ ਤਹਿਰੀਕ-ਏ-ਇਨਸਾਫ (ਪੀ.ਟੀ.ਆਈ.) ਪਾਰਟੀ ਦੀਆਂ ਜਥੇਬੰਦਕ ਚੋਣਾਂ ਨੂੰ ਰੱਦ ਕਰ ਦਿੱਤਾ ਹੈ। ਇਸ ਫੈਸਲੇ ਕਾਰਨ ਹੁਣ ਪੀ.ਟੀ.ਆਈ. 'ਬੈਟ' ਨਿਸ਼ਾਨ ਉਤੇ ਚੋਣ ਨਹੀਂ ਲੜ ਸਕੇਗੀ। ਸਥਾਨਕ ਮੀਡੀਆ ਮੁਤਾਬਕ ਤਿੰਨ ਦਿਨਾਂ ਦੀ ਸੁਣਵਾਈ ਮਗਰੋਂ ਤਿੰਨ ਜੱਜਾਂ ਦੇ ਬੈਂਚ ਨੇ ਚੋਣ ਕਮਿਸ਼ਨ ਦੀ ਅਰਜ਼ੀ ਉਤੇ ਇਸ ਸਬੰਧੀ ਫੈਸਲਾ ਦਿੱਤਾ। ਇਸ ਤੋਂ ਪਹਿਲਾਂ ਪਿਸ਼ਾਵਰ ਹਾਈ ਕੋਰਟ ਨੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਪਾਰਟੀ ਪੀ.ਟੀ.ਆਈ. ਦਾ ਚੋਣ ਨਿਸ਼ਾਨ ਬੈਟ ਬਹਾਲ ਕਰ ਦਿੱਤਾ ਸੀ। ਪਰ ਸੁਪਰੀਮ ਕੋਰਟ ਨੇ ਹਾਈ ਕੋਰਟ ਦਾ ਹੁਕਮ ਖਾਰਜ ਕਰ ਦਿੱਤਾ।

# ਕੋਵਿਡ: ਦਸੰਬਰ ਵਿਚ ਦਸ ਹਜ਼ਾਰ ਮੌਤਾਂ ਹੋਣ ਦਾ ਦਾਅਵਾ

**ਜਨੇਵਾ:** ਸੰਯੁਕਤ ਰਾਸ਼ਟਰ ਦੀ ਸਿਹਤ ਏਜੰਸੀ ਡਬਲਿਊ.ਐਚ.ਓ. ਨੇ ਕਿਹਾ ਹੈ ਕਿ ਦਸੰਬਰ 'ਚ ਕੋਰੋਨਾ ਕਾਰਨ ਤਕਰੀਬਨ 10 ਹਜ਼ਾਰ ਮੌਤਾਂ ਹੋਈਆਂ ਸਨ। ਵਿਸ਼ਵ ਸਿਹਤ ਸੰਗਠਨ ਦੇ ਡਾਇਰੈਕਟਰ ਜਨਰਲ ਟੈਡਰੋਸ ਅਧਾਨੋਮ ਗੈਬ੍ਰਿਸਸ ਨੇ ਕਿਹਾ ਕਿ ਛੁੱਟੀਆਂ ਕਾਰਨ ਲੋਕਾਂ ਦੇ ਵੱਡੇ ਇਕੱਠ ਹੋਏ ਜਿਸ ਕਾਰਨ ਕੋਰੋਨਾ ਦੇ ਕੇਸਾਂ 'ਚ ਵਾਧਾ ਦਰਜ ਕੀਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਦਸੰਬਰ ਦੇ ਮਹੀਨੇ ਦੌਰਾਨ ਕਰੀਬ 50 ਮੁਲਕਾਂ ਦੇ ਹਸਪਤਾਲਾਂ 'ਚ ਕੋਰੋਨਾ ਦੇ ਮਰੀਜ਼ਾਂ ਦੀ ਗਿਣਤੀ ਵਧ ਕੇ 42 ਫ਼ੀਸਦੀ ਪਹੁੰਚ ਗਈ ਸੀ ਜਿਨ੍ਹਾਂ 'ਚੋਂ ਜ਼ਿਆਦਾਤਰ ਕੇਸ ਯੂਰਪ ਅਤੇ ਅਮਰੀਕਾ ਦੇ ਸ਼ਹਿਰਾਂ ਤੋਂ ਹਨ। ਗੈਬ੍ਰਿਸਸ ਨੇ ਕਿਹਾ ਕਿ ਮਹਾਮਾਰੀ ਜਦੋਂ ਸਿਖਰ ਸੀ ਤਾਂ ਉਸ ਦੇ ਮੁਕਾਬਲੇ ਵਿਚ ਇਹ ਮੌਤਾਂ ਬਹੁਤ ਘੱਟ ਹਨ ਪਰ ਇਨ੍ਹਾਂ ਮੌਤਾਂ ਨੂੰ ਰੋਕਿਆ ਜਾ ਸਕਦਾ ਸੀ। ਉਨ੍ਹਾਂ ਸਰਕਾਰਾਂ ਨੂੰ ਨਿਗਰਾਨੀ ਰੱਖਣ ਦਾ ਸੱਦਾ ਦਿੰਦਿਆਂ ਕਿਹਾ ਕਿ ਹੋਰ ਥਾਵਾਂ ਉਤੇ ਵੀ ਕੇਸਾਂ 'ਚ ਲਗਾਤਾਰ ਵਾਧਾ ਹੋ ਰਿਹਾ ਹੈ ਅਤੇ ਲੋਕਾਂ ਨੂੰ ਇਲਾਜ ਤੇ ਵੈਕਸੀਨ ਲਗਾਤਾਰ ਮੁਹੱਈਆ ਕਰਵਾਈ ਜਾਂਦੀ ਰਹੇ। ਟੈਡਰੋਸ ਨੇ ਕਿਹਾ ਕਿ ਜੇਐੱਨ.1 ਵੇਰੀਐਂਟ ਹੁਣ ਦੁਨੀਆ 'ਚ ਫੈਲ ਰਿਹਾ ਹੈ ਅਤੇ ਇਹ ਓਮੀਕ੍ਰੋਨ ਕਿਸਮ ਵਾਲਾ ਹੈ ਜਿਸ ਕਾਰਨ ਮੌਜੂਦਾ ਵੈਕਸੀਨ ਨਾਲ ਕੁਝ ਸੁਰੱਖਿਆ ਹੋ ਸਕਦੀ ਹੈ। ਡਬਲਿਊ.ਐਚ.ਓ. ਦੀ ਇਕ ਹੋਰ ਮਾਹਿਰ ਮਾਰੀਆ ਵਾਨ ਕੇਰਖੋਜਵ ਨੇ ਦੁਨੀਆਂ ਭਰ 'ਚ ਕੋਰੋਨਾ ਵਾਇਰਸ ਦੇ ਨਾਲ ਨਾਲ ਫਲੂ ਅਤੇ ਨਿਮੋਨੀਆ ਨਾਲ ਸਾਹ ਦੇ ਰੋਗਾਂ 'ਚ ਵਾਧੇ ਦਾ ਹਵਾਲਾ ਦਿੱਤਾ। ਉਨ੍ਹਾਂ ਕਿਹਾ ਕਿ ਖੰਘ, ਜ਼ੁਕਾਮ, ਬੁਖਾਰ ਅਤੇ ਥਕਾਵਟ ਸਰਦੀਆਂ 'ਚ ਹੋਣਾ ਨਵੀਂ ਗੱਲ ਨਹੀਂ ਹੈ ਪਰ ਉਨ੍ਹਾਂ ਲੋਕਾਂ ਨੂੰ ਟੀਕੇ ਲਗਵਾਉਣ ਅਤੇ ਮਾਸਕ ਪਹਿਨਣ ਦੀ ਸਲਾਹ ਦਿੱਤੀ ਹੈ।



## ਉਡਾਣ 'ਚ ਦੇਰੀ ਤੋਂ ਨਾਰਾਜ਼ ਯਾਤਰੀ ਨੇ ਪਾਇਲਟ ਕੁੱਟਿਆ

**ਨਵੀਂ ਦਿੱਲੀ:** ਦਿੱਲੀ ਹਵਾਈ ਅੱਡੇ ਉਤੇ ਉਡਾਣ 'ਚ ਦੇਰ ਹੋਣ ਦਾ ਐਲਾਨ ਕਰ ਰਹੇ ਇੰਡੀਗੋ ਦੇ ਪਾਇਲਟ ਉਤੇ ਯਾਤਰੀ ਨੇ ਹਮਲਾ ਕਰ ਦਿੱਤਾ। ਇਸ ਘਟਨਾ ਦੀ ਕਥਿਤ ਵੀਡੀਓ ਸੋਸ਼ਲ ਮੀਡੀਆ ਉਤੇ ਸਾਹਮਣੇ ਆਈ ਹੈ। ਦਿੱਲੀ ਪੁਲਿਸ ਦੇ ਅਧਿਕਾਰੀ ਨੇ ਕਿਹਾ, 'ਸਾਨੂੰ ਇਸ ਬਾਰੇ ਸ਼ਿਕਾਇਤ ਮਿਲੀ ਹੈ ਅਤੇ ਅਸੀਂ ਢੁਕਵੀਂ ਕਾਨੂੰਨੀ ਕਾਰਵਾਈ ਕਰ ਰਹੇ ਹਾਂ।' ਇਸ ਵੀਡੀਓ ਕਲਿੱਪ 'ਚ ਚਾਲਕ ਦਲ ਦੇ ਹੋਰ ਮੈਂਬਰ ਘਟਨਾ ਤੋਂ ਬਾਅਦ ਪਾਇਲਟ ਉਤੇ ਹਮਲਾ ਕਰਨ ਵਾਲੇ ਯਾਤਰੀ ਨੂੰ ਰੋਕਦੇ ਨਜ਼ਰ ਆ ਰਹੇ ਹਨ। ਵੀਡੀਓ 'ਚ ਸਾਹਿਲ ਕਟਾਰੀਆ ਨਾਂ ਦਾ ਯਾਤਰੀ ਜਹਾਜ਼ ਦੇ ਅੰਦਰ ਅਨਾਊਂਸਮੈਂਟ ਕਰ ਰਹੇ ਪਾਇਲਟ ਉਤੇ ਹਮਲਾ ਕਰਦਾ ਦਿਖਾਈ ਦੇ ਰਿਹਾ ਹੈ। ਇਕ ਹੋਰ ਵੀਡੀਓ ਕਲਿੱਪ 'ਚ ਕਟਾਰੀਆ ਨੂੰ ਸੁਰੱਖਿਆ ਕਰਮਚਾਰੀ ਜਹਾਜ਼ ਤੋਂ ਬਾਹਰ ਕੱਢਦੇ ਹੋਏ ਦਿਖਾਈ ਦੇ ਰਹੇ ਹਨ ਅਤੇ ਉਹ ਆਪਣੇ ਵਿਵਹਾਰ ਲਈ ਮੁਆਫੀ ਮੰਗਦਾ ਨਜ਼ਰ ਆ ਰਿਹਾ ਹੈ। ਬਾਅਦ ਵਿਚ ਉਸ ਨੂੰ ਥਾਣੇ ਲਿਜਾਇਆ ਗਿਆ ਅਤੇ ਫਿਰ ਗ੍ਰਿਫਤਾਰ ਕਰ ਲਿਆ ਗਿਆ।

# ਭਾਰਤ ਤੇ ਨੇਪਾਲ ਸਰਹੱਦ ਪਾਰ ਸੰਪਰਕ ਸਹੂਲਤ ਵਧਾਉਣ ਲਈ ਪ੍ਰਤੀਬੱਧ

**ਕਾਠਮੰਡੂ:** ਭਾਰਤ ਤੇ ਨੇਪਾਲ ਦੇ ਅਧਿਕਾਰੀਆਂ ਨੇ ਆਰਥਿਕ ਤੇ ਵਣਜ ਸਬੰਧਾਂ ਨੂੰ ਮਜ਼ਬੂਤ ਕਰਨ ਦੇ ਢੰਗਾਂ ਉਤੇ ਚਰਚਾ ਕੀਤੀ ਅਤੇ ਦੋਵਾਂ ਮੁਲਕਾਂ ਨੇ ਸਰਹੱਦ ਪਾਰ ਨਿਰਵਿਘਨ ਸੰਪਰਕ ਸਹੂਲਤ ਨੂੰ ਹੋਰ ਮਜ਼ਬੂਤ ਕਰਨ ਦੇ ਮਕਸਦ ਨਾਲ ਦੁਵੱਲੀ ਪਹਿਲ ਲਾਗੂ ਕਰਨ ਦੀ ਪ੍ਰਤੀਬੱਧਤਾ ਜ਼ਾਹਿਰ ਕੀਤੀ।

ਗੈਰਕਾਨੂੰਨੀ ਵਪਾਰ ਰੋਕਣ ਲਈ ਵਪਾਰ, ਆਵਾਜਾਈ ਤੇ ਸਹਿਯੋਗ ਸਬੰਧੀ ਭਾਰਤ-ਨੇਪਾਲ ਅੰਤਰ-ਸਰਕਾਰੀ ਉਪ ਕਮੇਟੀ (ਆਈ.ਜੀ.ਐਸ.ਸੀ.) ਨੇ 12-13 ਜਨਵਰੀ ਨੂੰ ਕਾਠਮੰਡੂ 'ਚ ਸੈਸ਼ਨ ਕਰਵਾਇਆ। ਦੋਵਾਂ ਧਿਰਾਂ ਨੇ ਦਵਾਈਆਂ ਤੇ ਆਯੁਰਵੈਦਿਕ ਉਤਪਾਦਾਂ ਲਈ ਆਪਸੀ ਸਮਝ ਵਾਲੇ ਬਾਜ਼ਾਰ ਦੀ ਪਹੁੰਚ ਬਾਰੇ ਚਰਚਾ ਕੀਤੀ। ਭਾਰਤੀ ਧਿਰ ਨੇ ਸਿੱਧੇ ਵਿਦੇਸ਼ੀ ਨਿਵੇਸ਼ (ਐਫ.ਡੀ.ਆਈ.) ਨੂੰ ਉਤਸ਼ਾਹਿਤ ਕਰਨ ਲਈ ਪੈਰਿਸ ਸਮਝੌਤੇ ਦੀਆਂ ਮੱਦਾਂ ਤਹਿਤ ਆਈ.ਪੀ.ਆਰ. ਪ੍ਰਬੰਧ ਦੀ ਲੋੜ ਉਤੇ ਜ਼ੋਰ ਦਿੱਤਾ। ਵਣਜ ਮੰਤਰਾਲੇ ਦੇ ਸੰਯੁਕਤ ਸਕੱਤਰ ਵਿਪੁਲ ਬਾਂਸਲ ਨੇ ਭਾਰਤੀ ਵਫ਼ਦ ਦੀ ਅਗਵਾਈ ਕੀਤੀ।

ਵਫ਼ਦ 'ਚ ਵੱਖ-ਵੱਖ ਮੰਤਰਾਲਿਆਂ ਤੇ ਕਾਠਮੰਡੂ ਸਥਿਤ ਭਾਰਤੀ ਦੂਤਾਵਾਸ ਦੇ ਸੀਨੀਅਰ ਅਧਿਕਾਰੀ ਸ਼ਾਮਲ ਸਨ। ਨੇਪਾਲੀ ਧਿਰ ਦੀ ਅਗਵਾਈ ਨੇਪਾਲ ਸਰਕਾਰ ਦੇ ਉਦਯੋਗ, ਵਣਜ ਤੇ ਸਪਲਾਈ ਮੰਤਰਾਲੇ ਦੇ ਸੰਯੁਕਤ ਸਕੱਤਰ ਰਾਮ ਚੰਦਰ ਤਿਵਾੜੀ ਨੇ ਕੀਤੀ। ਉਨ੍ਹਾਂ ਤੋਂ ਇਲਾਵਾ ਵੱਖ-ਵੱਖ ਨੇਪਾਲੀ ਮੰਤਰਾਲਿਆਂ ਤੇ ਵਿਭਾਗਾਂ ਦੇ ਅਧਿਕਾਰੀ ਵੀ ਇਸ ਵਫ਼ਦ ਦਾ ਹਿੱਸਾ ਸਨ। ਮੀਟਿੰਗ 'ਚ ਏਕੀਕ੍ਰਿਤ ਜਾਂਚ ਚੌਕੀਆਂ ਤੇ ਰੇਲਵੇ ਲਿੰਕ ਦੇ ਨਿਰਮਾਣ ਸਮੇਤ ਭਾਰਤ ਤੇ ਨੇਪਾਲ ਵਿਚਾਲੇ ਸਰਹੱਦ ਪਾਰ ਨਿਰਵਿਘਨ ਸੰਪਰਕ ਸੇਵਾ ਹੋਰ ਮਜ਼ਬੂਤ ਕਰਨ ਦੇ ਮਕਸਦ ਨਾਲ ਦੁਵੱਲੀ ਪਹਿਲ 'ਤੇ ਧਿਆਨ ਕੇਂਦਰਿਤ ਕੀਤਾ।



# ਭਾਰਤ 15 ਮਾਰਚ ਤੱਕ ਮਾਲਦੀਵ 'ਚੋਂ ਆਪਣੀ ਫੌਜ ਵਾਪਸ ਸੱਦੇ: ਮੁਇਜ਼ੂ

**ਮਾਲੇ:** ਮਾਲਦੀਵ ਦੇ ਰਾਸ਼ਟਰਪਤੀ ਮੁਹੰਮਦ ਮੁਇਜ਼ੂ ਨੇ ਭਾਰਤ ਨੂੰ 15 ਮਾਰਚ ਤੱਕ ਆਪਣੀਆਂ ਫੌਜਾਂ ਉਨ੍ਹਾਂ ਦੇ ਮੁਲਕ ਵਿਚੋਂ ਵਾਪਸ ਸੱਦਣ ਲਈ ਕਿਹਾ ਹੈ। ਮਾਲੇ ਨੇ ਦੇਸ਼ ਵਿਚੋਂ ਭਾਰਤੀ ਫੌਜ ਦੀ ਵਾਪਸੀ ਸਬੰਧੀ ਰਸਮੀ ਮੰਗ ਦੋ ਮਹੀਨੇ ਪਹਿਲਾਂ ਕੀਤੀ ਸੀ।

ਤਾਜ਼ਾ ਸਰਕਾਰੀ ਅੰਕੜਿਆਂ ਮੁਤਾਬਕ ਮਾਲਦੀਵ ਵਿਚ 88 ਭਾਰਤੀ ਫੌਜੀ ਮੌਜੂਦ ਹਨ। 'ਸਨ' ਆਨਲਾਈਨ ਅਖ਼ਬਾਰ ਦੀ ਰਿਪੋਰਟ ਮੁਤਾਬਕ ਰਾਸ਼ਟਰਪਤੀ ਦਫ਼ਤਰ ਵਿਚ ਪਬਲਿਕ ਪਾਲਿਸੀ ਸਕੱਤਰ ਅਬਦੁੱਲਾ ਨਜ਼ੀਮ ਇਬਰਾਹਿਮ ਨੇ ਪ੍ਰੈੱਸ ਬ੍ਰੀਫਿੰਗ ਦੌਰਾਨ ਕਿਹਾ ਕਿ ਰਾਸ਼ਟਰਪਤੀ ਮੁਇਜ਼ੂ ਨੇ ਭਾਰਤ ਨੂੰ 15 ਮਾਰਚ ਤੱਕ ਆਪਣੀਆਂ ਫੌਜਾਂ ਮਾਲਦੀਵ ਵਿਚੋਂ ਵਾਪਸ ਸੱਦਣ ਬਾਰੇ ਰਸਮੀ ਤੌਰ ਉਤੇ ਆਖ ਦਿੱਤਾ ਹੈ। ਇਬਰਾਹਿਮ ਨੇ ਕਿਹਾ, ''ਭਾਰਤੀ ਫੌਜ ਦਾ ਅਮਲਾ ਮਾਲਦੀਵ ਵਿਚ ਨਹੀਂ ਰਹਿ ਸਕਦਾ। ਇਹ ਰਾਸ਼ਟਰਪਤੀ ਡਾ.ਮੁਹੰਮਦ ਮੁਇਜ਼ੂ ਤੇ ਉਨ੍ਹਾਂ ਦੇ ਪ੍ਰਸ਼ਾਸਨ ਦੀ ਪਾਲਿਸੀ ਹੈ।'' ਮਾਲਦੀਵ ਤੇ ਭਾਰਤ ਨੇ ਫੌਜਾਂ ਦੀ ਵਾਪਸੀ ਨੂੰ ਲੈ ਕੇ ਗੱਲਬਾਤ ਕਰਨ ਲਈ ਉੱਚ ਪੱਧਰੀ ਕੋਰ ਗਰੁੱਪ ਬਣਾਇਆ ਸੀ। ਇਸ ਗਰੁੱਪ ਦੀ ਪਹਿਲੀ ਬੈਠਕ ਮਾਲੇ ਵਿਚ ਵਿਦੇਸ਼ ਮੰਤਰਾਲੇ ਦੇ ਹੈੱਡਕੁਆਰਟਰਜ਼ ਵਿਚ ਹੋਈ। ਰਿਪੋਰਟ ਮੁਤਾਬਕ ਬੈਠਕ ਵਿਚ ਭਾਰਤ ਦੇ ਹਾਈ ਕਮਿਸ਼ਨਰ ਮੁਨੂ ਮਹਾਵਰ ਵੀ ਸ਼ਾਮਲ ਹੋਏ। ਨਜ਼ੀਮ ਨੇ ਬੈਠਕ ਦੀ ਪੁਸ਼ਟੀ ਕਰਦਿਆਂ ਕਿਹਾ ਕਿ 15 ਮਾਰਚ ਤੱਕ ਫੌਜ ਦੀ ਵਾਪਸੀ ਬਾਰੇ ਅਪੀਲ ਇਸ (ਬੈਠਕ) ਦਾ ਏਜੰਡਾ ਸੀ। ਉੱਧਰ ਭਾਰਤ ਸਰਕਾਰ ਨੇ ਮੀਡੀਆ ਰਿਪੋਰਟ ਵਿਚ ਕੀਤੇ ਦਾਅਵਿਆਂ ਦੀ ਅਜੇ ਤੱਕ ਪੁਸ਼ਟੀ ਨਹੀਂ ਕੀਤੀ ਤੇ ਨਾ ਹੀ ਕੋਈ ਟਿੱਪਣੀ ਕੀਤੀ ਹੈ। ਕਾਬਿਲੇਗੌਰ ਹੈ ਕਿ ਪਿਛਲੇ ਸਾਲ 17 ਨਵੰਬਰ ਨੂੰ ਮਾਲਦੀਵ ਦੇ ਰਾਸ਼ਟਰਪਤੀ ਵਜੋਂ ਸਹੁੰ ਚੁੱਕਣ ਮਗਰੋਂ ਮੁਇਜ਼ੂ, ਜਿਨ੍ਹਾਂ ਨੂੰ ਚੀਨ ਦੇ ਨੇੜੇ ਮੰਨਿਆ ਜਾਂਦਾ ਹੈ, ਨੇ ਭਾਰਤ ਨੂੰ ਆਪਣੀਆਂ ਫੌਜਾਂ ਮਾਲਦੀਵ ਵਿਚੋਂ ਹਟਾਉਣ ਸਬੰਧੀ ਰਸਮੀ ਅਪੀਲ ਕੀਤੀ ਸੀ। ਮੁਇਜ਼ੂ ਨੇ ਕਿਹਾ ਸੀ ਕਿ ਮਾਲਦੀਵ ਦੇ ਲੋਕਾਂ ਨੇ ਨਵੀਂ ਦਿੱਲੀ ਨੂੰ ਇਹ ਅਪੀਲ ਕਰਨ ਲਈ ਉਨ੍ਹਾਂ ਨੂੰ 'ਵੱਡਾ ਫ਼ਤਵਾ' ਦਿੱਤਾ ਹੈ। ਭਾਰਤੀ ਫੌਜ ਨੂੰ ਵਾਪਸ ਬੁਲਾਉਣ ਦੀ ਇਹ ਅਪੀਲ ਅਜਿਹੇ ਮੌਕੇ ਕੀਤੀ ਗਈ ਹੈ ਜਦੋਂ ਮੁਇਜ਼ੂ ਸਰਕਾਰ ਦੇ ਤਿੰਨ ਮੰਤਰੀਆਂ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖਿਲਾਫ਼ ਕੀਤੀਆਂ 'ਅਪਮਾਨਜਨਕ' ਟਿੱਪਣੀਆਂ ਕਰਕੇ ਦੋਵਾਂ ਮੁਲਕਾਂ ਵਿਚ ਵਿਵਾਦ ਸਿਖਰ ਉਤੇ ਹੈ।



## 'ਮਾਲਦੀਵ ਨੂੰ ਕੋਈ ਧਮਕਾ ਨਹੀਂ ਸਕਦਾ'

**ਮਾਲੇ:** ਚੀਨ ਦੇ ਪੰਜ ਦਿਨਾਂ ਦੇ ਦੌਰੇ ਤੋਂ ਪਰਤਣ ਮਗਰੋਂ ਮਾਲਦੀਵ ਦੇ ਰਾਸ਼ਟਰਪਤੀ ਮੁਹੰਮਦ ਮੁਇਜ਼ੂ ਨੇ ਵਿਰੋਧ ਜਤਾਉਣ ਵਾਲੀ ਸੁਰ 'ਚ ਕਿਹਾ ਕਿ ਉਨ੍ਹਾਂ ਦਾ ਮੁਲਕ ਭਾਵੇਂ ਛੋਟਾ ਹੈ, ਪਰ ਇਸ ਨਾਲ 'ਉਨ੍ਹਾਂ ਨੂੰ ਸਾਨੂੰ ਧਮਕਾਉਣ ਦਾ ਲਾਇਸੈਂਸ ਨਹੀਂ ਮਿਲ ਜਾਂਦਾ।' ਮੁਇਜ਼ੂ ਦੀਆਂ ਇਹ ਟਿੱਪਣੀਆਂ ਉਨ੍ਹਾਂ ਦੇ ਮੁਲਕ ਦੇ ਭਾਰਤ ਨਾਲ ਬਣੇ ਕੂਟਨੀਤਕ ਟਕਰਾਅ ਵਿਚਾਲੇ ਆਈਆਂ ਹਨ।

## ਮਾਲਦੀਵ 'ਚ ਬਾਹਰੀ ਦਖਲ ਦਾ ਵਿਰੋਧ ਕਰਾਂਗੇ: ਚੀਨ

**ਪੇਈਚਿੰਗ:** ਮਾਲਦੀਵਜ਼ ਦੇ ਰਾਸ਼ਟਰਪਤੀ ਮੁਹੰਮਦ ਮੁਇਜ਼ੂ ਦੀ ਚੀਨ ਯਾਤਰਾ ਤੋਂ ਬਾਅਦ ਚੀਨ ਨੇ ਕਿਹਾ ਕਿ ਉਹ ਮਾਲਦੀਵਜ਼ ਦੇ ਅੰਦਰੂਨੀ ਮਾਮਲਿਆਂ 'ਚ ਕਿਸੇ ਵੀ ਬਾਹਰੀ ਦਖ਼ਲ ਦਾ ਵਿਰੋਧ ਕਰਦਾ ਹੈ ਤੇ ਉਹ ਇਸ ਟਾਪੂਨੁਮਾ ਮੁਲਕ ਦੀ ਪ੍ਰਭੂਸੱਤਾ ਤੇ ਆਜ਼ਾਦੀ ਲਈ ਹਮਾਇਤ ਕਰੇਗਾ। ਚੀਨ ਦੇ ਆਗੂਆਂ ਨਾਲ ਮੁਇਜ਼ੂ ਦੀ ਮੁਲਾਕਾਤ ਮਗਰੋਂ ਜਾਰੀ ਕੀਤੇ ਗਏ ਸਾਂਝੇ ਬਿਆਨ 'ਚ ਕਿਹਾ ਗਿਆ, 'ਦੋਵਾਂ ਧਿਰਾਂ ਨੇ ਇਕ ਦੂਜੇ ਦੇ ਹਿੱਤਾਂ ਦੀ ਹਮਾਇਤ ਤੇ ਰਾਖੀ ਲਈ ਸਹਿਮਤੀ ਜ਼ਾਹਿਰ ਕੀਤੀ ਹੈ।'

# ਕੈਨੇਡਾ ਵੱਲੋਂ ਕੌਮਾਂਤਰੀ ਵਿਦਿਆਰਥੀਆਂ ਨੂੰ ਝਟਕਾ ਦੇਣ ਦੀ ਤਿਆਰੀ

**ਓਟਾਵਾ:** ਕੈਨੇਡਾ ਵੱਲੋਂ ਕੌਮਾਂਤਰੀ ਵਿਦਿਆਰਥੀਆਂ ਨੂੰ ਵੱਡਾ ਝਟਕਾ ਦੇਣ ਦੀ ਤਿਆਰੀ ਕਰ ਲਈ ਹੈ। ਕੈਨੇਡਾ ਵਿਚ ਵਧਦੇ ਬੇਰੁਜ਼ਗਾਰੀ ਤੇ ਹਾਊਸਿੰਗ ਸੰਕਟ ਦੇ ਮੱਦੇਨਜ਼ਰ ਆਵਾਸ ਮੰਤਰੀ ਮਾਰਕ ਮਿਲਰ ਨੇ ਆਖਿਆ ਹੈ ਕਿ ਉਹ ਅਗਲੇ ਕੁਝ ਮਹੀਨਿਆਂ 'ਚ ਦੇਸ਼ ਵਿਚ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਸੀਮਤ ਕਰਨ ਦੀ ਸੰਭਾਵਨਾ ਉਤੇ ਵਿਚਾਰ ਕਰ ਰਹੇ ਹਨ।

ਜ਼ਿਕਰਯੋਗ ਹੈ ਕਿ ਦੇਸ਼ ਵਿਚ ਰਿਹਾਇਸ਼ ਕਾਫੀ ਮਹਿੰਗੀ ਹੋ ਗਈ ਹੈ ਤੇ ਘਰ ਖ਼ਰੀਦਣਾ ਲੋਕਾਂ ਦੀ ਸਮਰੱਥਾ ਤੋਂ ਬਾਹਰ ਹੁੰਦਾ ਜਾ ਰਿਹਾ ਹੈ। ਸੀ.ਟੀ.ਵੀ. ਨਿਊਜ਼ ਦੀ ਇਕ ਰਿਪੋਰਟ ਮੁਤਾਬਕ ਮੰਤਰੀ ਮਿਲਰ ਨੇ ਇਹ ਨਹੀਂ ਦੱਸਿਆ ਕਿ ਸਰਕਾਰ ਆਵਾਸ ਢਾਂਚੇ ਵਿਚ ਇਹ ਗਿਣਤੀ ਕਿਹੜੇ ਪੱਧਰ ਤੱਕ ਘਟਾਉਣ ਬਾਰੇ ਸੋਚ ਰਹੀ ਹੈ। ਚੈਨਲ ਨੂੰ ਦਿੱਤੀ ਇੰਟਰਵਿਊ ਵਿਚ ਮੰਤਰੀ ਨੇ ਕਿਹਾ ਕਿ ਇਸ ਬਾਰੇ ਫੈਡਰਲ ਸਰਕਾਰ ਨੂੰ ਸੂਬਾ ਸਰਕਾਰਾਂ ਨਾਲ ਗੱਲਬਾਤ ਕਰਨ ਦੀ ਲੋੜ ਹੈ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਜਿਹੜੇ ਸੂਬੇ ਆਪਣਾ ਕੰਮ ਨਹੀਂ ਕਰ ਰਹੇ ਹਨ, ਅਸਲ ਵਿਚ ਉਹ ਨਿਰੋਲ ਗਿਣਤੀ ਦੇ ਅਧਾਰ ਉਤੇ ਇਨ੍ਹਾਂ ਅੰਕੜਿਆਂ ਉਤੇ ਲਗਾਮ ਕੱਸਣ। ਮਿਲਰ ਨੇ ਕੈਨੇਡਾ ਵਿਚ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਦੇ ਸੰਦਰਭ ਵਿਚ ਕਿਹਾ ਕਿ 'ਵਰਤਮਾਨ ਗਿਣਤੀ ਚਿੰਤਾਜਨਕ ਹੈ'। ਉਨ੍ਹਾਂ ਕਿਹਾ ਕਿ 'ਇਹ ਇਕ ਅਜਿਹਾ ਢਾਂਚਾ ਹੈ ਜੋ ਕਾਬੂ ਤੋਂ ਬਾਹਰ ਹੋ ਗਿਆ ਹੈ।' ਮਿਲਰ ਨੇ ਕਿਹਾ ਕਿ ਇਸ ਸਾਲ ਦੀ ਪਹਿਲੀ ਤੇ ਦੂਜੀ ਤਿਮਾਹੀ ਵਿਚ ਉਹ ਹਾਊਸਿੰਗ ਦੀ ਮੰਗ ਘਟਾਉਣ ਲਈ ਕੌਮਾਂਤਰੀ ਵਿਦਿਆਰਥੀਆਂ ਦੀ



ਗਿਣਤੀ ਸੀਮਤ ਕਰਨ ਦੀ ਸੰਭਾਵਨਾ ਉਤੇ ਵਿਚਾਰ ਕਰ ਰਹੇ ਹਨ। ਮਿਲਰ ਨੇ ਕਿਹਾ ਕਿ ਪਹਿਲਾਂ ਫੈਡਰਲ ਪੱਧਰ ਉਤੇ ਗਿਣਤੀ ਨੂੰ ਸੋਧਣ ਦੀ ਲੋੜ ਹੈ। ਇਸ ਤੋਂ ਬਾਅਦ 'ਥੋੜ੍ਹਾ ਬਾਰੀਕੀ ਨਾਲ' ਦੇਖਿਆ ਜਾਵੇਗਾ ਕਿ ਵੱਖ-ਵੱਖ ਸੂਬਿਆਂ ਵਿਚ ਨਿੱਜੀ ਅਕਾਦਮਿਕ ਸੰਸਥਾਵਾਂ ਕੀ ਕਰ ਰਹੀਆਂ ਹਨ, ਜੋ ਕਿ ਸੰਭਾਵੀ ਤੌਰ ਉਤੇ ਵੱਧ ਤੋਂ ਵੱਧ ਕੌਮਾਂਤਰੀ ਵਿਦਿਆਰਥੀਆਂ ਨੂੰ ਸੱਦ ਕੇ ਮੁਨਾਫਾ ਕਮਾ ਰਹੀਆਂ ਹਨ। ਮਿਲਰ ਨੇ ਕਿਹਾ, 'ਸਾਨੂੰ ਆਪਣਾ ਕੰਮ ਕਰਨ ਦੀ ਲੋੜ ਹੈ ਤੇ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਸਾਡੇ ਕੋਲ ਅਜਿਹਾ ਢਾਂਚਾ ਹੋਵੇ ਜੋ ਯਕੀਨੀ ਬਣਾਏ ਕਿ ਲੋਕਾਂ ਕੋਲ ਕੈਨੇਡਾ ਆਉਣ ਦੀ ਵਿੱਤੀ ਸਮਰੱਥਾ ਹੋਵੇ, ਤੇ ਅਸੀਂ ਇਸੇ ਲਈ ਆਫਰ ਲੈਟਰ ਦੀ ਪੁਸ਼ਟੀ ਕਰ ਰਹੇ ਹਾਂ।' ਉਨ੍ਹਾਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਸਰਕਾਰ ਗਿਣਤੀ ਉਤੇ ਚਰਚਾ ਸ਼ੁਰੂ ਕਰੇ ਤੇ ਇਸ ਦੇ ਵੱਖ-ਵੱਖ ਖੇਤਰਾਂ ਉਤੇ ਪੈ ਰਹੇ ਅਸਰ ਬਾਰੇ ਵਿਚਾਰ ਕਰੇ। ਹਾਲਾਂਕਿ ਉਨ੍ਹਾਂ ਕਿਹਾ ਕਿ ਕੈਨੇਡਾ ਵਿਚਲੇ ਹਾਊਸਿੰਗ ਸੰਕਟ ਲਈ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਘਟਾਉਣਾ ਹੀ ਇਕੋ-ਇਕ ਹੱਲ ਨਹੀਂ ਹੋਵੇਗਾ। ਮਿਲਰ ਨੇ ਕਿਹਾ ਜਦ ਇਮੀਗ੍ਰੇਸ਼ਨ ਟੀਚਿਆਂ ਦੀ ਗੱਲ ਆਉਂਦੀ ਹੈ ਤਾਂ ਹਾਊਸਿੰਗ ਗਿਣਤੀ-ਮਿਣਤੀ ਦਾ ਇਕ ਹਿੱਸਾ ਹੈ।

ਜ਼ਿਕਰਯੋਗ ਹੈ ਕਿ ਦੇਸ਼ ਵਿਚ ਆ ਰਹੇ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ, ਫੈਡਰਲ ਸਰਕਾਰ ਦੇ ਮਕਾਨ ਉਸਾਰੀ ਬਾਰੇ ਟੀਚਿਆਂ ਤੋਂ ਵੱਧ ਹੈ। ਉਨ੍ਹਾਂ ਕਿਹਾ ਕਿ ਕੰਮਕਾਜੀ ਵਰਗ ਦੀ ਔਸਤ ਉਮਰ ਘਟਾਉਣ ਦੀ ਵੀ ਲੋੜ ਹੈ, ਇਸ ਉਤੇ ਵੀ ਵਿਚਾਰ ਕਰਨਾ ਜ਼ਰੂਰੀ ਹੈ।

# ਪੰਨੂ ਦੀ ਹਮਾਇਤ 'ਚ ਡਟੀਆਂ ਅਮਰੀਕਾ ਦੀਆਂ ਸਿੱਖ ਜਥੇਬੰਦੀਆਂ

**ਅੰਮ੍ਰਿਤਸਰ:** ਭਾਰਤੀ ਪੁਲਿਸ ਨੂੰ ਲੋੜੀਂਦੇ ਗੁਰਪਤਵੰਤ ਸਿੰਘ ਪੰਨੂ ਦੀ ਹਮਾਇਤ ਵਿਚ ਅਮਰੀਕਾ ਦੀਆਂ ਸਿੱਖ ਜਥੇਬੰਦੀਆਂ ਡਟ ਗਈਆਂ ਹਨ। ਸਿੱਖ ਜਥੇਬੰਦੀਆਂ ਨੇ ਪੰਨੂ ਉਤੇ ਜਾਨਲੇਵਾ ਹਮਲੇ ਦੀ ਸਾਜ਼ਿਸ਼ ਦੀ ਪੁਸ਼ਤਪਨਾਹੀ ਵਾਸਤੇ ਅਮਰੀਕਾ ਵਿਚਲੇ ਇਕ ਭਾਰਤੀ ਉੱਚ ਅਧਿਕਾਰੀ ਉਤੇ ਉਂਗਲ ਰੱਖੀ ਹੈ।

ਸਿੱਖ ਕੋਆਰਡੀਨੇਸ਼ਨ ਕਮੇਟੀ ਯੂ.ਐਸ.ਏ. ਦੇ ਕੋਆਰਡੀਨੇਟਰ ਹਿੰਮਤ ਸਿੰਘ, ਬੁਲਾਰੇ ਹਰਜਿੰਦਰ ਸਿੰਘ ਅਤੇ ਅਮਰੀਕਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਦੱਸਿਆ ਕਿ ਅਮਰੀਕਾ ਵਿਚਲੀਆਂ ਸਿੱਖ ਜਥੇਬੰਦੀਆਂ ਗੁਰਪਤਵੰਤ ਸਿੰਘ



ਪੰਨੂ ਦੇ ਨਾਲ ਖੜ੍ਹੀਆਂ ਹਨ। ਸਿੱਖ ਆਗੂਆਂ ਨੇ ਦੱਸਿਆ ਕਿ ਪਿਛਲੇ ਦਿਨੀਂ ਗੁਰਦੁਆਰਾ ਸਿੱਖ ਕਲਚਰ ਸੁਸਾਇਟੀ ਰਿਚਮੰਡਹਿਲ ਨਿਊ ਯਾਰਕ ਵਿਚ ਸਿੱਖ ਜਥੇਬੰਦੀਆਂ ਅਤੇ ਸੰਗਤ ਦਾ ਇਕੱਠ ਸੱਦਿਆ ਗਿਆ ਸੀ, ਜਿਸ ਵਿਚ ਸਮੂਹ ਸੰਗਤ ਵੱਲੋਂ ਉਥੋਂ ਦੇ ਗੁਰਦੁਆਰਿਆਂ ਵਿਚ ਭਾਰਤ ਸਰਕਾਰ ਦੇ ਪ੍ਰਤੀਨਿਧਾਂ, ਸਰਕਾਰੀ ਅਧਿਕਾਰੀਆਂ ਤੇ ਸਿਆਸਤਦਾਨਾਂ ਦੀ ਦਖਲਅੰਦਾਜ਼ੀ ਦਾ ਵਿਰੋਧ ਜਾਰੀ ਰੱਖਣ ਦਾ ਫੈਸਲਾ ਕੀਤਾ ਗਿਆ। ਇਸੇ ਤਰ੍ਹਾਂ ਨਾਰਥ ਅਮਰੀਕਾ ਤੇ ਹੋਰ ਸੂਬਿਆਂ ਵਿਚ ਗੁਰਦੁਆਰਿਆਂ ਦੀਆਂ ਸਟੇਜਾਂ ਉਤੇ ਭਾਰਤੀ ਪ੍ਰਤੀਨਿਧਾਂ ਦੇ ਬੋਲਣ 'ਤੇ ਪੱਕੇ ਤੌਰ ਉਤੇ ਪਾਬੰਦੀ ਲਾਉਣ ਦਾ ਫੈਸਲਾ ਕੀਤਾ ਗਿਆ ਹੈ।

## ਅਦਾਲਤ ਨੇ ਨਿਖਿਲ ਗੁਪਤਾ ਦੀ ਅਪੀਲ ਕੀਤੀ ਰੱਦ

**ਨਿਊ ਯਾਰਕ:** ਅਮਰੀਕਾ ਦੀ ਧਰਤੀ ਉਤੇ ਖ਼ਾਲਿਸਤਾਨੀ ਵੱਖਵਾਦੀ ਗੁਰਪਤਵੰਤ ਸਿੰਘ ਪੰਨੂ ਨੂੰ ਮਾਰਨ ਦੀ ਸਾਜ਼ਿਸ਼ ਰਚਣ ਦੇ ਮੁਲਜ਼ਮ ਭਾਰਤੀ ਨਾਗਰਿਕ ਨਿਖਿਲ ਗੁਪਤਾ ਨੂੰ ਸਬੂਤ ਮੁਹੱਈਆ ਕਰਵਾਉਣ ਦੀ ਬੇਨਤੀ ਨੂੰ ਅਮਰੀਕੀ ਜੱਜ ਨੇ ਰੱਦ ਕਰ ਦਿੱਤਾ ਹੈ। ਅਮਰੀਕਾ ਦੇ ਜ਼ਿਲ੍ਹਾ ਜੱਜ ਵਿਕਟਰ ਮੈਰੇਰੋ ਨੇ ਆਦੇਸ਼ ਵਿਚ ਗੁਪਤਾ ਦੇ ਵਕੀਲ ਦੀ ਇਸ ਕੇਸ ਵਿਚ ਸਬੂਤ ਪ੍ਰਦਾਨ ਕਰਨ ਦੀ ਬੇਨਤੀ ਨੂੰ ਰੱਦ ਕਰ ਦਿੱਤਾ। 52 ਸਾਲਾ ਗੁਪਤਾ 'ਤੇ ਸੰਘੀ ਵਕੀਲਾਂ ਨੇ ਪਿਛਲੇ ਸਾਲ ਨਵੰਬਰ ਵਿਚ ਅਮਰੀਕਾ ਦੀ ਧਰਤੀ ਉਤੇ ਖ਼ਾਲਿਸਤਾਨੀ ਵੱਖਵਾਦੀ ਗੁਰਪਤਵੰਤ ਸਿੰਘ ਪੰਨੂ ਨੂੰ ਮਾਰਨ ਦੀ ਸਾਜ਼ਿਸ਼ ਵਿਚ ਭਾਰਤ ਸਰਕਾਰ ਦੇ ਕਰਮਚਾਰੀ ਨਾਲ ਸਹਿਯੋਗ ਕਰਨ ਦਾ ਦੋਸ਼ ਲਗਾਇਆ ਸੀ।

ਅਮਰੀਕਾ ਦੀਆਂ ਸਿੱਖ ਜਥੇਬੰਦੀਆਂ ਨੇ ਇਕ ਵੱਖਰੀ ਮੀਟਿੰਗ ਕੀਤੀ ਗਈ ਜਿਸ ਵਿਚ ਭਾਈ ਗੁਰਦੇਵ ਸਿੰਘ ਕਾਉਂਕੇ ਨੂੰ ਪੁਲਿਸ ਹਿਰਾਸਤ ਦੌਰਾਨ ਤਸ਼ੱਦਦ ਰਾਹੀਂ ਕਥਿਤ ਤੌਰ ਉਤੇ ਕਤਲ ਕਰਨ ਸਬੰਧੀ ਰਿਪੋਰਟ 'ਤੇ ਵਿਚਾਰ ਕੀਤਾ ਗਿਆ। ਸਿੱਖ ਆਗੂਆਂ ਨੇ ਕਿਹਾ ਕਿ ਪੰਥ ਨੂੰ ਚਾਹੀਦਾ ਹੈ ਕਿ ਉਹ ਭਾਈ ਕਾਉਂਕੇ ਨੂੰ ਕੌਮੀ ਸ਼ਹੀਦ ਐਲਾਨੇ ਅਤੇ ਇਸ ਰਿਪੋਰਟ 'ਤੇ ਕੋਈ ਕਾਰਵਾਈ ਨਾ ਕਰਨ ਦੇ ਦੋਸ਼ ਹੇਠ ਸੁਖਬੀਰ ਸਿੰਘ ਬਾਦਲ ਖ਼ਿਲਾਫ਼ ਕੇਸ ਦਰਜ ਕੀਤਾ ਜਾਵੇ।

# ਸਿਆਸੀ ਸ਼ਰਨ ਲੈਣ ਦੀ ਕੋਸ਼ਿਸ਼ ਕਰਨ ਵਾਲਿਆਂ ਖਿਲਾਫ ਪੜਤਾਲ

**ਤਰਨ ਤਾਰਨ:** ਪੁਲਿਸ ਨੇ ਅਮਰੀਕਾ ਵਿਚ ਰਾਜਸੀ ਸ਼ਰਨ ਲੈਣ ਦੀ ਕੋਸ਼ਿਸ਼ ਕਰਨ ਵਾਲੇ ਵਿਅਕਤੀਆਂ ਖ਼ਿਲਾਫ਼ ਮੁਢਲੀ ਪੜਤਾਲ ਦੌਰਾਨ ਤਰਨ ਤਾਰਨ ਜ਼ਿਲ੍ਹੇ ਨਾਲ ਸਬੰਧਤ 20 ਜਣਿਆਂ ਨੂੰ ਬੇਕਸੂਰ ਪਾਇਆ ਹੈ। ਇਨ੍ਹਾਂ ਨੂੰ ਸਾਜ਼ਿਸ਼ ਅਧੀਨ ਲਈ ਖ਼ੁਦ ਨੂੰ ਖਾਲਿਸਤਾਨ ਦੇ ਸਮਰਥਕ ਦੇ ਤੌਰ ਉਤੇ ਪੇਸ਼ ਕਰਨ ਲਈ ਕਿਹਾ ਗਿਆ ਸੀ।



ਇਨ੍ਹਾਂ 20 ਜਣਿਆਂ ਨੂੰ ਹਾਲ ਹੀ ਵਿਚ ਫਰਾਂਸ ਦੇ ਹਵਾਈ ਅੱਡੇ 'ਤੇ ਰੋਕ ਲਿਆ ਗਿਆ ਸੀ ਤੇ ਬਾਅਦ ਵਿਚ ਭਾਰਤ ਵਾਪਸ ਭੇਜ ਦਿੱਤਾ ਗਿਆ ਸੀ। ਜ਼ਿਲ੍ਹਾ ਪੁਲਿਸ ਨੇ ਇਸ ਮਾਮਲੇ ਦੀ ਪੜਤਾਲ ਸ਼ੁਰੂ ਕਰ ਦਿੱਤੀ ਹੈ। ਇਸ ਮਾਮਲੇ ਵਿਚ ਫਿਰੋਜ਼ਪੁਰ ਰੇਂਜ ਦੇ ਐਸ.ਪੀ. (ਡਿਟੈਕਟਿਵ) ਰਣਧੀਰ ਕੁਮਾਰ ਅਤੇ ਤਰਨ ਤਾਰਨ ਜ਼ਿਲ੍ਹੇ ਅੰਦਰ ਇਸ ਮਾਮਲੇ ਦੀ ਪੜਤਾਲ ਦਾ ਕੰਮ ਐਸ.ਪੀ. (ਇਨਵੈਸਟੀਗੇਸ਼ਨ) ਮਨਿੰਦਰ ਸਿੰਘ ਦੇ ਹਵਾਲੇ ਕੀਤਾ ਗਿਆ ਹੈ। ਪੁਲਿਸ ਅਧਿਕਾਰੀ ਮਨਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਅਜੇ ਇਸ ਮਾਮਲੇ ਦੀ ਪੜਤਾਲ ਸ਼ੁਰੂ ਕਰਨੀ ਹੈ। ਪੁਲਿਸ ਅਧਿਕਾਰੀਆਂ ਨੇ ਕਿਹਾ ਕਿ ਖ਼ੁਦ ਨੂੰ ਖਾਲਿਸਤਾਨ ਦੇ ਸਮਰਥਕ ਦੱਸ ਕੇ ਵਿਦੇਸ਼ਾਂ ਵਿਚ ਸ਼ਰਨ ਲੈਣ ਦੀ ਪਿਰਤ ਕੋਈ ਨਵੀਂ ਗੱਲ ਨਹੀਂ ਹੈ। ਇਸ ਆਧਾਰ ਉਤੇ ਵਿਦੇਸ਼ਾਂ ਅੰਦਰ ਸ਼ਰਨ ਲੈਣ ਵਾਲਿਆਂ ਦੀ ਗਿਣਤੀ ਕਰਨੀ ਬਹੁਤ ਔਖੀ ਹੈ। ਅਧਿਕਾਰੀਆਂ ਨੇ ਦੱਸਿਆ ਕਿ ਉਹ ਇਹ ਪਤਾ ਲਾਉਣ ਦਾ ਯਤਨ ਕਰਨਗੇ ਕਿ ਉਨ੍ਹਾਂ ਕੋਲੋਂ ਕਿਹੜੇ ਟਰੈਵਲ ਏਜੰਟਾਂ ਨੇ ਕਿੰਨੀਆਂ ਕਿੰਨੀਆਂ ਮੋਟੀਆਂ ਰਕਮਾਂ ਬਟੋਰੀਆਂ ਹਨ। ਪੁਲਿਸ ਵੱਲੋਂ ਇਨ੍ਹਾਂ 20 ਜਣਿਆਂ ਤੋਂ ਟਰੈਵਲ ਏਜੰਟਾਂ ਦੀ ਜਾਣਕਾਰੀ ਹਾਸਲ ਕੀਤੀ ਜਾ ਰਹੀ ਹੈ ਅਤੇ ਇਸ ਜਾਣਕਾਰੀ ਦੇ ਆਧਾਰ 'ਤੇ ਹੀ ਅਗਲੇਰੀ ਕਾਰਵਾਈ ਕੀਤੀ ਜਾਵੇਗੀ।

# ਗੋਲੀਆਂ ਮਾਰ ਕੇ ਸਰਪੰਚ ਦੀ ਹੱਤਿਆ

**ਤਰਨ ਤਾਰਨ:** ਝਬਾਲ ਦੇ ਸਰਪੰਚ ਅਵਨ ਕੁਮਾਰ ਖੁੱਲਰ ਉਰਫ ਸੋਨੂੰ ਚੀਮਾ ਦੀ ਦੋ ਅਣਪਛਾਤੇ ਨਕਾਬਪੋਸ਼ ਵਿਅਕਤੀਆਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਉਸ ਵੇਲੇ ਸੋਨੂ ਚੀਮਾ ਹੇਅਰ ਸੈਲੂਨ ਤੋਂ ਦਾੜ੍ਹੀ ਕਟਵਾ ਰਿਹਾ ਸੀ। ਇਸ ਦੌਰਾਨ ਇਕ ਵਿਅਕਤੀ ਲੋਈ ਦੀ ਬੁੱਕਲ ਮਾਰ ਕੇ ਆਇਆ ਤੇ ਆਪਣੀ ਵਾਰੀ ਲੈਣ ਦੇ ਬਹਾਨੇ ਉਸ ਨਾਲ ਗੱਲਬਾਤ ਕਰਨ ਲੱਗਾ।

ਇਸ ਤੋਂ ਬਾਅਦ ਸੋਨੂ ਇਕ ਪਾਸੇ ਬੈਠ ਗਿਆ ਤਾਂ ਸੈਲੂਨ ਵਿਚ ਆਏ ਨਕਾਬਪੋਸ਼ ਨੇ ਗੋਲੀਆਂ ਚਲਾ ਦਿੱਤੀਆਂ। ਐਸ.ਐਸ.ਪੀ. ਅਸ਼ਵਨੀ ਕਪੂਰ ਨੇ ਦੱਸਿਆ ਕਿ ਹਮਲਾਵਰ ਸੈਲੂਨ ਦੇ ਬਾਹਰ ਖੜ੍ਹੇ ਆਪਣੇ ਸਾਥੀ ਨਾਲ ਮੋਟਰਸਾਈਕਲ ਉਤੇ ਫਰਾਰ ਹੋ ਗਿਆ। ਸੈਲੂਨ ਵਿਚ ਸੋਨੂ ਚੀਮਾ ਨਾਲ ਆਏ ਸਰਪੰਚ ਮਲਕੀਅਤ ਸਿੰਘ ਨੇ ਉਸ ਨੂੰ ਤੁਰਤ ਅੰਮ੍ਰਿਤਸਰ ਦੇ ਅਮਨਦੀਪ ਹਸਪਤਾਲ ਦਾਖਲ ਕਰਵਾਇਆ ਜਿਥੇ ਉਹ ਜ਼ਖ਼ਮਾਂ ਦੀ ਤਾਬ ਨਾ ਸਹਾਰਦਿਆਂ ਡੇਢ ਘੰਟੇ ਬਾਅਦ ਦਮ ਤੋੜ ਗਿਆ। ਘਟਨਾ ਦੀ ਸੂਚਨਾ ਮਿਲਦਿਆਂ ਹੀ ਜ਼ਿਲ੍ਹਾ ਪੁਲਿਸ ਮੁਖੀ ਅਸ਼ਵਨੀ ਕਪੂਰ ਨੇ ਹੋਰਨਾਂ ਅਧਿਕਾਰੀਆਂ ਨਾਲ ਘਟਨਾ ਸਥਾਨ ਦਾ ਜਾਇਜ਼ਾ ਲਿਆ ਅਤੇ ਵਾਰਦਾਤ ਦੇ ਸਬੂਤ ਇਕੱਤਰ ਕੀਤੇ। ਐਸ.ਐਸ.ਪੀ. ਅਸ਼ਵਨੀ ਕਪੂਰ ਨੇ ਕਿਹਾ ਕਿ ਇਸ ਵਾਰਦਾਤ ਪਿੱਛੇ ਇਲਾਕੇ ਦੇ ਪਿੰਡ ਮੀਆਂਪੁਰ ਦੇ ਅੰਮ੍ਰਿਤਪਾਲ ਸਿੰਘ ਦਾ ਕਥਿਤ ਹੱਥ ਹੈ ਜਿਹੜਾ ਇਸ ਵੇਲੇ ਜਰਮਨੀ ਵਿਚ ਹੈ। ਅੰਮ੍ਰਿਤਪਾਲ ਸਿੰਘ ਖ਼ਿਲਾਫ਼ ਕਤਲਾਂ ਅਤੇ ਇਰਾਦਾ ਕਤਲ ਆਦਿ ਵਰਗੇ ਸੰਗੀਨ ਅਪਰਾਧਾਂ ਦੇ 18 ਦੇ ਕਰੀਬ ਮਾਮਲੇ ਦਰਜ ਹਨ।

# ਪਨਾਮਾ 'ਚ ਲਾਪਤਾ ਪੰਜਾਬੀ ਨੌਜਵਾਨ ਦੇ ਮਾਮਲੇ 'ਚ ਵੱਡਾ ਖੁਲਾਸਾ

**ਗੁਰਦਾਸਪੁਰ:** ਕਾਹਨੂੰਵਾਨ ਦੇ ਏਜੰਟਾਂ ਵੱਲੋਂ ਪਠਾਨਕੋਟ ਦੇ ਨੌਜਵਾਨ ਨੂੰ ਅਮਰੀਕਾ ਦੀ ਥਾਂ ਪਨਾਮਾ ਦੇ ਜੰਗਲਾਂ ਵਿਚ ਭੇਜਣ ਵਾਲਾ ਜੋੜਾ ਐਫ.ਆਈ.ਆਰ. ਦਰਜ ਹੋਣ ਤੋਂ ਪਹਿਲਾਂ ਜਾਅਲੀ ਪਾਸਪੋਰਟ ਬਣਾ ਕੇ ਵਿਦੇਸ਼ ਭੱਜ ਗਿਆ ਹੈ। ਟਰੈਵਲ ਏਜੰਟ ਪਤੀ-ਪਤਨੀ ਪਰਮਿੰਦਰ ਸਿੰਘ ਤੇ ਬਲਵਿੰਦਰ ਕੌਰ ਖ਼ਿਲਾਫ਼ ਅਪਰਾਧਿਕ ਕੇਸ ਦਰਜ ਕਰ ਲਿਆ ਹੈ। ਪੁਲਿਸ ਹੁਣ ਇਸ ਮਾਮਲੇ ਨੂੰ ਨਿਕਾਰਾਗੁਆ ਜਾਣ ਵਾਲੇ ਡੰਕੀ ਰੂਟ ਨਾਲ ਜੋੜ ਕੇ ਦੇਖ ਰਹੀ ਹੈ। ਇਹ ਲੜਕਾ ਪਨਾਮਾ ਦੇ ਜੰਗਲਾਂ ਵਿਚ ਹੀ ਗੁਆਚ ਗਿਆ ਹੈ, ਜਿਸ ਦਾ ਹੁਣ ਕੁਝ ਥਹੁ-ਪਤਾ ਨਹੀਂ ਲੱਗ ਰਿਹਾ। ਜ਼ਿਕਰਯੋਗ ਹੈ ਕਿ ਏਜੰਟਾਂ ਵੱਲੋਂ ਨੌਜਵਾਨਾਂ ਨੂੰ ਉਚੀਆਂ ਪਹਾੜੀਆਂ ਤੇ ਔਖੇ ਪੈਂਡਿਆਂ ਰਾਹੀਂ ਅਮਰੀਕਾ ਭੇਜਿਆ ਜਾਂਦਾ ਹੈ ਜਿਸ ਵਿਚੋਂ



ਗਿਣਤੀ ਦੇ ਨੌਜਵਾਨ ਹੀ ਅਮਰੀਕਾ ਪੁੱਜਦੇ ਹਨ। ਏਜੰਟਾਂ ਨੇ ਭਰੋਸਾ ਦਿੱਤਾ ਸੀ ਕਿ ਉਹ ਉਨ੍ਹਾਂ ਦੇ ਲੜਕੇ ਜਗਮੀਤ ਸਿੰਘ ਨੂੰ ਸਿੱਧੀ ਉਡਾਣ ਰਾਹੀਂ ਅਮਰੀਕਾ ਭੇਜਣਗੇ ਪਰ ਉਸ ਨੂੰ 'ਡੰਕੀ ਰੂਟ' ਰਾਹੀਂ ਪਨਾਮਾ ਲਿਜਾਣ ਲਈ ਮਜਬੂਰ ਕੀਤਾ ਗਿਆ।

ਪੁਲਿਸ ਇਸ ਮਾਮਲੇ ਦੀ ਵੀ ਜਾਂਚ ਕਰ ਰਹੀ ਹੈ ਕਿ ਕਿਤੇ ਇਹ ਮਾਮਲਾ 26 ਦਸੰਬਰ ਨੂੰ ਫਰਾਂਸ ਤੋਂ ਨਿਕਾਰਾਗੁਆ ਜਾਣ ਵਾਲੀ 'ਡੰਕੀ ਰੂਟ' ਫਲਾਈਟ ਨਾਲ ਜੁੜਿਆ ਤਾਂ ਨਹੀਂ ਹੈ। ਐਸ.ਐਸ.ਪੀ. ਦਲਜਿੰਦਰ ਸਿੰਘ ਢਿੱਲੋਂ ਖੁਦ ਇਸ ਜਾਂਚ ਦੀ ਅਗਵਾਈ ਕਰ ਰਹੇ ਹਨ। ਐਸ.ਐਸ.ਪੀ. ਨੇ ਦੱਸਿਆ ਕਿ ਆਖਰੀ ਵਾਰ ਜਗਮੀਤ ਨੇ ਆਪਣੇ ਮਾਪਿਆਂ ਨਾਲ 19 ਦਸੰਬਰ ਨੂੰ ਸੰਪਰਕ ਕੀਤਾ ਸੀ ਅਤੇ ਉਸ ਸਮੇਂ ਉਸ ਦੀ ਲੋਕੇਸ਼ਨ ਪਨਾਮਾ ਦੇ ਜੰਗਲਾਂ ਵਿਚ ਮਿਲੀ ਸੀ। ਐਸ.ਐਸ.ਪੀ. ਅਨੁਸਾਰ ਉਹ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਕੀ ਟਰੈਵਲ ਏਜੰਟ ਦੇ ਉਨ੍ਹਾਂ ਏਜੰਟਾਂ ਨਾਲ ਸਬੰਧ ਸਨ ਜਿਨ੍ਹਾਂ ਨੇ ਨਿਕਾਰਾਗੁਆ ਜਾਣ ਦੀ ਯੋਜਨਾ ਬਣਾਈ ਸੀ। ਜਗਮੀਤ ਦੀ ਸਹੀ ਸਥਿਤੀ ਦਾ ਪਤਾ ਲਗਾਉਣ ਲਈ ਡਿਜੀਟਲ ਨਿਸ਼ਾਨਦੇਹੀ ਤਕਨੀਕ ਵਰਤੀ ਜਾ ਰਹੀ ਹੈ। ਜਗਮੀਤ ਸਿੰਘ ਦੇ ਪਿਤਾ ਜੋਗਿੰਦਰ ਸਿੰਘ ਨੇ ਪੁਲਿਸ ਨੂੰ ਦੱਸਿਆ ਕਿ ਉਸ ਦੇ 26 ਸਾਲਾ ਲੜਕੇ ਨੇ ਅਮਰੀਕਾ ਵਿਚ ਕੰਮ ਕਰਨ ਦੀ ਇੱਛਾ ਜ਼ਾਹਰ ਕੀਤੀ ਸੀ ਜਿਸ ਤੋਂ ਬਾਅਦ ਉਸ ਨੇ ਕਾਹਨੂੰਵਾਨ ਦੇ ਇਕ ਟਰੈਵਲ ਏਜੰਟ ਜੋੜੇ ਨਾਲ ਸੰਪਰਕ ਕੀਤਾ ਜੋ ਮੋਟੀ ਰਕਮ ਵਸੂਲ ਕੇ ਵਿਦੇਸ਼ ਭੇਜਣ ਲਈ ਜਾਣੇ ਜਾਂਦੇ ਹਨ। ਜੋਗਿੰਦਰ ਨੇ ਦੱਸਿਆ ਕਿ ਉਨ੍ਹਾਂ ਦਾ 45 ਲੱਖ ਰੁਪਏ 'ਚ ਸੌਦਾ ਹੋਇਆ ਸੀ ਜਿਸ ਵਿਚੋਂ 15 ਲੱਖ ਰੁਪਏ ਐਡਵਾਂਸ ਦਿੱਤੇ ਗਏ ਸਨ। ਉਨ੍ਹਾਂ ਦੱਸਿਆ ਕਿ ਇਕ ਏਜੰਟ ਦਾ ਫੋਨ ਆਇਆ ਸੀ ਕਿ ਜਗਮੀਤ ਗੁਆਨਾ ਲਈ ਉਡਾਣ ਵਿਚ ਸਵਾਰ ਹੋ ਗਿਆ ਹੈ ਜਿੱਥੋਂ ਉਹ ਇਕ ਜਾਂ ਦੋ ਦਿਨਾਂ ਵਿੱਚ ਸੁਰੱਖਿਅਤ ਢੰਗ ਨਾਲ ਅਮਰੀਕਾ ਪਹੁੰਚ ਜਾਵੇਗਾ। ਹਾਲਾਂਕਿ ਕੁਝ ਸਮੇਂ ਬਾਅਦ ਉਨ੍ਹਾਂ ਦੇ ਲੜਕੇ ਨੇ ਫੋਨ ਕਰ ਕੇ ਦੱਸਿਆ ਕਿ ਉਸ ਨੂੰ ਦਿੱਲੀ ਤੋਂ ਪਨਾਮਾ ਜਾਣ ਵਾਲੀ ਫਲਾਈਟ ਵਿਚ ਚੜ੍ਹਨ ਲਈ ਮਜਬੂਰ ਕੀਤਾ ਗਿਆ। ਉਸ ਨੇ 19 ਦਸੰਬਰ ਨੂੰ ਕੰਬਦੀ ਆਵਾਜ਼ ਵਿਚ ਫੋਨ ਕਰ ਕੇ ਦੱਸਿਆ ਕਿ ਉਹ ਪਨਾਮਾ ਦੇ ਜੰਗਲਾਂ ਵਿਚ ਹੈ। ਪਠਾਨਕੋਟ ਪੁਲਿਸ ਨੇ ਜਦੋਂ ਜਾਂਚ ਆਰੰਭੀ ਤਾਂ ਪਤਾ ਲੱਗਿਆ ਕਿ ਇਸ ਟਰੈਵਲ ਏਜੰਟ ਜੋੜੇ ਨੇ ਗਾਜ਼ੀਆਬਾਦ ਦਾ ਪਤਾ ਦਿਖਾ ਕੇ ਨਵਾਂ ਪਾਸਪੋਰਟ ਤਿਆਰ ਕਰਵਾਇਆ ਹੈ।

# ਸਿੱਖ ਬਜ਼ੁਰਗ ਔਰਤ ਨੂੰ ਕਾਰ ਦੀ ਟੱਕਰ ਮਾਰਨ ਵਾਲੇ ਪੰਜਾਬੀ ਨੂੰ ਕੈਦ

**ਲੰਡਨ:** ਬਰਤਾਨੀਆ ਦੇ ਵੈਸਟ ਮਿਡਲੈਂਡਸ ਖੇਤਰ ਵਿਚ 2022 ਵਿਚ 81 ਸਾਲਾ ਸਿੱਖ ਔਰਤ ਸੁਰਿੰਦਰ ਕੌਰ ਦੀ ਸੜਕ ਹਾਦਸੇ ਵਿਚ ਮੌਤ ਦੇ ਮਾਮਲੇ 'ਚ ਭਾਰਤੀ ਮੂਲ ਦੇ ਡਰਾਈਵਰ ਸਮੇਤ ਦੋ ਵਿਅਕਤੀਆਂ ਨੂੰ ਛੇ ਸਾਲ ਦੀ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ। 13 ਨਵੰਬਰ 2022 ਨੂੰ ਵੈਸਟ ਮਿਡਲੈਂਡਜ਼ ਦੇ ਰੋਲੇ ਰੇਗਿਸ ਵਿਚ ਓਲਡਬਰੀ ਰੋਡ ਉਤੇ ਵਾਹਨ ਨਾਲ ਟਕਰਾਉਣ ਤੋਂ ਬਾਅਦ ਔਰਤ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ ਸੀ। ਜੇਲ੍ਹ ਦੀ ਸਜ਼ਾ ਤੋਂ ਇਲਾਵਾ ਅਰਜੁਨ ਦੁਸਾਂਝ (26) ਅਤੇ ਜੈਸੇਕ ਵਾਇਤਰੋਵਸਕੀ (51) ਨੂੰ ਪਿਛਲੇ ਹਫਤੇ ਵੁਲਵਰਹੈਂਪਟਨ ਕਰਾਊਨ ਕੋਰਟ ਨੇ ਅੱਠ ਸਾਲਾਂ ਲਈ ਗੱਡੀ ਚਲਾਉਣ ਉਤੇ ਪਾਬੰਦੀ ਲਗਾ ਦਿੱਤੀ ਸੀ। ਪ੍ਰਾਪਤ ਜਾਣਕਾਰੀ ਮੁਤਾਬਕ ਦੁਸਾਂਝ ਅਤੇ ਵਾਇਤਰੋਵਸਕੀ, ਜੋ ਇਕ-ਦੂਜੇ ਨੂੰ ਨਹੀਂ ਜਾਣਦੇ ਸਨ, ਨੇ ਆਪਸ 'ਚ ਕਾਰ ਰੇਸ ਲਾਉਣ ਦਾ ਫ਼ੈਸਲਾ ਕੀਤਾ ਤੇ ਇਸ ਦੌਰਾਨ ਉਨ੍ਹਾਂ ਨੇ ਬਜ਼ੁਰਗ ਔਰਤ ਨੂੰ ਉਸ ਵੇਲੇ ਟੱਕਰ ਮਾਰ ਦਿੱਤੀ, ਜਦੋਂ ਉਹ ਗੁਰਦੁਆਰੇ ਤੋਂ ਘਰ ਵਾਪਸ ਜਾ ਰਹੀ ਸੀ। ਜੈਸੇਕ ਨੇ ਤਾਂ ਔਰਤ ਨੂੰ ਦੇਖ ਕੇ ਕਾਰ ਨੂੰ ਜ਼ੋਰ ਦੀ ਬਰੇਕ ਮਾਰ ਦਿੱਤੀ ਸੀ ਪਰ ਦੁਸਾਂਝ ਅਜਿਹਾ ਕਰਨ 'ਚ ਅਸਫਲ ਰਿਹਾ।

ਪੰਜਾਬ ਟਾਈਮਜ਼

ਸ਼ਨਿਚਰਵਾਰ, 20 ਜਨਵਰੀ, 2024

# ਹੁਣ ਚੋਣਾਂ ਦਾ ਭਗਵਾਂਕਰਨ

ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਸਿਆਸੀ ਸਰਪ੍ਰਸਤ ਜਥੇਬੰਦੀ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐੱਸ.ਐੱਸ.) ਨੇ ਰਾਮ ਮੰਦਰ ਨੂੰ ਆਪਣਾ ਮੁੱਖ ਚੋਣ ਮੁੱਦਾ ਤਕਰੀਬਨ ਬਣਾ ਲਿਆ ਹੈ। ਭਾਰਤੀ ਜਨਤਾ ਪਾਰਟੀ ਦਹਾਕਿਆਂ ਤੋਂ ਇਸ ਮੁੱਦੇ 'ਤੇ ਆਪਣੀ ਸਿਆਸਤ ਕਰ ਰਹੀ ਹੈ। ਇਸ ਸਮੇਂ ਦੌਰਾਨ ਇਹ ਮਸਲਾ ਵੱਖ-ਵੱਖ ਪੜਾਵਾਂ ਵਿਚੋਂ ਲੰਘਦਾ ਹੋਇਆ ਹੁਣ ਆਪਣਾ ਚੱਕਰ ਪੂਰਾ ਕਰ ਰਿਹਾ ਹੈ। ਅਯੁੱਧਿਆ ਵਿਚ ਰਾਮ ਮੰਦਰ ਦਾ ਉਦਘਾਟਨ 22 ਜਨਵਰੀ ਨੂੰ ਕੀਤਾ ਜਾਣਾ ਹੈ। ਇਸ ਉਦਘਾਟਨ ਦਾ ਇਕੋ-ਇਕ ਮਕਸਦ ਬਹੁਗਿਣਤੀ ਵੋਟਰਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਉਭਾਰ ਕੇ ਵੱਧ ਤੋਂ ਵੱਧ ਵੋਟਾਂ ਹਾਸਲ ਕਰਨਾ ਹੈ। ਅਜਿਹਾ ਬਹੁਤ ਵੱਡੇ ਪੱਧਰ ਉਤੇ ਅਤੇ ਮੁਲਕ ਭਰ ਵਿਚ ਕੀਤਾ ਜਾ ਰਿਹਾ ਹੈ। ਹੋਰ ਤਾਂ ਹੋਰ, ਵੱਖ-ਵੱਖ ਸ਼ਹਿਰਾਂ-ਕਸਬਿਆਂ ਨੂੰ ਰਾਮ ਮੰਦਰ ਦੇ ਉਦਘਾਟਨ ਲਈ ਸ਼ਿੰਗਾਰਿਆ ਗਿਆ ਹੈ ਅਤੇ ਮੰਦਰ ਲਈ ਫੰਡ ਵੀ ਇਕੱਠਾ ਕੀਤਾ ਜਾ ਰਿਹਾ ਹੈ। ਇਸ ਕਾਰਜ ਲਈ ਸਰਗਰਮ ਲੋਕ ਘਰ-ਘਰ ਜਾ ਰਹੇ ਹਨ ਅਤੇ ਲੋਕਾਂ ਨੂੰ ਫੰਡ ਦੇਣ ਲਈ ਮਜਬੂਰ ਤੱਕ ਕਰ ਰਹੇ ਹਨ। ਅਸਲ ਵਿਚ ਆਰ.ਐੱਸ.ਐੱਸ. ਦੀ ਇਹ ਚਿਰਾਂ ਦੀ ਸਮਝ ਹੈ ਕਿ ਮੁਲਕ ਦੀ ਬਹੁਗਿਣਤੀ ਹਿੰਦੂ ਵਸੋਂ ਨੂੰ ਆਪਣੇ ਵੱਲ ਕਰ ਲਿਆ ਜਾਵੇ ਤਾਂ ਚੋਣਾਂ ਵਿਚ ਜਿੱਤ ਹਾਸਲ ਕਰਨਾ ਕੋਈ ਵੱਡਾ ਕੰਮ ਨਹੀਂ। ਪਿਛਲੇ ਦਸ ਸਾਲਾਂ ਦੇ ਕਾਰਜਕਾਲ ਦੌਰਾਨ ਭਾਰਤੀ ਜਨਤਾ ਪਾਰਟੀ ਅਤੇ ਆਰ.ਐੱਸ.ਐੱਸ. ਨੇ ਇਸੇ ਰਣਨੀਤੀ ਉਤੇ ਕੰਮ ਕੀਤਾ ਹੈ। 2014 ਵਾਲੀਆਂ ਚੋਣਾਂ ਦੌਰਾਨ ਭਾਰਤੀ ਜਨਤਾ ਪਾਰਟੀ ਨੇ ਅੰਨਾ ਹਜ਼ਾਰੇ ਅੰਦੋਲਨ ਦਾ ਸਹਾਰਾ ਲੈਂਦਿਆਂ ਡਾ. ਮਨਮੋਹਨ ਸਿੰਘ ਦੀ ਅਗਵਾਈ ਹੇਠਲੀ ਸਰਕਾਰ ਖਿਲਾਫ ਭ੍ਰਿਸ਼ਟਾਚਾਰ ਨੂੰ ਬਹੁਤ ਵੱਡਾ ਮੁੱਦਾ ਬਣਾ ਲਿਆ ਸੀ। ਡਾ. ਮਨਮੋਹਨ ਸਿੰਘ ਭਾਵੇਂ ਆਪਣੀ ਇਮਾਨਦਾਰੀ ਲਈ ਚਰਚਿਤ ਰਹੇ ਪਰ 2013 ਤੱਕ ਪੁੱਜਦਿਆਂ ਪੁੱਜਦਿਆਂ ਦਸਾਂ ਸਾਲਾਂ ਦੇ ਰਾਜ ਤੋਂ ਬਾਅਦ ਉਨ੍ਹਾਂ ਦੀ ਸਰਕਾਰ ਖਿਲਾਫ ਭ੍ਰਿਸ਼ਟਾਚਾਰ ਮੁੱਦਾ ਬਣ ਕੇ ਉਭਰ ਆਇਆ। ਇਸੇ ਤਰ੍ਹਾਂ 2019 ਵਾਲੀਆਂ ਲੋਕ ਸਭਾ ਚੋਣਾਂ ਦੌਰਾਨ ਭਾਰਤੀ ਜਨਤਾ ਪਾਰਟੀ ਨੇ ਪੁਲਵਾਮਾ ਹਮਲੇ ਵਾਲੀ ਘਟਨਾ ਨੂੰ ਉਭਾਰ ਕੇ ਦੇਸ਼ ਭਗਤੀ ਨੂੰ ਹੀ ਮੁੱਖ ਮੁੱਦਾ ਬਣਾ ਲਿਆ ਸੀ। ਉਸ ਵਕਤ ਮੋਦੀ ਸਰਕਾਰ ਬੇਰੁਜ਼ਗਾਰੀ ਅਤੇ ਹੋਰ ਅਹਿਮ ਮਸਲਿਆਂ ਦੇ ਮਾਮਲਿਆਂ ਵਿਚ ਬਹੁਤ ਬੁਰੀ ਤਰ੍ਹਾਂ ਫਸੀ ਹੋਈ ਸੀ ਪਰ ਦੇਸ਼ ਭਗਤੀ ਦੇ ਮੁੱਦੇ ਨੇ ਸਭ ਦਾ ਧਿਆਨ ਇਨ੍ਹਾਂ ਮਸਲਿਆਂ ਤੋਂ ਲਾਂਭੇ ਕਰ ਦਿੱਤਾ ਅਤੇ ਭਾਰਤੀ ਜਨਤਾ ਪਾਰਟੀ ਪਹਿਲਾਂ ਨਾਲੋਂ ਵੀ ਵੱਧ ਸੀਟਾਂ ਹਾਸਲ ਕਰ ਕੇ ਜਿੱਤਗਈ। ਹੁਣ ਵੀ ਇਹ ਪਾਰਟੀ ਉਨ੍ਹਾਂ ਹੀ ਪਦਚਿੰਨ੍ਹਾਂ 'ਤੇ ਚੱਲ ਰਹੀ ਹੈ ਅਤੇ ਚੋਣ ਮੁੱਦੇ ਖੁਦ ਉਭਾਰ ਕਰ ਰਹੀ ਹੈ।

ਇਸ ਦੇ ਮੁਕਾਬਲੇ 'ਇੰਡੀਆ' ਗੱਠਜੋੜ ਜੋ ਭਾਰਤੀ ਜਨਤਾ ਪਾਰਟੀ ਦੇ ਮੁਕਾਬਲੇ ਲਈ ਹੋਂਦ ਵਿਚ ਆਇਆ ਸੀ, ਅਜੇ ਬਹੁਤ ਪਿੱਛੇ ਰਹਿ ਗਿਆ ਜਾਪਦਾ ਹੈ। ਅਸਲ ਵਿਚ ਵਿਰੋਧੀ ਧਿਰ ਵਿਚ ਸ਼ਾਮਿਲ ਪਾਰਟੀਆਂ ਕਈ ਮਸਲਿਆਂ ਬਾਰੇ ਅਜੇ ਵੀ ਸਪਸ਼ਟ ਨਹੀਂ ਹੋ ਸਕੀਆਂ। ਇਹੀ ਕਾਰਨ ਹੈ ਕਿ 'ਇੰਡੀਆ' ਗੱਠਜੋੜ ਦਾ ਜੋ ਪ੍ਰਭਾਵ ਲੋਕਾਂ ਵਿਚ ਜਾਣਾ ਚਾਹੀਦਾ ਸੀ, ਉਹ ਅਜੇ ਤੱਕ ਗਿਆ ਨਹੀਂ ਹੈ। ਭਾਰਤੀ ਜਨਤਾ ਪਾਰਟੀ ਦੇ ਆਗੂ ਅਤੇ ਕਾਰਕੁਨ ਲਗਾਤਾਰ ਇਹ ਪ੍ਰਚਾਰ ਕਰ ਰਹੇ ਹਨ ਕਿ ਉਨ੍ਹਾਂ ਦਾ ਮੁਕਾਬਲਾ ਕਰਨ ਲਈ ਕੋਈ ਬੱਝਵੀਂ ਵਿਰੋਧੀ ਧਿਰ ਹੈ ਹੀ ਨਹੀਂ। ਪੂਰੇ ਮੁਲਕ ਵਿਚ ਆਪਣੀ ਸਿਆਸੀ ਹੋਂਦ ਰੱਖਣ ਵਾਲੀਆਂ ਹੁਣ ਦੋ ਹੀ ਪਾਰਟੀਆਂ ਹਨ: ਭਾਰਤੀ ਜਨਤਾ ਪਾਰਟੀ ਅਤੇ ਕਾਂਗਰਸ। ਕਾਂਗਰਸ ਆਪਣੀਆਂ ਕਈ ਤਰ੍ਹਾਂ ਦੀਆਂ ਅੰਦਰੂਨੀ ਅਤੇ ਲੀਡਰਸ਼ਿਪ ਦੀਆਂ ਸਮੱਸਿਆਵਾਂ ਕਰ ਕੇ ਵਿਰੋਧੀ ਧਿਰ ਅੰਦਰ ਆਪਣਾ ਉਹ ਠੁੱਕ ਨਹੀਂ ਬੰਨ੍ਹ ਸਕੀ ਜਿਸ ਦੀ ਇਸ ਤੋਂ ਤਵੱਕੋ ਕੀਤੀ ਜਾ ਰਹੀ ਸੀ। ਪਾਰਟੀ ਅੰਦਰ ਇਕ ਧੜਾ ਅਜਿਹਾ ਵੀ ਹੈ ਜੋ ਦੂਜੀਆਂ ਪਾਰਟੀਆਂ ਨੂੰ ਨਾਲ ਲੈ ਕੇ ਚੱਲਣ ਵਿਚ ਬਹੁਤੀ ਦਿਲਚਸਪੀ ਨਹੀਂ ਰੱਖਦਾ ਪਰ ਅੱਜ ਜਿਸ ਤਰ੍ਹਾਂ ਦਾ ਸਿਆਸੀ ਮਾਹੌਲ ਉਸਰ ਰਿਹਾ ਹੈ ਅਤੇ ਜਿਸ ਤਰ੍ਹਾਂ ਭਾਰਤੀ ਜਨਤਾ ਪਾਰਟੀ ਤੇ ਆਰ.ਐੱਸ.ਐੱਸ. ਪੂਰੇ ਮੁਲਕ ਅੰਦਰ ਵੰਡਪਾਊ ਫਿਰਕੂ ਸਿਆਸਤ ਕਰ ਕੇ ਆਪਣੀ ਪੈਂਠ ਬਣਾ ਰਹੀਆਂ ਹਨ, ਉਸ ਬਾਰੇ ਗਹਿਰ-ਗੰਭੀਰ ਹੋ ਕੇ ਵਿਚਾਰ ਕਰਨੀ ਵਕਤ ਦੀ ਮੰਗ ਹੈ। ਨਰਿੰਦਰ ਮੋਦੀ ਦੀ ਅਗਵਾਈ ਹੇਠਲੀ ਕੇਂਦਰੀ ਸਰਕਾਰ ਨੇ ਪਿਛਲੇ ਦਸ ਸਾਲਾਂ ਵਿਚ ਇਕ-ਇਕ ਕਰ ਕੇ ਸਾਰੀਆਂ ਸੰਸਥਾਵਾਂ ਉਤੇ ਕਬਜ਼ਾ ਕਰ ਲਿਆ ਹੈ। ਲਾ-ਪਾ ਕੇ ਕੁਝ ਲੋਕ ਨਿਆਂਪਾਲਿਕਾ ਤੋਂ ਆਸ ਰੱਖ ਰਹੇ ਸਨ, ਹੁਣ ਉਹ ਵੀ ਚੀਫ ਜਸਟਿਸ ਡੀ.ਵਾਈ. ਚੰਦਰਚੂਹੜ ਦੀਆਂ ਹਾਲੀਆ ਸਰਗਰਮੀਆਂ ਨੇ ਖਤਮ ਕਰ ਦਿੱਤੀ ਹੈ। ਜ਼ਾਹਿਰ ਹੈ ਕਿ ਮੋਦੀ ਸਰਕਾਰ ਨੇ ਨਿਆਂਪਾਲਿਕਾ ਉਤੇ ਵੀ ਤਕਰੀਬਨ ਕਬਜ਼ਾ ਕਰ ਲਿਆ ਹੈ। ਕਿਤੇ-ਕਿਤੇ ਨਿਆਂ ਮਿਲਣ ਦਾ ਜੋ ਭੁਲੇਖਾ ਪੈਂਦਾ ਹੈ, ਉਹ ਇਸ ਕਰ ਕੇ ਹੈ ਕਿਉਂਕਿ ਅਜੇ ਕੁਝ ਕੁਝ ਜੱਜ ਆਪਣੀ ਜ਼ਮੀਰ ਦੀ ਆਵਾਜ਼ ਸੁਣ ਰਹੇ ਹਨ। ਉਂਝ ਅਜਿਹੇ ਜੱਜ ਆਟੇ ਵਿਚ ਲੂਣ ਬਰਾਬਰ ਹੀ ਹਨ। ਅਜਿਹੇ ਹਾਲਾਤ ਵਿਚ ਹੁਣ ਵਿਚਾਰਨ ਵਾਲੀ ਗੱਲ ਇਹ ਹੈ ਕਿ ਵਿਰੋਧੀ ਧਿਰਾਂ ਕੀ ਰਣਨੀਤੀ ਬਣਾਉਂਦੀਆਂ ਹਨ। ਜੇ ਵਿਰੋਧੀ ਧਿਰ ਕੋਈ ਸਾਂਝੀ ਰਣਨੀਤੀ ਘੜਨ ਵਿਚ ਨਾਕਾਮ ਰਹੀ ਤਾਂ ਭਾਰਤੀ ਜਨਤਾ ਪਾਰਟੀ ਦਾ ਜੇਤੂ ਰੱਥ ਡੱਕਿਆ ਨਹੀਂ ਜਾ ਸਕੇਗਾ। ਇਉਂ ਆਉਣ ਵਾਲਾ ਸਮਾਂ ਹੋਰ ਵੀ ਮੁਸੀਬਤਾਂ ਭਰਿਆ ਹੋਵੇਗਾ। ਵਿਰੋਧੀ ਧਿਰ ਵਿਚ ਸ਼ਾਮਿਲ ਸਾਰੀਆਂ ਪਾਰਟੀਆਂ ਨੂੰ ਇਸ ਪੱਖ ਨੂੰ ਸੰਜੀਦਗੀ ਨਾਲ ਵਿਚਾਰਨਾ ਚਾਹੀਦਾ ਹੈ। ਕੁਝ ਸਿਆਸੀ ਵਿਸ਼ਲੇਸ਼ਕ ਕਹਿ ਰਹੇ ਹਨ ਕਿ ਜੇ ਭਾਰਤੀ ਜਨਤਾ ਪਾਰਟੀ ਨੂੰ ਐਤਕੀਂ ਡੱਕਿਆ ਨਾ ਜਾ ਸਕਿਆ ਤਾਂ ਆਉਣ ਵਾਲੇ ਲੰਮੇ ਸਮੇਂ ਤੱਕ ਇਸ ਨੂੰ ਹਰਾਉਣਾ ਮੁਸ਼ਕਿਲ ਹੋਵੇਗਾ। ਉਂਝ, ਕੁਝ ਮਾਹਿਰਾਂ ਦਾ ਇਹ ਵੀ ਕਹਿਣਾ ਹੈ ਕਿ ਭਾਰਤੀ ਜਨਤਾ ਪਰਟੀ ਜਿਸ ਲੀਹ 'ਤੇ ਚੱਲ ਰਹੀ ਹੈ, ਉਸ ਦਾ ਅੰਤ ਬਹੁਤ ਜਲਦ ਆ ਜਾਵੇਗਾ। ਹੁਣ ਦੇਖਣਾ ਇਹ ਹੈ ਕਿ ਮੋੜਾ ਕਦੋਂ ਪੈਂਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਸਸਪੈਂਡ ਬਨਾਮ ਨਵੇਂ

ਚੜ੍ਹ ਗਈ ਧਰਮ ਦੇ ਮੋਢੇ 'ਤੇ ਰਾਜਨੀਤੀ 'ਕੁਰਸੀ' ਵੱਲ ਨੂੰ ਲਾਊ ਉਡਾਰੀਆਂ ਜੀ।
ਖਤਰਾ ਮਜ਼੍ਹਬ ਨੂੰ ਸੁਣਦਿਆਂ ਸਾਰ ਬਹੁਤੇ ਭੁੱਲਦੇ ਜ਼ਿੰਦਗੀ ਦੀਆਂ ਦੁਸ਼ਵਾਰੀਆਂ ਜੀ।
ਜਾਤ-ਪਾਤ ਲੜਾਈ ਜੋ ਫਿਰਕਿਆਂ ਦੀ ਲੋਕ ਰਾਜ ਨੂੰ ਪਈਆਂ ਬੀਮਾਰੀਆਂ ਜੀ।
ਵੋਟਾਂ ਮਾਂਠ ਕੇ ਲੀਡਰ ਹਨ ਜਿੱਤ ਜਾਂਦੇ 'ਵੋਟਰ' ਝੱਲਦੇ ਫਿਰਨ ਖੁਆਰੀਆਂ ਜੀ।
ਸਮੇਂ ਸਿਰ ਨਾ 'ਇੰਡੀਆ' ਇੱਕ ਹੋਇਆ ਪੇਸ਼ ਆਉਣੀਆਂ ਫੇਰ ਲਾਚਾਰੀਆਂ ਜੀ।
'ਪਹਿਲੇ' ਥੋਕ ਦੇ ਭਾਅ 'ਸਸਪੈਂਡ' ਕਰ'ਤੇ 'ਨਵੇਂ' ਚੁਣਨ ਲਈ ਸ਼ੁਰੂ ਤਿਆਰੀਆਂ ਜੀ।

# ਕਿਸਾਨ ਜਥੇਬੰਦੀਆਂ ਵਿਚਕਾਰ ਏਕਤਾ ਸਮੇਂ ਦੀ ਲੋੜ

ਸੰਯੁਕਤ ਕਿਸਾਨ ਮੋਰਚੇ ਦੇ ਇੱਕ ਹਿੱਸੇ ਵੱਲੋਂ 13 ਫਰਵਰੀ ਨੂੰ ਦਿੱਲੀ ਕੂਚ ਕਰਨ ਦੇ ਐਲਾਨ ਅਤੇ ਦੂਜੇ ਹਿੱਸੇ ਵੱਲੋਂ 26 ਜਨਵਰੀ ਨੂੰ ਕੀਤੀ ਜਾ ਰਹੀ ਟਰੈਕਟਰ ਪਰੇਡ ਦੀਆਂ ਤਿਆਰੀਆਂ ਨਾਲ ਕਿਸਾਨ ਅੰਦੋਲਨ ਮੁੜ ਚਰਚਾ ਦਾ ਵਿਸ਼ਾ ਬਣ ਰਿਹਾ ਹੈ। ਤਿੰਨ ਸਾਲ ਪਹਿਲਾਂ ਲੜੇ ਗਏ ਕਿਸਾਨ ਸੰਘਰਸ਼ ਅਤੇ ਮੌਜੂਦਾ ਤਿਆਰੀਆਂ ਵਿਚ ਸਿਫਤੀ ਫਰਕ ਇਹ ਹੈ ਕਿ ਹੁਣ ਕਿਸਾਨ ਜਥੇਬੰਦੀਆਂ ਇੱਕ ਮੰਚ 'ਤੇ ਇਕੱਠੀਆਂ ਨਹੀਂ। 13 ਫਰਵਰੀ ਨੂੰ ਦਿੱਲੀ ਕੂਚ ਕਰਨ ਦਾ ਐਲਾਨ ਜਗਜੀਤ ਸਿੰਘ ਡੱਲੇਵਾਲ ਦੀ ਅਗਵਾਈ ਵਾਲੇ ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਕ) ਅਤੇ ਸੁਰਜੀਤ ਸਿੰਘ ਫੂਲ, ਜਸਵਿੰਦਰ ਸਿੰਘ ਲੌਂਗੋਵਾਲ, ਸਰਵਨ ਸਿੰਘ ਪੰਧੇਰ ਆਦਿ ਦੀ ਅਗਵਾਈ ਵਾਲੀਆਂ ਉੱਤਰੀ ਭਾਰਤ ਦੀਆਂ 18 ਕਿਸਾਨ ਜਥੇਬੰਦੀਆਂ ਨੇ ਸਾਂਝੇ ਰੂਪ ਵਿਚ ਦਿੱਤਾ ਹੈ। ਸੰਯੁਕਤ ਕਿਸਾਨ ਮੋਰਚਾ ਦਾ ਮੁੱਖ ਧੜਾ ਜਿਸ ਵਿਚ ਲੱਗਭੱਗ ਸਾਰੀਆਂ ਖੱਬੇ ਪੱਖੀ



**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

ਕਿਸਾਨ ਜਥੇਬੰਦੀਆਂ ਸ਼ਾਮਲ ਹਨ, ਵੱਲੋਂ 16 ਜਨਵਰੀ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਚ ਕਨਵੈਨਸ਼ਨ ਕਰ ਕੇ 26 ਜਨਵਰੀ ਨੂੰ ਕੀਤੀ ਜਾਣ ਵਾਲੀ ਟਰੈਕਟਰ ਪਰੇਡ ਦੀ ਤਿਆਰੀ ਵਿੱਢੀ ਹੋਈ ਹੈ। ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਦੀ ਅਗਵਾਈ ਵਾਲੀਆਂ ਕਿਸਾਨ ਜਥੇਬੰਦੀਆਂ ਵੱਲੋਂ 18 ਜਨਵਰੀ ਨੂੰ ਚੰਡੀਗੜ੍ਹ ਵਿਚ ਪਾਣੀਆਂ ਦੇ ਮੁੱਦੇ ਉੱਪਰ ਵੱਖਰਾ ਪੱਕਾ ਮੋਰਚਾ ਲਾਉਣ ਦਾ ਪ੍ਰੋਗਰਾਮ ਉਲੀਕਿਆ ਗਿਆ ਸੀ। 15 ਜਨਵਰੀ ਨੂੰ ਜਲੰਧਰ ਵਿਚ ਸੰਯੁਕਤ ਕਿਸਾਨ ਮੋਰਚੇ ਨਾਲ ਹੋਈ ਸਾਂਝੀ ਮੀਟਿੰਗ ਵਿਚ ਉਹ ਵੱਖਰਾ ਪ੍ਰੋਗਰਾਮ ਮੁਲਤਵੀ ਕਰ ਕੇ ਸੰਯੁਕਤ ਮੋਰਚੇ ਵਿਚ ਵਾਪਸੀ ਆ ਗਈਆਂ ਹਨ।

26 ਨਵੰਬਰ 2020 ਤੋਂ ਦਿੱਲੀ ਦੇ ਬਾਰਡਰਾਂ 'ਤੇ ਚੱਲੇ ਇਤਿਹਾਸਕ ਕਿਸਾਨ ਅੰਦੋਲਨ ਦੀ ਸਭ ਤੋਂ ਵੱਡੀ ਖੂਬਸੂਰਤੀ ਇਹੋ ਸੀ ਕਿ ਉਸ ਸੰਘਰਸ਼ ਵਿਚ ਹਰ ਤਰ੍ਹਾਂ ਦੀ ਵਿਚਾਰਧਾਰਾ ਦੇ ਲੋਕ ਕਿਸਾਨ ਮੰਗਾਂ 'ਤੇ ਇਕਜੁੱਟ ਸਨ। ਜਥੇਬੰਦੀਆਂ ਦੇ ਅੰਦਰੂਨੀ ਮੱਤਭੇਦਾਂ ਦੇ ਬਾਵਜੂਦ ਇਸ ਸਾਲ ਤੋਂ ਲੰਮੇ ਚੱਲੇ ਸੰਘਰਸ਼ ਦੀ ਬਨਿਆਦ ਵੱਖ-ਵੱਖ ਵਿਚਾਰਧਾਰਾਵਾਂ ਦੀ ਏਕਤਾ ਦਾ ਗੁਲਦਸਤਾ ਹੀ ਸੀ ਜਿਸ ਨੇ ਫਾਸ਼ੀਵਾਦੀ ਹਕੂਮਤ ਨੂੰ ਪੈਰ ਪਿਛਾਂਹ ਖਿੱਚਣ ਲਈ ਮਜਬੂਰ ਕੀਤਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਖੇਤੀ ਕਾਨੂੰਨ ਵਾਪਸ ਲੈਣ ਦੇ ਕੀਤੇ ਐਲਾਨ ਤੋਂ ਬਾਅਦ ਸੰਯੁਕਤ ਕਿਸਾਨ ਮੋਰਚਾ ਵਿਚ ਸ਼ਾਮਲ ਕੁਝ ਸੰਘਰਸ਼ਸ਼ੀਲ ਜਥੇਬੰਦੀਆਂ ਨੇ ਮੋਰਚੇ ਵਿਚ ਰਾਇ ਰੱਖੀ ਸੀ ਕਿ 'ਸਾਨੂੰ ਪੁਲਿਸ ਕੇਸ ਵਾਪਸ ਹੋਣ ਅਤੇ ਫਸਲਾਂ 'ਤੇ ਐਮ.ਐਸ.ਪੀ. ਦੀ ਗਾਰੰਟੀ ਮਿਲਣ ਤੱਕ ਮੋਰਚਾ ਜਾਰੀ ਰੱਖਣਾ ਚਾਹੀਦਾ ਹੈ ਪਰ ਕੁਝ ਕਿਸਾਨ ਆਗੂਆਂ ਵੱਲੋਂ ਦਿਖਾਈ ਕਾਹਲ ਕਾਰਨ ਅਤੇ ਮੋਦੀ ਸਰਕਾਰ ਵੱਲੋਂ 9 ਦਸੰਬਰ 2021 ਨੂੰ ਲਿਖਤੀ ਭਰੋਸੇ ਤੋਂ ਬਾਅਦ ਕਿਸਾਨ ਅੰਦੋਲਨ ਮੁਲਤਵੀ ਕਰ ਦਿੱਤਾ ਗਿਆ ਸੀ ਲੇਕਿਨ ਹਕੀਕਤ ਇਹ ਹੈ ਕਿ ਉਸ ਲਿਖਤੀ ਭਰੋਸੇ ਨੂੰ ਦੋ ਸਾਲ ਬੀਤ ਜਾਣ ਦੇ ਬਾਵਜੂਦ ਮੋਦੀ ਸਰਕਾਰ ਨੇ ਅਜੇ ਤੱਕ ਕਿਸਾਨਾਂ ਦੀ ਇੱਕ ਵੀ ਮੰਗ ਪੂਰੀ ਨਹੀਂ ਕੀਤੀ। ਫਸਲਾਂ 'ਤੇ ਸਵਾਮੀਨਾਥਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਅਨੁਸਾਰ ਐਮ.ਐਸ.ਪੀ. ਲਾਗੂ ਕਰਨ ਦੀ ਮੰਗ ਜਿਉਂ ਦੀ ਤਿਉਂ ਹੈ। ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦਾ ਕਰਜ਼ਾ ਮੁਆਫ ਕਰਨ ਦੀ ਕੋਈ ਯੋਜਨਾ ਨਹੀਂ ਲਿਆਂਦੀ ਗਈ, ਬਿਜਲੀ ਸੋਧ ਬਿਲ-2020 ਵਾਪਸ ਨਹੀਂ ਲਿਆ ਗਿਆ। ਲਖੀਮਪੁਰ ਖੀਰੀ ਵਿਚ ਕਤਲ ਕੀਤੇ ਕਿਸਾਨਾਂ ਦੇ ਮਾਮਲੇ ਵਿਚ ਅਜੇ ਤੱਕ ਇਨਸਾਫ ਨਹੀਂ ਮਿਲਿਆ। ਕੇਂਦਰ ਸਰਕਾਰ ਨੇ ਵਿਸ਼ਵਾਸ ਦਿਵਾਇਆ ਸੀ ਕਿ ਕਿਸਾਨ ਅੰਦੋਲਨ ਦੌਰਾਨ ਕਿਸਾਨਾਂ ਖਿਲਾਫ ਦਰਜ ਸਾਰੇ ਪੁਲਿਸ ਕੇਸ ਵਾਪਸ ਲਏ ਜਾਣਗੇ ਲੇਕਿਨ ਪਿਛਲੇ ਦੋ ਸਾਲਾਂ ਵਿਚ ਕੇਸ ਵਾਪਸ ਲੈਣਾ ਤਾਂ ਦੂਰ ਦੀ ਗੱਲ, ਉਲਟਾ ਕੁਝ ਕਿਸਾਨ ਆਗੂਆਂ ਨੂੰ ਸੀ.ਬੀ.ਆਈ. ਦੇ ਛਾਪਿਆਂ, ਹਵਾਈ ਅੱਡਿਆਂ 'ਤੇ ਨਜ਼ਰਬੰਦੀ ਦਾ ਸਾਹਮਣਾ ਕਰਨਾ ਪਿਆ ਹੈ। ਪੁਲਿਸ ਕੇਸ ਵਾਪਸ ਨਾ ਹੋਣ ਕਾਰਨ ਅਨੇਕ ਕਿਸਾਨਾਂ ਨੂੰ ਅਦਾਲਤੀ ਕੇਸਾਂ ਅਤੇ ਸੰਮਨਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਮਤਲਬ ਸਾਫ ਹੈ ਕਿ ਭਾਵੇਂ ਕਿਸਾਨਾਂ ਦੀ ਇਕਜੁਟਤਾ ਨੇ ਮੋਦੀ ਸਰਕਾਰ ਨੂੰ ਪਿੱਛੇ ਧੱਕਿਆ ਸੀ ਪਰ ਹਕੂਮਤੀ ਹੱਲਾ ਅਜੇ ਰੁਕਿਆ ਨਹੀਂ ਹੈ। ਸਰਕਾਰ ਪਹਿਲਾਂ ਵਾਂਗ ਹੀ ਦੇਸ਼ ਦੇ ਜਲ, ਜੰਗਲ ਅਤੇ ਜ਼ਮੀਨ ਕਾਰਪੋਰੇਟਾਂ ਨੂੰ ਕੌਡੀਆਂ ਦੇ ਭਾਅ ਲੁਟਾਉਣ ਲਈ ਤਤਪਰ ਹੈ। ਅੰਬਾਨੀਆਂ,



ਅਡਾਨੀਆਂ ਦੇ ਹਿੱਤਾਂ ਲਈ ਕੰਮ ਕਰਨ ਵਾਲੀ ਸਰਕਾਰ ਦਾ ਮੂੰਹ ਸਾਂਝੇ ਸੰਘਰਸ਼ ਅਤੇ ਲੋਕਾਂ ਦਾ ਏਕਾ ਹੀ ਮੋੜ ਸਕਦੇ ਹਨ। ਕਿਸੇ ਲੰਮੇ ਤੇ ਵਿਸ਼ਾਲ ਸੰਘਰਸ਼ ਦੌਰਾਨ ਜਿੱਤ ਤੱਕ ਪਹੁੰਚਦਿਆਂ ਮਤਭੇਦ ਆਉਣੇ ਸੁਭਾਵਕ ਹਨ। ਬਣਦਾ ਤਾਂ ਇਹ ਸੀ ਕਿ ਦਿੱਲੀ ਤੋਂ ਆਉਣ ਬਾਅਦ ਕਿਸਾਨ ਆਗੂ ਬੈਠ ਕੇ ਸੰਘਰਸ਼ ਦਾ ਮੁਲਾਂਕਣ ਅਤੇ ਚਿੰਤਨ ਮੰਥਨ ਕਰਦੇ, ਖੁੱਲ੍ਹਦਿਲੀ ਨਾਲ ਪੜਚੋਲ ਤੇ ਸਵੈ ਪੜਚੋਲ ਕਰਦੇ ਪਰ ਹੋਇਆ ਇਸ ਦੇ ਬਿਲਕੁੱਲ ਉਲਟ ਕਿ ਆਪਸੀ ਵਿਚਾਰ ਚਰਚਾ ਰਾਹੀਂ ਮਸਲੇ ਹੱਲ ਕਰਨ ਦੀ ਬਜਾਇ ਕੁਝ ਕਿਸਾਨ ਆਗੂਆਂ ਨੇ ਮੀਡੀਆ ਵਿਚ ਇੱਕ-ਦੂਜੇ ਖਿਲਾਫ ਤੋਹਮਤਾਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ ਜਿਸ ਨੇ ਕਿਸਾਨ ਜਥੇਬੰਦੀਆਂ ਦੇ ਮੱਤਭੇਦ ਹੱਲ ਕਰਨ ਦੀ ਬਜਾਇ ਇਨ੍ਹਾਂ ਨੂੰ ਹੋਰ ਵਧਾ ਕੇ ਮੋਰਚੇ ਨੂੰ ਫੁੱਟ ਦੇ ਮੂੰਹ ਧੱਕ ਦਿੱਤਾ। ਦਿੱਲੀ ਮੋਰਚੇ ਤੋਂ ਵਾਪਸ ਆਉਂਦਿਆਂ ਹੀ ਕੁਝ ਕਿਸਾਨ ਜਥੇਬੰਦੀਆਂ ਵੱਲੋਂ ਬਲਬੀਰ ਸਿੰਘ ਰਾਜੇਵਾਲ ਦੀ ਅਗਵਾਈ ਹੇਠ ਚੋਣਾਂ ਵਿਚ ਹਿੱਸਾ ਲੈਣਾ ਵੀ ਕਿਸਾਨ ਜਥੇਬੰਦੀਆਂ ਦੇ ਪਾਟਣ ਦਾ ਫੌਰੀ ਕਾਰਨ ਬਣਿਆ ਪਰ ਇਹਨਾਂ ਸਭ ਘਾਟਾਂ-ਕਮੀਆਂ ਦੇ ਬਾਵਜੂਦ ਕਿਸਾਨ ਜਥੇਬੰਦੀਆਂ ਦਾ ਮੱਤਭੇਦਾਂ ਨੂੰ ਘਟਾਉਣ ਲਈ ਖੁੱਲ੍ਹਦਿਲੀ ਨਾਲ ਚਰਚਾ ਕਰਨਾ ਅਤੇ ਇੱਕ ਮੰਚ 'ਤੇ ਆਉਣਾ ਬਹੁਤ ਜ਼ਰੂਰੀ ਹੈ।

ਭਾਰਤ ਵਿਚ ਕਿਸਾਨਾਂ ਵੱਲੋਂ ਆਪਣੀ ਹੱਕਾਂ ਮੰਗਾਂ ਲਈ ਕਈ ਇਤਿਹਾਸਕ ਅੰਦੋਲਨ ਕੀਤੇ ਗਏ ਹਨ। ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਹਲ ਵਾਹਕਾਂ ਨੂੰ ਜ਼ਮੀਨ ਦੇ ਮਾਲਕੀ ਦੇ ਹੱਕ ਦਿਵਾਉਣ ਲਈ ਲੜੇ ਇਤਿਹਾਸਕ ਸੰਘਰਸ਼ ਦਾ ਧੁਰਾ ਕਿਸਾਨ ਹੀ ਸਨ। ਪਰਜਾ ਮੰਡਲ ਲਹਿਰ ਵੱਲੋਂ ਵੀ ਕਿਸਾਨਾਂ ਦੇ ਹੱਕਾਂ ਲਈ ਸੰਘਰਸ਼ ਕੀਤਾ ਗਿਆ। ਸ਼ਹੀਦ ਭਗਤ ਸਿੰਘ ਦੇ ਚਾਚੇ ਅਜੀਤ ਸਿੰਘ ਦੀ ਅਗਵਾਈ ਵਿਚ ਚੱਲੀ 'ਪੱਗੜੀ ਸੰਭਾਲ ਜੱਟਾ' ਲਹਿਰ ਨੇ ਕਿਸਾਨ ਮੰਗਾਂ ਨੂੰ ਉਭਾਰ ਕੇ ਅੰਗਰੇਜ ਹਕੂਮਤ ਖਿਲਾਫ ਸੰਘਰਸ਼ ਲਾਮਬੰਦ ਕੀਤਾ ਸੀ। ਕਿਸਾਨ ਆਗੂ ਸਰ ਛੋਟੂ ਰਾਮ ਨੇ ਵੀ ਕਿਸਾਨਾਂ ਦੀਆਂ ਮੰਗਾਂ ਨੂੰ ਉਭਾਰਿਆ। ਕਿਸਾਨਾਂ ਦੀ ਭਰਵੀਂ ਸ਼ਮੂਲੀਅਤ ਵਾਲੀ ਪੈਪਸੂ ਮੁਜ਼ਾਰਾ ਲਹਿਰ ਅਤੇ ਨਕਸਲਵਾੜੀ ਲਹਿਰ ਨੇ ਕਿਸਾਨਾਂ, ਮਜ਼ਦੂਰਾਂ ਨੂੰ ਕਾਨੂੰਨੀ ਵਲਗਣ ਤੋਂ ਬਾਹਰ ਨਿੱਕਲ ਕੇ ਜੁਝਾਰੂ ਸੰਘਰਸ਼ ਕਰਨ ਦਾ ਤਜਰਬਾ ਦਿੱਤਾ ਸੀ।

ਮੌਜੂਦਾ ਦੌਰ ਅੰਦਰ ਦਿੱਲੀ ਮੋਰਚੇ ਨੇ ਦੇਸ਼ ਦੇ ਕਿਸਾਨਾਂ, ਮਜ਼ਦੂਰਾਂ ਨੂੰ ਜਾਗਰੂਕ ਕਰਨ ਵਿਚ ਅਹਿਮ ਭੂਮਿਕਾ ਅਦਾ ਕੀਤੀ ਹੈ ਜਿਸ ਕਾਰਨ ਕੇਂਦਰ ਸਰਕਾਰ ਕਿਸਾਨਾਂ ਦੀ ਜਾਗਰੂਕਤਾ ਤੋਂ ਅਤੇ ਉਨ੍ਹਾਂ ਦੇ ਜਥੇਬੰਦਕ ਸੰਘਰਸ਼ਾਂ ਤੋਂ ਬੁਖਲਾਹਟ ਵਿਚ ਹੈ। ਇਸੇ ਕਰ ਕੇ ਕੇਂਦਰ ਸਰਕਾਰ ਵੱਲੋਂ ਨਾਮੀ ਮੀਡੀਆ ਅਦਾਰੇ 'ਨਿਊਜ਼ ਕਲਿੱਕ' ਖਿਲਾਫ ਯੂ.ਏ.ਪੀ.ਏ. ਤਹਿਤ ਬੇਬੁਨਿਆਦ ਕਾਰਵਾਈ ਕੀਤੀ ਤੇ ਉਸ ਐਫ.ਆਈ.ਆਰ. ਰਾਹੀਂ ਪੱਤਰਕਾਰਾਂ ਦੇ ਨਾਲ-ਨਾਲ ਹਕੂਮਤੀ ਜਬਰ ਦਾ ਕੁਹਾੜਾ ਕਿਸਾਨ ਆਗੂਆਂ ਖਿਲਾਫ ਚਲਾਉਣ ਦਾ ਰਾਹ ਵੀ ਖੋਲ੍ਹ ਰੱਖਿਆ ਹੈ। ਦੂਜੇ ਪਾਸੇ, ਇਹ ਵੀ ਤੱਥ ਹੈ ਕਿ ਸਰਕਾਰ ਦੀਆਂ ਨੀਤੀਆਂ ਤੋਂ ਅੱਕੇ ਲੋਕ ਲਗਾਤਾਰ ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਇਕਜੁੱਟ ਹੋ ਰਹੇ ਹਨ। ਸੰਯੁਕਤ ਕਿਸਾਨ ਮੋਰਚਾ ਵੱਲੋਂ 26 ਤੋਂ 28 ਨਵੰਬਰ 2023 ਤੱਕ ਦੇਸ਼ ਦੇ 22 ਰਾਜਾਂ ਦੀਆਂ ਰਾਜਧਾਨੀਆਂ ਵਿਚ ਕੀਤੇ ਰੋਸ ਪ੍ਰਦਰਸ਼ਨ ਮੌਕੇ ਹੋਏ ਵਿਸ਼ਾਲ ਇਕੱਠ ਅਤੇ ਮਿਲਿਆ ਭਰਵਾਂ ਹੁੰਗਾਰਾ ਇਸ ਦੀ ਸ਼ਾਹਦੀ ਭਰਦੇ ਹਨ। ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਕ) ਅਤੇ 18 ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਜੰਡਿਆਲਾ ਗੁਰੂ ਤੇ ਬਰਨਾਲਾ ਵਿਖੇ ਵੀ ਲੋਕਾਂ ਦੀ ਵਿਸ਼ਾਲ ਇਕੱਤਰਤਾ ਹੋਈ। ਇਸ ਤੋਂ ਇਲਾਵਾ ਸੰਯੁਕਤ ਕਿਸਾਨ ਮੋਰਚੇ ਦੀ 16 ਜਨਵਰੀ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਹੋਈ ਕਨਵੈਨਸ਼ਨ ਵੀ ਉਤਸ਼ਾਹਜਨਕ ਰਹੀ। ਉਮੀਦ ਹੈ ਕਿ 26 ਜਨਵਰੀ ਦੀ ਟਰੈਕਟਰ ਪਰੇਡ ਨੂੰ ਵੀ ਲਾਮਿਸਾਲ ਹੁੰਗਾਰਾ ਮਿਲੇਗਾ।

ਸੰਯੁਕਤ ਕਿਸਾਨ ਮੋਰਚੇ ਵੱਲੋਂ ਜਥੇਬੰਦਕ ਦਾਇਰਾ ਵਿਸ਼ਾਲ ਕਰਦਿਆਂ ਕੇਂਦਰੀ ਟਰੇਡ ਯੂਨੀਅਨਾਂ/ਫੈਡਰੇਸ਼ਨਾਂ/ਐਸੋਸੀਏਸ਼ਨਾਂ ਦੇ ਸਾਂਝੇ ਮੰਚਾਂ ਨਾਲ ਇਕਜੁਟਤਾ ਤਹਿਤ 21 ਨੁਕਾਤੀ ਮੰਗਾਂ ਨਾਲ ਦੂਜੇ ਪੜਾਅ ਦੇ ਕਿਸਾਨ, ਮਜ਼ਦੂਰ ਅੰਦੋਲਨ ਦੀ ਸ਼ੁਰੂਆਤ ਕੀਤੀ ਹੈ। ਚੰਗੀ ਗੱਲ ਹੈ ਕਿ ਦੇਸ਼ ਵਿਚ ਕਿਸਾਨ, ਮਜ਼ਦੂਰ, ਸਨਅਤੀ ਕਾਮੇ ਇੱਕ ਮੰਚ 'ਤੇ ਇਕੱਠੇ ਹੋ ਕੇ ਹਕੂਮਤ ਖਿਲਾਫ ਸੰਘਰਸ਼ ਵਿੱਢਣ ਪਰ ਦਿੱਲੀ ਕੂਚ ਕਰਨ ਤੋਂ ਪਹਿਲਾਂ ਇਸ ਗੱਲ 'ਤੇ ਚਰਚਾ ਛਿੜਨੀ ਚਾਹੀਦੀ ਹੈ ਕਿ ਸੰਯੁਕਤ ਕਿਸਾਨ ਮੋਰਚੇ ਦਾ ਹਿੱਸਾ ਰਹੀਆਂ ਕਿਸਾਨ ਜਥੇਬੰਦੀਆਂ ਨੂੰ ਇੱਕ ਮੰਚ 'ਤੇ ਇਕੱਤਰ ਕਿਵੇਂ ਕੀਤਾ ਜਾਵੇ। ਕਿਸਾਨ ਅੰਦੋਲਨ ਦੌਰਾਨ ਸ਼ਹੀਦ ਹੋਏ 735 ਕਿਸਾਨ ਸਾਂਝੇ ਅੰਦੋਲਨ ਦੀ ਵਿਰਾਸਤ ਹਨ ਤੇ ਉਸ ਵਿਰਾਸਤ ਨੂੰ ਸਾਂਝੇ ਅੰਦੋਲਨ ਨਾਲ ਜਾਰੀ ਰੱਖਿਆ ਜਾਣਾ ਚਾਹੀਦਾ ਹੈ।

ਇਸ ਦੇ ਨਾਲ ਹੀ ਇਹ ਵੀ ਸਮਝਣਾ ਚਾਹੀਦਾ ਹੈ ਕਿ ਸਮਾਜ ਵਿਚ ਰਾਜਨੀਤੀ ਤੋਂ ਬਗੈਰ ਕੁਝ ਨਹੀਂ ਹੁੰਦਾ ਹੈ। ਖੁਦ ਨੂੰ ਗੈਰ-ਰਾਜਨੀਤਕ ਕਹਿਣਾ ਵੀ ਰਾਜਨੀਤੀ ਹੀ ਹੁੰਦੀ ਹੈ, ਇਸ ਲਈ ਜਗਜੀਤ ਸਿੰਘ ਡੱਲੇਵਾਲ ਨੂੰ ਰਾਜੀਨਤਕ/ਗੈਰ-ਰਾਜਨੀਤਕ ਦੇ ਭੁਲੇਖੇ ਖੜ੍ਹੇ ਕਰਨ ਦੀ ਥਾਂ ਦਿੱਲੀ ਕੂਚ ਕਰਨ ਤੋਂ ਪਹਿਲਾਂ ਮੰਗਾਂ ਦੇ ਅਧਾਰ 'ਤੇ ਘੱਟੋ-ਘੱਟ ਸਾਂਝੇ ਪ੍ਰੋਗਰਾਮ ਤਹਿਤ ਜਥੇਬੰਦੀਆਂ ਦਾ ਸਾਂਝਾ ਮੰਚ ਉਸਾਰਨ ਦੇ ਯਤਨਾਂ ਦਾ ਹਿੱਸਾ ਬਣਨਾ ਚਾਹੀਦਾ ਹੈ। ਪਿਛਲੇ ਦਿਨੀਂ ਡੱਲੇਵਾਲ ਧੜੇ ਵੱਲੋਂ ਬਰਨਾਲਾ ਵਿਚ ਵੱਖਰਾ ਇਕੱਠ ਕਰ ਕੇ ਜਿਸ ਤਰ੍ਹਾਂ ਮੋਰਚੇ ਦੇ ਅੰਦਰੂਨੀ ਮਸਲੇ ਉਛਾਲੇ ਗਏ, ਉਸ ਦੀ ਭਾਵਨਾ ਸਾਂਝੇ ਅੰਦੋਲਨ ਵਾਲੀ ਨਹੀਂ ਹੈ। ਅਜਿਹੀ ਪਹੁੰਚ ਕਿਸਾਨ ਜਥੇਬੰਦੀਆਂ ਦਰਮਿਆਨ ਕੁੜੱਤਣ ਅਤੇ ਬੇਯਕੀਨੀ ਵਧਾ ਕੇ ਕਿਸਾਨ ਅੰਦੋਲਨ ਦੇ ਮੁੜ ਉਭਾਰ ਦਾ ਨੁਕਸਾਨ ਹੀ ਕਰੇਗੀ। ਮਜ਼ਬੂਤ ਸਾਂਝੇ ਅੰਦੋਲਨ ਲਈ ਅਜਿਹੇ ਕਦਮਾਂ ਤੋਂ ਗੁਰੇਜ਼ ਕਰਨਾ ਹੋਵੇਗਾ।

ਕਿਸਾਨ ਜਥੇਬੰਦੀਆਂ ਦਾ ਸਾਂਝਾ ਮੰਚ ਉਸਾਰੇ ਬਗੈਰ ਦਿੱਲੀ ਕੂਚ ਵਰਗੇ ਸੱਦੇ ਦੇ ਕੇ ਆਪਣੀ ਹੋਂਦ ਤਾਂ ਦਿਖਾਈ ਜਾ ਸਕਦੀ ਹੈ ਪਰ ਫਾਸ਼ੀਵਾਦੀ ਹਕੂਮਤ ਨੂੰ ਝੁਕਾਉਣਾ ਸੌਖਾ ਨਹੀਂ। ਜੇ ਕੋਈ ਕਿਸਾਨ ਜਥੇਬੰਦੀ ਕਿਸੇ ਪਾਰਟੀ ਦਾ ਵਿੰਗ ਹੈ ਤਾਂ ਵੀ ਇਸ ਵਿਚ ਕੋਈ ਮਾੜੀ ਗੱਲ ਨਹੀਂ ਬਸ਼ਰਤੇ ਉਸ ਦੀ ਰਾਜਨੀਤੀ ਲੋਕ ਪੱਖੀ ਹੋਵੇ ਅਤੇ ਉਹ ਸਾਂਝੇ ਮੋਰਚੇ ਦੇ ਅਸੂਲਾਂ ਨੂੰ ਲਾਗੂ ਕਰਨ ਦੀ ਪਾਬੰਦ ਹੋਵੇ। ਸਾਂਝਾ ਮੋਰਚਾ ਮੁੱਦਿਆਂ ਦੇ ਆਧਾਰ ਉੱਪਰ ਉਸਰਦਾ ਹੁੰਦਾ ਹੈ, ਇਸ ਲਈ ਕੋਈ ਵੋਟਾਂ ਵਿਚ ਹਿੱਸਾ ਲੈਂਦਾ ਹੈ ਜਾਂ ਕੋਈ ਵੋਟਾਂ ਦਾ ਬਾਈਕਾਟ ਕਰਦਾ ਹੈ ਜਾਂ ਚੁੱਪ ਰਹਿੰਦਾ ਹੈ, ਇਸ ਦੀ ਹਰ ਜਥੇਬੰਦੀ ਨੂੰ ਆਜ਼ਾਦੀ ਹੋਣੀ ਚਾਹੀਦੀ ਹੈ। ਸੋ, ਖੁਦ ਨੂੰ ਜਿਆਦਾ ਸ਼ੁੱਧਤਾਵਾਦੀ ਸਮਝਣ ਦੇ ਭੁਲੇਖੇ ਤੋਂ ਬਾਹਰ ਨਿਕਲ ਕੇ ਮੁੱਦਾ ਆਧਾਰਿਤ ਸਾਂਝਾ ਮੰਚ ਉਸਾਰਨ ਲਈ ਯਤਨ ਜੁਟਾਉਣਾ ਸਮੇਂ ਦੀ ਮੁੱਖ ਮੰਗ ਹੈ।

**ਮੰਦਰ ਦੀ ਤਾਮੀਰ ਅਜੇ ਹੋ ਰਹੀ ਹੈ। ਮੁਕੰਮਲ ਹੋਣ ਲਈ ਡੇਢ-ਦੋ ਸਾਲ ਲੱਗਣਗੇ ਪਰ ਸੰਘ ਬ੍ਰਿਗੇਡ ਨੇ ਮੰਦਰਾਂ ਦੇ ਮਹੂਰਤ ਦੀਆਂ ਧਾਰਮਿਕ ਪਰੰਪਰਾਵਾਂ ਦੀਆਂ ਧੱਜੀਆਂ ਉਡਾ ਕੇ ਅਧੂਰੇ ਮੰਦਰ ਦੇ ਮਹੂਰਤ ਨੂੰ ਚੋਣ ਮੁਹਿੰਮ ਦੇ ਗ਼ੈਰ-ਰਸਮੀ ਆਗਾਜ਼ ਦਾ ਮੰਚ ਬਣਾ ਲਿਆ ਹੈ। ਚਾਰ ਸਨਾਤਨੀ ਹਿੰਦੂ ਸ਼ੰਕਰਾਚਾਰੀਆਂ - ਉਤਰਾਖੰਡ 'ਚ ਜੋਸ਼ੀ ਮੱਠ, ਗੁਜਰਾਤ 'ਚ ਦਵਾਰਕਾ, ਉੜੀਸਾ 'ਚ ਪੁਰੀ ਅਤੇ ਕਰਨਾਟਕ 'ਚ ਸ਼੍ਰਿੰਗੇਰੀ ਦੇ ਮੰਦਰਾਂ ਦੇ ਮੁਖੀਆਂ ਜਿਨ੍ਹਾਂ ਨੂੰ ਪੀਠ ਕਿਹਾ ਜਾਂਦਾ ਹੈ - ਨੇ ਇਹ ਕਹਿ ਕੇ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ ਹੈ ਕਿ ਅਧੂਰੇ ਮੰਦਰ ਦਾ ਮਹੂਰਤ ਭਗਵਾਨ ਰਾਮ ਦਾ ਨਿਰਾਦਰ ਹੈ ਪਰ ਆਰ.ਐੱਸ.ਐੱਸ.-ਭਾਜਪਾ ਲੀਡਰਸ਼ਿਪ ਨੂੰ ਸ਼ੰਕਰਾਚਾਰੀਆਂ ਦੀ ਨਾਰਾਜ਼ਗੀ ਦੀ ਵੀ ਕੋਈ ਪ੍ਰਵਾਹ ਨਹੀਂ ਕਿਉਂਕਿ ਉਨ੍ਹਾਂ ਦੀਆਂ ਨਜ਼ਰਾਂ ਤਾਂ ਹਿੰਦੂ ਵੋਟਰਾਂ ਨੂੰ ਭਰਮਾਉਣ ਦੇ ਨਿਸ਼ਾਨੇ ਉੱਪਰ ਟਿਕੀਆਂ ਹੋਈਆਂ ਹਨ।**

# ਭਗਵਾ ਧਵੱਜ ਦੀ ਤਾਰੀਫ਼ ਦੇ ਸਿਆਸੀ ਮਾਇਨੇ

2024 ਦੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਆਰ.ਐੱਸ.ਐੱਸ.-ਭਾਜਪਾ ਨੇ ਰਾਮ ਮੰਦਰ ਨੂੰ ਵੱਡਾ ਮੁੱਦਾ ਬਣਾਉਣਾ ਸ਼ੁਰੂ ਕਰ ਦਿੱਤਾ ਹੈ। 22 ਜਨਵਰੀ ਨੂੰ ਅਯੁੱਧਿਆ 'ਚ ਅਧੂਰੇ ਰਾਮ ਮੰਦਰ ਦੇ ਮਹੂਰਤ ਦੀ ਤਿਆਰੀ ਪੂਰੇ ਜ਼ੋਰਾਂ 'ਤੇ ਹੈ ਅਤੇ ਮੋਦੀ 'ਪੂਰੇ ਰਾਸ਼ਟਰ' ਨੂੰ ਰਾਮ ਮੰਦਰ ਦੇ ਮਹੂਰਤ ਦੇ ਜਸ਼ਨ ਮਨਾਉਣ ਦਾ ਸੱਦਾ ਦੇ ਰਿਹਾ ਹੈ। 'ਭੂਮੀ ਪੂਜਨ' ਦੀ ਤਰ੍ਹਾਂ ਇਹ ਮਹੂਰਤ ਵੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪ ਹੀ ਕਰਨਾ ਹੈ ਜੋ ਹਿੰਦੂ ਸਨਮਾਨ ਦੇ ਆਪੇ ਬਣੇ ਰਖਵਾਲੇ ਦੇ ਰੂਪ 'ਚ ਤੇਜ਼ੀ ਨਾਲ ਉਭਰਿਆ/ਉਭਾਰਿਆ ਗਿਆ ਹੈ। ਸੰਘ ਬ੍ਰਿਗੇਡ ਵੱਲੋਂ ਇਹ ਬਿਰਤਾਂਤ ਉਸਾਰਿਆ ਜਾ ਰਿਹਾ ਹੈ ਕਿ ਮੋਦੀ ਸਰਕਾਰ ਨੇ ਭਗਵਾਨ ਰਾਮ ਦਾ '500 ਸਾਲ ਤੋਂ ਚਲਿਆ ਆ ਰਿਹਾ ਦੇਸ਼ ਨਿਕਾਲਾ ਖ਼ਤਮ ਕੀਤਾ ਹੈ'। ਇਸ ਤੋਂ ਇਲਾਵਾ, ਅਯੁੱਧਿਆ ਵਿਚ 31000 ਕਰੋੜ ਰੁਪਏ ਦੇ 'ਵਿਕਾਸ ਪ੍ਰੋਜੈਕਟ', ਸ਼ਹਿਰ 'ਚ ਨਵਾਂ ਹਵਾਈ

**ਬੂਟਾ ਸਿੰਘ ਮਹਿਮੂਦਪੁਰ**
**ਫੋਨ: +91-9463474342**

ਅੱਡਾ ਅਤੇ ਵਿਸ਼ੇਸ਼ ਰੇਲਵੇ ਸਹੂਲਤ ਦੇ ਉਦਘਾਟਨ ਵੀ ਇਹੋ ਪ੍ਰਭਾਵ ਸਿਰਜ ਰਹੇ ਹਨ ਕਿ ਮੋਦੀ ਹਕੂਮਤ ਹਿੰਦੂ ਧਰਮ ਦੀ ਸੇਵਾ 'ਚ ਕਿੰਨੀ ਤਨਦੇਹੀ ਨਾਲ ਜੁਟੀ ਹੋਈ ਹੈ।

ਮੰਦਰ ਦੀ ਤਾਮੀਰ ਅਜੇ ਹੋ ਰਹੀ ਹੈ। ਮੁਕੰਮਲ ਹੋਣ ਲਈ ਅਜੇ ਡੇਢ-ਦੋ ਸਾਲ ਲੱਗਣਗੇ ਪਰ ਸੰਘ ਬ੍ਰਿਗੇਡ ਨੇ ਮੰਦਰਾਂ ਦੇ ਮਹੂਰਤ ਦੀਆਂ ਧਾਰਮਿਕ ਪਰੰਪਰਾਵਾਂ ਦੀਆਂ ਧੱਜੀਆਂ ਉਡਾ ਕੇ ਅਧੂਰੇ ਮੰਦਰ ਦੇ ਮਹੂਰਤ ਨੂੰ ਚੋਣ ਮੁਹਿੰਮ ਦੇ ਗ਼ੈਰ-ਰਸਮੀ ਆਗਾਜ਼ ਦਾ ਮੰਚ ਬਣਾ ਲਿਆ ਹੈ। ਚਾਰ ਸਨਾਤਨੀ ਹਿੰਦੂ ਸ਼ੰਕਰਾਚਾਰੀਆਂ - ਉਤਰਾਖੰਡ 'ਚ ਜੋਸ਼ੀ ਮੱਠ, ਗੁਜਰਾਤ 'ਚ ਦਵਾਰਕਾ, ਉੜੀਸਾ 'ਚ ਪੁਰੀ ਅਤੇ ਕਰਨਾਟਕ 'ਚ ਸ਼੍ਰਿੰਗੇਰੀ ਦੇ ਮੰਦਰਾਂ ਦੇ ਮੁਖੀਆਂ ਜਿਨ੍ਹਾਂ ਨੂੰ ਪੀਠ ਕਿਹਾ ਜਾਂਦਾ ਹੈ - ਨੇ ਇਹ ਕਹਿ ਕੇ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ ਹੈ ਕਿ ਅਧੂਰੇ ਮੰਦਰ ਦਾ ਮਹੂਰਤ ਭਗਵਾਨ ਰਾਮ ਦਾ ਨਿਰਾਦਰ ਹੈ ਪਰ ਆਰ.ਐੱਸ.ਐੱਸ.-ਭਾਜਪਾ ਲੀਡਰਸ਼ਿਪ ਨੂੰ ਸ਼ੰਕਰਾਚਾਰੀਆਂ ਦੀ ਨਾਰਾਜ਼ਗੀ ਦੀ ਵੀ ਕੋਈ ਪ੍ਰਵਾਹ ਨਹੀਂ ਕਿਉਂਕਿ ਉਨ੍ਹਾਂ ਦੀਆਂ ਨਜ਼ਰਾਂ ਤਾਂ ਹਿੰਦੂ ਵੋਟਰਾਂ ਨੂੰ ਭਰਮਾਉਣ ਦੇ ਨਿਸ਼ਾਨੇ ਉੱਪਰ ਟਿਕੀਆਂ ਹੋਈਆਂ ਹਨ।

ਕਾਂਗਰਸ ਸਮੇਤ ਵਿਰੋਧੀ ਧਿਰ ਦੀਆਂ ਪਾਰਟੀਆਂ ਨੂੰ ਸੱਦਾ ਦੇ ਕੇ ਸੰਘੀਆਂ ਨੇ ਉਨ੍ਹਾਂ ਲਈ 'ਸੱਪ ਦੇ ਮੂੰਹ 'ਚ ਕੋਹੜ ਕਿਰਲੀ' ਵਾਲੀ ਹਾਲਤ ਪੈਦਾ ਕਰਨ ਦੀ ਕੋਸ਼ਿਸ਼ ਕੀਤੀ। ਚਾਹੇ ਉਹ ਸ਼ਾਮਲ ਹੁੰਦੇ ਹਨ ਜਾਂ ਸ਼ਾਮਲ ਹੋਣ ਤੋਂ ਇਨਕਾਰ ਕਰਦੇ ਹਨ, ਦੋਹਾਂ ਹਾਲਾਤ 'ਚ ਲਾਹਾ ਸੰਘ ਬ੍ਰਿਗੇਡ ਨੂੰ ਜਾਵੇਗਾ। ਸ਼ਾਮਲ ਨਾ ਹੋਣ ਦੀ ਸੂਰਤ 'ਚ ਉਨ੍ਹਾਂ ਨੂੰ ਭਗਵਾਨ ਰਾਮ ਦੇ ਦੋਖੀ ਕਰਾਰ ਦੇ ਕੇ ਭੰਡਿਆ ਜਾਵੇਗਾ। ਕਾਂਗਰਸ ਦਾ ਸ਼ਾਮਲ ਨਾ ਹੋਣ ਦਾ ਫ਼ੈਸਲਾ ਹਿੰਦੂਤਵ ਵਿਰੁੱਧ ਦ੍ਰਿੜ ਲੜਾਈ ਲੜਨ ਅਤੇ ਲੋਕਾਂ ਦੀ ਧਾਰਮਿਕ ਆਸਥਾ ਨਾਲ ਖਿਲਵਾੜ ਕਰਨ ਦੀ ਯੋਜਨਾ ਦਾ ਪਰਦਾਫਾਸ਼ ਕਰਨ ਦੇ ਇਰਾਦੇ 'ਚੋਂ ਨਹੀਂ ਕੀਤਾ ਗਿਆ। ਇਹ ਵੋਟ ਬੈਂਕ ਦੀਆਂ ਗਿਣਤੀਆਂ-ਮਿਣਤੀਆਂ ਅਤੇ ਚੋਣ ਗੱਠਜੋੜ ਦੇ ਰਾਜਨੀਤਕ ਦਬਾਅ 'ਚੋਂ ਚੁੱਕਿਆ ਕਦਮ ਹੈ।

ਬਾਬਰੀ ਮਸਜਿਦ-ਰਾਮ ਮੰਦਰ ਮੁੱਦੇ ਨੂੰ ਭੜਕਾ ਕੇ ਭਾਜਪਾ ਹਿੰਦੂ ਅਵਾਮ ਦੀ ਧਾਰਮਿਕ ਸ਼ਰਧਾ ਨੂੰ ਰਾਜਨੀਤਕ ਆਧਾਰ 'ਚ ਬਦਲਣ 'ਚ ਬੇਹੱਦ ਕਾਮਯਾਬ ਹੋਈ ਹੈ। ਇਹ ਹਾਸ਼ੀਆਗ੍ਰਸਤ ਤੋਂ 'ਮੁੱਖਧਾਰਾ' ਅਤੇ ਫਿਰ ਸਭ ਤੋਂ ਮਜ਼ਬੂਤ ਹੁਕਮਰਾਨ ਪਾਰਟੀ ਬਣ ਗਈ। 1984 'ਚ ਇਸ ਕੋਲ ਸਿਰਫ਼ 2 ਸੀਟਾਂ ਸਨ ਅਤੇ ਹਿੰਦੂ ਪੱਤਾ ਖੇਡ ਕੇ 1989 'ਚ ਇਸ ਨੇ 85 ਸੀਟਾਂ ਜਿੱਤ ਲਈਆਂ। ਫਿਰ ਰਾਮ ਮੰਦਰ ਲਹਿਰ 'ਤੇ ਸਵਾਰ ਹੋ ਕੇ 1996 'ਚ 161 ਸੀਟਾਂ ਜਿੱਤ ਕੇ ਇਹ ਕੇਂਦਰ 'ਚ ਸਰਕਾਰ ਬਣਾਉਣ ਦੀ ਦਾਅਵੇਦਾਰ ਬਣ ਗਈ। ਫਿਰ ਕੇਂਦਰ 'ਚ ਸਰਕਾਰਾਂ ਬਣਾ ਕੇ ਅਤੇ ਵਿਰੋਧੀ ਧਿਰ 'ਚ ਬੈਠ ਕੇ 2014 'ਚ 282 ਸੀਟਾਂ ਹਥਿਆਉਣ ਦੀ ਹੂੰਝਾਫੇਰੂ ਜਿੱਤ ਹਾਸਲ ਕਰਨ ਦੇ ਮੁਕਾਮ 'ਤੇ ਜਾ ਪਹੁੰਚੀ।

2014 ਤੋਂ 2024 ਤੱਕ ਦੇ ਦਸ ਸਾਲ ਦੇ ਰਾਜ ਦੀ ਪ੍ਰਾਪਤੀ ਦੇ ਰੂਪ 'ਚ ਵੋਟਰਾਂ ਨੂੰ ਭਰਮਾਉਣ ਲਈ ਇਸ ਕੋਲ ਕੁਝ ਵੀ ਦੱਸਣਯੋਗ ਨਾ ਹੋਣ ਕਾਰਨ 2024 ਦੀਆਂ ਲੋਕ ਸਭਾ ਚੋਣਾਂ ਦੀ ਅਗੇਤੀ ਤਿਆਰੀ ਵਜੋਂ ਰਾਮ ਮੰਦਰ ਦੀ 'ਪ੍ਰਾਪਤੀ' ਸਿਰਜਣੀ ਸ਼ੁਰੂ ਕਰ ਦਿੱਤੀ ਗਈ। ਹਿੰਦੂ ਆਸਥਾ ਨੂੰ ਵਿਆਪਕ ਪੈਮਾਨੇ 'ਤੇ ਵਰਤਣ ਲਈ ਪੂਰੇ ਮੁਲਕ ਦੇ ਪਵਿੱਤਰ ਮੰਨੇ ਜਾਂਦੇ 8000 ਧਾਰਮਿਕ ਸਥਾਨਾਂ ਤੋਂ ਮਿੱਟੀ, ਜਲ ਆਦਿ ਅਯੁੱਧਿਆ 'ਚ ਲਿਆਉਣ ਅਤੇ ਫਿਰ ਮੰਦਰ ਦੀ ਨੀਂਹ ਖੋਦ ਕੇ ਕੱਢੀ ਮਿੱਟੀ 'ਰਜਕਣ' ਨੂੰ 'ਪ੍ਰਸਾਦ' ਦੇ ਰੂਪ 'ਚ ਘਰ-ਘਰ ਪਹੁੰਚਾਉਣ ਦੀ ਮੁਹਿੰਮ ਚਲਾਈ ਗਈ।


ਬਾਬਰੀ ਮਸਜਿਦ ਵਾਲੀ ਜਗ੍ਹਾ ਰਾਮ ਮੰਦਰ ਹੋਣ ਦਾ ਕੋਈ ਪੁਰਾਤੱਤਵ ਸਬੂਤ ਨਾ ਹੋਣ ਦੇ ਬਾਵਜੂਦ 2019 'ਚ ਸੁਪਰੀਮ ਕੋਰਟ ਨੇ ਮੰਦਰ ਬਣਾਉਣ ਦੇ ਹੱਕ 'ਚ ਰਾਜਨੀਤਕ ਫ਼ੈਸਲਾ ਦੇ ਕੇ ਸੰਘ ਦੇ ਹੱਥ ਮਜ਼ਬੂਤ ਕਰ ਦਿੱਤੇ। ਪੰਜ ਮੈਂਬਰੀ ਬੈਂਚ ਨੇ ਇਕ ਪਾਸੇ ਸਪਸ਼ਟ ਰੂਪ 'ਚ ਕਿਹਾ ਕਿ ਬਾਬਰੀ ਮਸਜਿਦ ਨੂੰ ਢਾਹੁਣਾ 'ਜਨਤਕ ਪੂਜਾ-ਸਥਾਨ ਨੂੰ ਨਸ਼ਟ ਕਰਨ ਦਾ ਇਕ ਗਿਣਿਆ-ਮਿਥਿਆ ਕਾਰਾ' ਸੀ ਅਤੇ ਇਹ 'ਕਾਨੂੰਨ ਦੇ ਰਾਜ ਦੀ ਵੀ ਗੰਭੀਰ ਉਲੰਘਣਾ' ਸੀ। ਦੂਜੇ ਪਾਸੇ, ਉਸੇ ਜਗ੍ਹਾ ਮੰਦਰ ਬਣਾਉਣ ਦੀ ਇਜਾਜ਼ਤ ਦੇ ਦਿੱਤੀ। 5 ਅਗਸਤ 2020 ਨੂੰ ਲੌਕਡਾਊਨ ਦੌਰਾਨ ਜਨਤਕ ਇਕੱਠ ਕਰਨ ਉੱਪਰ ਰੋਕਾਂ ਦੀ ਖਿੱਲੀ ਉਡਾ ਕੇ ਮੋਦੀ, ਅਦਿੱਤਿਆਨਾਥ ਆਦਿ ਨੇ ਰਾਮ ਮੰਦਰ 'ਭੂਮੀ ਪੂਜਨ' ਦਾ ਮਹੂਰਤ ਕੀਤਾ। ਰਾਮ ਜਨਮ ਭੂਮੀ 'ਚ 'ਵਿਸ਼ਾਲ ਰਾਮ ਮੰਦਰ' ਉਸਾਰਨ ਲਈ ਜ਼ਮੀਨ ਗ੍ਰਹਿਣ ਕਰਨ ਦੀ ਕਾਨੂੰਨੀ ਪ੍ਰਕਿਰਿਆ ਨੂੰ ਛਿੱਕੇ ਟੰਗ ਕੇ ਅਤੇ ਜ਼ਿਆਦਾਤਰ ਜ਼ਮੀਨ ਝਗੜੇ ਵਾਲੀ ਹੋਣ ਦੀ ਹਕੀਕਤ ਨੂੰ ਅਣਡਿੱਠ ਕਰ ਕੇ ਆਲੇ-ਦੁਆਲੇ ਦੇ ਮੰਦਰਾਂ ਦੀ ਜ਼ਮੀਨ ਖ਼ਰੀਦੀ ਗਈ। ਮਹੰਤ ਅਦਿੱਤਿਆਨਾਥ ਹਕੂਮਤ ਦੇ ਹੁਕਮਾਂ 'ਤੇ ਨਗਰ ਪਾਲਿਕਾ ਅਤੇ ਜ਼ਿਲ੍ਹਾ ਅਧਿਕਾਰੀਆਂ ਨੇ ਧਮਕੀਆਂ ਅਤੇ ਲਾਲਚ ਦੀ ਵਰਤੋਂ ਕਰ ਕੇ ਕਬਜ਼ਾਧਾਰੀਆਂ ਨੂੰ ਜ਼ਮੀਨਾਂ ਤੋਂ ਪਾਸੇ ਕੀਤਾ ਅਤੇ ਇਹ ਜ਼ਮੀਨਾਂ ਹਾਸਲ ਕਰਨ ਤੇ ਜੰਗੀ ਪੈਮਾਨੇ 'ਤੇ ਮੰਦਰ ਉਸਾਰੀ ਦਾ ਕੰਮ ਸ਼ੁਰੂ ਕਰਨ 'ਚ ਟਰਸਟ ਦੀ ਮਦਦ ਕੀਤੀ।

'ਭੂਮੀ ਪੂਜਨ' ਤੋਂ ਦੋ ਮਹੀਨੇ ਬਾਅਦ ਹੀ 30 ਸਤੰਬਰ 2020 ਨੂੰ ਇਕ ਵਿਸ਼ੇਸ਼ ਅਦਾਲਤ ਵੱਲੋਂ ਬਾਬਰੀ ਮਸਜਿਦ ਨੂੰ ਢਾਹੁਣ ਦੇ ਕੇਸ ਦੇ ਜਿਊਂਦੇ ਸਾਰੇ ਦੇ ਸਾਰੇ 32 ਦੋਸ਼ੀਆਂ ਨੂੰ ਇਹ ਕਹਿ ਕੇ ਬਰੀ ਕਰ ਦਿੱਤਾ ਗਿਆ ਕਿ ਸੀ.ਬੀ.ਆਈ. ਨਿਰਨਾਇਕ ਰੂਪ 'ਚ ਇਹ ਸਾਬਤ ਕਰਨ 'ਚ ਅਸਫਲ ਰਹੀ ਕਿ ਬਾਬਰੀ ਮਸਜਿਦ ਨੂੰ ਢਾਹੁਣਾ ਸਹਿਜ ਘਟਨਾ ਨਹੀਂ ਸੀ।

ਇਸ ਤਰ੍ਹਾਂ, ਬਾਬਰੀ ਮਸਜਿਦ ਵਾਲੀ ਝਗੜੇ ਵਾਲੀ ਜ਼ਮੀਨ ਹਿੰਦੂਤਵ ਪੱਖੀ ਤਾਕਤਾਂ ਦੇ ਹਵਾਲੇ ਕਰਨ ਅਤੇ ਬਹੁਗਿਣਤੀਵਾਦੀ ਹਿੰਦੂਤਵੀ ਸਿਆਸਤ ਨੂੰ ਸ਼ਹਿ ਤੇ ਹੱਲਾਸ਼ੇਰੀ ਦੇ ਕੇ ਭਾਰਤ ਨੂੰ ਮੌਜੂਦਾ ਨੌਬਤ ਤੱਕ ਪਹੁੰਚਾਉਣ 'ਚ ਭਾਰਤੀ ਨਿਆਂਪ੍ਰਣਾਲੀ ਦੀ ਭੂਮਿਕਾ 'ਚ ਸਾਂਝੀ ਤੰਦ ਦੇਖੀ ਜਾ ਸਕਦੀ ਹੈ। ਹੇਠਲੀਆਂ ਤੋਂ ਲੈ ਕੇ ਵਿਸ਼ੇਸ਼ ਅਦਾਲਤਾਂ ਅਤੇ ਸੁਪਰੀਮ ਕੋਰਟ ਵੱਲੋਂ ਧਾਰਮਿਕ ਘੱਟਗਿਣਤੀਆਂ, ਖ਼ਾਸ ਕਰ ਕੇ ਮੁਸਲਮਾਨਾਂ ਨੂੰ ਧੱਕ ਕੇ ਕੰਧ ਨਾਲ ਲਾਉਣ 'ਚ ਵੱਖ-ਵੱਖ ਸਮੇਂ 'ਤੇ ਨਿਭਾਈ ਭੂਮਿਕਾ ਕਾਫ਼ੀ ਸਪਸ਼ਟ ਰਹੀ ਹੈ। ਕਾਂਗਰਸ ਦੇ ਕਥਿਤ ਧਰਮ ਨਿਰਪੱਖ ਰਾਜ ਵਿਚੋਂ ਦੀ ਹੁੰਦੇ ਹੋਏ ਮੌਜੂਦਾ ਭਗਵਾ ਰਾਜ 'ਚ ਪਹੁੰਚ ਕੇ ਇਹ ਭੂਮਿਕਾ ਐਨ ਖੁੱਲ੍ਹ ਕੇ ਸਾਹਮਣੇ ਆਉਂਦੀ ਗਈ ਹੈ।

ਫਰਵਰੀ 2023 'ਚ ਸੁਪਰੀਮ ਕੋਰਟ ਦੇ ਜਸਟਿਸ ਨਾਗਾਰਾਥਨ ਨੇ ਇੱਥੋਂ ਤੱਕ ਕਹਿ ਦਿੱਤਾ ਕਿ 'ਹਿੰਦੂ ਧਰਮ ਤਰਜ਼-ਜ਼ਿੰਦਗੀ ਹੈ। ਉਸ ਦੇ ਕਾਰਨ ਭਾਰਤ ਨੇ ਸਾਰਿਆਂ ਨੂੰ ਆਪਣੇ 'ਚ ਸਮੋਇਆ ਹੈ। ਉਸੇ ਦੇ ਕਾਰਨ ਅਸੀਂ ਇਕੱਠੇ ਰਹਿ ਰਹੇ ਹਾਂ।' ਯਾਨੀ ਹਿੰਦੂ ਧਰਮ ਵਿਚ ਕੱਟੜਪੁਣਾ ਨਹੀਂ ਹੈ! ਜਸਟਿਸ ਜੋਸਫ ਅਤੇ ਜਸਟਿਸ ਨਾਗਾਰਾਥਨ 'ਤੇ ਆਧਾਰਤ ਸੁਪਰੀਮ ਕੋਰਟ ਦਾ ਦੋ ਮੈਂਬਰੀ ਬੈਂਚ ਭਾਜਪਾ ਆਗੂ ਅਸ਼ਵਨੀ ਉਪਾਧਿਆਇ ਦੀ ਇਸ ਮੰਗ ਉੱਪਰ ਸੁਣਵਾਈ ਕਰ ਰਿਹਾ ਸੀ ਕਿ 'ਵਿਦੇਸ਼ੀ ਹਮਲਾਵਰਾਂ ਦੁਆਰਾ ਇਤਿਹਾਸਕ, ਸਭਿਆਚਾਰਕ ਅਤੇ ਧਾਰਮਿਕ ਥਾਵਾਂ ਦੇ ਬਦਲੇ ਗਏ ਨਾਵਾਂ ਦੇ ਅਸਲੀ ਨਾਵਾਂ ਨੂੰ ਬਹਾਲ ਕਰਨ ਲਈ 'ਰੀਨੇਮਿੰਗ ਕਮਿਸ਼ਨ' ਬਣਾਇਆ ਜਾਵੇ'।

ਸੁਪਰੀਮ ਕੋਰਟ ਦੇ ਮੌਜੂਦਾ ਚੀਫ ਜਸਟਿਸ ਡੀ.ਵਾਈ. ਚੰਦਰਚੂਹੜ ਤਾਂ ਪਿਛਲੇ ਦਿਨੀਂ ਭਗਵਾ ਚਿੰਨ੍ਹਾਂ ਨੂੰ ਪ੍ਰੇਰਨਾ ਸਰੋਤ ਦੱਸਿਆ। ਚੀਫ ਜਸਟਿਸ ਆਪਣੀ ਪਤਨੀ ਸਮੇਤ ਰਾਜਕੋਟ (ਗੁਜਰਾਤ) ਦੇ ਮੰਦਰਾਂ ਦੀ ਦੋ ਦਿਨਾ ਯਾਤਰਾ 'ਤੇ ਗਏ। ਭਗਵਾ ਪਹਿਰਾਵਾ ਪਾ ਕੇ ਮੰਦਰਾਂ 'ਚ ਜਾਣਾ ਕੋਈ ਲਾਜ਼ਮੀ ਸ਼ਰਤ ਨਹੀਂ ਹੈ। ਮੁਲਕ ਵਿਚ 2014 ਤੋਂ ਲੈ ਕੇ ਆਰ.ਐੱਸ.ਐੱਸ-ਭਾਜਪਾ ਦੀ ਹਕੂਮਤ ਤਹਿਤ ਜੋ ਹਿੰਦੂਤਵਵਾਦੀ ਧੌਂਸ ਦਾ ਮਾਹੌਲ ਚੱਲ ਰਿਹਾ ਹੈ, ਉਸ ਵਿਚ ਸੁਪਰੀਮ ਕੋਰਟ ਦੇ ਚੀਫ ਜਸਟਿਸ ਦਾ ਭਗਵਾ ਕੁੜਤਾ ਪਾ ਕੇ ਅਤੇ ਉਨ੍ਹਾਂ ਦੀ ਪਤਨੀ ਦਾ ਭਗਵਾ ਦੁਪੱਟਾ ਲੈ ਕੇ ਜਾਣਾ ਅਤੇ ਭਗਵਾ ਧਵੱਜ ਦੀਆਂ ਤਾਰੀਫ਼ਾਂ ਕਰਨਾ ਸੁਧਾ ਸਿਆਸੀ ਸੰਦੇਸ਼ ਹੈ। ਚੀਫ ਜਸਟਿਸ ਨਿੱਜੀ ਹੈਸੀਅਤ 'ਚ ਆਪਣੀ ਆਸਥਾ ਦੇ ਧਾਰਮਿਕ ਸਥਾਨ 'ਤੇ ਜਾਣ ਦਾ ਹੱਕ ਰੱਖਦੇ ਹਨ ਪਰ ਜਦੋਂ ਉਹ ਅੱਜ ਦੇ ਫਾਸ਼ੀਵਾਦੀ ਮਾਹੌਲ ਵਿਚ ਖ਼ਾਸ ਪਹਿਰਾਵਾ ਪਹਿਨ ਕੇ ਮੀਡੀਆ ਦੇ ਕੈਮਰਿਆਂ ਦੀ ਮੌਜੂਦਗੀ 'ਚ ਲਾਲ ਗਲੀਚੇ 'ਤੇ ਤੁਰਦੇ ਹੋਏ ਮੰਦਰਾਂ 'ਚ ਜਾਂਦੇ ਹਨ ਤਾਂ ਉਹ ਆਮ ਸ਼ਰਧਾਲੂ ਨਹੀਂ ਰਹਿ ਜਾਂਦੇ। ਚਿੰਨ੍ਹਾਤਮਕ ਭਗਵਾ ਪਹਿਰਾਵਾ ਪਹਿਨ ਕੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਉਹ ਖ਼ਾਸ ਚਿੰਨ੍ਹਾਂ ਦੀ ਜੈ-ਜੈਕਾਰ ਕਰਦੇ ਹਨ। ਉਨ੍ਹਾਂ ਦਾ ਗੁਜਰਾਤੀ 'ਚ ਗੱਲ ਕਰਨਾ ਅਤੇ ਨਰਿੰਦਰ ਮੋਦੀ ਦਾ ਉਨ੍ਹਾਂ ਦੇ ਭਾਸ਼ਣ ਨੂੰ ਸੋਸ਼ਲ ਮੀਡੀਆ ਉੱਪਰ ਸ਼ੇਅਰ ਕਰ ਕੇ ਚੀਫ ਜਸਟਿਸ ਦੀ ਤਾਰੀਫ਼ ਕਰਨਾ ਵੀ ਸਿਆਸੀ ਸੰਦੇਸ਼ ਹੀ ਹੈ।

ਸੁਪਰੀਮ ਕੋਰਟ ਦੇ ਚੀਫ ਜਸਟਿਸ ਡੀ.ਵਾਈ. ਚੰਦਰਚੂਹੜ ਭਗਵੇਂ ਬਸਤਰ ਪਹਿਨ ਕੇ ਗੁਜਰਾਤ ਦੇ ਇਕ ਮੰਦਰ ਵਿਚ ਪੁੱਜਦੇ ਹੋਏ ਅਤੇ (ਸੱਜੇ) ਅਗਲੀਆਂ ਲੋਕ ਸਭਾ ਚੋਣਾਂ ਦੇ ਹਿਸਾਬ ਨਾਲ ਸਿਆਸਤ ਚਲਾ ਰਹੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ।

ਦਵਾਰਕਾ ਅਤੇ ਸੋਮਨਾਥ ਦੇ ਮੰਦਰਾਂ ਉੱਪਰ ਲਹਿਰਾਉਂਦੇ ਭਗਵਾ ਧਵੱਜ ਦੇਖ ਕੇ ਬਾਗ਼ੋਬਾਗ਼ ਹੋਏ ਚੀਫ ਜਸਟਿਸ ਨੇ ਫਰਮਾਇਆ, 'ਮੈਂ ਅੱਜ ਸਵੇਰੇ ਦਵਾਰਕਾਧੀਸ਼ ਜੀ ਦੇ ਧਵੱਜ ਤੋਂ ਪ੍ਰੇਰਿਤ ਹੋਇਆ ਜੋ ਉਸ ਧਵੱਜ ਵਰਗਾ ਸੀ ਜੋ ਮੈਂ ਜਗਨਨਾਥ ਪੁਰੀ 'ਚ ਦੇਖਿਆ ਸੀ ਪਰ ਸਾਡੇ ਦੇਸ਼ ਦੀ ਇਸ ਸਰਵਵਿਆਪਕਤਾ ਨੂੰ ਦੇਖੋ ਜੋ ਸਾਨੂੰ ਸਾਰਿਆਂ ਨੂੰ ਇਕ ਥਾਂ ਜੋੜਦੀ ਹੈ। ਇਸ ਧਵੱਜ ਦਾ ਸਾਡੇ ਲਈ ਵਿਸ਼ੇਸ਼ ਅਰਥ ਹੈ; ਤੇ ਜੋ ਅਰਥ ਧਵੱਜ ਸਾਨੂੰ ਦਿੰਦਾ ਹੈ, ਉਹ ਹੈ - ਵਕੀਲਾਂ ਦੇ ਰੂਪ 'ਚ, ਜੱਜਾਂ ਦੇ ਰੂਪ 'ਚ, ਨਾਗਰਿਕਾਂ ਦੇ ਰੂਪ 'ਚ ਸਾਡੇ ਸਾਰਿਆਂ ਦੇ ਉੱਪਰ ਕੋਈ ਇਕਜੁੱਟ ਕਰਨ ਵਾਲੀ ਤਾਕਤ ਹੈ; ਤੇ ਉਹ ਇਕਜੁੱਟ ਕਰਨ ਵਾਲੀ ਤਾਕਤ ਸਾਡੀ ਮਾਨਵਤਾ ਹੈ ਜੋ ਕਾਨੂੰਨ ਦੇ ਰਾਜ ਅਤੇ ਭਾਰਤ ਦੇ ਸੰਵਿਧਾਨ ਦੁਆਰਾ ਸ਼ਾਸਿਤ ਹੁੰਦੀ ਹੈ'... 'ਅੱਜ ਜਦੋਂ ਮੈਂ ਸੋਮਨਾਥ ਜੀ ਦੇ ਦੀਦਾਰ ਕੀਤੇ ਤਾਂ ਮੈਂ ਇਸ ਗੱਲੋਂ ਬਹੁਤ ਪ੍ਰਭਾਵਿਤ ਹੋਇਆ ਕਿ ਇਹ ਭਾਰਤ ਦਾ ਪਹਿਲਾਂ ਮੰਦਰ ਹੈ ਜਿੱਥੇ ਜ਼ੀਰੋ-ਵੇਸਟ ਵਿਵਸਥਾ ਹੈ। ਆਓ ਆਪਾਂ ਰਾਜ ਦੀ ਹਰ ਅਦਾਲਤੀ ਪ੍ਰਣਾਲੀ ਨੂੰ ਜ਼ੀਰੋ-ਵੇਸਟ ਵਿਵਸਥਾ ਬਣਾਉਣ ਲਈ ਪ੍ਰੇਰਨਾ ਲਈਏ। ਫਿਰ ਹੀ ਅਸੀਂ ਹਕੀਕਤ 'ਚ ਇਨ੍ਹਾਂ ਮਹਾਨ ਮੰਦਰਾਂ ਦੇ ਆਦਰਸ਼ਾਂ ਤੋਂ ਪ੍ਰੇਰਿਤ ਹੋਵਾਂਗੇ ਜੋ ਗੁਜਰਾਤ ਦਾ ਲੈਂਡਸਕੇਪ ਹਨ...।'

ਅੱਜ ਜਦੋਂ ਭਗਵਾ ਧਵੱਜ ਜਰਮਨੀ ਦੇ ਹਿਟਲਰ ਰਾਜ ਦੇ ਚਿੰਨ੍ਹ ਸਵਾਸਤਿਕ ਦੀ ਤਰ੍ਹਾਂ ਭਾਰਤ ਵਿਚ ਫਾਸ਼ੀਵਾਦ ਦਾ ਚਿੰਨ੍ਹ ਬਣ ਚੁੱਕਾ ਹੈ ਜਿਸ ਨੂੰ ਚੁੱਕ ਕੇ ਹਿੰਦੂਤਵਵਾਦੀ ਹਿੰਸਕ ਹਜੂਮ ਸੜਕਾਂ ਉੱਪਰ ਦਨਦਨਾਉਂਦੇ ਹੋਏ ਘੱਟਗਿਣਤੀਆਂ 'ਚ ਦਹਿਸ਼ਤ, ਡਰ ਅਤੇ ਸਹਿਮ ਪੈਦਾ ਕਰਦੇ ਦੇਖੇ ਜਾ ਸਕਦੇ ਹਨ। ਜਦੋਂ ਭਗਵਾ ਗਰੋਹ ਪੁਲਿਸ ਦੀ ਮੌਜੂਦਗੀ 'ਚ ਧੱਕੇ ਨਾਲ ਮਸਜਿਦਾਂ ਵਿਚ ਘੁਸ ਕੇ ਉੱਥੇ ਭਗਵਾ ਧਵੱਜ ਲਗਾ ਕੇ, ਮੁਸਲਮਾਨ ਫਿਰਕੇ ਨੂੰ ਸੱਤਾ ਦੀ ਤਾਕਤ ਨਾਲ ਨਮਾਜ ਪੜ੍ਹਨ ਤੋਂ ਰੋਕ ਕੇ ਅਤੇ ਤਰ੍ਹਾਂ-ਤਰ੍ਹਾਂ ਦੇ ਤਰੀਕਿਆਂ ਨਾਲ ਪਾਬੰਦੀਆਂ ਥੋਪ ਕੇ ਉਨ੍ਹਾਂ ਨੂੰ ਭਾਰਤ ਵਿਚ ਦੋਇਮ ਦਰਜੇ ਦੇ ਨਾਗਰਿਕ ਹੋਣ ਦਾ ਅਹਿਸਾਸ ਕਰਾ ਰਹੇ ਹਨ ਤਾਂ ਭਗਵਾ ਧਵੱਜ ਦਾ 'ਸਾਰਿਆਂ ਨੂੰ ਜੋੜਨ ਵਾਲਾ' ਰੂਪ ਕਿੱਥੇ ਹੈ ਜਿਸ ਦੀ ਗੱਲ ਚੀਫ ਜਸਟਿਸ ਕਰਦੇ ਹਨ? ਜਿਸ ਭਾਰਤ ਵਿਚ ਵੰਨ-ਸਵੰਨੇ ਨਸਲੀ-ਸਭਿਆਚਾਰਕ ਅਤੇ ਧਾਰਮਿਕ ਸਮੂਹ ਵਸਦੇ ਹਨ, ਉਸ ਦੇ ਚੀਫ ਜਸਟਿਸ ਲਈ ਜ਼ੀਰੋ-ਵੇਸਟ ਵਿਵਸਥਾ ਦੀ ਪ੍ਰੇਰਨਾ ਸਿਰਫ਼ ਹਿੰਦੂ ਮੰਦਰ ਹੀ ਕਿਉਂ ਬਣੇ?

ਭਗਵਾ ਧਵੱਜ ਅਤੇ ਹਿੰਦੂ ਮੰਦਰਾਂ ਦੀ ਤਾਰੀਫ਼ ਦੇ ਮੱਦੇਨਜ਼ਰ ਭਗਵਾ ਰੰਗ 'ਚ ਰੰਗੇ ਜਾ ਰਹੇ ਭਾਰਤ ਦੇ 'ਹਿਰਦੇ ਸਮਰਾਟ' (ਨਰਿੰਦਰ ਮੋਦੀ) ਨੂੰ ਚੀਫ ਜਸਟਿਸ ਦਾ ਖ਼ੁਸ਼ ਹੋ ਕੇ ਇਹ ਲਿਖਣਾ ਸੁਭਾਵਿਕ ਹੈ, 'ਸਾਡੀ ਸੁਪਰੀਮ ਕੋਰਟ ਦੇ ਮਾਣਯੋਗ ਚੀਫ ਜਸਟਿਸ ਨੇ ਰਾਜਕੋਟ ਨੂੰ ਬਹੁਤ ਚੰਗੀ ਤਰ੍ਹਾਂ ਸਮਝਿਆ ਹੈ! ਉਨ੍ਹਾਂ ਦਾ ਗੁਜਰਾਤੀ 'ਚ ਗੱਲ ਕਰਨਾ ਅਤੇ ਲੋਕਾਂ ਨਾਲ ਜੁੜਨਾ ਸ਼ਲਾਘਾਯੋਗ ਯਤਨ ਹੈ...।'


ਕੀ ਚੀਫ ਜਸਟਿਸ ਦਾ ਬਹੁਗਿਣਤੀਵਾਦੀ ਝੁਕਾਅ ਨਵਾਂ ਹੈ? ਮੌਜੂਦਾ ਚੀਫ ਜਸਟਿਸ ਉਸ ਪੰਜ ਮੈਂਬਰੀ ਬੈਂਚ ਦਾ ਹਿੱਸਾ ਸਨ ਜਿਸ ਨੇ ਰਾਮ ਮੰਦਰ ਬਣਾਉਣ ਦੇ ਹੱਕ 'ਚ ਫ਼ੈਸਲਾ ਦਿੱਤਾ ਸੀ। ਇਸੇ ਚੀਫ ਜਸਟਿਸ ਦੀ ਅਗਵਾਈ ਹੇਠ ਸੰਵਿਧਾਨਕ ਬੈਂਚ ਨੇ ਜੰਮੂ ਕਸ਼ਮੀਰ ਨੂੰ ਤੋੜਨ ਦੀ ਗ਼ੈਰ-ਸੰਵਿਧਾਨਕ ਕਾਰਵਾਈ ਨੂੰ ਜਾਇਜ਼ ਠਹਿਰਾਇਆ ਅਤੇ ਇਸੇ ਚੀਫ ਜਸਟਿਸ ਨੇ ਅਲਾਹਾਬਾਦ ਹਾਈਕੋਰਟ ਦੇ ਹੁਕਮ ਨੂੰ ਬਰਕਰਾਰ ਰੱਖਦਿਆਂ ਪੁਰਾਤੱਤਵ ਵਿਭਾਗ ਨੂੰ ਵਾਰਾਨਸੀ ਦੀ ਗਿਆਨਵਾਪੀ ਮਸਜਿਦ ਦੀ ਛਾਣਬੀਣ ਕਰਨ ਦੀ ਇਜਾਜ਼ਤ ਦਿੱਤੀ ਸੀ। ਹੁਣ ਭਾਰਤ ਦੇ ਧਰਮ ਨਿਰਪੱਖ ਮੂਲ ਸਿਧਾਂਤਾਂ 'ਚ ਆਸਥਾ ਦੀ ਪੇਪੜੀ ਲਹਿ ਕੇ ਭਗਵਾ ਧਵੱਜ 'ਚ ਸ਼ਰਧਾ ਦੇ ਰੂਪ ਵਿਚ ਬਾਹਰ ਆ ਗਈ ਹੈ।

**ਅੱਜ ਜਦੋਂ ਭਗਵਾ ਧਵੱਜ ਜਰਮਨੀ ਦੇ ਹਿਟਲਰ ਰਾਜ ਦੇ ਚਿੰਨ੍ਹ ਸਵਾਸਤਿਕ ਦੀ ਤਰ੍ਹਾਂ ਭਾਰਤ ਵਿਚ ਫਾਸ਼ੀਵਾਦ ਦਾ ਚਿੰਨ੍ਹ ਬਣ ਚੁੱਕਾ ਹੈ ਜਿਸ ਨੂੰ ਚੁੱਕ ਕੇ ਹਿੰਦੂਤਵਵਾਦੀ ਹਿੰਸਕ ਹਜੂਮ ਸੜਕਾਂ ਉੱਪਰ ਦਨਦਨਾਉਂਦੇ ਹੋਏ ਘੱਟਗਿਣਤੀਆਂ 'ਚ ਦਹਿਸ਼ਤ, ਡਰ ਅਤੇ ਸਹਿਮ ਪੈਦਾ ਕਰਦੇ ਦੇਖੇ ਜਾ ਸਕਦੇ ਹਨ। ਜਦੋਂ ਭਗਵਾ ਗਰੋਹ ਪੁਲਿਸ ਦੀ ਮੌਜੂਦਗੀ 'ਚ ਧੱਕੇ ਨਾਲ ਮਸਜਿਦਾਂ ਵਿਚ ਘੁਸ ਕੇ ਉੱਥੇ ਭਗਵਾ ਧਵੱਜ ਲਗਾ ਕੇ, ਮੁਸਲਮਾਨ ਫਿਰਕੇ ਨੂੰ ਸੱਤਾ ਦੀ ਤਾਕਤ ਨਾਲ ਨਮਾਜ ਪੜ੍ਹਨ ਤੋਂ ਰੋਕ ਕੇ ਅਤੇ ਤਰ੍ਹਾਂ-ਤਰ੍ਹਾਂ ਦੇ ਤਰੀਕਿਆਂ ਨਾਲ ਪਾਬੰਦੀਆਂ ਥੋਪ ਕੇ ਉਨ੍ਹਾਂ ਨੂੰ ਭਾਰਤ ਵਿਚ ਦੋਇਮ ਦਰਜੇ ਦੇ ਨਾਗਰਿਕ ਹੋਣ ਦਾ ਅਹਿਸਾਸ ਕਰਾ ਰਹੇ ਹਨ ਤਾਂ ਭਗਵਾ ਧਵੱਜ ਦਾ 'ਸਾਰਿਆਂ ਨੂੰ ਜੋੜਨ ਵਾਲਾ' ਰੂਪ ਕਿੱਥੇ ਹੈ ਜਿਸ ਦੀ ਗੱਲ ਚੀਫ਼ ਜਸਟਿਸ ਕਰਦੇ ਹਨ? ਜਿਸ ਭਾਰਤ ਵਿਚ ਵੰਨ-ਸਵੰਨੇ ਨਸਲੀ-ਸਭਿਆਚਾਰਕ ਅਤੇ ਧਾਰਮਿਕ ਸਮੂਹ ਵਸਦੇ ਹਨ, ਉਸ ਦੇ ਚੀਫ ਜਸਟਿਸ ਲਈ ਜ਼ੀਰੋ-ਵੇਸਟ ਵਿਵਸਥਾ ਦੀ ਪ੍ਰੇਰਨਾ ਸਿਰਫ਼ ਹਿੰਦੂ ਮੰਦਰ ਹੀ ਕਿਉਂ ਬਣੇ?**

# ਭਾਰਤ ਵਿਚ ਅਕਾਦਮਿਕ ਆਜ਼ਾਦੀ ਦਾ ਸੰਕਟ

ਯੂਨੀਵਰਸਿਟੀਆਂ ਗਿਆਨ ਸਿਰਜਣ ਦੀਆਂ ਜ਼ਰਖੇਜ਼ ਜ਼ਮੀਨ ਹੁੰਦੀਆਂ ਹਨ ਅਤੇ ਅਕਾਦਮਿਕ ਆਜ਼ਾਦੀ ਇਨ੍ਹਾਂ ਦੀ ਰੂਹ ਹੁੰਦੀ ਹੈ। ਇੱਥੇ ਵੰਨ-ਸਵੰਨੇ ਵਿਚਾਰਾਂ ਦੇ ਬੀਅ ਪੁੰਗਰਦੇ, ਮੌਲ਼ਦੇ ਅਤੇ ਬਿਰਖ਼ ਬਣਦੇ ਹਨ। ਯੂਨੀਵਰਸਿਟੀਆਂ ਦਾ ਤਸੱਵੁਰ ਇਨ੍ਹਾਂ ਇਮਾਰਤਾਂ ਵਿਚਲੀਆਂ ਸਮੁੱਚੀਆਂ ਥਾਵਾਂ 'ਤੇ ਹੋਣ ਵਾਲੀਆਂ ਅਮੁੱਕ ਅਤੇ ਬੇਖ਼ੌਫ਼ ਵਿਚਾਰ ਚਰਚਾਵਾਂ ਤੋਂ ਬਿਨਾਂ ਸੰਭਵ ਹੀ ਨਹੀਂ ਹੈ।

ਇਸ ਕਾਰਜ ਦੀ ਬੁਨਿਆਦ ਕਲਾਸ ਰੂਮ ਵਿਚ ਅਧਿਆਪਕਾਂ ਅਤੇ ਵਿਦਿਆਰਥੀਆਂ ਵਿਚਕਾਰ



ਹੁੰਦਾ ਭੈਅ-ਮੁਕਤ ਸੰਵਾਦ ਹੈ। ਅਧਿਆਪਕ ਅਤੇ ਵਿਦਿਆਰਥੀ ਰਲ ਕੇ ਆਪਣੀ ਬੌਧਿਕ ਸਮਰੱਥਾ ਦਾ ਵਿਸਤਾਰ ਕਰਦੇ ਹਨ। ਇਹ ਮੰਨਿਆ ਜਾਂਦਾ ਹੈ ਕਿ


**ਡਾ. ਕੁਲਦੀਪ ਪੁਰੀ**
ਫੋਨ: +91-98729-44552

ਇਹ ਉਹ ਸਥਾਨ ਹਨ ਜਿੱਥੇ ਅਧਿਆਪਕ ਖੋਜ ਅਤੇ ਅਧਿਅਨ ਤੋਂ ਪ੍ਰਾਪਤ ਹੋਈਆਂ ਲੱਭਤਾਂ ਵਿਦਿਆਰਥੀਆਂ ਨਾਲ ਸਾਂਝੀਆਂ ਕਰਦੇ ਹਨ ਅਤੇ ਉਨ੍ਹਾਂ ਵਿਚ ਵਧੇਰੇ ਜਾਣਨ ਦੀ ਚਿਣਗ ਪੈਦਾ ਕਰਦੇ ਹਨ। ਇੱਥੇ ਹੀ ਵਿਦਿਆਰਥੀ ਖੁੱਲ੍ਹ ਕੇ ਆਪਣੇ ਵਿਚਾਰ ਪ੍ਰਗਟਾਉਣ ਅਤੇ ਦੂਜਿਆਂ ਦੇ ਵਿਚਾਰ ਸੁਣਨ ਦਾ ਅਭਿਆਸ ਕਰਦੇ ਹਨ। ਵਿਚਾਰਾਂ ਨਾਲ ਅਸਹਿਮਤੀ ਦਾ ਸਨਮਾਨ ਕਰਨਾ ਸਿੱਖਦੇ ਹਨ। ਸਵਾਲ ਕਰਨ ਦੀ ਹਿੰਮਤ ਅਤੇ ਤਿੱਖੇ ਸਵਾਲ ਕਰਨ ਦੀ ਤਹਿਜ਼ੀਬ ਸਿੱਖਦੇ ਹਨ। ਕਲਾਸ ਰੂਮ ਦੇ ਇਹ ਵਰਤਾਰੇ ਲੋਕਤੰਤਰੀ ਕਦਰਾਂ ਦੇ ਸੰਚਾਰ ਦੇ ਸੰਕੇਤ ਹਨ ਜਿਹੜੇ ਅਕਾਦਮਿਕ ਆਜ਼ਾਦੀ ਨੂੰ ਹਕੀਕਤ ਦਾ ਅਮਲ ਬਣਾਉਣ ਦਾ ਸਬਬ ਬਣਦੇ ਹਨ।

ਅਕਾਦਮਿਕ ਆਜ਼ਾਦੀ ਦੀ ਮੂਲ ਭਾਵਨਾ ਵਿਦਵਾਨਾਂ ਨੂੰ ਮੌਜੂਦਾ ਸਿਧਾਂਤਾਂ, ਸਥਾਪਿਤ ਸੰਸਥਾਵਾਂ ਅਤੇ ਪ੍ਰਚਲਿਤ ਧਾਰਨਾਵਾਂ ਦੀ ਨਿਰਖ-ਪਰਖ ਲਈ ਜ਼ਮੀਨ ਮੁਹੱਈਆ ਕਰਾਉਣ ਦੀ ਹੁੰਦੀ ਹੈ। ਉਨ੍ਹਾਂ ਨੇ ਇਹ ਪਰਖ ਆਪਣੀ ਅਧਿਐਨ ਧਾਰਾ ਵੱਲੋਂ ਤੱਥਾਂ ਦੀ ਖੋਜ ਲਈ ਤੈਅ ਮਾਪਦੰਡਾਂ ਦੇ ਅਨੁਸਾਰ ਕਠੋਰ ਅਕਾਦਮਿਕ ਸਵੈ-ਅਨੁਸ਼ਾਸਨ ਵਿਚ ਰਹਿੰਦਿਆਂ ਸੱਚ ਦੀ ਕਸਵੱਟੀ ਉੱਤੇ ਕਰਨੀ ਹੁੰਦੀ ਹੈ। ਇਸ ਤੱਥ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ ਕਿ ਰਾਜਨੀਤਕ ਅਤੇ ਵਿਚਾਰਧਾਰਕ ਤਰਜੀਹਾਂ, ਪ੍ਰਸ਼ਾਸਨਿਕ ਵਿਉਂਤਬੰਦੀਆਂ ਅਤੇ ਵਿੱਤੀ ਵਸੀਲੇ ਮੁਹੱਈਆ ਕਰਾਉਣ ਵਾਲੀਆਂ ਸੰਸਥਾਵਾਂ ਦੇ ਨਿੱਜੀ ਮੁਫ਼ਾਦਾਂ ਵੱਲੋਂ ਵੱਖ ਵੱਖ ਤਰੀਕਿਆਂ ਰਾਹੀਂ ਆਉਂਦੇ ਗ਼ੈਰ-ਵਾਜਿਬ ਦਬਾਅ ਅਕਾਦਮਿਕ ਸੁਤੰਤਰਤਾ ਲਈ ਘੁਟਣ ਪੈਦਾ ਕਰਦੇ ਹਨ। ਅਕਾਦਮਿਕ ਆਜ਼ਾਦੀ ਦਾ ਤਕਾਜ਼ਾ ਹੈ ਕਿ ਅਜਿਹੀਆਂ ਤਮਾਮ ਸੰਭਾਵਨਾਵਾਂ ਦੀ ਕੋਈ ਗੁੰਜਾਇਸ਼ ਨਾ ਰਹੇ ਜਿੱਥੇ ਵਿਦਵਾਨਾਂ ਨੂੰ ਆਪਣੀ ਖੋਜ ਪ੍ਰਕਿਰਿਆ ਦਾ ਪਾਲਣ ਕਰਨ ਅਤੇ ਉਸ ਦੇ ਆਧਾਰ ਉੱਤੇ ਬਣੀ ਰਾਇ ਬੇਬਾਕੀ ਨਾਲ ਰੱਖਣ ਤੋਂ ਰੋਕਿਆ ਜਾ ਸਕੇ। ਇਸ ਦੀ ਲੋੜ ਉਦੋਂ ਹੋਰ ਵੀ ਜ਼ਿਆਦਾ ਹੁੰਦੀ ਹੈ ਜਦੋਂ ਉਨ੍ਹਾਂ ਦੀ ਖੋਜ ਦੇ ਨਤੀਜੇ ਪ੍ਰਚਲਿਤ ਮਾਨਤਾਵਾਂ ਅਤੇ ਸਥਾਪਿਤ ਸਮਝ ਨੂੰ ਚੁਣੌਤੀ ਦੇਣ ਵਾਲੇ ਹੋ ਸਕਦੇ ਹੋਣ।

ਇਸ ਪ੍ਰਸੰਗ ਵਿਚ ਤਿੰਨ ਅਹਿਮ ਦਸਤਾਵੇਜ਼ਾਂ ਦਾ ਜ਼ਿਕਰ ਮੁਨਾਸਿਬ ਹੋਵੇਗਾ। ਡਾ. ਰਾਧਾਕ੍ਰਿਸ਼ਨਨ ਦੀ ਸਦਾਰਤ ਵਿਚ ਬਣੇ ਯੂਨੀਵਰਸਿਟੀ ਐਜੂਕੇਸ਼ਨ ਕਮਿਸ਼ਨ (1948-49) ਦੀ ਰਿਪੋਰਟ ਦੀ ਰਾਇ ਹੈ- "ਉਚੇਰੀ ਸਿੱਖਿਆ ਯਕੀਨਨ ਸਟੇਟ (ਸਰਕਾਰ) ਦੀ ਜ਼ਿੰਮੇਵਾਰੀ ਹੈ ਪਰ ਸਰਕਾਰੀ ਸਹਾਇਤਾ ਦਾ ਮਤਲਬ ਅਕਾਦਮਿਕ ਨੀਤੀਆਂ ਅਤੇ ਕਾਰਜਾਂ ਉੱਤੇ ਸਰਕਾਰੀ ਕੰਟਰੋਲ ਨਹੀਂ ਸਮਝਿਆ ਜਾਣਾ ਚਾਹੀਦਾ।" ਅਧਿਆਪਕਾਂ ਦੀ ਅਕਾਦਮਿਕ ਸੁਤੰਤਰਤਾ ਦੀ ਵਕਾਲਤ ਕਰਦਿਆਂ ਰਿਪੋਰਟ ਜ਼ਿਕਰ ਕਰਦੀ ਹੈ- "ਇਹ ਪੇਸ਼ੇਵਰ ਇਮਾਨਦਾਰੀ ਦੀ ਮੰਗ ਹੈ ਕਿ ਆਜ਼ਾਦ ਮੁਲਕ ਦੇ ਹੋਰਨਾਂ ਨਾਗਰਿਕਾਂ ਵਾਂਗ ਅਧਿਆਪਕ ਵੀ ਵਿਵਾਦ ਵਾਲੇ ਮੁੱਦਿਆਂ ਬਾਰੇ ਬੋਲਣ ਲਈ ਸੁਤੰਤਰ ਹੋਣ।"

ਕੋਠਾਰੀ ਕਮਿਸ਼ਨ ਰਿਪੋਰਟ (1964-66) ਅਧਿਐਨ-ਅਧਿਆਪਨ ਅਤੇ ਸਬੰਧਿਤ ਵਿੱਦਿਅਕ ਮਾਮਲਿਆਂ ਦੇ ਖੇਤਰ ਵਿਚ ਆਪਣੇ ਨਿਰਣੇ ਆਪ ਕਰਨ ਦਾ ਅਧਿਕਾਰ ਸਿੱਖਿਆ ਸੰਸਥਾਵਾਂ ਕੋਲ ਹੋਣ ਦੀ ਵਕਾਲਤ ਕਰਦੀ ਹੈ। ਇਸ ਦਾ ਮੰਨਣਾ ਹੈ- "ਸਥਾਪਿਤ ਧਾਰਨਾਵਾਂ ਦੀ ਜਕੜ ਅਤੇ ਰਾਜਨੀਤਕ ਦਲਾਂ ਜਾਂ ਸੱਤਾ ਦੀ ਰਾਜਨੀਤੀ ਦੇ ਦਬਾਅ ਤੋਂ ਮੁਕਤ ਖ਼ੁਦਮੁਖ਼ਤਾਰ ਸੰਸਥਾ ਹੀ ਨਿਡਰਤਾ ਨਾਲ ਸਚਾਈ ਦੀ ਖੋਜ ਕਰ ਸਕਦੀ ਹੈ। ਅਜਿਹੀ ਸੰਸਥਾ ਹੀ ਆਪਣੇ ਅਧਿਆਪਕਾਂ ਅਤੇ ਵਿਦਿਆਰਥੀਆਂ ਵਿਚ ਸੁਤੰਤਰ ਚਿੰਤਨ ਦਾ ਸੁਭਾਅ ਉਭਾਰਨ ਅਤੇ ਉਨ੍ਹਾਂ ਵਿਚ ਨੇੜੇ ਤੇ ਤਤਕਾਲ ਦੇ ਵਰਤਾਰਿਆਂ ਦੀਆਂ ਸੀਮਾਵਾਂ ਅਤੇ ਬਣੀਆਂ ਹੋਈਆਂ ਧਾਰਨਾਵਾਂ ਤੋਂ ਪਾਰ ਜਾ ਕੇ ਖੋਜ ਕਰਨ ਦੀ ਮੁਹਾਰਤ ਦਾ ਸੰਚਾਰ ਕਰਨ ਦੇ ਸਮਰੱਥ ਹੁੰਦੀਆਂ ਹਨ। ਆਜ਼ਾਦ ਸਮਾਜ ਦੇ ਵਿਕਾਸ ਲਈ ਇਹ ਬਹੁਤ ਜ਼ਰੂਰੀ ਹੈ।" ਅਕਾਦਮਿਕ ਸੰਸਥਾਵਾਂ ਦੀ ਸਮਾਜ ਵੱਲ ਪ੍ਰਤੀਬੱਧਤਾ ਦਾ ਜ਼ਿਕਰ ਕਰਦਿਆਂ ਰਿਪੋਰਟ ਕਹਿੰਦੀ ਹੈ ਕਿ ਬੁਨਿਆਦੀ ਤੌਰ 'ਤੇ ਯੂਨੀਵਰਸਿਟੀਆਂ ਦੇ ਸਰੋਕਾਰ ਸਮਾਜ ਦੀਆਂ ਇੱਛਾਵਾਂ ਦੀ ਥਾਂ ਜ਼ਰੂਰਤਾਂ ਦੀ ਪੂਰਤੀ ਹੋਣੇ ਚਾਹੀਦੇ ਹਨ। ਇੱਛਾਵਾਂ ਅਤੇ ਜ਼ਰੂਰਤਾਂ ਸਦਾ ਇੱਕੋ ਜਿਹੀਆਂ ਹੋਣ ਇਹ ਸੰਭਵ ਨਹੀਂ ਹੁੰਦਾ। ਯੂਨੀਵਰਸਿਟੀਆਂ 'ਸਮਾਜ ਸੇਵਾ ਕੇਂਦਰ' ਨਹੀਂ ਹਨ ਜਿੱਥੇ ਉਹ ਲੋਕਪ੍ਰਿਆ ਮੰਗਾਂ ਨੂੰ ਬਿਨਾਂ ਘੋਖੇ ਹੁੰਗਾਰਾ ਦੇਣ ਅਤੇ ਆਪਣੀ ਬੌਧਿਕ ਇਮਾਨਦਾਰੀ ਨੂੰ ਦਾਅ 'ਤੇ ਲਾਉਣ ਪਰ ਇਹ ਅਜਿਹੀਆਂ ਨਿਵੇਕਲੀਆਂ ਥਾਵਾਂ ਵੀ ਨਹੀਂ ਹਨ ਜਿੱਥੇ ਵਿਦਿਆਰਥੀ ਅਤੇ ਅਧਿਆਪਕ ਕੁਝ ਸਮੇਂ ਲਈ



ਪੜ੍ਹਨ-ਪੜ੍ਹਾਉਣ ਦੇ ਬਹਾਨੇ ਸਮਾਜ ਪ੍ਰਤੀ ਜ਼ਿੰਮੇਦਾਰੀ ਤੋਂ ਸੁਰਖ਼ਰੂ ਹੋ ਜਾਣ। ਉਨ੍ਹਾਂ ਤੋਂ "ਪ੍ਰਤੀਬੱਧਤਾ ਅਤੇ ਨਿਆਂਸੰਗਤ ਨਿਰਪੱਖਤਾ ਦਾ ਨਾਜ਼ੁਕ ਸੰਤੁਲਨ" ਬਣਾ ਕੇ ਰੱਖਣ ਦੀ ਉਮੀਦ ਕੀਤੀ ਜਾਂਦੀ ਹੈ।

ਯਸ਼ਪਾਲ ਕਮੇਟੀ ਦੀ ਉਚੇਰੀ ਸਿੱਖਿਆ ਬਾਰੇ 2009 ਦੀ ਰਿਪੋਰਟ ਆਉਣ ਤੱਕ ਅਸਹਿਮਤੀਆਂ ਦੇ ਪ੍ਰਗਟਾਵੇ ਦੀਆਂ ਥਾਵਾਂ ਬਹੁਤ ਹੱਦ ਤੱਕ ਸਿਮਟ ਗਈਆਂ ਸਨ। ਰਿਪੋਰਟ ਦਾ ਮੰਨਣਾ ਹੈ ਕਿ ਯੂਨੀਵਰਸਿਟੀਆਂ ਅਤੇ ਕਾਲਜਾਂ ਵਿਚ ਅਕਾਦਮਿਕ ਤੇ ਪ੍ਰਸ਼ਾਸਨਿਕ ਖ਼ੁਦਮੁਖ਼ਤਾਰੀ ਦੀ ਅਣਹੋਂਦ ਵੱਡੇ ਪੱਧਰ ਉੱਤੇ ਵਿੱਦਿਅਕ ਅਤੇ ਸਮਾਜਿਕ ਵਿਗਾੜ ਪੈਦਾ ਕਰ ਸਕਦੀ ਹੈ। ਰਿਪੋਰਟ ਸੰਸਥਾਵਾਂ ਵਿਚ ਲੋਕਤੰਤਰੀ ਪਰੰਪਰਾਵਾਂ ਅਤੇ ਵਿਦਵਾਨਾਂ ਦੀ ਖੁਰਦੀ ਅਕਾਦਮਿਕ ਸੁਤੰਤਰਤਾ ਉੱਪਰ ਗੰਭੀਰ ਚਿੰਤਾ ਦਾ ਇਜ਼ਹਾਰ ਕਰਦੀ ਹੈ। "ਆਜ਼ਾਦੀ ਤੋਂ ਬਾਅਦ ਕਾਫ਼ੀ ਸਮੇਂ ਲਈ ਉੱਚ ਸਿੱਖਿਆ ਦੀਆਂ ਸੰਸਥਾਵਾਂ ਅਜਿਹੇ ਮੰਚ ਮੁਹੱਈਆ ਕਰਨ ਵਿਚ ਸਫਲ ਰਹੀਆਂ ਜਿੱਥੇ ਸਮਾਜ ਵਿਚ ਪਰਸਪਰ ਵਿਰੋਧੀ ਤਾਕਤਾਂ ਅਤੇ ਵਿਚਾਰਧਾਰਾਵਾਂ ਵਿਚਕਾਰ ਅਮਨ ਵਾਲੇ ਮਾਹੌਲ ਵਿਚ ਸੰਵਾਦ ਹੋ ਸਕਦਾ ਸੀ। ਹਾਲਾਂਕਿ ਪਿਛਲੇ ਕੁਝ ਦਹਾਕਿਆਂ ਤੋਂ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿਚ ਇਨ੍ਹਾਂ ਥਾਵਾਂ ਦੇ ਖ਼ਤਮ ਹੋਣ ਦੇ ਕੁਝ ਖਾਸ ਸੰਕੇਤ ਸਾਹਮਣੇ ਆਏ ਹਨ। ਪਿਛਲੇ ਕੁਝ ਸਾਲਾਂ ਤੋਂ ਹਾਲਤ ਵਿਗੜ ਗਈ ਹੈ। ਨਾ ਸਿਰਫ਼ ਨੌਜਵਾਨਾਂ ਦੇ ਸੰਗਠਨਾਂ ਬਲਕਿ ਯੂਨੀਵਰਸਿਟੀ ਦੀ ਪ੍ਰਸ਼ਾਸਨਿਕ ਮਸ਼ੀਨਰੀ ਨੂੰ ਵੀ ਸ਼ਾਂਤਮਈ ਸੰਵਾਦ ਅਤੇ ਖੋਜ ਦੀਆਂ ਸੰਭਾਵਨਾ ਵਿਚ ਵਿਘਨ ਪਾਉਣ ਜਾਂ ਉਲਟਾਉਣ ਲਈ ਜਾਣਬੁੱਝ ਕੇ ਵਰਤਿਆ ਗਿਆ ਹੈ।" ਇਸ ਨਾਲ ਸਿੱਖਿਆ ਸੰਸਥਾਵਾਂ ਦੀ ਸਮਾਜ ਲਈ ਅਮਨ ਦੇ ਪ੍ਰਤੀਕ ਬਣੇ ਰਹਿਣ ਦੀ ਸਮਰੱਥਾ 'ਤੇ ਲੰਮੀ ਦੇਰ ਤੱਕ ਅਸਰ ਕਰਨ ਵਾਲਾ ਧੱਕਾ ਪਹੁੰਚਿਆ ਹੈ। ਇਹ ਰਿਪੋਰਟ ਅਕਾਦਮਿਕ ਭਾਈਚਾਰੇ ਨੂੰ ਵੀ ਬੌਧਿਕ ਸੁਤੰਤਰਤਾ ਅਤੇ ਸੰਸਥਾਵਾਂ ਵਿਚ ਜਮਹੂਰੀ ਅਮਲ ਦੇ ਨਿਖਾਰ ਵਿਚ ਆਪਣੀ ਭੂਮਿਕਾ ਬਾਰੇ ਆਤਮ-ਨਿਰੀਖਣ ਕਰਨ ਦੀ ਸਲਾਹ ਦਿੰਦੀ ਹੈ।

ਯੂਨੀਵਰਸਿਟੀਆਂ ਦੀ ਖ਼ੁਦਮੁਖ਼ਤਾਰੀ ਅਤੇ ਅਕਾਦਮਿਕ ਸੁਤੰਤਰਤਾ ਦੇ ਸਿਧਾਂਤ ਦੀ ਸਾਰਥਕਤਾ ਹੀ ਸਵਾਲਾਂ ਦੇ ਘੇਰੇ ਵਿਚ ਆ ਗਈ ਹੈ। ਅਜੋਕੇ ਸਮੇਂ ਵਿਚ ਦੁਨੀਆ ਭਰ ਵਿਚ ਅਕਾਦਮਿਕ ਅਦਾਰਿਆਂ ਦੀ ਆਜ਼ਾਦੀ ਸੰਕਟ ਵਿਚ ਹੈ। ਸੰਯੁਕਤ ਰਾਸ਼ਟਰ ਸੰਘ ਦੀ ਜਨਰਲ ਅਸੈਂਬਲੀ ਦੀ 28 ਜੁਲਾਈ 2020 ਦੀ ਮੀਟਿੰਗ ਵਿਚ ਵਿਸ਼ੇਸ਼ ਰਿਪੋਰਟਰ ਡੇਵਿਡ ਕਾਏ ਵੱਲੋਂ 'ਰਾਇ ਰੱਖਣ ਅਤੇ ਪ੍ਰਗਟਾਉਣ ਦੀ ਆਜ਼ਾਦੀ ਦੇ ਅਧਿਕਾਰ ਦੇ ਪਸਾਰ ਅਤੇ ਸੁਰੱਖਿਆ' ਬਾਰੇ ਤਿਆਰ ਕੀਤੀ ਰਿਪੋਰਟ ਪੇਸ਼ ਕੀਤੀ ਗਈ। ਇਹ ਰਿਪੋਰਟ ਅਕਾਦਮਿਕ ਆਜ਼ਾਦੀ ਸਬੰਧੀ ਕੁਝ ਫ਼ਿਕਰਮੰਦੀ ਵਾਲੇ ਤੱਥ ਉਜਾਗਰ ਕਰਦੀ ਹੈ। ਰਿਪੋਰਟ ਦੱਸਦੀ ਹੈ ਕਿ ਕਈ ਥਾਈਂ "ਜਨਤਕ ਨੀਤੀਆਂ ਉੱਤੇ ਅਸਰ ਪਾਉਣ ਵਾਲੀਆਂ ਖੋਜਾਂ, ਜਾਂਚੇ ਜਾਂਦੇ ਸਵਾਲਾਂ, ਉਠਾਏ ਜਾਣ ਵਾਲੇ ਨੁਕਤਿਆਂ ਅਤੇ ਅਪਣਾਈਆਂ ਜਾਂਦੀਆਂ ਵਿਧੀਆਂ ਕਰ ਕੇ ਅਕਾਦਮਿਕ ਭਾਈਚਾਰੇ ਅਤੇ ਉਨ੍ਹਾਂ ਦੀਆਂ ਸੰਸਥਾਵਾਂ ਨੂੰ ਰਾਜਸੀ ਦਮਨ ਅਤੇ ਸਮਾਜਿਕ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਜਾਂਦਾ ਹੈ।" ਕਈ ਵਾਰ ਉਨ੍ਹਾਂ ਦੇ ਅਕਾਦਮਿਕ ਕਾਰਜ ਨੂੰ ਮਿਲੇ ਸਮਾਜਿਕ ਰੁਤਬੇ ਕਰਕੇ ਵੀ ਮੁਸੀਬਤ ਆ ਸਕਦੀ ਹੈ। ਹਰਵਰਡ ਯੂਨੀਵਰਸਿਟੀ ਵਿਚ ਸਥਿਤ 'ਸਕੌਲਰਜ਼ ਐਟ ਰਿਸਕ' ਨਾਂ ਦੀ ਸੰਸਥਾ ਦੀ ਨਵੰਬਰ 2023 ਦੀ 'ਫ੍ਰੀ ਟੂ ਥਿੰਕ' ਸਾਲਾਨਾ ਰਿਪੋਰਟ ਵਿਚ ਜੁਲਾਈ 2022 ਤੋਂ ਜੂਨ 2023 ਦੇ ਇੱਕ ਸਾਲ ਦੇ ਸਮੇਂ ਵਿਚ 66 ਮੁਲਕਾਂ ਵਿਚ ਅਕਾਦਮਿਕ ਸੁਤੰਤਰਤਾ ਨੂੰ ਸੀਮਤ ਕਰਨ ਵਾਲੀਆਂ 409 ਕਾਰਵਾਈਆਂ ਦਾ ਵੇਰਵਾ ਦਰਜ ਹੈ। ਭਾਰਤ ਵਿਚ ਇਸ ਸਮੇਂ ਵਿਚ 41 ਘਟਨਾਵਾਂ ਦੀ ਸੂਚਨਾ ਦਰਜ ਕੀਤੀ ਗਈ ਹੈ। ਇਸੇ ਸੰਸਥਾ ਦੇ ਜਾਰੀ ਕੀਤੇ 2022 ਦੇ ਅਕਾਦਮਿਕ ਆਜ਼ਾਦੀ ਇੰਡੈਕਸ ਦੇ ਅਨੁਸਾਰ ਭਾਰਤ ਦਾ ਸ਼ੁਮਾਰ ਹੇਠਲੇ ਤੀਹ ਪ੍ਰਤੀਸ਼ਤ ਮੁਲਕਾਂ ਵਿਚ ਸੀ।

ਪ੍ਰਚਲਿਤ ਵਿੱਦਿਅਕ ਵਿਵਸਥਾ ਨੇ ਬੌਧਿਕ ਸੁਤੰਤਰਤਾ ਦੇ ਨਿਘਾਰ ਨੂੰ ਹੋਰ ਵੀ ਤੇਜ਼ ਕੀਤਾ ਹੈ। ਬਹੁਤੀਆਂ ਥਾਵਾਂ 'ਤੇ ਕਲਾਸ ਰੂਮ ਵਿਚਲੀ ਸੰਵਾਦੀ ਸੁਰ ਮੱਧਮ ਪੈ ਗਈ ਹੈ। ਸੂਚਨਾ ਸੰਚਾਰ ਨੇ ਗਿਆਨ ਸਿਰਜਣਾ ਦੀ ਥਾਂ ਲੈ ਲਈ ਹੈ। ਵਿਦਿਆਰਥੀਆਂ ਵੱਲੋਂ ਪੁੱਛੇ ਜਾਣ ਵਾਲੇ ਸਵਾਲਾਂ ਲਈ ਜ਼ਮੀਨ ਸੁੰਗੜਦੀ ਜਾਂਦੀ ਹੈ। ਸਿੱਖਿਆ ਵਿਚ ਟੈਕਨਾਲੋਜੀ ਦੇ ਬੇਮੇਲ ਅਤੇ ਬੇਹੱਦ ਦਖ਼ਲ ਨਾਲ ਸਿੱਖਿਆ ਦੇ ਵਿਸ਼ਾਲ ਮਾਇਨੇ ਸੀਮਤ ਹੋ ਗਏ ਹਨ। ਵਿੱਦਿਅਕ ਮਿਆਰਾਂ ਨੂੰ ਜਵਾਬਦੇਹੀ ਅਤੇ ਕਾਰਜ ਕੁਸ਼ਲਤਾ ਦੇ ਸੰਖਿਆਤਮਕ ਮਾਪਦੰਡਾਂ ਦੇ ਆਧਾਰ 'ਤੇ ਪਰਿਭਾਸ਼ਿਤ ਕਰ ਲਿਆ ਗਿਆ ਹੈ। ਅਜਿਹੀਆਂ ਮੁਲਾਂਕਣ ਵਿਧੀਆਂ ਨਾਲ ਅਧਿਐਨ-ਅਧਿਆਪਨ ਦੇ ਸੂਖਮ ਪੱਖਾਂ ਨੂੰ ਬਣਦੀ ਅਹਿਮੀਅਤ ਮਿਲਣ ਦੀ ਆਸ ਘਟ ਗਈ ਹੈ। ਸਿੱਖਿਆ ਨੀਤੀਆਂ ਦੀ ਰੌਸ਼ਨੀ ਵਿਚ ਯੂਨੀਵਰਸਿਟੀਆਂ ਅਤੇ ਕਾਲਜਾਂ ਲਈ ਕੌਮੀ ਅਤੇ ਕੌਮਾਂਤਰੀ ਪੱਧਰ ਉੱਤੇ ਉਚੇਰੀਆਂ ਦਰਜਾਬੰਦੀਆਂ ਪ੍ਰਾਪਤ ਕਰਨਾ ਹੀ ਮੁੱਖ ਉਦੇਸ਼ ਬਣ ਗਿਆ ਹੈ। ਵਿਚਾਰਾਂ ਦੇ ਆਦਾਨ-ਪ੍ਰਦਾਨ ਦਾ ਖੁੱਲ੍ਹਾ ਮਾਹੌਲ ਸੀਮਤ ਹੋ ਗਿਆ ਹੈ। ਸਿੱਖਿਆ ਵਪਾਰਕ ਢਾਂਚੇ ਦੇ ਅਧੀਨ ਹੋ ਗਈ ਹੈ ਅਤੇ ਇਸ ਮੁਨਾਫ਼ੇ ਵਾਲੇ ਬਾਜ਼ਾਰ ਦੀ ਨਵੀਂ ਸ਼ਬਦਾਵਲੀ ਵੀ ਘੜ ਲਈ ਗਈ ਹੈ। ਹੁਣ ਵਿਦਿਆਰਥੀ ਖਪਤਕਾਰ, ਅਧਿਆਪਕ ਸੇਵਾਵਾਂ ਦੇਣ ਵਾਲਾ ਮਾਮੂਲੀ ਕਾਮਾ ਅਤੇ ਗਿਆਨ ਖਰੀਦਣ-ਵੇਚਣ ਵਾਲੀ ਵਸਤੂ ਹੈ। ਅਸਲ ਵਿਚ ਇਹ ਧਾਰਨਾ ਵਿੱਦਿਅਕ ਖੇਤਰ ਦੀਆਂ ਸੰਸਥਾਵਾਂ ਅਤੇ ਉੱਥੇ ਕੰਮ ਕਰਦੇ ਅਧਿਆਪਕਾਂ ਦੇ ਅਕਾਦਮਿਕ ਕਾਰਜ ਦੇ ਮਹੱਤਵ ਨੂੰ ਸਮਝਣ ਵਿਚ ਅਸਫਲਤਾ ਦੀ ਨਿਸ਼ਾਨੀ ਹੈ। ਸਿੱਖਿਆ ਨੂੰ ਬਾਜ਼ਾਰ ਦੀ ਤਰਜ਼ ਉੱਤੇ ਚਲਾਉਣ ਦੀ ਸੋਚ ਅਧੀਨ ਅਧਿਆਪਕਾਂ ਲਈ ਤੈਅ ਕੀਤੀਆਂ ਸੇਵਾ ਸ਼ਰਤਾਂ 'ਚੁੱਪ ਦਾ ਸਭਿਆਚਾਰ' ਸਥਾਪਿਤ ਕਰਨ ਵਾਲੀਆਂ ਹਨ।

ਇਨ੍ਹਾਂ ਸੰਗੀਨ ਹਾਲਤਾਂ ਦੇ ਬਾਵਜੂਦ ਕਮਜ਼ੋਰ ਅਤੇ ਬੇਪਛਾਣ ਹੁੰਦੀ ਜਾਂਦੀ ਅਕਾਦਮਿਕ ਆਜ਼ਾਦੀ ਨੂੰ ਵਿੱਦਿਅਕ ਵਰਤਾਰੇ ਦਾ ਮਜ਼ਬੂਤ ਧੁਰਾ ਬਣਾਉਣ ਦੇ ਯਤਨ ਜ਼ਰੂਰੀ ਹਨ। ਅਕਾਦਮਿਕ ਆਜ਼ਾਦੀ ਦੇ ਮਾਇਨੇ ਖੋਜੀ ਵਿਦਵਾਨਾਂ ਨੂੰ ਆਸੇ ਪਾਸੇ ਦੀ ਦੁਨੀਆ ਤੋਂ ਦੂਰ ਸੁੱਖ-ਸਾਧਨਾਂ ਨਾਲ ਭਰਪੂਰ ਉੱਚੇ ਮੀਨਾਰਾਂ ਵਿਚ ਆਪਣੀ ਪਸੰਦ ਦੇ ਜਾਂ ਕਿਸੇ ਸਨਕ ਅਧੀਨ ਨਿਰਧਾਰਿਤ ਅਕਾਦਮਿਕ ਕਾਰਜਾਂ ਵਿਚ ਰੁੱਝੇ ਰਹਿਣ ਦੀ ਛੋਟ ਨਹੀਂ ਹੈ। ਇਹ ਸਿਆਸੀ ਅਤੇ ਵਿੱਤੀ ਰੁਤਬੇ ਵਾਲੀਆਂ ਧਿਰਾਂ ਦੀ ਸੇਵਾ ਵਿਚ ਚੰਦ ਅਹੁਦਿਆਂ ਜਾਂ ਸਿੱਕਿਆਂ ਦੇ ਬਰਾਬਰ ਤੁਲ ਕੇ ਆਪਣੇ ਹੁਨਰ ਦੀ ਸਦਾਕਤ ਦਾ ਸੌਦਾ ਕਰ ਲੈਣ ਦੀ ਖੁੱਲ੍ਹ ਵੀ ਨਹੀਂ ਹੈ। ਇਹ ਨਾ ਤਾਂ ਅਧਿਆਪਕਾਂ ਦੀ ਸਹੂਲਤ ਦਾ ਪ੍ਰਬੰਧ ਹੈ ਅਤੇ ਨਾ ਹੀ ਵਿਦਿਆਰਥੀਆਂ ਨੂੰ ਮਨ ਮਰਜ਼ੀਆਂ ਵਾਲਾ ਆਚਰਨ ਕਰਨ ਦੀ ਇਜਾਜ਼ਤ ਦਾ। ਅਕਾਦਮਿਕ ਆਜ਼ਾਦੀ ਦੀ ਧਾਰਨਾ ਗਹਿਰੇ ਸਮਾਜਿਕ ਸਰੋਕਾਰਾਂ ਨਾਲ ਜੁੜੀ ਹੋਈ ਹੈ। ਇਹ ਆਮ ਲੋਕਾਂ ਦੇ ਹਿਤਾਂ ਅਤੇ ਸਮੁੱਚੇ ਸਮਾਜ ਦੀ ਤਰੱਕੀ ਪ੍ਰਤੀ ਸਮਰਪਿਤ ਚਿੰਤਨਾਂ ਤੇ ਅਮਲਾਂ ਦਾ ਨਾਂ ਹੈ।

# ਭਾਰਤ ਦਾ ਲੋਕਤੰਤਰ ਅਤੇ ਸਿਆਸਤ

ਭਾਰਤ ਵਿਚ ਪੰਜ ਰਾਜਾਂ ਵਿਚ ਵਿਧਾਨ ਸਭਾ ਚੋਣਾਂ ਹਾਲ ਹੀ ਵਿਚ ਹੋਈਆਂ ਹਨ ਅਤੇ ਸੰਸਦੀ ਚੋਣਾਂ ਸਿਰ 'ਤੇ ਹਨ। ਚੋਣਾਂ ਦਾ ਸਮਾਂ ਆਪਣੇ ਅੰਦਰ ਝਾਤੀ ਮਾਰਨ ਦਾ ਸੁਨਹਿਰੀ ਮੌਕਾ ਹੋਣਾ ਚਾਹੀਦਾ ਹੈ। ਸਭ ਨੂੰ ਪੜਚੋਲ ਕਰਨੀ ਚਾਹੀਦੀ ਹੈ ਕਿ ਪਿਛਲੇ ਸਮੇਂ ਵਿਚ ਸਰਕਾਰ ਦੀ ਕਾਰਗੁਜ਼ਾਰੀ ਕੈਸੀ ਰਹੀ, ਕੀ ਕੀਤਾ, ਕੀ ਨਹੀਂ ਤੇ ਕਿਉਂ ਨਹੀਂ ਪਰ ਸਾਨੂੰ ਚੋਣਾਂ ਸਮੇਂ ਕੁਝ ਹੋਰ ਹੀ ਦੇਖਣ-ਸੁਣਨ ਨੂੰ ਮਿਲਦਾ ਹੈ। ਚਿੰਤਾ ਵਾਲੇ ਕੁਝ ਮੁੱਦੇ ਇਸ ਪ੍ਰਕਾਰ ਹਨ।

ਜਨਤਕ ਰੈਲੀਆਂ ਅਤੇ ਚੋਣ ਮਨੋਰਥ ਪੱਤਰਾਂ ਵਿਚ ਇਕ ਦੂਜੇ ਤੋਂ ਵਧ-ਚੜ੍ਹ ਕੇ ਵਾਅਦਿਆਂ ਦੀ ਝੜੀ ਲੱਗਦੀ ਹੈ, ਕਈ ਤਰ੍ਹਾਂ ਦੀਆਂ ਰਿਉੜੀਆਂ

**ਡਾ. ਬਲਦੇਵ ਸਿੰਘ ਢਿੱਲੋਂ**
ਫੋਨ: +91-98728-71033

(ਵਿੱਤੀ ਸਹਾਇਤਾ, ਸੁਗਾਤਾਂ, ਛੋਟਾਂ, ਰਿਆਇਤਾਂ) ਵੰਡੀਆਂ ਜਾਂਦੀਆਂ ਹਨ। ਕਈ ਵਾਅਦੇ ਤਾਂ ਲਾਗੂ ਹੋ ਹੀ ਨਹੀਂ ਸਕਦੇ, ਇਤਿਹਾਸ ਗਵਾਹ ਹੈ ਕਿ ਐਸੇ ਵਾਅਦੇ ਜੁਮਲੇ ਬਣ ਕੇ ਰਹਿ ਗਏ ਅਤੇ ਕਈ ਕਰਜ਼ਾ ਲੈ ਕੇ ਲਾਗੂ ਕੀਤੇ, ਤੇ ਕਈਆਂ ਨੇ ਆਰਥਿਕਤਾ ਦਾ ਲੱਕ ਹੀ ਤੋੜ ਦਿੱਤਾ। ਜ਼ਿਆਦਾਤਰ ਸਰਕਾਰਾਂ ਪਹਿਲਾਂ ਸੁੱਤੀਆਂ ਰਹਿੰਦੀਆਂ ਹਨ ਪਰ ਚੋਣਾਂ ਨੇੜੇ ਜਦੋਂ ਹਾਰਨ ਦਾ ਡਰ ਨਜ਼ਰ ਆਉਂਦਾ ਹੈ ਤਾਂ ਪੁਰਾਣੇ ਵਾਅਦੇ ਹੀ ਨਹੀਂ ਸਗੋਂ ਨਵੇਂ ਵੱਡੇ ਗੱਫੇ ਵੀ ਦੇ ਜਾਂਦੀਆਂ ਹਨ ਜੋ ਆਉਣ ਵਾਲੀ ਸਰਕਾਰ ਲਈ ਮੁਸ਼ਕਿਲਾਂ ਖੜ੍ਹੀਆਂ ਕਰਦੀਆਂ ਹਨ ਅਤੇ ਆਰਥਿਕਤਾ ਨੂੰ ਡਾਵਾਂਡੋਲ ਕਰ ਜਾਂਦੀਆਂ ਹਨ। ਇਸ ਲਈ ਜ਼ਰੂਰੀ ਹੈ ਕਿ (1) ਚੋਣ ਮਨੋਰਥ ਪੱਤਰ ਨੂੰ ਕਾਨੂੰਨੀ ਦਸਤਾਵੇਜ਼ ਬਣਾਇਆ ਜਾਵੇ ਅਤੇ ਉਸ ਵਿਚ ਲੋੜੀਂਦੇ ਪੈਸਿਆਂ ਦੇ ਸਰੋਤ ਦਾ ਵਿਸਥਾਰ ਵੀ ਹੋਵੇ; (2) ਸਾਰੇ ਵਾਅਦੇ ਪਹਿਲੇ ਦੋ ਸਾਲਾਂ ਵਿਚ ਅਤੇ ਨਵੀਆਂ ਸਹੂਲਤਾਂ ਚੋਣਾਂ ਤੋਂ ਦੋ ਸਾਲ ਪਹਿਲਾਂ ਲਾਗੂ ਕੀਤੀਆਂ ਜਾਣ; (3) ਸਹੂਲਤਾਂ ਦੀ ਦੁਰਵਰਤੋਂ ਰੋਕਣ ਲਈ ਸਬਸਿਡੀ 90 ਪ੍ਰਤੀਸ਼ਤ ਤੋਂ ਵੱਧ ਨਹੀਂ ਹੋਣੀ ਚਾਹੀਦੀ।

ਚੋਣਾਂ ਸਮੇਂ ਨੇਤਾਵਾਂ ਦਾ ਬੋਲ-ਚਾਲ ਵੀ ਧਿਆਨ ਮੰਗਦਾ ਹੈ। ਉੱਚ-ਕੋਟੀ ਦੇ ਨੇਤਾ ਵੀ ਰੈਲੀਆਂ ਵਿਚ ਉਹ ਕੁਝ ਬੋਲ ਜਾਂਦੇ ਹਨ ਜੋ ਸੋਚ ਤੋਂ ਵੀ ਬਾਹਰ ਹੈ। ਇਕ ਦੂਜੇ ਨੂੰ ਰੱਜ ਕੇ ਭੰਡਿਆ ਜਾਂਦਾ ਹੈ, ਜਿਵੇਂ ਇਸ ਵਾਰ 'ਪਨੌਤੀ', 'ਮੂਰਖਾਂ ਦਾ ਸਰਦਾਰ' ਅਤੇ ਕਈ ਹੋਰ ਲਫਜ਼ ਵਰਤੇ ਗਏ। ਰੈਲੀਆਂ ਛੱਡੋ, ਉੱਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ (2022) ਸਮੇਂ ਤਾਂ ਦੋ ਉੱਚ-ਕੋਟੀ ਨੇਤਾਵਾਂ ਨੇ ਟਵਿਟਰ 'ਤੇ ਬੜੀ ਅਣਸੁਖਾਵੀ ਭਾਸ਼ਾ ਵਰਤੀ। ਕਿੰਨਾ ਚੰਗਾ ਹੁੰਦਾ ਜੇ ਇੱਕ-ਦੂਜੇ ਨੂੰ ਸੰਬੋਧਨ ਕਰਦੇ ਸਮੇਂ ਘੱਟੋ-ਘੱਟ 'ਸੁਣੋ ਜੀ' ਹੀ ਲਿਖ ਦਿੰਦੇ। ਇਸ ਤਰ੍ਹਾਂ ਦੀ ਭਾਸ਼ਾ ਸੁਣ ਕੇ ਮਜਬੂਰਨ ਸੋਚੀਦਾ ਹੈ: ਕੀ ਇਹ ਸਾਡਾ ਸੱਭਿਆਚਾਰ ਹੈ! ਬਿਆਨਬਾਜ਼ੀ ਤਾਂ ਪਹਿਲਾਂ ਵੀ ਹੁੰਦੀ ਸੀ ਪਰ ਇੰਨੇ ਨੀਵੇਂ ਪੱਧਰ ਦੀ ਨਹੀਂ।

ਮੈਨੂੰ ਆਪਣੇ ਬਚਪਨ ਦੇ ਸਮੇਂ ਦੇ ਨੇਤਾਵਾਂ ਜਿਵੇਂ ਡਾ. ਰਾਜੇਂਦਰ ਪ੍ਰਸਾਦ, ਡਾ. ਸਰਵਪਾਲੀ ਰਾਧਾਕ੍ਰਿਸ਼ਨਨ, ਪੰਡਿਤ ਜਵਾਹਰ ਲਾਲ ਨਹਿਰੂ, ਲਾਲ ਬਹਾਦਰ ਸ਼ਾਸਤਰੀ, ਵਿਨੋਬਾ ਭਾਵੇ ਅਤੇ ਜੈ ਪ੍ਰਕਾਸ਼ ਨਾਰਾਇਣ ਦੀ ਯਾਦ ਆਉਂਦੀ ਹੈ। ਉਹ ਰਾਹ-ਦਸੇਰੇ ਸਨ। ਅਸੀਂ ਉਨ੍ਹਾਂ ਦੀਆਂ ਤਕਰੀਰਾਂ ਅਤੇ ਉਨ੍ਹਾਂ ਬਾਬਤ ਖਬਰਾਂ ਬੜੇ ਧਿਆਨ ਤੇ ਸਤਿਕਾਰ ਨਾਲ ਪੜ੍ਹਦੇ-ਸੁਣਦੇ ਸਾਂ ਅਤੇ ਉਸ ਉੱਪਰ ਅਮਲ ਕਰਨ ਦੀ ਕੋਸ਼ਿਸ਼ ਕਰਦੇ ਸਾਂ। ਆਸ ਹੈ ਕਿ ਅੱਜ ਕੱਲ੍ਹ ਦੇ ਕਈ ਨੇਤਾਵਾਂ ਦਾ ਬਚਪਨ ਦਾ ਤਜਰਬਾ ਵੀ ਅਜਿਹਾ ਹੀ ਹੋਵੇਗਾ। ਫਿਰ ਇਨ੍ਹਾਂ ਦੇ ਮਨ ਵਿਚ ਇਹ ਕਿਉਂ ਨਹੀਂ ਆਉਂਦਾ ਕਿ ਉਹ ਸਮਾਜ ਅਤੇ ਖਾਸ ਕਰ ਕੇ ਬੱਚੇ ਤੇ ਨੌਜਵਾਨਾਂ ਨੂੰ ਜੋ ਇਨ੍ਹਾਂ ਨੇਤਾਵਾਂ ਨੂੰ ਆਪਣਾ ਆਦਰਸ਼ ਮੰਨਦੇ ਹੋਣਗੇ, ਕੀ ਸਿੱਖਿਆ ਅਤੇ ਸੇਧ ਦੇ ਰਹੇ ਹਨ, ਤੇ ਉਹ ਸਮਾਜ ਨੂੰ ਕਿਸ ਪਾਸੇ ਲੈ ਕੇ ਜਾਣਾ ਚਾਹੁੰਦੇ ਹਨ।

ਚੋਣਾਂ ਜਿੱਤਣ ਲਈ ਹਰ ਹੀਲਾ-ਵਸੀਲਾ ਹੀ ਨਹੀ ਸਗੋਂ ਚੰਗੇ-ਮਾੜੇ ਹੱਥ-ਕੰਡੇ ਵੀ ਵਰਤੇ ਜਾਂਦੇ ਹਨ। ਧਰਮ, ਜਾਤੀ ਅਤੇ ਇਲਾਕੇ ਦਾ ਖੁੱਲ੍ਹ ਕੇ ਪ੍ਰਚਾਰ ਕੀਤਾ ਜਾਂਦਾ ਹੈ, ਸਮਾਜ ਨੂੰ ਵੰਡਿਆ ਜਾ ਰਿਹਾ ਹੈ। ਇਸ ਲਈ ਸਾਡੇ ਨੇਤਾਵਾਂ ਨਾਲ ਲੋਕ ਵੀ ਜ਼ਿੰਮੇਵਾਰ ਹਨ। ਆਮ ਨਾਗਰਿਕ ਹੀ ਨਹੀਂ ਸਗੋਂ ਪੜ੍ਹੇ-ਲਿਖੇ ਵੀ ਚੋਣਾਂ ਸਮੇਂ ਬੇਤੁਕੇ ਸਵਾਲ ਪੁੱਛਦੇ ਹਨ ਕਿ ਮੰਤਰੀਆਂ ਨੇ ਆਪਣੀ ਧਰਮ, ਜਾਤੀ, ਜ਼ਿਲ੍ਹੇ/ਹਲਕੇ ਲਈ ਕੀ ਕੀਤਾ? ਕਾਸ਼! ਅਸੀਂ ਸਮਝੀਏ ਕਿ ਮੰਤਰੀਆਂ ਦਾ ਫਰਜ਼ ਹੈ ਕਿ ਉਹ ਸਾਰੇ ਦੇਸ਼/ਸੂਬੇ ਅਤੇ ਸਾਰੇ ਨਾਗਰਿਕਾਂ ਦੀ ਤਰੱਕੀ ਅਤੇ ਖੁਸ਼ਹਾਲੀ ਲਈ ਕੰਮ ਕਰਨ, ਬਿਲਕੁਲ ਕੋਈ ਵੀ ਭੇਦ-ਭਾਵ ਨਾ ਕਰਨ। ਜੇਕਰ ਉਹ ਆਪਣੀ ਜਾਤੀ, ਧਰਮ, ਜ਼ਿਲ੍ਹੇ/ਹਲਕੇ ਦਾ ਹੀ ਸੋਚਦੇ ਰਹੇ ਤਾਂ ਫਿਰ ਦੇਸ਼/ਸੂਬੇ ਅਤੇ ਸਮਾਜ ਦਾ ਕੀ ਬਣੇਗਾ।

ਕੁਝ ਸਮੇਂ ਤੋਂ ਨਵਾਂ ਟੋਟਕਾ 'ਦੋਹਰਾ ਇੰਜਨ' ਨਿਝੱਕ ਵਰਤਿਆ ਜਾ ਰਿਹਾ ਹੈ; ਭਾਵ, ਕੇਂਦਰ ਅਤੇ ਸੂਬੇ ਦੀਆਂ ਸਰਕਾਰਾਂ ਇੱਕ ਪਾਰਟੀ ਦੀਆਂ ਹੋਣੀਆਂ ਚਾਹੀਦੀਆਂ ਹਨ। ਮਨ ਉਦਾਸ ਹੁੰਦਾ ਹੈ; ਜੇ ਸੂਬੇ ਵਿਚ ਦੂਜੀ ਪਾਰਟੀ ਦੀ ਸਰਕਾਰ ਆ ਜਾਵੇ ਤਾਂ ਕੀ ਕੇਂਦਰ ਉਸ ਸੂਬੇ ਨਾਲ ਵਿਤਕਰਾ ਕਰੇਗਾ? ਕੇਂਦਰ ਸਰਕਾਰ ਤਾਂ ਸਾਰੇ ਦੇਸ਼ ਦੀ ਸਰਕਾਰ ਹੈ, ਉਸ ਲਈ ਸਾਰੇ ਸੂਬੇ ਬਰਾਬਰ ਹਨ। ਜਦੋਂ ਮਨ ਇਨ੍ਹਾਂ ਵਿਚਾਰਾਂ ਵਿਚ ਘਿਰ ਜਾਂਦਾ ਹੈ ਤਾਂ ਕੁਝ ਪੁਰਾਣੇ ਵਾਕਿਆ ਯਾਦ ਆ ਜਾਂਦੇ ਹਨ।

31 ਮਾਰਚ 1978 ਮੇਰਾ ਗੋਇਥੇ ਇੰਸਟੀਚਿਊਟ (ਜਰਮਨੀ) ਵਿਚ ਜਰਮਨ ਭਾਸ਼ਾ ਦੇ ਕੋਰਸ ਦਾ ਆਖ਼ਿਰੀ ਦਿਨ ਸੀ। ਸਾਡੀ ਅਧਿਆਪਕ ਨੇ ਕਲਾਸ ਦੀ ਫੋਟੋ ਦੇ ਪਿੱਛੇ, ਫੋਟੋਆਂ ਦੀ ਤਰਤੀਬ ਅਨੁਸਾਰ ਆਪਣਾ ਅਤੇ ਆਪਣੇ ਦੇਸ਼ ਦਾ ਨਾਂ ਲਿਖਣ ਲਈ ਕਿਹਾ। ਉਸ ਤੋਂ ਕੁਝ ਦੇਰ ਪਹਿਲਾਂ ਉਸ ਨੇ ਮੈਨੂੰ ਦੱਸਿਆ ਸੀ ਕਿ ਮਿਸਿਜ਼ ਇੰਦਰਾ ਗਾਂਧੀ ਚੋਣਾਂ ਹਾਰ ਗਈ ਹੈ, ਤੇ ਮੈਂ ਉਸ ਫੋਟੋ ਦੇ ਪਿੱਛੇ ਆਪਣਾ ਨਾਮ ਅਤੇ ਨਾਲ ਲਿਖਿਆ, 'ਇੰਡੀਆ' (ਦਿ ਗ੍ਰੇਟੇਸਟ ਡੈਮੋਕਰੇਸੀ ਇੰਨ ਦਿ ਵਰਲਡ)।

ਦੂਸਰਾ ਵਾਕਿਆ 2010 ਦਾ ਹੈ। ਜਰਮਨੀ ਦੇ ਸਟੁਟਗਾਰਟ ਸ਼ਹਿਰ ਵਿਚ ਮਰਸੀਡੀਜ਼ ਬੈਂਜ਼ ਦਾ ਅਜਾਇਬਘਰ ਹੈ। ਉਸ ਵਿਚ ਆਵਾਜਾਈ ਦੇ ਸਿਸਟਮ ਦੀ ਤਰੱਕੀ ਦਿਖਾਈ ਗਈ ਹੈ; ਨਾਲ ਕੁਝ ਹੋਰ ਅਤਿਅੰਤ ਮਹੱਤਵ ਵਾਲੀਆਂ ਫੋਟੋਆਂ ਵੀ ਲਾਈਆਂ ਹਨ। ਉਸ ਸਮੇਂ ਸਭ ਤੋਂ ਆਖ਼ਿਰੀ ਫੋਟੋ ਡਾ. ਮਨਮੋਹਨ ਸਿੰਘ, ਏਂਜਲਾ ਮਰਕਲ ਅਤੇ ਬਾਰਾਕ ਓਬਾਮਾ ਦੀ ਸੀ। ਡਾ. ਮਨਮੋਹਨ ਸਿੰਘ ਦੀ ਪੱਗ ਸਲੇਟੀ ਰੰਗ ਦੀ ਸੀ ਅਤੇ ਮੈਂ ਵੀ ਉਸੇ ਰੰਗ ਦੀ ਪੱਗ ਬੰਨ੍ਹੀ ਹੋਈ ਸੀ।

ਜਦੋਂ ਮੇਰੀ ਪਤਨੀ ਅਤੇ ਮੈਂ ਬੜੇ ਮਾਣ ਨਾਲ ਉਹ ਫੋਟੋ ਦੇਖ ਰਹੇ ਸਾਂ, ਇੱਕ ਸੱਜਣ ਨੇ ਪੁੱਛਿਆ: "ਕੀ ਇਹ ਤੁਹਾਡੀ (ਭਾਵ ਮੇਰੀ) ਫੋਟੋ ਹੈ?" ਮੈਂ ਖਿੜ-ਖਿੜਾਉਂਦੇ ਹੱਸਦੇ ਹੋਏ ਕਿਹਾ, "ਜੀ ਨਹੀਂ, ਭਾਰਤ ਦੇ ਪ੍ਰਧਾਨ ਮੰਤਰੀ ਦੀ ਹੈ।" ਫਿਰ ਉਸ ਦਾ ਸਵਾਲ ਸੀ: "ਕੀ ਪੱਗ ਵਾਲੇ ਹਿੰਦੂ ਹੁੰਦੇ ਹਨ?" ਮੈਂ ਦੱਸਿਆ, "ਨਹੀਂ ਮੈਂ ਸਿੱਖ ਹਾਂ।" ਉਸ ਨੇ ਹੋਰ ਹੈਰਾਨ ਹੋ ਕਿ ਕਿਹਾ: "ਭਾਰਤ ਵਿਚ ਤਾਂ ਬਹੁ-ਗਿਣਤੀ ਹਿੰਦੂਆਂ ਦੀ ਹੈ।" ਮੈਂ ਕਿਹਾ, "ਭਾਰਤ ਕਿੰਨਾ ਮਹਾਨ ਲੋਕਤੰਤਰ ਹੈ, ਤੁਸੀਂ ਇਸ ਤੋਂ ਅੰਦਾਜ਼ਾ ਲਗਾਓ ਕਿ ਸਾਡੀ ਬਹੁ-ਗਿਣਤੀ ਹਿੰਦੂਆਂ ਦੀ ਹੈ ਪਰ 2004 ਤੋਂ 2007 ਵਿਚ ਸਾਡਾ ਰਾਸ਼ਟਰਪਤੀ ਮੁਸਲਮਾਨ, ਸਾਡਾ ਪ੍ਰਧਾਨ ਮੰਤਰੀ ਸਿੱਖ ਅਤੇ ਰਾਜ ਕਰਦੀ ਪਾਰਟੀ ਦੀ ਪ੍ਰਧਾਨ ਰੋਮਨ-ਕੈਥੋਲਿਕ (ਇਸਾਈ) ਸੀ। ਮੈਂ ਇਹ ਇੰਨੇ ਮਾਣ ਨਾਲ ਦੱਸਿਆ, ਉਹ ਬਿਆਨ ਨਹੀਂ ਕਰ ਸਕਦਾ।

ਅਖੀਰ ਵਿਚ ਕੁਝ ਈ.ਵੀ.ਐੱਮ. ਬਾਬਤ ਵੀ: (1) ਸਾਈਬਰ ਜੁਰਮ ਦੀਆਂ ਖਬਰਾਂ ਤੋਂ ਤਾਂ ਇਹ ਲਗਦਾ ਹੈ ਕਿ ਹਰ ਇਲੈਕਟ੍ਰੌਨਿਕ ਯੰਤਰ ਦੀ ਗ਼ਲਤ ਵਰਤੋ ਹੋ ਸਕਦੀ ਹੈ; (2) ਲੋਕਤੰਤਰ ਵਿਚ ਨਿਰਪੱਖ ਚੋਣਾਂ ਵਿਚ ਪੂਰਾ ਵਿਸ਼ਵਾਸ ਹੋਣਾ ਅਤਿਅੰਤ ਜਰੂਰੀ ਹੈ ਜੋ ਨਹੀਂ ਹੈ। ਚੋਣਾਂ ਬਾਅਦ ਸਦਾ ਹੀ ਦੂਸ਼ਣਬਾਜ਼ੀ ਸ਼ੁਰੂ ਹੋ ਜਾਂਦੀ ਹੈ। ਜੇ ਵਿਸ਼ਵਾਸ ਨਹੀਂ ਤਾਂ ਇਨ੍ਹਾਂ ਮਸ਼ੀਨਾਂ ਦਾ ਕੀ ਫਾਇਦਾ?

ਇਸ ਵਿਚ ਸ਼ੱਕ ਨਹੀਂ ਕਿ ਦੇਸ਼ ਮਾਲੀ ਤੌਰ 'ਤੇ ਤਰੱਕੀ ਕਰ ਰਿਹਾ ਹੈ ਪਰ ਸਮੇਂ ਦਾ ਵਰਤਾਰਾ ਸੋਚਣ ਲਈ ਮਜਬੂਰ ਕਰਦਾ ਹੈ ਕਿ ਅਸੀਂ ਰਾਹੇ ਚੱਲ ਰਹੇ ਹਾਂ ਜਾਂ ਕੁਰਾਹੇ? ਸਾਡੇ ਸਮਾਜ ਅਤੇ ਨੇਤਾਵਾਂ ਨੂੰ ਵੀ ਇਸ ਉਪਰ ਚਿੰਤਨ ਕਰਨ ਦੀ ਸਖਤ ਜ਼ਰੂਰਤ ਹੈ।

# ਪੰਜਾਬ ਵਿਚ ਨਸ਼ਿਆਂ ਦੀ ਸਮੱਸਿਆ

ਪੰਜਾਬ ਵਿਚ ਸਰਕਾਰਾਂ ਬਦਲਦੀਆਂ ਰਹੀਆਂ ਹਨ। ਪਿਛਲੇ ਲੰਮੇ ਸਮੇਂ ਤੋਂ ਦੋ ਪਾਰਟੀਆਂ ਵਾਰੀ ਵਾਰੀ ਸੂਬੇ ਅੰਦਰ ਰਾਜ ਕਰ ਰਹੀਆਂ ਸਨ। ਹੁਣ ਪਿਛਲੇ ਦੋ ਸਾਲਾਂ ਤੋਂ ਨਵੀਂ ਸਿਆਸੀ ਪਾਰਟੀ ਨੇ ਇਹ ਸਿਲਸਿਲਾ ਤੋੜਿਆ ਹੈ। ਰੁਟੀਨ ਤੋੜਨ ਪਿੱਛੇ ਸਰਕਾਰਾਂ ਦੀ ਕਾਰਗੁਜ਼ਾਰੀ ਦੀ ਭੂਮਿਕਾ ਤਾਂ ਹੁੰਦੀ ਹੈ ਪਰ ਪੰਜਾਬ ਵਿਚ ਨਸ਼ਿਆਂ ਦੇ ਰੁਝਾਨ ਨੇ ਵੀ ਇਸ ਵਿਚ ਹਿੱਸਾ ਪਾਇਆ ਹੈ। ਜੇ ਸਮਾਜ ਵਿਚ ਨਸ਼ਿਆਂ ਦੀ ਵਰਤੋਂ ਦੀ ਗੱਲ ਕਰੀਏ ਤਾਂ ਸ਼ਰਾਬ ਲੋਕਾਂ ਦਾ ਆਮ ਪ੍ਰਚਲਿਤ ਨਸ਼ਾ ਰਿਹਾ ਹੈ, ਪੰਜਾਬ ਦੀ ਮਹਿਮਾਨ ਨਿਵਾਜ਼ੀ ਦਾ ਹਿੱਸਾ ਪਰ ਨਸ਼ਿਆਂ ਦੇ ਨਵੇਂ ਰੁਝਾਨ ਅਤੇ ਨਸ਼ਿਆਂ ਨੇ ਸਾਰਾ ਦ੍ਰਿਸ਼ ਹੀ ਬਦਲ ਕੇ ਰੱਖ ਦਿੱਤਾ ਹੈ।

ਨਸ਼ਿਆਂ ਦੀ ਸਮੱਸਿਆ ਹੱਲ ਨਾ ਹੋਣ ਪਿੱਛੇ

**ਡਾ. ਸ਼ਿਆਮ ਸੁੰਦਰ ਦੀਪਤੀ**
ਫੋਨ: +91-98158-08506

ਸਰਕਾਰੀ ਮਸ਼ੀਨਰੀ ਨੂੰ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ। ਇਹ ਇੱਕ ਪੱਖ ਹੈ ਪਰ ਵੱਡੇ ਵੱਡੇ ਦਾਅਵਿਆਂ ਦੇ ਬਾਵਜੂਦ ਸਮੱਸਿਆ ਸਿਰਫ਼ ਬਣੀ ਨਹੀਂ ਹੋਈ ਸਗੋਂ ਦਿਨ-ਬ-ਦਿਨ ਵਧ ਰਹੀ ਹੈ ਤੇ ਗੁੰਝਲਦਾਰ ਹੋ ਰਹੀ ਹੈ। ਇਸ ਨੂੰ ਗ਼ੌਰ ਨਾਲ ਦੇਖੀਏ ਤੇ ਸਮਝਣ ਦੀ ਕੋਸ਼ਿਸ਼ ਕਰੀਏ ਤਾਂ ਉਹ ਹੈ, ਇਸ ਨਾਲ ਵੱਡੀ ਤਦਾਦ ਵਿਚ ਪੈਸਾ ਤੇ ਨਾਲ ਹੀ ਪੈਸੇ ਦਾ ਸਿਆਸਤ ਨਾਲ ਰਿਸ਼ਤਾ। ਕਿਵੇਂ ਸੱਤਾ 'ਤੇ ਕਾਬਜ਼ ਹੋਣ ਅਤੇ ਸੱਤਾ ਵਿਚ ਰਹਿਣ ਲਈ ਪੈਸੇ ਦੀ ਖੁੱਲ੍ਹੇਆਮ ਵਰਤੋਂ ਹੋ ਰਹੀ ਹੈ। ਚੋਣਾਂ ਜਿੱਤਣ ਤੋਂ ਲੈ ਕੇ ਵਿਧਾਇਕਾਂ ਦੀ ਖਰੀਦੋ-ਫਰੋਖਤ ਤੱਕ, ਹੁਣ ਆਮ ਖੇਡ ਹੈ।

ਜਦੋਂ ਨਸ਼ੇ ਦਾ ਕਾਰੋਬਾਰ ਜੁਰਮ ਦੇ ਘੇਰੇ ਵਿਚ ਆਉਂਦਾ ਹੈ ਤਾਂ ਉਹ ਪੁਲੀਸ ਵਿਭਾਗ ਦਾ ਕੰਮ ਹੈ। ਪੁਲੀਸ ਵਾਲਿਆਂ ਦਾ ਜਵਾਬ ਹੁੰਦਾ ਹੈ: ਸਾਨੂੰ ਪੂਰੇ ਅਧਿਕਾਰ ਦੇਵੋ, ਨਸ਼ਾ ਖ਼ਤਮ ਹੋ ਜਾਵੇਗਾ। ਉਹ ਨੇਤਾਵਾਂ 'ਤੇ ਇਲਜ਼ਾਮ ਲਗਾਉਂਦੇ ਹਨ ਕਿ ਮੁਲਜ਼ਮ ਨੂੰ ਥਾਣੇ ਤੱਕ ਵੀ ਲੈ ਕੇ ਨਹੀਂ ਗਏ ਹੁੰਦੇ, ਰਸਤੇ ਵਿਚ ਛੁਡਾ ਲਿਆ ਜਾਂਦਾ ਹੈ।

ਸਿਆਸਤ ਸਬੰਧੀ ਕਿਸੇ ਵੀ ਸਮੱਸਿਆ ਲਈ ਇਕ ਪੱਖ ਹਮੇਸ਼ਾ ਉਭਾਰਿਆ ਜਾਂਦਾ ਹੈ ਕਿ ਜੇ ਨੇਤਾਵਾਂ ਅੰਦਰ ਕੰਮ ਕਰਨ ਦੀ ਨੀਅਤ ਹੋਵੇ, ਦਿਆਨਤਦਾਰੀ ਹੋਵੇ ਤਾਂ ਉਹ ਕੰਮ ਮਿੰਟੋ-ਮਿੰਟੀ ਹੋ ਸਕਦਾ ਹੈ। ਇਸ ਭਾਵਨਾ ਦੇ ਮੱਦੇਨਜ਼ਰ ਲੋਕ ਨੇਤਾਵਾਂ 'ਤੇ ਵਿਸ਼ਵਾਸ ਕਰ ਲੈਂਦੇ ਹਨ ਕਿ ਇਹ ਜੋ ਕੁਝ ਕਹਿ ਰਹੇ ਹਨ, ਕਰਨਗੇ ਵੀ; ਜੇ ਚਾਹੁਣ ਤਾਂ ਬੜਾ ਕੁਝ ਹੋ ਸਕਦਾ ਹੈ। ਦੁਨੀਆ ਭਰ ਦੀਆਂ ਕਈ ਉਦਾਹਰਨਾਂ ਹਨ- ਜਦੋਂ ਪ੍ਰਸ਼ਾਸਨ, ਪੁਲੀਸ ਅਤੇ ਸਿਆਸਤਦਾਨਾਂ ਨੇ ਮਨ ਬਣਾਇਆ, ਨਸ਼ੇ ਨੂੰ ਜੜ੍ਹ ਤੋਂ ਉਖਾੜ ਦਿੱਤਾ ਗਿਆ।

ਨਸ਼ੇ ਭਲਾ ਕਿੱਡੀ ਕੁ ਵੱਡੀ ਸਮੱਸਿਆ ਹੈ ਜੋ ਕਿਸੇ ਦੇ ਵੀ ਗੇੜ ਵਿਚ ਨਹੀਂ ਆ ਰਹੀ? ਪਹਿਲਾ ਸਵਾਲ ਤਾਂ ਇਹ ਹੈ ਕਿ ਇਹ ਮੈਡੀਕਲ ਸਮੱਸਿਆ ਹੈ, ਸਮਾਜਿਕ ਹੈ ਜਾਂ ਮਨੋਵਿਗਿਆਨਕ? ਨਸ਼ਾ ਛੁਡਾਊ ਕੇਂਦਰ ਦਵਾਈ ਰਾਹੀਂ ਇਲਾਜ ਕਰ ਕੇ ਇਸ ਸਮੱਸਿਆ ਦਾ ਹੱਲ ਕਰਦੇ ਦਿਸਦੇ ਹਨ। ਮਨੋਵਿਗਿਆਨੀ ਕੌਂਸਲਿੰਗ ਰਾਹੀਂ ਇਸ ਦਾ ਪ੍ਰਭਾਵਸ਼ਾਲੀ ਹੱਲ ਕਰਨ ਦੇ ਦਾਅਵੇ ਕਰਦੇ ਹਨ। ਇਹ ਸਮੱਸਿਆ ਸਮਾਜਿਕ ਸਮੱਸਿਆ ਦੇ ਘੇਰੇ ਵਿਚ ਤਾਂ ਆਉਂਦੀ ਹੈ ਕਿਉਂਕਿ ਇਹ ਸਭ ਪਰਿਵਾਰਾਂ ਦੀ ਸਮੱਸਿਆ ਹੈ। ਇਕ ਪੱਖ ਇਹ ਦਾਅਵਾ ਕਰਦਾ ਹੈ ਕਿ ਪਰਿਵਾਰ ਦਾ ਪਾਲਣ-ਪੋਸ਼ਣ ਇਸ ਵਿਚ ਬਹੁਤ ਵੱਡੀ ਭੂਮਿਕਾ ਨਿਭਾਉਂਦਾ ਹੈ। ਨਸ਼ੇ ਕਰਨੇ ਹੋਣ, ਛੱਡਣੇ ਹੋਣ, ਛੱਡੇ ਹੋਏ ਨਸ਼ੇ ਦੁਬਾਰਾ ਸ਼ੁਰੂ ਕਰਨੇ ਹੋਣ ਜਾਂ ਨਸ਼ਿਆਂ ਦੇ ਜਾਲ ਵਿਚ ਫਸਣਾ ਹੋਵੇ, ਪਰਿਵਾਰ ਬੇਹੱਦ ਅਹਿਮ ਇਕਾਈ ਹੈ।

ਨਸ਼ਿਆਂ ਦੇ ਸਹੀ ਕਾਰਨਾਂ ਨੂੰ ਲੈ ਕੇ ਸਮਝਣ ਦਾ ਸੰਕਟ ਵੀ ਹੈ। ਮਨੋਰੋਗ ਵਿਭਾਗ ਵਾਲਿਆਂ ਨੇ ਨਸ਼ਿਆਂ ਨੂੰ ਦਵਾਈਆਂ ਨਾਲ ਛੁਡਾਉਣ ਦੇ ਦਾਅਵੇ ਤਹਿਤ ਇਸ ਨੂੰ ਬਿਮਾਰੀ ਕਹਿਣਾ ਸ਼ੁਰੂ ਕੀਤਾ। ਸੰਸਾਰ ਸਿਹਤ ਸੰਸਥਾ ਨੇ ਮੈਡੀਕਲ ਸਮੱਸਿਆ ਐਲਾਨੇ ਜਾਣ ਦੀ ਸਿਫਾਰਸ਼ ਕੀਤੀ। ਇਹ ਦਾਅਵਾ ਵੀ ਪ੍ਰਵਾਨ ਹੋ ਰਿਹਾ ਹੈ ਕਿ ਆਮ ਬਿਮਾਰੀ ਵਾਂਗ ਬਿਮਾਰੀ ਲੱਗ ਗਈ, ਇਲਾਜ ਲਈ ਆਏ, ਦਾਖ਼ਲ ਹੋਣ ਤੇ ਇਲਾਜ ਕਰਵਾ ਕੇ ਵਾਪਸ ਚਲੇ ਗਏ। ਇਸ ਸਭ ਕਾਸੇ ਦੇ ਬਾਵਜੂਦ ਇਹ ਕਈ ਪੱਖਾਂ ਤੋਂ ਬਿਲਕੁਲ ਅਲਗ ਹੈ। ਇਲਾਜ ਕਰਵਾਉਣ ਤੋਂ ਬਾਅਦ ਵੀ ਦੁਬਾਰਾ ਹੋਣ ਦੀ ਦਰ ਬਹੁਤ ਜ਼ਿਆਦਾ ਦੱਸੀ ਜਾਂਦੀ ਹੈ। ਤਕਰੀਬਨ ਸੌ ਫੀਸਦੀ। 85% ਤਾਂ ਤਕਰੀਬਨ ਸਾਰੇ ਹੀ ਕਬੂਲ ਕਰਦੇ ਹਨ। ਦਰਅਸਲ, ਇਸ ਦੇ ਇਲਾਜ ਵਿਚ ਦਵਾਈਆਂ ਦੀ ਭੂਮਿਕਾ ਮਾਮੂਲੀ ਹੈ। ਮਨੋਵਿਗਿਆਨਕ ਕੌਂਸਲਿੰਗ ਦੀ ਭੂਮਿਕਾ ਵੱਧ ਹੈ; ਕੌਂਸਲਿੰਗ ਵੀ ਇਕੱਲੇ ਨਸ਼ਈ ਦੀ ਨਹੀਂ, ਸਾਰੇ ਪਰਿਵਾਰ ਦੀ ਕੌਂਸਲਿੰਗ ਹੀ ਆਖ਼ਿਰਕਾਰ ਅਸਰ ਦਿਖਾਉਂਦੀ ਹੈ।

ਸਮੱਸਿਆ ਦੀ ਸਮਝ ਦਾ ਇਕ ਪਹਿਲੂ ਇਹ ਵੀ ਹੈ ਕਿ ਜਿਵੇਂ ਅੰਕੜੇ ਆਉਂਦੇ ਤੇ ਉਭਾਰੇ ਜਾਂਦੇ ਹਨ, ਉਹ ਸਿਆਸੀ ਸੀਮਾ ਵਾਲੇ ਵੱਧ ਹੁੰਦੇ ਹਨ। ਇਕ ਸਰਵੇਖਣ ਤੋਂ ਹੀ ਇਹ ਅੰਕੜੇ ਪ੍ਰਚਾਰੇ ਗਏ ਕਿ ਪੰਜਾਬ ਵਿਚ ਤਕਰੀਬਨ 75 ਫੀਸਦੀ ਲੋਕ ਨਸ਼ਾ ਕਰਦੇ ਹਨ। ਕਿਸੇ ਨੇ ਇਹ ਜਾਣਨ ਦੀ



ਕੋਸ਼ਿਸ਼ ਨਹੀਂ ਕੀਤੀ ਕਿ ਇਹ ਅੰਕੜੇ ਕਿਸ ਸਰਵੇਖਣ ਤੋਂ ਆਏ ਤੇ ਉਹ ਸਰਵੇਖਣ ਕਰਨ ਦੀ ਤਰਕੀਬ ਕੀ ਸੀ। ਬਹੁਤ ਹੀ ਸਾਧਾਰਨ ਸਵਾਲ ਦਾ ਜਵਾਬ ਲੈਣਾ ਸੀ। ਕੀ ਤੁਸੀਂ ਕਦੇ ਨਸ਼ਾ ਕੀਤਾ? ਜਵਾਬ ਹਾਂ/ਨਾ ਵਿਚ ਸੀ; ਤੇ ਨਸ਼ਿਆਂ ਦੇ ਨਾਂ ਜਾਣਨ ਦੀ ਸੂਚੀ ਬਹੁਤ ਲੰਮੀ ਸੀ: ਸ਼ਰਾਬ, ਸਿਗਰੇਟ ਤੋਂ ਇਲਾਵਾ ਨੀਂਦ ਦੀਆਂ ਗੋਲੀਆਂ, ਕਦੇ ਨੀਂਦ ਲਈ ਕੋਈ ਦਵਾਈ ਵਰਤੀ ਆਦਿ। ਇਉਂ ਇਹ ਤਕਰੀਬਨ 75 ਤੋਂ 80 ਫੀਸਦੀ ਬਣੀ ਅਤੇ ਤਿੰਨ ਚੌਥਾਈ ਆਬਾਦੀ ਨਸ਼ਈ ਨਿਕਲੀ ਤੇ ਫਿਰ ਉਭਾਰੀ ਗਈ। ਤੁਸੀਂ ਸੋਚੋ, ਤਕਰੀਬਨ ਅੱਧੀ ਆਬਾਦੀ (ਪੰਜਾਹ ਫੀਸਦੀ) ਤਾਂ ਔਰਤਾਂ/ਲੜਕੀਆਂ ਦੀ ਹੈ ਜੋ ਸਾਡੇ ਸਭਿਆਚਾਰ ਵਿਚ ਨਸ਼ੇ ਦੀ ਵਰਤੋਂ ਨਾਂਹ ਦੇ ਬਰਾਬਰ ਕਰਦੀਆਂ ਹਨ।

ਜਿਥੋਂ ਤੱਕ ਨਸ਼ਿਆਂ ਦੀਆਂ ਕਿਸਮਾਂ ਦੀ ਵਰਤੋਂ ਦਾ ਸਵਾਲ ਹੈ, ਸ਼ਰਾਬ ਤਾਂ ਸਮਾਜਿਕ ਪ੍ਰਣਾਲੀ ਵਾਲਾ ਨਸ਼ਾ ਹੈ। ਭੰਗ ਅਤੇ ਅਫ਼ੀਮ ਵੀ ਕੁਝ ਕੁਝ ਸਮਾਜਿਕ ਘੇਰੇ ਵਿਚ ਆਉਂਦੇ ਹਨ। ਨਸ਼ਿਆਂ ਨੂੰ ਲੈ ਕੇ ਸਮਾਜ ਦਾ ਧਿਆਨ ਉਦੋਂ ਬਣਦਾ ਹੈ ਜਦੋਂ ਨਸ਼ੇ ਘਰ-ਪਰਿਵਾਰ ਨੂੰ ਬਰਬਾਦ ਕਰਦੇ ਹਨ ਤੇ ਸਭ ਤੋਂ ਵੱਧ ਸਾਡੀ ਨੌਜਵਾਨੀ ਇਸ ਦੀ ਲਪੇਟ ਵਿਚ ਆਉਂਦੀ ਹੈ। ਸਮੈਕ ਅਤੇ ਹੈਰੋਇਨ ਵਰਗੇ ਨਵੇਂ ਨਸ਼ੇ ਘਾਤਕ ਨਸ਼ੇ ਹਨ, ਜਾਨਲੇਵਾ ਹਨ। ਇਹ ਆਮ ਰਵਾਇਤੀ ਨਸ਼ਿਆਂ ਤੋਂ ਬਿਲਕੁਲ ਵੱਖਰੇ ਹਨ। ਇਹ ਕੌਮਾਂਤਰੀ ਪੱਧਰ 'ਤੇ ਵਰਤੇ ਜਾਂਦੇ ਹਨ, ਇਨ੍ਹਾਂ ਦਾ ਕੋਈ ਬਾਜ਼ਾਰ ਨਹੀਂ, ਇਹ ਗੈਰ-ਕਾਨੂੰਨੀ ਹਨ। ਗੈਰ-ਕਾਨੂੰਨੀ ਵੀ ਇਸ ਹੱਦ ਤੱਕ ਕਿ 3 ਗ੍ਰਾਮ ਦਾ ਨਸ਼ਾ ਵੀ ਜੁਰਮ ਦੇ ਘੇਰੇ ਵਿਚ ਆਉਂਦਾ ਹੈ। ਉਸ ਲਈ ਸਜ਼ਾ ਤੈਅ ਹੈ।

ਦੂਜੀ ਗੱਲ, ਰਵਾਇਤੀ ਨਸ਼ੇ ਸ਼ਰਾਬ ਹੋਵੇ ਜਾਂ ਅਫ਼ੀਮ, ਉਹ ਇਕ ਵਾਰ ਵਰਤੇ ਜਾਣ ਮਗਰੋਂ ਕਿਸੇ ਨੂੰ ਆਦੀ ਨਹੀਂ ਬਣਾਉਂਦੇ। ਲਗਾਤਾਰ ਲੰਮਾ ਸਮਾਂ ਵਰਤਣ ਮਗਰੋਂ ਹੀ ਆਦਤ ਪੈਂਦੀ ਹੈ। ਨਵੇਂ ਨਸ਼ਿਆਂ ਦਾ ਤਜਰਬਾ ਹੀ ਬੰਦੇ ਨੂੰ ਨਸ਼ੇ ਦਾ ਆਦੀ ਬਣਾਉਣ ਲਈ ਕਾਫ਼ੀ ਹੈ। ਦੂਜਾ ਇਹ ਕਿ ਕਿਸ ਉਮਰ ਵਿਚ ਇਹ ਸ਼ੁਰੂ ਕੀਤੇ/ਕਰਵਾਏ ਜਾਂਦੇ ਹਨ; ਇਹ ਕਿਸ਼ੋਰ ਅਵਸਥਾ ਹੈ ਜਦੋਂ ਦੋਸਤਾਂ ਦਾ ਦਬਾਅ ਸਭ ਤੋਂ ਵੱਧ ਹੁੰਦਾ ਹੈ।

ਸਮੈਕ, ਹੈਰੋਇਨ ਆਦਿ ਨਵੇਂ ਨਸ਼ੇ ਨੌਜਵਾਨਾਂ ਵਿਚ ਪ੍ਰਚਲਿਤ ਕਰਨ, ਉਨ੍ਹਾਂ ਨੂੰ ਲਗਾਤਾਰ ਫਸਾਏ ਜਾਣ ਨੂੰ ਕਾਫ਼ੀ ਸਮਾਂ ਹੋ ਗਿਆ ਹੈ। ਸਮਾਜ ਦੇ ਸਾਰੇ ਵਰਗ, ਬੁੱਧੀਜੀਵੀ, ਮਾਪੇ, ਅਧਿਆਪਕ ਜਾਂ ਹੋਰ ਸਾਰੇ ਹੀ ਇਸ ਦਾ ਹਸ਼ਰ ਜਾਣਦੇ ਹਨ, ਸਭ ਦੀ ਚਿੰਤਾ ਨਿੱਜੀ ਹੈ। ਨਿੱਜੀ ਵੀ ਇੰਨੀ ਕਿ ਉਨ੍ਹਾਂ ਸਾਹਮਣੇ ਸਭ ਕੁਝ ਵਾਪਰ ਰਿਹਾ ਹੈ, ਉਹ ਫਿਰ ਵੀ ਮੰਨਣ/ਕਬੂਲਣ ਲਈ ਤਿਆਰ ਨਹੀਂ ਕਿ ਉਨ੍ਹਾਂ ਦਾ ਬੱਚਾ ਨਸ਼ਿਆਂ ਦਾ ਸ਼ਿਕਾਰ ਹੈ। ਸਿਆਸੀ ਧਿਰਾਂ ਦਾਅਵੇ ਕਰਦੀਆਂ ਹਨ, ਚੁਣਾਵੀ ਵਾਅਦੇ ਕਰਦੀਆਂ ਹਨ ਤੇ ਇਸ ਆਧਾਰ 'ਤੇ ਜਿੱਤਦੀਆਂ ਵੀ ਹਨ। ਕੁਝ ਸਮੇਂ ਸਰਗਰਮੀਆਂ ਵੀ ਦਿਖਾਉਂਦੀਆਂ ਹਨ।

ਕੀ ਇਹ ਸਮੱਸਿਆ ਸੱਚੀਂ ਹੀ ਵਸ ਤੋਂ ਬਾਹਰ ਹੈ? ਕੀ ਇਹ ਕਿਸੇ ਵੀ ਤਰ੍ਹਾਂ ਹੱਲ ਨਹੀਂ ਹੋ ਸਕਦੀ? ਅਨੇਕ ਉਦਾਹਰਨਾਂ ਵਿਚੋਂ ਇਕ ਹੈ ਕਿ ਨਸ਼ਿਆਂ ਦੀ ਮੰਗ ਘੱਟ ਕੀਤੀ ਜਾਵੇ ਪਰ ਕਿਵੇਂ? ਕੌਂਸਲਿੰਗ ਲਈ ਤਿਆਰ ਹੋਇਆ ਬੰਦਾ ਜਾਂ ਜੋ ਨੌਜਵਾਨ ਨਸ਼ੇ ਕਰਨ ਵੱਲ ਜਾ ਰਿਹਾ ਹੋਵੇ, ਉਸ ਦਾ ਮਨੋਬਲ ਵਧਾਇਆ ਜਾਵੇ ਕਿ ਨਸ਼ਾ ਹੋਵੇ ਤਾਂ ਵੀ ਉਹ ਨਹੀਂ ਵਰਤਣਾ ਜਾਂ ਉਧਰ ਨਹੀਂ ਜਾਣਾ ਪਰ ਉਨ੍ਹਾਂ ਦਾ ਮਨੋਬਲ ਕੌਣ ਵਧਾਵੇਗਾ? ਨਿਸ਼ਚਿਤ ਹੀ ਮਾਪੇ ਪਰ ਸਮਾਜ ਦਾ ਮਾਹੌਲ, ਖਾਸ ਕਰ ਕੇ ਸਿਆਸੀ ਮਾਹੌਲ ਮਨੋਬਲ ਤੋੜਨ ਅਤੇ ਕਮਜ਼ੋਰ ਕਰਨ ਵਾਲਾ ਹੈ। ਨਸ਼ਿਆਂ ਨੂੰ ਠੱਲ੍ਹ ਪਾਉਣ ਲਈ ਕੁਝ ਕਾਰਗਰ ਕਦਮ ਹਨ ਪਰ ਗੱਲ ਨੀਅਤ ਦੀ ਹੈ। ਅੱਜ ਮਾਪੇ ਵੀ ਦੁਖੀ ਹਨ ਤੇ ਉਹ ਹਰ ਤਰ੍ਹਾਂ ਸਹਿਯੋਗ ਕਰਨ ਲਈ ਤਿਆਰ ਹਨ। ਜੋ ਕਰਨਾ ਹੈ, ਉਹ ਹੈ:

-ਕੀ ਨਸ਼ਈ ਜੋ ਆਦੀ ਹਨ, ਉਨ੍ਹਾਂ ਦੀ ਤਲਾਸ਼ ਕਰਨੀ ਮੁਸ਼ਕਿਲ ਹੈ? ਉਨ੍ਹਾਂ ਦਾ ਵਿਹਾਰ ਤਾਂ ਖ਼ੁਦ-ਬ-ਖ਼ੁਦ ਬੋਲਦਾ ਹੈ, ਉਨ੍ਹਾਂ ਨੂੰ ਸੂਚੀਬੱਧ ਕਰ ਕੇ ਉਨ੍ਹਾਂ ਨੂੰ ਨਸ਼ਾ ਮੁਕਤ ਕਰਨਾ ਹੈ।

-ਜੋ ਲੋਕ ਨਸ਼ਾ ਸ਼ੁਰੂ ਕਰਨ ਵਾਲੇ ਦੌਰ ਵਿਚ ਹਨ; ਭਾਵ, ਕਿਸ਼ੋਰ ਉਮਰ ਦੇ ਬੱਚੇ, ਉਨ੍ਹਾਂ ਨੂੰ ਤਿਆਰ ਕਰਨਾ ਕਿ ਉਹ ਨਸ਼ਿਆਂ ਵੱਲ ਮੂੰਹ ਨਾ ਕਰਨ। ਇੱਥੇ ਮਾਂ-ਪਿਉ ਸਮਾਂ ਕੱਢਣ ਅਤੇ ਅਧਿਆਪਕ ਵੀ ਮਿਹਨਤ ਨਾਲ ਇਹ ਜ਼ਿੰਮੇਵਾਰੀ ਸਾਂਭਣ।

-ਨੌਜਵਾਨਾਂ ਨੂੰ ਰੁਝੇਵਾਂ ਦੇਣ ਲਈ ਜੋ ਇਸ ਉਮਰ ਦੀ ਲੋੜ ਹੈ, ਕਿਸੇ ਸਵੈ-ਸੇਵੀ ਕੰਮਾਂ ਵਿਚ ਰੁਝਾ ਕੇ ਰੱਖਣਾ, ਜਿਵੇਂ ਸਕਾਊਟ ਤੇ ਗਾਈਡ, ਐੱਨਐੱਸਐੱਸ ਵਰਗੇ ਕੰਮਾਂ ਅਤੇ ਕੁਝ ਸਮਾਜਿਕ ਮੁਹਾਰਤਾਂ ਦਾ ਗਿਆਨ ਦੇਣਾ; ਇਸ ਕਰ ਕੇ ਕਿ ਨੌਜਵਾਨ ਆਤਮ-ਚਿੰਤਨ ਕਰਨ ਤੇ ਉਭਰਨ, ਖ਼ੁਦ ਨੂੰ ਵਧੀਆ ਨਾਗਰਿਕ ਬਣਾਉਣ ਦਾ ਮੌਕਾ ਦੇਣਾ।

-ਨਸ਼ਾ ਵੇਚਣ ਵਾਲਿਆਂ 'ਤੇ ਨਜ਼ਰ ਰੱਖੀ ਜਾਵੇ। ਪਹਿਲਾਂ ਮੁਹੱਲਾ/ਪਿੰਡ ਕਮੇਟੀਆਂ ਅੱਗੇ ਆਉਣ। ਲੋੜ ਪਵੇ ਤਾਂ ਪੁਲੀਸ ਦਾ ਸਹਿਯੋਗ ਵੀ ਲਿਆ ਜਾ ਸਕਦਾ ਹੈ।

-ਸਾਰਿਆਂ ਨੂੰ ਜਾਗਰੂਕ ਹੋਣ ਦੀ ਲੋੜ ਹੈ, ਸਿੱਧੇ-ਅਸਿੱਧੇ ਤਰੀਕੇ ਨਾਲ ਸਾਰੇ ਹੀ ਪ੍ਰਭਾਵਿਤ ਹਨ ਤੇ ਕਿਸੇ ਨਾ ਕਿਸੇ ਤਰੀਕੇ ਅਸਰ ਅੰਦਾਜ਼ ਹੋ ਰਹੇ ਹਨ ਜਾਂ ਹੋਣਗੇ।

ਨਸ਼ੇ ਬਹੁ-ਪਰਤੀ, ਬਹੁ-ਪਸਾਰੀ ਸਮੱਸਿਆ ਹੈ। ਇਸ ਦੇ ਹੱਲ ਲਈ ਸਭ ਨੂੰ ਅੱਗੇ ਆ ਕੇ ਆਪੋ-ਆਪਣੀ ਜ਼ਿੰਮੇਵਾਰੀ ਪਛਾਣਨੀ ਅਤੇ ਨਿਭਾਉਣੀ ਚਾਹੀਦੀ ਹੈ ਤਾਂ ਹੀ ਅਸੀਂ ਨਰੋਏ ਸਮਾਜ ਦੀ ਆਸ ਕਰ ਸਕਦੇ ਹਾਂ। ਸਿਆਸਤਦਾਨਾਂ ਦੀ ਜ਼ਿੰਮੇਵਾਰੀ ਮੁੱਖ ਹੈ। ਮੁੱਖ ਤੌਰ 'ਤੇ ਇਹੀ ਲੋਕ ਹਾਲਾਤ ਦੇ ਵਿਗਾੜ ਦੇ ਵੀ ਜ਼ਿੰਮੇਵਾਰ ਹਨ ਪਰ ਜੇ ਲੋਕ ਸੁਚੇਤ ਹੋਣ ਤਾਂ ਨੇਤਾਵਾਂ ਨੂੰ ਵੀ ਸਬਕ ਸਿਖਾਇਆ ਜਾ ਸਕਦਾ ਹੈ ਤੇ ਸਿੱਧੇ ਰਸਤੇ 'ਤੇ ਲਿਆਂਦਾ ਜਾ ਸਕਦਾ ਹੈ।

# ਫਲਸਤੀਨ 'ਤੇ ਹਮਲੇ ਬੰਦ ਹੋਣ

ਹਮਾਸ ਵੱਲੋਂ 7 ਅਕਤੂਬਰ 2023 ਨੂੰ ਅਚਾਨਕ 1200 ਇਜ਼ਰਾਈਲੀ ਨਾਗਰਿਕਾਂ ਨੂੰ ਮਾਰ ਦੇਣ ਤੋਂ ਬਾਅਦ ਸ਼ੁਰੂ ਹੋਈ ਇਜ਼ਰਾਈਲ-ਹਮਾਸ ਦੀ ਲੜਾਈ ਦੇ ਤਿੰਨ ਮਹੀਨੇ ਬਾਅਦ ਵੀ ਇਜ਼ਰਾਈਲੀ ਫ਼ੌਜ ਨੇ ਗਾਜ਼ਾ ਦੇ ਸ਼ਰਨਾਰਥੀ ਕੈਂਪਾਂ ਸਮੇਤ ਨਾਗਰਿਕ ਨਿਵਾਸਾਂ 'ਤੇ ਬੰਬਾਰੀ ਜਾਰੀ ਰੱਖੀ ਹੋਈ ਹੈ। ਇਸ ਕਰ ਕੇ ਗਾਜ਼ਾ ਦੀ 85 ਫੀਸਦੀ ਆਬਾਦੀ ਨੂੰ ਘਰ ਛੱਡਣ ਲਈ ਮਜਬੂਰ ਹੋਣਾ ਪਿਆ ਹੈ। ਇਜ਼ਰਾਈਲ ਦੇ ਪ੍ਰਧਾਨ ਮੰਤਰੀ ਨੇਤਨਯਾਹੂ ਨੇ ਐਲਾਨ ਕੀਤਾ ਹੈ ਕਿ ਇਹ ਯੁੱਧ ਕਈ ਮਹੀਨਿਆਂ ਤੱਕ ਜਾਰੀ ਰਹੇਗਾ ਕਿਉਂਕਿ ਇਹ ਹਮਾਸ ਦਾ ਖ਼ਾਤਮਾ ਕਰ ਕੇ ਹੀ ਖ਼ਤਮ ਹੋਵੇਗਾ ਜਦਕਿ ਗਾਜ਼ਾ ਦੇ ਸਿਹਤ ਮੰਤਰਾਲੇ ਅਨੁਸਾਰ

**ਪ੍ਰੋ. ਸੁਖਦੇਵ ਸਿੰਘ**
ਫੋਨ: +91-94642-25655

ਗਾਜ਼ਾ ਪੱਟੀ ਵਿਚ 7 ਅਕਤੂਬਰ ਤੋਂ ਸ਼ੁਰੂ ਹੋਈ ਲੜਾਈ ਵਿਚ ਪਹਿਲਾਂ ਹੀ 21,978 ਲੋਕ ਮਾਰੇ ਗਏ ਹਨ ਅਤੇ 56,967 ਲੋਕ ਜ਼ਖ਼ਮੀ ਹੋ ਗਏ ਹਨ।

ਹਮਾਸ ਬੇਸ਼ੱਕ ਇਸਲਾਮੀ ਅਤਿਵਾਦੀ ਸਮੂਹ ਹੈ ਜਿਸ ਨੂੰ ਇਰਾਨ ਅਤੇ ਖ਼ਿੱਤੇ ਦੀਆਂ ਕੁਝ ਹੋਰ ਤਾਕਤਾਂ ਦਾ ਸਮਰਥਨ ਪ੍ਰਾਪਤ ਹੈ ਅਤੇ ਇਸ ਵੱਲੋਂ ਆਮ ਇਜ਼ਰਾਈਲੀ ਨਾਗਰਿਕਾਂ 'ਤੇ ਹਮਲਾ ਨਾਜਾਇਜ਼ ਹੈ ਪਰ ਇਜ਼ਰਾਈਲੀ ਫ਼ੌਜ ਵੱਲੋਂ ਫਲਸਤੀਨੀ ਨਾਗਰਿਕਾਂ, ਗਾਜ਼ਾ ਦੇ ਬੁਨਿਆਦੀ ਢਾਂਚੇ, ਰਿਹਾਇਸ਼ਾਂ, ਗਾਜ਼ਾ ਦੇ ਕੁਦਰਤੀ ਵਾਤਾਵਰਨ, ਸਰੋਤਾਂ ਅਤੇ ਜੈਵਿਕ ਵਿਭਿੰਨਤਾ ਨੂੰ ਬੇਰਹਿਮੀ ਨਾਲ ਤਬਾਹ ਕਰਨਾ ਤਾਂ ਮੁੱਢੋਂ ਹੀ ਗ਼ਲਤ ਹੈ। ਹਮਾਸ ਨੂੰ ਖ਼ਤਮ ਕਰਨ ਦੇ ਨਾਂ 'ਤੇ ਬੇਰਹਿਮੀ ਨਾਲ ਫਲਸਤੀਨੀ ਖ਼ਿੱਤੇ ਅਤੇ ਇੱਥੋਂ ਦੀ ਨਿਰਦੋਸ਼ ਆਬਾਦੀ ਨੂੰ ਹਮਲੇ ਦਾ ਨਿਸ਼ਾਨਾ ਬਣਾਉਣਾ ਠੀਕ ਨਹੀਂ ਹੈ।

ਇਜ਼ਰਾਈਲੀ ਫ਼ੌਜ ਅਤੇ ਸੱਤਾਧਾਰੀ ਸਿਆਸੀ ਲੀਡਰਸ਼ਿਪ ਆਪਣਾ ਗੁੱਸਾ ਉਨ੍ਹਾਂ ਲੋਕਾਂ 'ਤੇ ਕੱਢ ਰਹੀ ਹੈ ਜਿਨ੍ਹਾਂ ਦਾ ਕਸੂਰ ਇਹ ਹੈ ਕਿ 9 ਅਕਤੂਬਰ ਨੂੰ 1200 ਇਜ਼ਰਾਈਲੀ ਨਾਗਰਿਕਾਂ ਦੇ ਮਾਰੇ ਜਾਣ ਤੋਂ ਬਾਅਦ ਹਮਾਸ ਦੇ ਸਿਪਾਹੀ ਗਾਜ਼ਾ ਪੱਟੀ ਵਿਚ ਲੁਕੇ ਰਹੇ ਅਤੇ ਫਲਸਤੀਨੀ ਨਾਗਰਿਕਾਂ ਨੇ ਉਨ੍ਹਾਂ ਨੂੰ ਲੁਕਣ ਦਿੱਤਾ। ਜੇ ਇਹ ਵੀ ਮੰਨ ਲਿਆ ਜਾਵੇ ਕਿ ਫਲਸਤੀਨੀ ਨਾਗਰਿਕ ਹਮਾਸ ਦੇ ਦੁਸ਼ਮਣ ਨਹੀਂ ਹਨ ਤਾਂ ਵੀ ਇਸ ਦਾ ਇਹ ਮਤਲਬ ਨਹੀਂ ਕੱਢਿਆ ਜਾ ਸਕਦਾ ਕਿ ਉਹ ਇਜ਼ਰਾਈਲੀ ਆਬਾਦੀ ਨੂੰ ਮਾਰ ਦੇਣ ਦੇ ਹਮਾਇਤੀ ਹਨ। ਉਹ ਮਨ ਵਿਚ ਇਜ਼ਰਾਈਲੀ ਪ੍ਰਸ਼ਾਸਨ ਨੂੰ ਇਤਿਹਾਸਕ ਕਾਰਨਾਂ ਕਰਕੇ ਨਾਪਸੰਦ ਕਰਦੇ ਵੀ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਹਮਲੇ ਲਈ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ। ਹਾਂ, ਫਲਸਤੀਨੀਆਂ ਦਾ ਇਜ਼ਰਾਈਲੀ ਪ੍ਰਸ਼ਾਸਨ ਪ੍ਰਤੀ ਗੁੱਸਾ ਅਤੇ ਹਮਾਸ ਦੁਆਰਾ ਹਮਲਾ ਸੰਦਰਭ ਤੋਂ ਸੱਖਣਾ ਨਹੀਂ ਹੈ।

ਹਮਾਸ ਦੁਆਰਾ ਹਮਲੇ ਦੇ ਸੰਦਰਭ ਦਾ ਜ਼ਿਕਰ ਕਰਦੇ ਹੋਏ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਦੀ ਇਜ਼ਰਾਈਲੀ ਯੁੱਧ ਰੋਕਣ ਦੀ ਅਪੀਲ ਬਿਲਕੁਲ ਸਹੀ ਹੈ: "ਫਲਸਤੀਨੀ ਲੋਕਾਂ ਨੂੰ 56 ਸਾਲਾਂ ਤੋਂ ਬੁਰੀ ਤਰ੍ਹਾਂ ਦਬਾਇਆ ਗਿਆ ਹੈ। ਉਨ੍ਹਾਂ ਨੇ ਆਪਣੇ ਖ਼ਿੱਤੇ ਨੂੰ ਹਿੰਸਾਗ੍ਰਸਤ ਅਤੇ ਆਪਣੀ ਜ਼ਮੀਨ ਨੂੰ ਬਸਤੀਵਾਦੀਆਂ ਦੁਆਰਾ ਹੜੱਪ ਹੁੰਦੇ ਦੇਖਿਆ ਹੈ; ਉਨ੍ਹਾਂ ਦਾ ਅਰਥਚਾਰਾ ਠੱਪ ਹੋ ਗਿਆ ਹੈ; ਉਨ੍ਹਾਂ ਦੇ ਲੋਕ ਉਜਾੜੇ ਅਤੇ ਘਰ ਢਾਹ ਦਿੱਤੇ ਗਏ ਹਨ। ਉਨ੍ਹਾਂ ਨੂੰ ਆਪਣੀ ਦੁਰਦਸ਼ਾ ਦੇ ਸਿਆਸੀ ਹੱਲ ਦੀਆਂ ਉਮੀਦਾਂ ਖ਼ਤਮ ਹੋ ਗਈਆਂ ਲੱਗਦੀਆਂ ਹਨ।"

ਯੁੱਧ ਵਿਚ ਫਲਸਤੀਨੀ ਆਬਾਦੀ ਦੀ ਸ਼ਮੂਲੀਅਤ ਭਾਵੇਂ ਕਿਸੇ ਵੀ ਪੈਮਾਨੇ 'ਤੇ ਹੋਵੇ, ਉੱਥੋਂ ਦੇ ਨਿਵਾਸੀ ਹੋਣ ਕਰ ਕੇ ਅਣਇੱਛਤ ਅਤੇ ਮਜ਼ਲੂਮਾਂ ਵਾਲੀ ਹੈ। ਵਿਅਕਤੀਗਤ ਤੌਰ 'ਤੇ ਉਹ ਨਾ ਤਾਂ ਹਮਾਸ ਦਾ ਵਿਰੋਧ ਕਰ ਸਕਦੇ ਹਨ ਅਤੇ ਨਾ ਹੀ ਕਿਸੇ ਫ਼ੌਜ ਦਾ ਵਿਰੋਧ ਕਰ ਸਕਦੇ ਹਨ; ਅਜਿਹੀ ਸਥਿਤੀ ਵਿਚ ਆਮ ਨਾਗਰਿਕ ਦੋਵਾਂ ਪਾਸਿਆਂ ਤੋਂ ਦਬਾਅ ਹੇਠ ਰਹਿੰਦੇ ਹਨ। ਉੱਤਰੀ ਗਾਜ਼ਾ ਵਿਚੋਂ ਹਮਾਸ ਅਤਿਵਾਦੀਆਂ ਨੂੰ ਬਾਹਰ ਕੱਢਣ ਅਤੇ ਨਸ਼ਟ ਕਰਨ ਲਈ ਇਜ਼ਰਾਈਲੀ ਬਲਾਂ ਦੇ ਹਮਲੇ ਅਤੇ ਉੱਤਰੀ ਗਾਜ਼ਾ ਦੇ ਫਲਸਤੀਨੀ ਨਿਵਾਸੀਆਂ ਨੂੰ ਦੱਖਣੀ ਗਾਜ਼ਾ ਵੱਲ ਭੱਜ ਜਾਣ ਦੀ ਚਿਤਾਵਨੀ ਕਾਰਨ ਆਪਣੇ ਘਰ ਛੱਡ ਕੇ ਸ਼ਰਨਾਰਥੀ ਕੈਂਪਾਂ, ਆਸਰਾ ਘਰਾਂ ਅਤੇ ਇਜ਼ਰਾਈਲੀ ਦੁਆਰਾ ਨਿਰਧਾਰਤ ਸੁਰੱਖਿਅਤ ਥਾਵਾਂ 'ਤੇ ਜਾਣਾ ਪਿਆ ਹੈ ਪਰ ਇਜ਼ਰਾਈਲੀ ਫ਼ੌਜੀ ਬਲਾਂ ਵੱਲੋਂ ਇਨ੍ਹਾਂ ਥਾਵਾਂ ਨੂੰ ਵੀ ਬੰਬਾਰੀ ਦਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

ਇਸ ਯੁੱਧ ਵਿਚ ਇਜ਼ਰਾਈਲੀ ਫ਼ੌਜ ਕਿਸੇ ਨੂੰ ਵੀ ਨਹੀਂ ਬਖ਼ਸ਼ ਰਹੀ। ਉਨ੍ਹਾਂ ਨੇ ਬੰਧਕਾਂ ਨੂੰ ਮਾਰ ਮੁਕਾਇਆ ਹੈ, ਪੱਤਰਕਾਰਾਂ ਅਤੇ ਫੋਟੋਗ੍ਰਾਫਰਾਂ 'ਤੇ ਹਮਲੇ ਕੀਤੇ ਹਨ। ਗਾਜ਼ਾ ਵਿਚ ਸੰਯੁਕਤ ਰਾਸ਼ਟਰ ਵੱਲੋਂ ਮਾਨਵਤਾਵਾਦੀ ਸਹਾਇਤਾ ਲੈ ਕੇ ਜਾ ਰਹੇ ਟਰੱਕਾਂ 'ਤੇ ਹਮਲੇ ਕੀਤੇ ਹਨ ਜਿਸ ਨਾਲ ਮਨੁੱਖੀ ਸਹਾਇਤਾ ਲਈ ਰਾਹਤ ਸਮੱਗਰੀ ਪਹੁੰਚਾਉਣ ਵਿਚ ਰੁਕਾਵਟ ਪੈਦਾ ਹੋ ਰਹੀ ਹੈ। ਫਲਸਤੀਨੀ ਰਿਹਾਇਸ਼ ਵਾਲੇ ਇਸ ਖੇਤਰ ਵਿਚ ਭੋਜਨ, ਪਾਣੀ, ਦਵਾਈਆਂ ਅਤੇ ਬਿਜਲੀ ਦੀ ਕਮੀ ਹੋ ਗਈ ਹੈ। ਸੰਯੁਕਤ ਰਾਸ਼ਟਰ ਸਹਾਇਤਾ ਟੀਮ ਨੂੰ 'ਮਹੱਤਵਪੂਰਨ ਸੁਰੱਖਿਆ ਮੁਸ਼ਕਿਲਾਂ' ਪੇਸ਼ ਆ ਰਹੀਆਂ ਹਨ। ਉਹ ਸੰਯੁਕਤ ਰਾਸ਼ਟਰ ਦੀਆਂ ਰਾਹਤ ਟੀਮਾਂ 'ਤੇ ਨਾ ਸਿਰਫ਼ ਇਸ ਲਈ ਹਮਲਾ ਕਰਦੇ ਹਨ ਕਿ ਉਹ ਨਹੀਂ ਚਾਹੁੰਦੇ ਫਲਸਤੀਨੀਆਂ ਨੂੰ ਕੋਈ ਰਾਹਤ ਸਮੱਗਰੀ ਮਿਲੇ ਸਗੋਂ ਇਸ ਲਈ ਵੀ ਕਿ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਇਜ਼ਰਾਈਲ ਵੱਲੋਂ ਫਲਸਤੀਨੀ ਖ਼ਿੱਤੇ ਵਿਚ ਅਜਿਹੇ ਯੁੱਧ ਦਾ ਸਮਰਥਨ ਨਹੀਂ ਕਰਦੇ ਹਨ।

ਇਜ਼ਰਾਈਲ ਉੱਤੇ 'ਗਾਜ਼ਾ ਵਿਚ ਫਲਸਤੀਨੀ ਲੋਕਾਂ ਵਿਰੁੱਧ ਨਸਲਕੁਸ਼ੀ ਦੀਆਂ ਕਾਰਵਾਈਆਂ ਕਰਨ' ਦਾ ਦੋਸ਼ ਲਗਾਉਂਦੇ ਹੋਏ ਦੱਖਣੀ ਅਫ਼ਰੀਕਾ ਨੇ ਅੰਤਰਰਾਸ਼ਟਰੀ ਅਦਾਲਤ ਵਿਚ ਪਹੁੰਚ ਕੀਤੀ ਹੈ। ਸੰਯੁਕਤ ਰਾਸ਼ਟਰ ਵਿਚ ਬ੍ਰਿਟਿਸ਼ ਰਾਜਦੂਤ ਨੇ ਕਿਹਾ ਹੈ: "ਜੇ ਅਸੀਂ ਇਸ ਮਨੁੱਖੀ ਅਤੇ ਮਨੁੱਖਤਾਵਾਦੀ ਤਬਾਹੀ ਨੂੰ ਰੋਕਣ ਲਈ ਕੁਝ ਨਹੀਂ ਕਰਦੇ ਤਾਂ ਫ਼ੌਜੀ ਹਮਲਿਆਂ, ਬਿਮਾਰੀਆਂ ਅਤੇ ਭੁੱਖਮਰੀ ਕਰਕੇ ਹੋਰ ਬਹੁਤ ਲੋਕ ਮਰ ਜਾਣਗੇ।" ਭਾਰਤ ਸਮੇਤ ਬਹੁਤੇ ਹੋਰ ਦੇਸ਼ਾਂ ਨੇ ਜੰਗ ਛੱਡ ਕੇ ਮਸਲੇ ਨੂੰ ਸ਼ਾਂਤੀਪੂਰਕ ਹੱਲ ਕਰਨ ਦਾ ਸਮਰਥਨ ਕੀਤਾ ਹੈ।

ਇਜ਼ਰਾਈਲ ਦੇ ਪ੍ਰਧਾਨ ਮੰਤਰੀ ਨੇਤਨਯਾਹੂ ਨੇ ਜੰਗਬੰਦੀ ਦੀ ਅੰਤਰਰਾਸ਼ਟਰੀ ਮੰਗ ਨੂੰ ਰੱਦ ਕਰਦੇ ਹੋਏ ਕਿਹਾ ਹੈ, "ਅਸੀਂ ਨਹੀਂ ਰੁਕਾਂਗੇ। ਜੰਗ ਉਦੋਂ ਤੱਕ ਜਾਰੀ ਰਹੇਗੀ, ਜਦੋਂ ਤੱਕ ਅਸੀਂ ਹਮਾਸ ਨੂੰ ਮਿਟਾ ਨਹੀਂ ਦਿੰਦੇ।"

ਦੂਜੇ ਪਾਸੇ ਇਜ਼ਰਾਈਲੀ ਲੀਡਰਸ਼ਿਪ ਅਤੇ ਫ਼ੌਜ ਨੂੰ ਅਮਰੀਕਾ ਵੱਲੋਂ ਖੁੱਲ੍ਹੀ ਅਤੇ ਬੇਰੋਕ ਅਸਲੇ ਦੀ ਮਦਦ ਅਤੇ ਰਾਜਨੀਤਕ ਸਮਰਥਨ ਕਰ ਕੇ ਇਜ਼ਰਾਈਲ ਪੂਰੇ ਰੋਹ ਵਿਚ ਹੈ। ਅਮਰੀਕੀ ਸਰਕਾਰ ਨੇ ਸੰਯੁਕਤ ਰਾਸ਼ਟਰ ਦੇ ਗਾਜ਼ਾ ਵਿਚ ਫ਼ੌਰੀ ਜੰਗਬੰਦੀ ਵਾਲੇ ਮਤੇ ਨੂੰ ਵੀਟੋ ਕਰ ਕੇ ਅਤੇ ਦੋ ਵਾਰ ਪਹਿਲਾਂ 9 ਦਸੰਬਰ ਨੂੰ ਟੈਂਕ ਗੋਲਾ ਬਾਰੂਦ ਦੀ 106 ਮਿਲੀਅਨ ਡਾਲਰ ਅਤੇ ਫਿਰ 30 ਦਸੰਬਰ ਨੂੰ 155 ਐਮ.ਐਮ. ਤੋਪਖਾਨੇ ਦੇ ਗੋਲੇ ਅਤੇ ਹੋਰ ਸਾਜ਼ੋ-ਸਾਮਾਨ ਦੀ 147.5 ਮਿਲੀਅਨ ਡਾਲਰ ਦੀ ਵਿਕਰੀ ਨੂੰ ਮਨਜ਼ੂਰੀ ਦੇ ਕੇ ਇਜ਼ਰਾਈਲ ਵੱਲੋਂ ਗਾਜ਼ਾ ਵਿਚ ਯੁੱਧ ਨੂੰ ਹੋਰ ਭਖਾਇਆ ਹੈ।

ਅਮਰੀਕੀ ਪ੍ਰਸ਼ਾਸਨ ਨੇ ਆਪਣੇ ਵੱਲੋਂ ਇਜ਼ਰਾਈਲ ਨੂੰ ਹਥਿਆਰਾਂ ਦੀ ਵਿਕਰੀ ਜਾਇਜ਼ ਠਹਿਰਾਉਂਦੇ ਹੋਏ ਕਿਹਾ ਹੈ: "ਸੰਯੁਕਤ ਰਾਸ਼ਟਰ ਇਜ਼ਰਾਈਲ ਦੀ ਸੁਰੱਖਿਆ ਲਈ ਵਚਨਬੱਧ ਹੈ ਅਤੇ ਇੱਕ ਮਜ਼ਬੂਤ ਸਵੈ-ਰੱਖਿਆ ਸਮਰੱਥਾ ਨੂੰ ਵਿਕਸਤ ਕਰਨ ਅਤੇ ਕਾਇਮ ਰੱਖਣ ਲਈ ਇਜ਼ਰਾਈਲ ਦੀ ਸਹਾਇਤਾ ਕਰਨਾ ਅਮਰੀਕੀ ਰਾਸ਼ਟਰੀ ਹਿੱਤਾਂ ਲਈ ਮਹੱਤਵਪੂਰਨ ਹੈ।"

ਹਾਲਾਂਕਿ ਅਮਰੀਕੀ ਕੂਟਨੀਤਕ ਨੀਤੀ ਗਾਜ਼ਾ ਵਿਚ ਇਜ਼ਰਾਈਲ ਦੇ ਸੰਪੂਰਨ ਕੰਟਰੋਲ ਵਾਲੀ ਇੱਛਾ ਨਾਲ ਮੇਲ ਨਹੀਂ ਖਾਂਦੀ, ਫਿਰ ਵੀ ਅਮਰੀਕੀ ਸਰਕਾਰ ਯੁੱਧ ਜਾਰੀ ਰੱਖਣ ਲਈ ਇਜ਼ਰਾਈਲ ਨੂੰ ਗੋਲਾ-ਬਾਰੂਦ ਵੇਚ ਰਹੀ ਹੈ। ਇਸ ਤੋਂ ਸਪੱਸ਼ਟ ਹੈ ਕਿ ਅਮਰੀਕੀ ਸਮਰਥਨ ਇਜ਼ਰਾਈਲ ਪ੍ਰਤੀ ਵਚਨਬੱਧਤਾ ਨਾਲੋਂ ਜ਼ਿਆਦਾ ਇਸ ਦੇ ਭੂ-ਰਾਜਨੀਤਕ ਅਤੇ ਯੁੱਧ ਦੇ ਕਾਰੋਬਾਰੀ ਹਿੱਤਾਂ ਵੱਲ ਸੇਧਤ ਹੈ। ਇਜ਼ਰਾਈਲੀ ਪ੍ਰਧਾਨ ਮੰਤਰੀ ਨੇਤਨਯਾਹੂ ਹਮਾਸ ਨੂੰ ਖ਼ਤਮ ਕਰਨ ਤੋਂ ਬਾਅਦ ਗਾਜ਼ਾ ਦੇ ਸ਼ਾਸਨ ਵਿਚ ਕਿਸੇ ਵੀ ਫਲਸਤੀਨੀ ਸੰਸਥਾ ਲਈ ਕਿਸੇ ਵੀ ਭੂਮਿਕਾ ਤੋਂ ਇਨਕਾਰੀ ਹੈ ਅਤੇ ਉਹ ਸੰਪੂਰਨ ਇਜ਼ਰਾਈਲੀ ਅਖ਼ਤਿਆਰ ਚਾਹੁੰਦਾ ਹੈ ਜਦਕਿ ਅਮਰੀਕਾ ਦੀ ਫਲਸਤੀਨ ਸਬੰਧੀ ਐਲਾਨੀ ਪਹੁੰਚ ਇਸ ਨਾਲ ਮੇਲ ਨਹੀਂ ਖਾਂਦੀ। ਅਜਿਹੇ ਹਾਲਾਤ ਵਿਚ ਅਮਰੀਕਾ ਦੇ ਗੋਲਾ-ਬਾਰੂਦ ਵਪਾਰ ਅਤੇ ਦੂਜੇ ਦੇਸ਼ਾਂ ਨੂੰ ਜੰਗ ਲਈ ਹੱਲਾਸ਼ੇਰੀ ਨਾਲ ਕਮਜ਼ੋਰ ਕਰਨ ਦੇ ਹਿੱਤ ਤਾਂ ਪੂਰੇ ਹੋ ਸਕਦੇ ਹਨ ਪਰ ਦੂਜੇ ਪਾਸੇ ਯੁੱਧ ਵਿਚ ਲਿਬਨਾਨ, ਸੀਰੀਆ ਅਤੇ ਇਰਾਨ ਆਦਿ ਦੇ ਸਿੱਧੇ ਸ਼ਾਮਲ ਹੋ ਜਾਣ ਨਾਲ ਬਹੁ-ਮੁਹਾਜ਼ੀ ਭਿਆਨਕ ਜੰਗ ਛਿੜ ਸਕਦੀ ਹੈ। ਇਸ ਤੋਂ ਪਹਿਲਾਂ ਕਿ ਅਜਿਹਾ ਹੋਵੇ, ਮਨੁੱਖਤਾਵਾਦੀ ਕਦਰਾਂ-ਕੀਮਤਾਂ ਅਤੇ ਸ਼ਾਂਤੀ ਦਾ ਸਮਰਥਨ ਕਰਨ ਵਾਲੇ ਸਾਰੇ ਲੋਕਾਂ ਨੂੰ ਗਾਜ਼ਾ ਵਿਚ ਜੰਗਬੰਦੀ ਅਤੇ ਮਜ਼ਬੂਤ ਦੋ-ਮੁਲਕੀ ਹੱਲ ਨੂੰ 'ਟਿਕਾਊ ਸ਼ਾਂਤੀ ਦੇ ਇੱਕੋ ਇੱਕ ਮਾਰਗ' ਲਈ ਖੜ੍ਹੇ ਹੋਣਾ ਚਾਹੀਦਾ ਹੈ।

# ਵਰਕੇ ਖਿਲਰੇ ਤੇਰੀ ਕਿਤਾਬ ਦੇ: ਬਾਬਾ ਭਕਨਾ ਦੀ ਕਮਾਈ

***'ਪੰਜਾਬੀ ਟ੍ਰਿਬਿਊਨ' ਦੇ ਸੰਪਾਦਕ ਵਜੋਂ ਸਵਰਾਜਬੀਰ ਦਾ ਕਾਰਜਕਾਲ ਬੇਹੱਦ ਚਰਚਿਤ ਰਿਹਾ। ਇਤਿਹਾਸਕ ਕਿਸਾਨ ਅੰਦੋਲਨ ਦੌਰਾਨ 'ਪੰਜਾਬੀ ਟ੍ਰਿਬਿਊਨ' ਦੀ ਭੂਮਿਕਾ ਮਹੱਤਵਪੂਰਨ ਹੋ ਨਿੱਬੜੀ। ਪਿਛਲੇ ਸਵਾ ਪੰਜ ਸਾਲਾਂ ਦੌਰਾਨ ਉਨ੍ਹਾਂ ਆਪਣੀਆਂ ਲਿਖਤਾਂ ਰਾਹੀਂ ਪੰਜਾਬੀ ਦੇ ਬੌਧਿਕ ਤਬਕੇ ਵਿਚ ਖੂਬ ਹਲਚਲ ਮਚਾਈ ਰੱਖੀ। ਆਪਣੇ ਪਾਠਕਾਂ ਲਈ ਅਸੀਂ ਉਨ੍ਹਾਂ ਦੀਆਂ ਦੋ ਰਚਨਾਵਾਂ ਛਾਪ ਰਹੇ ਹਾਂ।***

ਉਹ ਲੜੇ
ਕਿ ਕੁਝ ਤਾਂ ਜਿਊਂਦਾ ਰਹੇ
ਖੇਤਾਂ ਤੇ ਪਾਣੀਆਂ ਦਾ ਮਿਲਣ
ਹਾਲੀਆਂ ਦੀ ਹਿੱਕਾਂ 'ਚ
ਸਰਘੀਆਂ ਦਾ ਮਿਰਜ਼ਾ ਬਣ ਫੈਲਦਾ ਰਹੇ।
ਬੱਚਿਆਂ ਦੇ ਗੁਲਾਬ-ਪੋਟਿਆਂ 'ਚ
ਮਚਲਦੇ ਰਹਿਣ
ਛੋਟੇ ਛੋਟੇ ਅੱਖਰ।
ਉਨ੍ਹਾਂ ਨੇ ਸਿਆੜਾਂ ਤੇ ਪੈੜਾਂ ਨੂੰ
ਨਵਾਂ ਤਾਅ ਦਿੱਤਾ
ਮੁਸਾਫਰਾਂ ਨੂੰ ਦੱਸਿਆ
ਨੇਹੁੰ ਦੀਆਂ ਲੁੱਡਣ-ਬੇੜੀਆਂ ਦਾ ਪਤਾ

**ਸਵਰਾਜਬੀਰ**


ਹਾਂ, ਉਨ੍ਹਾਂ ਨੇ
ਜੋ ਲੜੇ

ਪਿਛਲੀ ਸਦੀ ਦਮਨ ਤੇ ਜਬਰ ਵਿਰੁੱਧ ਲੜਨ ਵਾਲੇ ਪੰਜਾਬੀਆਂ 'ਚੋਂ ਬਾਬਾ ਸੋਹਨ ਸਿੰਘ ਭਕਨਾ ਦਾ ਨਾਂ ਸਭ ਤੋਂ ਮੂਹਰਲੀ ਸਫ਼ ਵਿਚ ਹੈ। ਅੱਜ ਕੌਣ ਸੋਚ ਸਕਦਾ ਹੈ ਕਿ ਕੋਈ ਅਮਰੀਕਾ ਦੀ ਸੁਪਨਿਆਂ ਭਰੀ ਜ਼ਿੰਦਗੀ ਨੂੰ ਛੱਡ ਕੇ ਆਪਣੀ ਭੋਇੰ ਵੱਲ ਮੁਹਾਰਾਂ ਮੋੜੇ ਤੇ ਹੱਕ-ਸੱਚ ਦੀ ਲੜਾਈ ਲੜੇ ਪਰ ਇਸ ਮਹਾਂ ਮਨੁੱਖ ਨੇ ਉਹ ਲੜਾਈ ਲੜੀ, ਅਜਿਹੀ ਪਾਰਟੀ ਬਣਾਈ ਜਿਸ ਦੇ ਕਹੇ 'ਤੇ ਹਜ਼ਾਰਾਂ ਪੰਜਾਬੀ ਹਿੰਦੋਸਤਾਨ ਦੀ ਆਜ਼ਾਦੀ ਲਈ ਲੜਨ ਵਤਨ ਪਰਤੇ, ਕੁਰਬਾਨੀਆਂ ਦਿੱਤੀਆਂ, ਫਾਂਸੀਆਂ 'ਤੇ ਚੜ੍ਹੇ, ਕਾਲੇ ਪਾਣੀ ਵਿਚ ਕੈਦਾਂ ਕੱਟੀਆਂ, ਜਾਇਦਾਦਾਂ ਕੁਰਕ ਕਰਵਾਈਆਂ ਤੇ ਹੋਰ ਕੁਰਬਾਨੀਆਂ ਦਿੱਤੀਆਂ। ਜਿਹੜੀ ਪਾਰਟੀ ਉਨ੍ਹਾਂ ਨੇ ਬਣਾਈ, ਉਸ ਦਾ ਨਾਂ ਗ਼ਦਰ ਪਾਰਟੀ ਸੀ ਤੇ ਉਸ ਦੇ ਪ੍ਰਧਾਨ ਸਨ ਬਾਬਾ ਸੋਹਣ ਸਿੰਘ ਭਕਨਾ।

ਗ਼ਦਰ ਪਾਰਟੀ ਮਾਰਚ 1913 ਵਿਚ ਹੋਂਦ ਵਿਚ ਆਈ (ਇਸ ਦਾ ਨਾਂ ਹਿੰਦੀ ਐਸੋਸੀਏਸ਼ਨ ਸੀ) ਤੇ ਇਸ ਦੇ ਪਹਿਲੇ ਅਹੁਦੇਦਾਰ ਇਹ ਸਨ: ਪ੍ਰਧਾਨ ਸੋਹਣ ਸਿੰਘ ਭਕਨਾ, ਮੀਤ ਪ੍ਰਧਾਨ ਬਾਬਾ ਕੇਸਰ ਸਿੰਘ ਠੱਠਗੜ੍ਹ, ਜਰਨਲ ਸਕੱਤਰ ਲਾਲਾ ਹਰਦਿਆਲ, ਜੁਆਇੰਟ ਸਕੱਤਰ ਕਰੀਮ ਬਖ਼ਸ਼ ਤੇ ਮੁਣਸ਼ੀ ਰਾਮ, ਖ਼ਜ਼ਾਨਚੀ ਪੰਡਤ ਕਾਂਸ਼ੀ ਰਾਮ ਅਤੇ ਨਾਇਬ ਖ਼ਜ਼ਾਨਚੀ ਬਾਬਾ ਹਰਨਾਮ ਸਿੰਘ ਟੁੰਡੀਲਾਟ। ਪਹਿਲੀ ਨਵੰਬਰ 1913 ਤੋਂ ਪਾਰਟੀ ਨੇ ਗ਼ਦਰ ਅਖ਼ਬਾਰ ਸ਼ੁਰੂ ਕੀਤਾ ਜਿਸ ਨੂੰ ਛਾਪਣ ਦੀ ਜ਼ਿੰਮੇਵਾਰੀ ਨੌਜਵਾਨ ਕਰਤਾਰ ਸਿੰਘ ਸਰਾਭਾ ਨੇ ਲਈ, ਗ਼ਦਰ ਪਾਰਟੀ ਦੇ ਇਕ ਕਿਤਾਬਚੇ 'ਚ ਇਹ ਐਲਾਨ ਹੈ- "ਇਹ ਕਾਗਦ ਨਹੀਂ ਲੜਾਈ ਦਾ ਝੰਡਾ ਹੈ।" ਬਾਅਦ ਵਿਚ ਪਾਰਟੀ ਦਾ ਨਾਂ ਗ਼ਦਰ/ਹਿੰਦੋਸਤਾਨ ਗ਼ਦਰ ਅਖ਼ਬਾਰ ਦੇ ਨਾਂ 'ਤੇ ਹੀ ਗ਼ਦਰ ਪਾਰਟੀ ਪ੍ਰਸਿੱਧ ਹੋ ਗਿਆ।

ਬਾਬਾ ਸੋਹਣ ਸਿੰਘ ਭਕਨਾ ਦਾ ਜਨਮ 4 ਜਨਵਰੀ 1870 ਨੂੰ ਹੋਇਆ ਅਤੇ ਰੁਜ਼ਗਾਰ ਦੀ ਭਾਲ ਵਿਚ ਉਹ 1909 ਵਿਚ ਅਮਰੀਕਾ ਚਲੇ ਗਏ। 20ਵੀਂ ਸਦੀ ਦੇ ਸ਼ੁਰੂ ਵਿਚ ਪੰਜਾਬੀਆਂ ਦੇ ਪਰਵਾਸ ਕਾਰਨਾਂ ਨੂੰ ਬਿਆਨ ਕਰਦਿਆਂ ਬਾਬਾ ਸੋਹਣ ਸਿੰਘ ਭਕਨਾ ਲਿਖਦੇ ਹਨ, "ਵੀਹਵੀਂ ਸਦੀ ਦੇ ਸ਼ੁਰੂ ਤਕ ਸਗੋਂ ਇਸ ਤੋਂ ਵੀ ਪਹਿਲਾਂ, ਪੰਜਾਬੀ ਕਿਸਾਨ ਦੀ ਆਰਥਿਕ ਹਾਲਤ ਮਾਲੀਏ ਤੇ ਕਰਜ਼ੇ ਕਰ ਕੇ ਨਿਹਾਇਤ ਖ਼ਰਾਬ ਹੋ ਚੁੱਕੀ ਸੀ। ਵਾਹਕ ਜ਼ਮੀਨ, ਜਿਸ 'ਤੇ ਉਹਦੀ ਜ਼ਿੰਦਗੀ ਦਾ ਦਾਰੋਮਦਾਰ ਸੀ, ਬਹੁਤੀ ਮਲਕੀਅਤ ਸ਼ਾਹੂਕਾਰਾਂ ਤੇ ਵੱਡੇ ਜ਼ਿਮੀਂਦਾਰਾਂ ਦੇ ਹੱਥ ਜਾ ਚੁੱਕੀ ਸੀ। ਕਿਸਾਨ ਰੋਟੀ ਰੋਜ਼ੀ ਮਹਿਦੂਦ ਹੋ ਚੁੱਕੇ ਸਨ। ਹੁਣ ਇਹੀ ਹੋ ਸਕਦਾ ਸੀ ਕਿ ਆਪਣਾ ਤੇ ਆਪਣੇ ਬਾਲ-ਬੱਚਿਆਂ ਦਾ ਪੇਟ ਪਾਲਣ ਲਈ ਗ਼ੈਰ-ਮੁਲਕਾਂ ਦੇ ਦਰਵਾਜ਼ੇ ਖੜਕਾਉਣ। ਉਨ੍ਹੀਂ ਦਿਨੀਂ ਹਾਲੇ ਪਾਸਪੋਰਟ ਦਾ ਕਾਨੂੰਨ ਲਾਗੂ ਨਹੀਂ ਹੋਇਆ ਸੀ। ਇਸ ਲਈ ਪੰਜਾਬੀ ਮਾਲਿਕ ਕਿਸਾਨ ਕਰਜ਼ਾ ਚੁੱਕ ਕੇ ਜਾਂ ਜ਼ਮੀਨ ਗਹਿਣੇ ਰੱਖ ਕੇ ਭਾੜਾ 'ਕੱਠਾ ਕਰ ਕੇ ਮਲਾਇਆ, ਚੀਨ, ਆਸਟਰੇਲੀਆ ਵਗ਼ੈਰਾ ਜਾਣ ਲੱਗ ਪਏ। ਸੈਂਕੜੇ ਨਹੀਂ ਸਗੋਂ ਹਜ਼ਾਰਾਂ ਦੀ ਤਾਦਾਦ ਵਿਚ ਇਹ ਲੋਕ ਪਹਿਲਾਂ ਪਹਿਲ ਸ਼ੰਘਾਈ, ਹਾਂਙਕਾਂਙ, ਮਲਾਇਆ ਵਗ਼ੈਰਾ ਚ ਅੰਗਰੇਜ਼ੀ ਪੁਲੀਸ ਵਿਚ ਜਾਂ ਤਾਂ ਭਰਤੀ ਹੋ ਕੇ ਗਏ ਜਾਂ ਮਲਾਈ ਤੇ ਚੀਨੀ ਸੇਠਾਂ ਦੇ ਚੌਕੀਦਾਰ ਬਣੇ।"

ਜਦੋਂ ਅਸੀਂ ਬਾਬਾ ਸੋਹਣ ਸਿੰਘ ਭਕਨਾ ਦੀ ਸਵੈ-ਜੀਵਨੀ (ਮੇਰੀ ਆਪ-ਬੀਤੀ, ਜੀਵਨ ਸੰਗਰਾਮ ਤੇ ਮੇਰੀ ਰਾਮ ਕਹਾਣੀ) ਪੜ੍ਹਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਬਾਬਾ ਜੀ ਸਿਆਸੀ ਤੌਰ 'ਤੇ ਕਿੰਨੇ ਚੇਤਨ ਸਨ। ਅਮਰੀਕਾ ਜਾਣ ਤੋਂ ਪਹਿਲਾਂ ਉਨ੍ਹਾਂ ਨੇ ਸਰਦਾਰ ਅਜੀਤ ਸਿੰਘ ਦੁਆਰਾ ਚਲਾਈ 'ਪਗੜੀ ਸੰਭਾਲ ਜੱਟਾ ਲਹਿਰ' ਵਿਚ ਹਿੱਸਾ ਲਿਆ ਸੀ। ਅਮਰੀਕਾ ਵਿਚ ਕੰਮ ਕਰ ਰਹੇ ਹਿੰਦੋਸਤਾਨੀਆਂ ਬਾਰੇ ਉਨ੍ਹਾਂ ਦੀ ਟਿੱਪਣੀ ਇਹ ਸੀ ਕਿ ਇਹ ਉਹ ਲੋਕ ਸਨ ਜੋ 'ਕਿਸਾਨ ਤੋਂ ਮਜ਼ਦੂਰ' ਬਣ ਗਏ ਸਨ। ਉੱਥੇ ਜਾ ਕੇ ਬਾਬਾ ਜੀ ਨੇ ਵੇਖਿਆ ਕਿ ਨਾ ਸਿਰਫ਼ ਸਰਮਾਏਦਾਰ ਹੀ ਹਿੰਦੋਸਤਾਨੀ ਮਜ਼ਦੂਰਾਂ ਨੂੰ ਦਬਾਉਂਦਾ ਸੀ ਸਗੋਂ ਅਮਰੀਕਨ ਮਜ਼ਦੂਰ ਦਾ ਜ਼ਿਆਦਾ ਦਬਾਓ ਵੀ ਇਨ੍ਹਾਂ 'ਤੇ ਹੀ ਹੁੰਦਾ ਸੀ। ਬਾਬਾ ਜੀ ਅਨੁਸਾਰ: "ਵਜ੍ਹਾ ਸਾਫ਼ ਸੀ - ਕਿਉਂਕਿ ਹਿੰਦੀ ਦੁਨੀਆ ਵਿਚ ਸਭ ਤੋਂ ਬਦਤਰ ਗ਼ੁਲਾਮ ਸਮਝੇ ਜਾਂਦੇ ਸਨ।" ਅਮਰੀਕਾ ਤੇ ਕੈਨੇਡਾ ਵਿਚ ਹਿੰਦੋਸਤਾਨੀ ਮਜ਼ਦੂਰਾਂ ਦੇ ਵਿਰੁੱਧ ਨਫ਼ਰਤ ਤੇ ਹਿੰਸਾ 1907 ਤੋਂ 1909 ਤਕ ਵੱਡੇ ਪੱਧਰ 'ਤੇ ਹੋਈ। ਬਾਬਾ ਜੀ ਦੱਸਦੇ ਸਨ ਕਿ ਬਾਅਦ ਵਿਚ ਹਿੰਸਾ ਤਾਂ ਘਟੀ ਪਰ ਹਿੰਦੋਸਤਾਨੀਆਂ ਵਿਰੁੱਧ ਨਫ਼ਰਤ ਉਸੇ ਤਰ੍ਹਾਂ ਜਾਰੀ ਰਹੀ ਤੇ ਬੱਚੇ ਵੀ ਰਾਹ ਜਾਂਦੇ 'ਹੈਲੋ ਹਿੰਦੂ ਸਲੇਵ' (ਹਿੰਦੂ ਗ਼ੁਲਾਮ) ਕਹਿ ਕੇ ਮਖ਼ੌਲ ਉਡਾਉਂਦੇ। ਬਾਬਾ ਜੀ ਇਹ ਵੀ ਦੱਸਦੇ ਹਨ ਕਿ ਆਜ਼ਾਦ ਖ਼ਿਆਲ ਅਮਰੀਕਨ ਮਜ਼ਦੂਰ ਹਿੰਦੋਸਤਾਨੀਆਂ ਨੂੰ ਤਾਅਨੇ ਮਾਰਦਿਆਂ ਪੁੱਛਦੇ, "ਤੇਰੇ ਮੁਲਕ ਦੇ ਬਾਸ਼ਿੰਦੇ ਕਿੰਨੇ ਹਨ? ਉਨ੍ਹਾਂ ਦਿਨਾਂ ਮੁਤਾਬਿਕ ਹਿੰਦ ਦੀ ਆਬਾਦੀ ਤੀਹ ਕਰੋੜ ਸੀ; ਤੇ ਅਮਰੀਕਨ ਮਖ਼ੌਲ ਉਡਾ ਕੇ ਕਹਿੰਦਾ, "ਤੀਹ ਕਰੋੜ ਭੇਡਾਂ ਜਾਂ ਆਦਮੀ?" ਹਿੰਦੀ ਦੀ ਧੌਣ ਸ਼ਰਮ ਨਾਲ ਝੁਕ ਜਾਂਦੀ ਤੇ ਅੰਦਰ ਹੀ ਅੰਦਰ ਉਹ ਆਪਣੀ ਕੌਮੀ ਗ਼ੁਲਾਮੀ 'ਤੇ ਕੁੜ੍ਹਦਾ ਤਾਅਨੇ ਨੂੰ ਜ਼ਹਿਰ ਦੇ ਘੁੱਟ ਵਾਂਙ ਪੀ ਜਾਂਦਾ।"



ਅੰਤਰਰਾਸ਼ਟਰੀ ਹਾਲਾਤ ਜਿਨ੍ਹਾਂ ਵਿਚ ਚੀਨ ਵਿਚ ਡਾਕਟਰ ਸੁਨ ਯੇਤ ਸੇਨ ਦੀ ਅਗਵਾਈ ਵਿਚ ਸ਼ਾਹੀ ਖ਼ਾਨਦਾਨ ਦੇ ਵਿਰੁੱਧ ਹੋ ਰਹੀ ਲਾਮਬੰਦੀ ਅਤੇ ਕੋਰੀਆ ਦੀ ਮਜ਼ਲੂਮ ਅਵਾਮ ਵੱਲੋਂ ਜਾਪਾਨ ਦੇ ਵਿਰੁੱਧ ਕੀਤੇ ਜਾ ਰਹੇ ਸੰਘਰਸ਼ ਵੀ ਸ਼ਾਮਲ ਹਨ, ਨੇ ਵੀ ਅਮਰੀਕਾ ਤੇ ਕੈਨੇਡਾ ਦੇ ਹਿੰਦੋਸਤਾਨੀਆਂ 'ਤੇ ਅਸਰ ਪਾਇਆ। ਆਪਣੀਆਂ ਸਵੈ-ਜੀਵਨੀਆਂ ਵਿਚ ਇਹ ਸਭ ਕੁਝ ਬਿਆਨ ਕਰਦੇ ਹੋਏ ਬਾਬਾ ਜੀ ਆਪਣੇ ਵੱਲੋਂ ਇਨ੍ਹਾਂ ਸਮਿਆਂ ਦੌਰਾਨ ਦਿੱਤੇ ਗਏ ਮਹਾਨ ਯੋਗਦਾਨ ਤੇ ਕੁਰਬਾਨੀ ਦਾ ਜ਼ਿਕਰ ਬਹੁਤ ਘੱਟ ਕਰਦੇ ਹੋਏ ਨਿਚੋੜ ਏਦਾਂ ਕੱਢਦੇ ਹਨ, "ਗ਼ਦਰ ਪਾਰਟੀ ਪਿੱਛੇ ਦੱਸੇ ਹਾਲਾਤ ਵਿਚੋਂ ਗੁਜ਼ਰੇ ਤਜਰਬੇਕਾਰ ਹਿੰਦੀਆਂ ਦੇ ਇਕੱਠ ਦਾ ਨਾਂ ਹੈ। ਗ਼ਦਰ ਪਾਰਟੀ ਬਣਾਉਣ ਵਾਲਿਆਂ ਨੇ ਆਪਣੇ ਆਪ ਨੂੰ ਹਿੰਦੀ ਤੇ ਗ਼ਦਰੀ ਕਹਾਉਣ ਵਿਚ ਸ਼ਾਨ ਸਮਝੀ।" ਗ਼ਦਰ ਪਾਰਟੀ ਦਾ ਨਾਂ 1857 ਵਿਚ ਅੰਗਰੇਜ਼ਾਂ ਦੇ ਵਿਰੁੱਧ ਹੋਈ ਬਗ਼ਾਵਤ ਤੋਂ ਲਿਆ ਗਿਆ ਸੀ। 2014 ਵਿਚ ਲਿਖੀ ਕਵਿਤਾ ਵਿਚ ਇਕ ਗ਼ਦਰੀ ਕਵੀ ਨੇ ਇਸ ਨੂੰ ਇਸ ਤਰ੍ਹਾਂ ਯਾਦ ਕੀਤਾ- "ਪੈਹਲਾ ਵਿਚ ਸਤੁਵੰਜਾ ਜੋ ਗ਼ਦਰ ਹੋਇਆ, ਜਿਹਨੂੰ ਚੜ੍ਹਿਆ ਸਤੁਵੰਜਵਾਂ ਸਾਲ ਸਿੰਘੋ॥ ਦੂਜਾ ਗ਼ਦਰ ਜੋ ਫੇਰ ਜ਼ਹੂਰ ਹੋਇਆ, ਵਿਚ ਆਣ ਸਤੁਵੰਜਵੇਂ ਸਾਲ ਸਿੰਘੋ॥ ਏਸ 'ਗ਼ਦਰ' ਨੂੰ ਪਾਲਣਾ ਫ਼ਰਜ਼ ਸਾਡਾ, ਏਹਨੂੰ ਸਮਝ ਲੌ ਅਪਣਾ ਬਾਲ ਸਿੰਘੋ॥ ਨਾਲੇ ਗ਼ਦਰ ਮਚਾਵਣਾ ਫਰਜ਼ ਸਾਡਾ, ਭਾਰਤ ਵਰਸ਼ ਦੇ ਨੌ ਨਿਹਾਲ ਸਿੰਘੋ॥"

ਬਾਬਾ ਜੀ 21 ਜੁਲਾਈ 1914 ਨੂੰ ਸਾਨਫਰਾਂਸਿਸਕੋ ਤੋਂ ਹਿੰਦੋਸਤਾਨ ਲਈ ਰਵਾਨਾ ਹੋਏ। ਬਾਬਾ ਜੀ ਦੱਸਦੇ ਹਨ ਕਿ ਕਿਵੇਂ ਉਨ੍ਹਾਂ ਨੇ ਪਿੱਛੇ ਰਹਿ ਗਏ ਸਾਥੀਆਂ ਦੀਆਂ ਡਿਊਟੀਆਂ ਲਾਈਆਂ ਤੇ ਇਸੇ ਤਰ੍ਹਾਂ ਜਾਪਾਨ ਵਿਚ ਆ ਕੇ ਕਰਤਾਰ ਸਿੰਘ ਸਰਾਭਾ ਅਤੇ ਹੋਰਨਾਂ ਗ਼ਦਰੀਆਂ ਨੂੰ ਵੱਖ ਵੱਖ ਕੰਮ ਸੌਂਪੇ। ਇਸੇ ਤਰ੍ਹਾਂ ਉਨ੍ਹਾਂ ਸ਼ੰਘਾਈ, ਹਾਂਗਕਾਂਗ ਤੇ ਸਿੰਗਾਪੁਰ ਵਿਚ ਗ਼ਦਰੀਆਂ ਦੇ ਨਾਲ ਮੀਟਿੰਗਾਂ ਕੀਤੀਆਂ। ਉਹ ਸਿੰਗਾਪੁਰ ਵਿਚ ਮੁਸਲਮਾਨਾਂ ਦੀ ਪੰਜਾਬੀ ਪਲਟਣ ਦੁਆਰਾ ਗ਼ਦਰ ਪਾਰਟੀ ਦੇ ਅਸਰ ਹੇਠਾਂ ਕੀਤੀ ਗਈ ਬਗ਼ਾਵਤ ਦਾ ਜ਼ਿਕਰ ਬੜੇ ਹੁੱਬ ਕੇ ਕਰਦੇ ਹਨ। ਕਲਕੱਤੇ ਪਹੁੰਚਣ 'ਤੇ ਬਾਬਾ ਜੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਲਾਹੌਰ ਵਿਚ ਲਾਹੌਰ ਸਾਜ਼ਿਸ਼ ਕੇਸ ਵਿਚ ਫਾਂਸੀ ਦੀ ਸਜ਼ਾ ਸੁਣਾਈ ਗਈ ਜਿਸ ਨੂੰ ਬਾਅਦ ਵਿਚ ਉਮਰ ਕੈਦ ਵਿਚ ਤਬਦੀਲ ਕਰ ਦਿੱਤਾ ਗਿਆ। ਉਨ੍ਹਾਂ ਨੇ 6 ਸਾਲ ਅੰਡੇਮਾਨ ਅਤੇ ਬਾਅਦ ਵਿਚ ਵੱਖ ਵੱਖ ਜੇਲ੍ਹਾਂ ਵਿਚ ਕੁੱਲ 26 ਸਾਲ ਕੈਦ ਕੱਟੀ। ਇਸ ਦੌਰਾਨ ਉਹ ਕਿਰਤੀ ਕਿਸਾਨ ਪਾਰਟੀ ਵਿਚ ਸ਼ਾਮਲ ਹੋ ਗਏ ਅਤੇ ਕੁੱਲ ਹਿੰਦ ਕਿਸਾਨ ਸਭਾ ਦੇ ਪ੍ਰਧਾਨ ਬਣੇ। ਬਾਅਦ ਵਿਚ ਉਹ ਕਮਿਊਨਿਸਟ ਪਾਰਟੀ ਆਫ਼ ਇੰਡੀਆ ਵਿਚ ਸ਼ਾਮਲ ਹੋਏ। ਆਜ਼ਾਦੀ ਤੋਂ ਬਾਅਦ ਕਮਿਊਨਿਸਟ ਪਾਰਟੀ 'ਤੇ ਲੱਗੀ ਪਾਬੰਦੀ ਕਾਰਨ ਉਹ ਯੋਲ ਕੈਂਪ ਡਲਹੌਜ਼ੀ ਵਿਚ ਕੈਦ ਰਹੇ। ਇਸ ਕੈਂਪ ਵਿਚ ਉਨ੍ਹਾਂ ਨੇ ਆਪਣੀ ਆਖ਼ਰੀ ਭੁੱਖ ਹੜਤਾਲ ਕੀਤੀ ਜਿਸ ਨੇ ਉਨ੍ਹਾਂ ਦੇ ਸਰੀਰ ਵਿਚ ਕੁੱਬ ਪਾ ਦਿੱਤਾ। ਉਹ ਸਾਰੇ ਉਮਰ ਦਬੇ-ਕੁਚਲੇ ਲੋਕਾਂ ਲਈ ਸੰਘਰਸ਼ ਕਰਦੇ ਰਹੇ ਤੇ 20 ਦਸੰਬਰ 1968 ਨੂੰ ਇਸ ਦੁਨੀਆ ਨੂੰ ਅਲਵਿਦਾ ਕਹਿ ਗਏ।

ਬਾਬਾ ਜੀ ਦੀ ਜ਼ਿੰਦਗੀ ਦਾ ਅਤਿਅੰਤ ਮਾਰਮਿਕ ਵਾਕਿਆ ਉਦੋਂ ਦਾ ਹੈ ਜਦੋਂ ਉਨ੍ਹਾਂ ਦੇ ਮਾਤਾ ਬੀਬੀ ਰਾਮ ਕੌਰ ਜੀ ਉਨ੍ਹਾਂ ਨੂੰ ਮੁਲਤਾਨ ਜੇਲ੍ਹ ਵਿਚ ਉਦੋਂ ਮਿਲਣ ਗਏ ਜਦੋਂ ਬਾਬਾ ਜੀ ਨੂੰ ਫਾਂਸੀ ਦੀ ਸਜ਼ਾ ਸੁਣਾਈ ਜਾ ਚੁੱਕੀ ਸੀ। ਕੁਝ ਲੋਕ ਗ਼ਦਰੀਆਂ ਨੂੰ ਮੁਆਫ਼ੀਨਾਮੇ ਲਿਖ ਕੇ ਦੇਣ ਲਈ ਕਹਿ ਰਹੇ ਸਨ; ਉਸ ਵੇਲ਼ੇ ਮਾਤਾ ਜੀ ਨੇ ਆਪਣੇ ਪੁੱਤਰ ਨੂੰ ਕਿਹਾ ਕਿ ਪੁੱਤਰਾ, ਦੇਸ਼ ਲਈ ਕੁਰਬਾਨ ਹੋ ਜਾਣਾ ਪਰ ਮੁਆਫ਼ੀ ਨਾ ਮੰਗੀ। ਇਸ ਯਾਦਗਾਰੀ ਘਟਨਾ ਨੂੰ ਪੰਜਾਬੀ ਕਵੀ ਅਮਰਜੀਤ ਚੰਦਨ ਨੇ ਆਪਣੀ ਕਵਿਤਾ 'ਸਾਡੀ ਮਾਂ' ਵਿਚ ਇਸ ਤਰ੍ਹਾਂ ਕਲਮਬੰਦ ਕੀਤਾ ਹੈ:

ਧਰਮੀ ਬੱਚੇ ਕਾਰ ਕਮਾਵੀਂ
ਦੇਵੀਂ ਸੱਚ ਦਾ ਪਹਿਰਾ
ਲਾਜ ਰੱਖੀਂ ਮਮਤਾ ਦੀ
ਰਾਮ ਕੌਰ ਦਾ ਜਾਇਆ
ਕਦੇ ਰਹਿਮ ਨਾ ਮੰਗਦਾ
ਅਪਣੀ ਕੁੱਖ ਪਵਿਤਰ ਰੱਖੀਂ
ਅਗਲੇ ਫਾਹੇ ਟੰਗਣ
ਭਾਵੇਂ ਬੰਨ੍ਹ ਕੇ ਤੋਪਾਂ ਨਾ਼ਲ ਉਡਾਵਣ
ਨਿਤ ਮਰਨੇ ਦੇ ਨਾ਼ਲੋਂ
ਇਕ ਵਾਰ ਦੀ ਅਣਖੀ ਮੌਤ ਭਲੀ ਹੈ

ਪੰਜਾਬ ਦੇ ਇਸ ਪੁੱਤਰ ਨੇ ਜੇਲ੍ਹਾਂ ਵਿਚ ਲੱਖ ਦੁੱਖ-ਦੁਸ਼ਵਾਰੀਆਂ ਝੱਲੀਆਂ ਪਰ ਉਹਦੇ ਹੋਠੋਂ 'ਸੀ' ਤਕ ਨਾ ਨਿਕਲੀ। ਉਹ ਪੰਜਾਬ ਦੀ ਆਬਰੂ ਸੀ/ਹੈ। ਪੰਜਾਬੀ ਇਸ ਮਹਾਂ ਮਾਨਵ ਤੇ ਉਸ ਦੇ ਸਾਥੀਆਂ ਨੂੰ 'ਬਾਬਾ ਜੀ' ਕਹਿ ਕੇ ਸਤਿਕਾਰ ਦਿੰਦੇ ਹਨ। ਉਨ੍ਹਾਂ ਨੂੰ ਯਾਦ ਕਰਦਿਆਂ ਅੱਜ ਉਨ੍ਹਾਂ ਕਦਰਾਂ-ਕੀਮਤਾਂ ਲਈ ਸੰਘਰਸ਼ ਕਰਨ ਦਾ ਸਮਾਂ ਹੈ ਜਿਨ੍ਹਾਂ ਨੇ ਬਾਬਾ ਜੀ ਨੂੰ ਗ਼ਦਰ ਪਾਰਟੀ ਬਣਾਉਣ ਲਈ ਪ੍ਰੇਰਿਆ। ਖੱਬੇ ਪੱਖੀ ਲਹਿਰ ਜਿਸ ਨਾਲ ਬਾਬਾ ਜੀ ਜੁੜੇ ਸਨ, ਹੁਣ ਕਮਜ਼ੋਰ ਪੈ ਗਈ ਹੈ। ਉਨ੍ਹਾਂ ਬਾਰੇ ਇਕ ਹੋਰ ਸ਼ਾਇਰ-ਕਥਨ ਇਸ ਤਰ੍ਹਾਂ ਹੈ:

ਕੌਣ ਉਠਾਏ ਸਵਾਲ ਅੱਜ ਸ਼ੌਕ ਦਾ
ਕਿਹਨੂੰ ਕਹੀਏ ਸਾਨੂੰ ਜਵਾਬ ਦੇ।
ਆਸਾਂ ਹੋਈਆਂ ਲੀਰੋ-ਲੀਰ ਕਿਉਂ
ਟੁਕੜੇ ਟੁਕੜੇ ਹੋਏ ਤੇਰੇ ਖ਼ਾਬ ਦੇ।
ਲਾਈਏ ਮਹਿੰਦੀ ਕਿਵੇਂ ਹੁਣ ਰੰਗਲੀ
ਅੱਖਰ ਘੜੀਏ ਫਿਰ ਇਸ਼ਕ-ਅਜ਼ਾਬ ਦੇ।
ਚੁਣੀਏ ਚਿਣਗਾਂ ਹੱਕ ਦੀ ਝੋਕ ਦੀਆਂ
ਸੁਰ ਲਾਈਏ ਧਰਤ ਪੰਜਾਬ ਦੇ।
ਆ ਵੇਖ ਓ, ਭਕਨੇ ਦੇ ਫ਼ਕੀਰ-ਸ਼ਾਹ
ਵਰਕੇ ਖਿੱਲਰੇ ਆਪਣੀ ਕਿਤਾਬ ਦੇ।

# ਲੋਕ-ਸਮੂਹ, ਲੋਕ-ਇਕੱਠ ਤੇ ਸਾਂਝੇ ਦਿਸਹੱਦੇ

ਪੰਜਾਬ ਦੇ ਲੋਕ ਨਵੰਬਰ 2020 ਤੋਂ ਬਾਅਦ ਦੇ ਇਕ ਸਾਲ ਨੂੰ ਅਤਿਅੰਤ ਨਿੱਘ ਤੇ ਖ਼ੁਮਾਰ ਨਾਲ ਯਾਦ ਕਰਦੇ ਹਨ; ਇਹ ਉਹ ਦਿਨ ਸਨ ਜਦੋਂ ਪੰਜਾਬ ਦੇ ਕਿਸਾਨਾਂ ਨੇ ਕੇਂਦਰ ਸਰਕਾਰ ਦੇ ਬਣਾਏ ਖੇਤੀ ਕਾਨੂੰਨਾਂ ਵਿਰੁੱਧ ਦਿੱਲੀ-ਹਰਿਆਣਾ ਹੱਦ 'ਤੇ ਸਿੰਘੂ ਤੇ ਟਿੱਕਰੀ ਵਿਚ ਡੇਰੇ ਲਾ ਲਏ

**ਸਵਰਾਜਬੀਰ**

ਸਨ। ਉੱਥੇ ਕਿਸਾਨ ਸਨ, ਉਨ੍ਹਾਂ ਦੇ ਹਮਾਇਤੀ ਹੋਰ ਵਰਗਾਂ ਦੇ ਲੋਕ ਤੇ ਕਲਾਕਾਰ ਸਨ, ਗਾਇਕ, ਰੰਗਕਰਮੀ ਤੇ ਚਿੱਤਰਕਾਰ ਸਨ, ਸਮਾਜਿਕ ਕਾਰਕੁਨ, ਵਿਦਿਆਰਥੀ ਤੇ ਔਰਤਾਂ ਸਨ, ਲੰਗਰ ਤੇ ਹਸਪਤਾਲ ਸਨ, ਲੋਕ-ਸੰਘਰਸ਼, ਨਿਆਂ ਪ੍ਰਾਪਤੀ ਤੇ ਲੋਕ-ਚੇਤਨਾ ਦੇ ਗੀਤ ਤੇ ਸੰਘਰਸ਼ ਕਰਨ ਦੀਆਂ ਕਿਲਕਾਰੀਆਂ ਸਨ; ਉਤਸ਼ਾਹ, ਆਸਾਂ-ਉਮੀਦਾਂ, ਤਾਂਘਾਂ, ਨਿੱਘ ਤੇ ਪ੍ਰੇਮ ਦੀਆਂ ਕਾਂਗਾਂ, ਸਾਥ ਦੇਣ ਦੀ ਭਾਵਨਾ ਦੇ ਕੱਪਰ ਅਤੇ ਸੱਤਾ ਨਾਲ ਟੱਕਰ ਲੈਣ ਦੇ ਇਰਾਦਿਆਂ ਦੇ ਤੂਫ਼ਾਨ ਸਨ। ਇਹ ਸੱਤਾ ਦੇ ਕਿਲ੍ਹਿਆਂ ਨਾਲ ਟੱਕਰ ਲੈਣ ਲਈ ਬਣੀਆਂ ਕੱਚੀਆਂ ਗੜ੍ਹੀਆਂ ਸਨ। ਇਸੇ ਲਈ ਅਮਰੀਕੀ ਚਿੰਤਕ ਨੋਇਮ ਚੌਮਸਕੀ ਅਨੁਸਾਰ ਉਹ ਲੋਕ-ਸਮੂਹ ਤੇ ਲੋਕ-ਇਕੱਠ ਸਾਰੀ ਦੁਨੀਆ ਲਈ ਚਾਨਣ-ਮੁਨਾਰੇ ਬਣ ਗਏ ਸਨ।

ਗੁਰੂ ਨਾਨਕ ਦੇਵ ਜੀ ਦਾ ਕਥਨ ਹੈ, "ਬਾਦਿ ਕਾਰਾ ਸਭਿ ਛੋਡੀਆ ਸਾਚੀ ਤਰੁ ਤਾਰੀ॥" ਭਾਵ ਮੰਦੇ ਅਮਲਾਂ ਨੂੰ ਤਿਆਗ ਕੇ ਪ੍ਰਾਣੀ ਸੱਚ ਦੀ ਬੇੜੀ 'ਤੇ ਚੜ੍ਹ ਕੇ ਨਦੀ ਤੋਂ ਪਾਰ ਹੋ ਜਾਂਦਾ ਹੈ। ਉਨ੍ਹਾਂ ਦਿਨਾਂ ਵਿਚ ਪੰਜਾਬ ਦੇ ਲੋਕ ਸੱਚ ਦੀਆਂ ਬੇੜੀਆਂ 'ਤੇ ਚੜ੍ਹ ਕੇ ਲੋਕ ਸੰਘਰਸ਼ ਦੇ ਤੂਫ਼ਾਨ ਵਿਚ ਠਿੱਲ ਪਏ ਸਨ। ਪੰਜਾਬ 'ਚੋਂ ਕੌਣ ਸੀ ਜੋ ਉੱਥੇ ਨਹੀਂ ਸੀ? ਪੰਜਾਬ ਦੇ ਹਿੱਤਾਂ ਲਈ ਸਾਹ ਲੈਣ ਵਾਲਾ ਹਰ ਸ਼ਖ਼ਸ ਉੱਥੇ ਮੌਜੂਦ ਸੀ; ਸਿਰੜੀ ਜਿਊੜਿਆਂ ਨੇ ਉੱਥੇ ਮਹੀਨੇ ਬਿਤਾਏ, ਕਈ ਕੁਝ ਦਿਨਾਂ ਲਈ ਗਏ, ਕਈ ਇਕ ਜਾਂ ਦੋ ਦਿਨਾਂ ਲਈ ਅਤੇ ਬਹੁਤ ਸਾਰੇ ਉੱਥੇ ਨਾ ਜਾ ਕੇ ਵੀ ਹਾਜ਼ਰ ਸਨ। ਇਉਂ ਲੱਗਦਾ ਸੀ ਜਿਵੇਂ ਨਾ ਸਿਰਫ਼ ਖੇਤੀ ਕਾਨੂੰਨ ਵਾਪਸ ਲਏ ਜਾਣਗੇ ਸਗੋਂ ਸਾਡਾ ਸੰਸਾਰ ਬਦਲ ਜਾਵੇਗਾ, ਪੰਜਾਬ ਬਦਲ ਜਾਵੇਗਾ।

ਜਿੱਥੋਂ ਤੱਕ ਪੰਜਾਬ ਦਾ ਸਬੰਧ ਹੈ, ਉਹ ਅੰਦੋਲਨ ਇਸ ਲਈ ਸਫਲ ਹੋਇਆ ਕਿਉਂਕਿ ਉਸ ਅੰਦੋਲਨ ਵਿਚ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ, ਅੰਦੋਲਨ ਅਤੇ ਪੰਜਾਬ ਇਕਮਿੱਕ ਹੋ ਗਏ ਸਨ। ਉਸ ਅੰਦੋਲਨ ਵਿਚ ਸਮੁੱਚੇ ਪੰਜਾਬ ਦੀ ਰੂਹ ਧੜਕ ਰਹੀ ਸੀ।



ਉੱਥੇ ਪਹੁੰਚੇ ਲੋਕ-ਸਮੂਹਾਂ ਵਿਚ ਅੰਤਾਂ ਦਾ ਵੇਗ ਸੀ; ਵੇਗ ਵੀ ਸੀ ਅਤੇ ਕਿਸਾਨ ਜਥੇਬੰਦੀਆਂ ਦੁਆਰਾ ਦਹਾਕਿਆਂ ਬੱਧੀ ਕੀਤੇ ਸੰਘਰਸ਼ਾਂ ਵਿਚੋਂ ਉਪਜੀ ਜ਼ਬਤ ਤੇ ਸਮਝ ਵੀ; ਸੱਤਾ ਨਾਲ ਟੱਕਰ ਲੈਣ ਲਈ ਬਣਾਈ ਜਾਣ ਵਾਲੀ ਰਣਨੀਤੀ, ਲੋਕਾਂ ਨੂੰ ਜਥੇਬੰਦ ਕਰਨ ਦੀ ਸਮਰੱਥਾ, ਸਭ ਉੱਥੇ ਹਾਜ਼ਰ ਸਨ। ਇਸ ਲਾਮਬੰਦੀ ਕਾਰਨ ਕੇਂਦਰ ਸਰਕਾਰ ਨੂੰ ਖੇਤੀ ਕਾਨੂੰਨ ਵਾਪਸ ਲੈਣੇ ਪਏ। ਇਹ ਕਿਸਾਨਾਂ ਤੇ ਲੋਕਾਂ ਦੀ ਜਿੱਤ ਸੀ, ਪੰਜਾਬ ਦੀ ਜਿੱਤ ਸੀ, ਪੰਜਾਬ, ਹਰਿਆਣਾ ਤੇ ਪੱਛਮੀ ਉੱਤਰ ਪ੍ਰਦੇਸ਼ ਦੇ ਕਿਸਾਨਾਂ ਦੀ ਜਿੱਤ ਸੀ, ਦੂਸਰੇ ਸੂਬਿਆਂ ਵਿਚੋਂ ਉੱਠੀਆਂ ਹਮਾਇਤ ਦੀਆਂ ਆਵਾਜ਼ਾਂ ਦੀ ਜਿੱਤ ਸੀ, ਲੋਕਾਂ ਦੇ ਏਕੇ ਦੀ ਜਿੱਤ ਸੀ; ਕਿਸਾਨ ਅਤੇ ਹੋਰ ਵਰਗਾਂ ਵਿਚ ਪੈਦਾ ਹੋਈ ਏਕਾਮਈ ਚੇਤਨਾ ਦੀ ਜਿੱਤ ਸੀ। ਇਸ ਜਿੱਤ ਦਾ ਮੂਲ ਕਾਰਨ ਇਹ ਸੀ ਕਿ ਕਿਸਾਨ ਅੰਦੋਲਨ ਪੰਜਾਬ, ਹਰਿਆਣਾ ਅਤੇ ਪੱਛਮੀ ਉੱਤਰ ਪ੍ਰਦੇਸ਼ ਵਿਚ ਕਿਸਾਨਾਂ ਤਕ ਸੀਮਤ ਨਾ ਰਹਿ ਕੇ ਲੋਕ-ਅੰਦੋਲਨ ਬਣ ਗਿਆ ਸੀ।

ਜਿੱਥੇ ਜਿੱਤ ਹੁੰਦੀ ਹੈ, ਉੱਥੇ ਜਿੱਤ ਵਿਚ ਪਈ ਜਿੱਤ ਦੀ ਸੀਮਾ ਵੀ ਹੁੰਦੀ ਹੈ; ਉੱਥੇ ਹੀ ਉਸ ਜਿੱਤ ਤੋਂ ਅੱਗੇ ਜਾਣ ਦੀ ਚੁਣੌਤੀ ਵੀ ਪਈ ਹੁੰਦੀ ਹੈ। ਉਸ ਜਿੱਤ ਤੋਂ ਅੱਗੇ ਜਾਣ ਦੀ ਚੁਣੌਤੀ, ਪੰਜਾਬ ਤੇ ਹੋਰ ਸੂਬਿਆਂ ਦੇ ਕਿਸਾਨਾਂ ਅਤੇ ਹੋਰ ਵਰਗਾਂ ਦੇ ਲੋਕਾਂ ਲਈ ਇਕ ਨਵੇਂ ਯੁੱਗ ਦੀ ਆਮਦ ਲਈ ਸਿਆਸੀ-ਸਮਾਜਿਕ ਏਜੰਡੇ ਦੀ ਸਿਰਜਣਾ ਸੀ। ਕੀ ਕਿਸਾਨ ਅੰਦੋਲਨ ਉਸ ਸਿਆਸੀ-ਸਮਾਜਿਕ ਏਜੰਡੇ ਦੀ ਸਿਰਜਣਾ ਕਰ ਸਕਿਆ? ਇਸ ਦਾ ਉੱਤਰ 'ਨਾਂਹ' ਵਿਚ ਹੈ ਅਤੇ ਜਦੋਂ ਅਸੀਂ ਇਹ

***(ਬਾਕੀ ਅਗਲੇ ਸਫੇ 'ਤੇ)***

# ਪੰਜਾਬ ਦੀ ਪੀੜ ਤੋਂ 'ਸਖਣੇ ਅਤੇ ਅਣਜਾਣ' ਸੰਪਾਦਕ ਨੂੰ ਅਲਵਿਦਾ!

***ਸੀਨੀਅਰ ਪੱਤਰਕਾਰ ਕਰਮਜੀਤ ਸਿੰਘ ਨੇ ਸਵਰਾਜਬੀਰ ਦੀ ਪੱਤਰਕਾਰੀ ਅਤੇ ਬੌਧਿਕਤਾ ਬਾਰੇ ਕੁਝ ਟਿੱਪਣੀਆਂ ਆਪਣੇ ਇਸ ਲੇਖ ਵਿਚ ਕੀਤੀਆਂ ਹਨ। ਪੰਜਾਬ ਨਾਲ ਜੁੜੇ ਕੁਝ ਮੁੱਦਿਆਂ ਨੂੰ ਆਧਾਰ ਬਣਾ ਕੇ ਉਨ੍ਹਾਂ ਇਹ ਸਿੱਟਾ ਕੱਢਣ ਦਾ ਯਤਨ ਕੀਤਾ ਹੈ ਕਿ ਸਿਰੇ ਦੀ ਬੌਧਿਕ ਸਮਰੱਥਾ ਹੋਣ ਦੇ ਬਾਵਜੂਦ ਸਵਰਾਜਬੀਰ ਕੁਝ ਖਾਸ ਮਸਲਿਆਂ ਬਾਰੇ ਜਾਂ ਤਾਂ ਖਾਮੋਸ਼ ਹੀ ਰਹੇ ਜਾਂ ਫਿਰ ਉਨ੍ਹਾਂ ਨੇ ਖੁੱਲ੍ਹ ਕੇ ਗੱਲ ਕਰਨ ਦਾ ਹੀਆ ਨਹੀਂ ਕੀਤਾ। ਇਹ ਦਿਲਚਸਪ ਚਰਚਾ ਅਸੀਂ ਆਪਣੇ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ।***

ਪੰਜਾਬੀ ਟ੍ਰਿਬਿਊਨ ਦੇ ਸੰਪਾਦਕ ਸਵਰਾਜਬੀਰ ਜੀ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ ਅਤੇ ਉਨ੍ਹਾਂ ਦੀ ਥਾਂ ਨਿਊਜ਼ ਐਡੀਟਰ ਸ੍ਰੀਮਤੀ ਅਰਵਿੰਦਰ ਪਾਲ ਕੌਰ ਨੂੰ ਕਾਰਜਕਾਰੀ ਐਡੀਟਰ ਨਿਯੁਕਤ ਕੀਤਾ ਗਿਆ ਹੈ।

ਪੰਜਾਬੀ ਟ੍ਰਿਬਿਊਨ ਵਿਚ 26 ਸਾਲ ਤੱਕ ਆਪਣੀ ਨੌਕਰੀ ਦੌਰਾਨ ਮੈਨੂੰ ਕਈ ਸੰਪਾਦਕਾਂ ਨਾਲ ਕੰਮ ਕਰਨ ਦਾ ਮੌਕਾ ਮਿਲਿਆ ਜਿਨ੍ਹਾਂ ਵਿਚ ਬਰਜਿੰਦਰ ਸਿੰਘ ਹਮਦਰਦ, ਗੁਲਜ਼ਾਰ



**ਕਰਮਜੀਤ ਸਿੰਘ ਚੰਡੀਗੜ੍ਹ**
**ਫੋਨ: 99150-91063**

ਸਿੰਘ ਸੰਧੂ, ਗੁਰਬਚਨ ਭੁੱਲਰ, ਹਰਭਜਨ ਹਲਵਾਰਵੀ ਅਤੇ ਸ਼ਿੰਗਾਰਾ ਸਿੰਘ ਭੁੱਲਰ ਸ਼ਾਮਿਲ ਹਨ। ਜੁਲਾਈ 1978 ਵਿਚ ਜਦੋਂ ਪੰਜਾਬੀ ਟ੍ਰਿਬਿਊਨ ਆਰੰਭ ਹੋਇਆ ਤਾਂ ਟ੍ਰਿਬਿਊਨ ਟਰਸਟ ਵੱਲੋਂ ਪਹਿਲੇ ਪੰਜ ਚੁਣੇ ਗਏ ਸਬ-ਐਡੀਟਰਾਂ ਵਿਚੋਂ ਮੈਨੂੰ ਵੀ ਇੱਕ ਹੋਣ ਦਾ ਮਾਣ ਹਾਸਲ ਹੈ। ਮੈਂ ਇਸ ਅਖਬਾਰ ਵਿਚ ਸਬ ਐਡੀਟਰ, ਚੀਫ ਸਬ ਐਡੀਟਰ, ਡਿਪਟੀ ਨਿਊਜ਼ ਐਡੀਟਰ, ਨਿਊਜ਼ ਐਡੀਟਰ ਅਤੇ ਅਸਿਸਟੈਂਟ ਐਡੀਟਰ ਦੇ ਤੌਰ 'ਤੇ ਕੰਮ ਕੀਤਾ ਹੈ।

ਸਵਰਾਜਬੀਰ ਜੀ ਬਿਨਾਂ ਸ਼ੱਕ ਬਰੀਕ ਦਾਨਿਸ਼ਵਰ ਹਨ, ਮਿਹਨਤੀ ਵੀ ਪੁੱਜ ਕੇ ਹਨ, ਇਮਾਨਦਾਰ ਵੀ ਹਨ, ਸਾਊ ਸੁਭਾਅ ਦੇ ਮਾਲਕ ਵੀ ਹਨ ਪਰ ਨਾਲ ਹੀ ਪੁਲਿਸ-ਕਲਚਰ ਵੀ ਉਨ੍ਹਾਂ ਦੀ ਤਰਜ਼ੇ-ਜ਼ਿੰਦਗੀ ਦਾ ਅਟੁੱਟ ਹਿੱਸਾ ਬਣਿਆ ਹੋਇਆ ਹੈ। ਹੁਣ ਤੱਕ ਪੰਜਾਬੀ ਟ੍ਰਿਬਿਊਨ ਨੂੰ ਮਿਲੇ ਤਮਾਮ ਐਡੀਟਰਾਂ ਵਿਚ ਸਭ ਤੋਂ ਵੱਧ ਪੜ੍ਹੇ-ਲਿਖੇ ਅਤੇ ਆਪਣੀ ਪੜ੍ਹਾਈ ਅਤੇ ਅਨੁਭਵ ਨੂੰ ਸ਼ਬਦਾਂ ਵਿਚ ਪੇਸ਼ ਕਰਨ ਦੇ ਹੁਨਰ ਦਾ ਤੋਹਫਾ ਵੀ ਉਨ੍ਹਾਂ ਨੂੰ ਮਿਲਿਆ ਹੋਇਆ ਹੈ। ਪਰ ਪੰਜਾਬ ਦੀ ਜੀਵਨ ਜਾਚ ਅਤੇ ਖਾਸ ਕਰਕੇ ਦਰਬਾਰ ਸਾਹਿਬ ਦੇ ਦਰਦਨਾਕ ਸਾਕੇ ਤੋਂ ਪਿੱਛੋਂ ਵਾਲੇ "ਬਦਲ ਚੁੱਕੇ ਬੇਚੈਨ ਪੰਜਾਬ" ਦੀ ਰੂਹ ਤੋਂ ਉਹ ਕੋਹਾਂ ਦੂਰ ਸਨ। ਹੈਰਾਨੀ ਇਸ ਗੱਲ ਦੀ ਵੀ ਹੈ ਕਿ ਸਿੱਖ-ਬੇਚੈਨੀ ਅਤੇ ਸਿੱਖ ਦਰਦ ਦੀਆਂ ਸੂਖਮ ਅਤੇ ਅਣਦਿਸਦੀਆਂ ਪਰਤਾਂ ਤੋਂ ਉਨ੍ਹਾਂ ਨੇ ਮਿੱਥ ਕੇ ਦੂਰੀ ਬਣਾਈ ਰੱਖੀ ਅਤੇ ਆਪਣੀ "ਦਾਨਿਸ਼ਵਰੀ-ਚੁੱਪ" ਨਾਲ ਬਦਲ ਚੁੱਕੇ ਪੰਜਾਬ ਦੀ ਪੀੜ ਦਾ ਵਿਰੋਧ ਕੀਤਾ ਜਾਂ ਇਉਂ ਕਹਿ ਲਵੋ ਕਿ ਉਹ "ਨਵੇਂ ਪੰਜਾਬ" ਦੀ ਰੂਹ ਦੇ ਹਾਣੀ ਨਹੀਂ ਬਣ ਸਕੇ। ਉਨ੍ਹਾਂ ਨੇ ਰਵਾਇਤੀ ਮਾਰਕਸਵਾਦ ਨੂੰ ਆਪਣੇ ਮੋਢਿਆਂ ਉੱਤੇ ਲਗਾਤਾਰ ਚੁੱਕੀ ਰੱਖਿਆ ਅਤੇ ਕਦੇ ਕਦੇ ਮੌਕਾ ਮਿਲਣ ਉੱਤੇ ਸਿੱਖ ਅਤੇ ਸਿੱਖੀ ਨੂੰ ਦਾਨਸ਼ਵਰੀ ਮੁਹਾਵਰੇ ਵਿਚ ਮਾਰਕਸਵਾਦੀ ਰੰਗ ਹੀ ਦੇਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਨੇ ਕਦੇ ਇਹ ਜਾਨਣ ਦੀ ਕੋਸ਼ਿਸ਼ ਵੀ ਨਹੀਂ ਕੀਤੀ ਕਿ ਪੰਜਾਬ ਕਿੱਧਰ ਨੂੰ ਜਾ ਰਿਹਾ ਹੈ ਅਤੇ ਅਸਲ ਵਿਚ ਕੌਣ ਹਨ ਉਸ ਪੰਜਾਬ ਦੀ ਪੀੜ ਦੇ ਰਾਜਨੀਤਕ ਹਾਣੀ? ਇਸ ਸਬੰਧ ਵਿਚ ਉਨ੍ਹਾਂ ਨੇ ਕਿਸੇ ਮੌਲਿਕ ਬਹਿਸ ਨੂੰ ਵੀ ਥਾਂ ਨਹੀਂ ਦਿੱਤੀ ਅਤੇ ਇਸ ਰਾਹ ਵਿਚ ਕੰਧ ਬਣ ਕੇ ਖਲੋਤੇ ਰਹੇ।

ਕਿਸੇ ਵੀ ਅਖਬਾਰ ਦਾ ਸਭ ਤੋਂ ਮਹੱਤਵਪੂਰਨ ਹਿੱਸਾ ਉਸ ਅਖਬਾਰ ਦੇ ਉਹ ਪੰਨੇ ਹੁੰਦੇ ਹਨ, ਜਿਨ੍ਹਾਂ ਦਾ ਸੰਬੰਧ ਖ਼ਬਰਾਂ ਨਾਲ ਹੁੰਦਾ ਹੈ। ਅਖਬਾਰ ਉਨ੍ਹਾਂ ਪੰਨਿਆ ਨਾਲ ਹੀ ਜਿਉਂਦਾ ਜਾਗਦਾ ਹੈ ਅਤੇ ਛਪਣ ਗਿਣਤੀ ਵੀ ਉਨ੍ਹਾਂ ਪੰਨਿਆਂ 'ਤੇ ਹੀ ਨਿਰਭਰ ਹੁੰਦੀ ਹੈ। ਪਰ ਸਵਰਾਜਬੀਰ ਜੀ ਨੇ ਨਾ ਹੀ ਕਦੇ ਉਨ੍ਹਾਂ ਪੰਨਿਆਂ ਦੀ ਅਹਿਮੀਅਤ ਨੂੰ ਸਮਝਿਆ ਅਤੇ ਨਾ ਹੀ ਕਦੇ ਆਪਣੇ ਛਪਣ ਵਾਲੀਆਂ ਖਬਰਾਂ ਬਾਰੇ ਸਟਾਫ ਕੋਲੋਂ ਰਾਏ ਲਈ ਜਾਂ ਕੋਈ ਗੰਭੀਰ ਵਿਸ਼ਲੇਸ਼ਣ ਕੀਤਾ। ਉਨ੍ਹਾਂ ਨੇ ਫੀਲਡ ਵਿਚ ਕੰਮ ਕਰਦੇ ਪੱਤਰਕਾਰਾਂ ਨਾਲ ਵੀ ਕੋਈ ਸਾਂਝ ਪਾਉਣ ਲਈ ਪਹਿਲ ਕਦਮੀ ਨਹੀਂ ਕੀਤੀ। ਪੰਜਾਬੀ ਟ੍ਰਿਬਿਊਨ ਨਾਲ ਪਿਛਲੇ 40 ਸਾਲਾਂ ਤੋਂ ਜੁੜੇ ਇਕ ਬਜ਼ੁਰਗ ਦੀ ਇਹ ਟਿੱਪਣੀ ਕਿੰਨੀ ਦਿਲਚਸਪ ਹੈ ਕਿ ਸਵਰਾਜਬੀਰ ਜੀ ਇਕ ਤਰ੍ਹਾਂ ਨਾਲ 'ਮੈਗਜ਼ੀਨ ਐਡੀਟਰ' ਵਧੇਰੇ ਸਨ ਤੇ 'ਐਡੀਟਰ' ਘੱਟ।

ਕੋਵਿਡ ਕਰਕੇ ਸਾਰੇ ਅਖਬਾਰਾਂ ਦੀ ਛਪਣ ਗਿਣਤੀ ਬਹੁਤ ਘਟ ਗਈ ਸੀ ਅਤੇ ਪੰਜਾਬੀ ਟ੍ਰਿਬਿਊਨ ਨੂੰ ਵੀ ਇਸ ਮਾਰ ਦਾ ਸਾਹਮਣਾ ਕਰਨਾ ਪਿਆ। ਹੁਣ ਜਦ ਕਿ ਬਾਕੀ ਅਖਬਾਰ ਪਹਿਲਾਂ ਵਾਲੀ ਹਾਲਤ ਵਿਚ ਆ ਚੁੱਕੇ ਹਨ ਜਾਂ ਆ ਰਹੇ ਹਨ, ਪਰ ਪੰਜਾਬੀ ਟ੍ਰਿਬਿਊਨ ਦੀ ਛਪਣ ਗਿਣਤੀ



60 ਹਜ਼ਾਰ ਤੋਂ ਘਟ ਕੇ ਹੁਣ 33 ਜਾਂ 35 ਹਜ਼ਾਰ ਤੱਕ ਚਲੀ ਗਈ ਹੈ। ਪੰਜਾਬੀ ਟ੍ਰਿਬਿਊਨ ਦੇ ਇਤਿਹਾਸ ਵਿਚ ਬੁੱਧੀਜੀਵੀਆਂ ਵਿਚ ਬੜੇ ਸਤਿਕਾਰ ਤੇ ਪਿਆਰ ਨਾਲ ਪੜ੍ਹੇ ਜਾਣ ਵਾਲੇ ਇਸ ਅਖਬਾਰ ਵਿਚ ਆਖ਼ਰ ਕਿਹੜੀਆਂ ਕਮਜ਼ੋਰੀਆਂ ਆ ਗਈਆਂ ਹਨ, ਇਸ ਅਖਬਾਰ ਦਾ ਰੁਝਾਨ ਕਿੱਧਰ ਨੂੰ ਜਾ ਰਿਹਾ ਹੈ, ਕਿਉਂ ਜਾ ਰਿਹਾ ਹੈ ਅਤੇ ਕਿੱਧਰ ਨੂੰ ਜਾਣਾ ਚਾਹੀਦਾ ਹੈ, ਉਸ ਬਾਰੇ ਸਵਰਾਜਬੀਰ ਜੀ ਨੇ ਜੇ ਕੋਈ ਰਸਮੀ ਯਤਨ ਵੀ ਕੀਤਾ ਹੋਵੇ ਜਾਂ ਕੋਈ ਗੰਭੀਰ ਕਦਮ ਚੁੱਕਿਆ ਹੋਵੇ ਤਾਂ ਉਹ ਸਾਡੀ ਜਾਣਕਾਰੀ ਵਿਚ ਨਹੀਂ ਆ ਸਕਿਆ।

ਕੀ ਸਵਰਾਜਬੀਰ ਜੀ ਨੇ ਅਸਤੀਫਾ ਹੀ ਦਿੱਤਾ? ਹਾਂ, ਕਾਗਜ਼ਾਂ ਵਿਚ ਤਾਂ ਇਸੇ ਤਰ੍ਹਾਂ ਹੀ ਹੋਇਆ ਹੈ, ਪਰ ਟ੍ਰਿਬਿਊਨ ਟਰਸਟ ਵਾਲੇ ਬੜੇ ਸਿਆਣੇ ਅਤੇ ਹੰਢੇ ਹੋਏ ਅਨੁਭਵੀ ਬਜ਼ੁਰਗ ਹਨ। ਜਦੋਂ ਉਨ੍ਹਾਂ ਦੀਆਂ ਨਜ਼ਰਾਂ ਵਿਚੋਂ ਕੋਈ ਬੰਦਾ ਨਿਕਲ ਜਾਂਦਾ ਹੈ ਤਾਂ ਫਿਰ ਉਹ ਬੜੇ ਸਤਿਕਾਰ ਨਾਲ ਤੇ ਸਲੀਕੇ ਨਾਲ ਉਸ ਨੂੰ "ਚਲੇ ਜਾਣ" ਲਈ ਕਹਿੰਦੇ ਹਨ ਅਤੇ ਸਵਰਾਜਬੀਰ ਜੀ ਨਾਲ ਵੀ ਸ਼ਾਇਦ ਇਸੇ ਤਰ੍ਹਾਂ ਹੀ ਹੋਇਆ ਹੈ, ਹਾਲਾਂਕਿ ਖਬਰਾਂ ਮੁਤਾਬਕ ਅਜੇ ਉਨ੍ਹਾਂ ਦੇ ਅਹੁਦੇ 'ਤੇ ਬਣੇ ਰਹਿਣ ਦਾ ਸਮਾਂ ਇਕ ਸਾਲ ਤੋਂ ਵਧੇਰੇ ਸੀ।

ਸਵਰਾਜਬੀਰ ਜੀ ਨੂੰ ਮਿਲਣ ਵਾਲਿਆਂ ਵਿਚ ਬਹੁਤੇ ਉਚ ਕੋਟੀ ਦੇ ਦਾਨਿਸ਼ਵਰ ਹੀ ਹੁੰਦੇ ਸਨ ਅਤੇ ਉਹ ਵੱਖ-ਵੱਖ ਖੇਤਰਾਂ ਨਾਲ ਸੰਬੰਧਿਤ ਹੁੰਦੇ ਸਨ। ਇਸ ਪਹਿਲੂ ਤੋਂ ਜ਼ਿੰਦਗੀ ਦੇ ਵਰਤਾਰਿਆਂ ਪ੍ਰਤੀ ਅਤੇ ਵਿਸ਼ੇਸ਼ ਕਰਕੇ ਸਾਹਿਤ ਪ੍ਰਤੀ ਉਨ੍ਹਾਂ ਦੀ ਪਹੁੰਚ, ਜਾਣਕਾਰੀ ਅਤੇ ਗਹਿਰ ਗੰਭੀਰ ਜਾਨਣ ਦੀ ਜਗਿਆਸਾ ਬਹੁਤ ਅਮੀਕ ਅਤੇ ਡੂੰਘੀ ਸੀ ਅਤੇ ਸ਼ਾਇਦ ਹੀ ਪੰਜਾਬੀ ਟ੍ਰਿਬਿਊਨ ਦੇ ਕਿਸੇ ਹੋਰ ਐਡੀਟਰ ਨੂੰ ਇਹੋ ਜਿਹਾ ਮਾਣ ਹਾਸਲ ਹੋਇਆ ਹੋਵੇ। ਪਰ ਹੈਰਾਨੀ ਤਾਂ ਇਸ ਗੱਲ ਦੀ ਸੀ ਕਿ 'ਪੰਜਾਬ ਜਿਉਂਦਾ ਗੁਰਾਂ ਦੇ ਨਾਂ 'ਤੇ' ਦੇ ਅਸਲ ਵਾਰਸਾਂ ਨੂੰ ਮਿਲਣ ਤੇ ਜਾਨਣ ਦੀ ਤਾਂਘ, ਰੀਝ ਅਤੇ ਭੁੱਖ ਉਨ੍ਹਾਂ ਅੰਦਰ ਪਿਆਸ ਦੀਆਂ ਹੱਦਾਂ ਨੂੰ ਕਿਉਂ ਨਾ ਛੂਹ ਸਕੀ? ਜ਼ਮੀਰਾਂ ਦਾ ਇਤਿਹਾਸ ਉਨ੍ਹਾਂ ਦੀ ਜਵਾਬਦੇਹੀ ਤਾਂ ਕਰੇਗਾ ਹੀ।

ਪਿਛਲੇ ਸਾਲ 26 ਜਨਵਰੀ ਵਾਲੇ ਦਿਨ ਜਦੋਂ ਬੰਦੀ ਸਿੰਘਾਂ ਦੀ ਰਿਹਾਈ ਦੇ ਮਾਮਲੇ ਨੂੰ ਲੈ ਕੇ ਚੰਡੀਗੜ੍ਹ ਵਿਚ ਇੱਕ ਇਤਿਹਾਸਕ ਜਲੂਸ ਨਿਕਲਿਆ ਤਾਂ ਉਹੋ ਜਿਹਾ ਅਨੁਸ਼ਾਸਤ ਜਲੂਸ ਅਜੇ ਤੱਕ ਚੰਡੀਗੜ੍ਹ ਅਤੇ ਮੁਹਾਲੀ ਵਿਚ ਵੇਖਣ ਨੂੰ ਨਹੀਂ ਸੀ ਮਿਲਿਆ। ਉਸ ਦਿਨ ਇੱਕ ਤਰ੍ਹਾਂ ਨਾਲ ਇੱਕ ਸਮੁੰਦਰ ਹੀ ਚੰਡੀਗੜ੍ਹ ਵਿਚ ਠਾਠਾਂ ਮਾਰ ਰਿਹਾ ਸੀ। ਪਰ ਸਵਰਾਜਬੀਰ ਜੀ ਦੀ ਕਲਮ ਨੇ ਉਸ ਜਲੂਸ ਦੇ ਲੁਕੇ ਤੇ ਪ੍ਰਤੱਖ ਦਰਦ ਲਈ ਆਪਣੀ ਪੇਸ਼ਕਾਰੀ ਦੇ ਹੁਨਰ ਨੂੰ ਵਰਤਣ ਤੋਂ ਇਨਕਾਰ ਕਰ ਦਿੱਤਾ। ਮੈਨੂੰ ਕਈ ਵਾਰ ਇਉਂ ਮਹਿਸੂਸ ਹੁੰਦਾ ਸੀ ਕਿ ਜਦੋਂ ਵੀ ਕਦੇ ਕਿਤੇ ਸਿੱਖ ਕੌਮ ਦਾ ਦਰਦ ਕਿਸੇ ਸ਼ਕਲ ਵਿਚ ਕੋਈ ਇਤਿਹਾਸਕ ਮੋੜ ਕੱਟਦਾ ਜਾਂ ਇੱਕ ਅਜਿਹਾ ਮੋੜ ਕੱਟਦਾ ਜਿਸ ਦੇ ਖਾਸ ਅਰਥ ਹੁੰਦੇ ਤਾਂ ਉਸ ਦਰਦ ਨੂੰ ਪੇਸ਼ ਕਰਨ ਲਈ ਸਵਰਾਜ ਬੀਰ ਦੀ ਕਲਮ ਅਭਿੱਗ, ਰੁੱਖੀ ਤੇ ਕੋਰੀ ਹੀ ਰਹਿੰਦੀ, ਪਰ ਦੂਜੇ ਪਾਸੇ ਭੀਮਾ ਗੋਰੇ ਕਾਂਡ ਦੇ ਗ੍ਰਿਫ਼ਤਾਰ ਦਾਨਸ਼ਵਰਾਂ ਦੀ ਰਿਹਾਈ ਲਈ ਉਹ ਹੁਭ ਕੇ ਜਨੂੰਨ ਦੀ ਤਰ੍ਹਾਂ ਲਿਖਦੇ ਪਰ ਆਪਣੇ ਦਫਤਰ ਤੋਂ ਕੁਝ ਹੀ ਕਿਲੋਮੀਟਰ ਦੂਰ ਆਪਣੇ ਘਰ ਵਿਚ ਲੱਗੇ ਕੌਮੀ ਇਨਸਾਫ ਮੋਰਚੇ ਦੇ ਹੱਕ ਵਿਚ ਉਨ੍ਹਾਂ ਅੰਦਰ ਸ਼ਬਦਾਂ ਦਾ ਕਾਲ ਪੈ ਗਿਆ ਸੀ। ਇਉਂ ਸਿੱਖਾਂ ਪ੍ਰਤੀ ਉਨ੍ਹਾਂ ਦਾ ਰਵੱਈਆ, ਪਹੁੰਚ ਅਤੇ ਵਿਚਾਰ ਇੱਕ ਤਰ੍ਹਾਂ ਨਾਲ ਨਫਰਤ ਦੀਆਂ ਹੱਦਾਂ ਨਾਲ ਲੱਗ ਗਿਆ ਜਾਪਦਾ ਸੀ ਤਾਂ ਫਿਰ ਸਵਾਲ ਤਾਂ ਕੀਤਾ ਹੀ ਜਾਏਗਾ ਕਿ ਸਵਰਾਜਬੀਰ ਜੀ ਦੀ ਦਾਨਸ਼ਵਰੀ ਵਿਚ ਇੱਕ ਕੌਮ ਲਈ ਉਨ੍ਹਾਂ ਦੀ ਸਮਝ ਵਿਚ ਏਡੇ ਵੱਡੇ ਖੱਪੇ ਕਿਉਂ ਸਨ?

ਸਵਰਾਜਬੀਰ ਨੇ ਪੰਜਾਬੀ ਟ੍ਰਿਬਿਊਨ ਤੋਂ ਦਿੱਤਾ ਅਸਤੀਫਾ।

ਅਖਬਾਰ ਦੀ ਛਪਣ ਗਿਣਤੀ 60 ਹਜ਼ਾਰ ਤੋਂ ਘਟ ਕੇ 33 ਹਜ਼ਾਰ ਤੱਕ ਚਲੇ ਗਈ ਸੀ।

ਸਿੱਖ ਕੌਮ ਦੇ ਦਰਦ ਨੂੰ ਪੇਸ਼ ਕਰਨ ਲਈ ਉਨ੍ਹਾਂ ਦੀ ਕਲਮ ਕੋਰੀ, ਅਭਿਗ ਅਤੇ ਰੁੱਖੀ ਹੀ ਰਹੀ।

---

***(ਪਿਛਲੇ ਸਫੇ ਦੀ ਬਾਕੀ)***

'ਨਾਂਹ' ਦੇ ਹਨੇਰੇ ਸੰਸਾਰ ਵਿਚ ਜਾਂਦੇ ਹਾਂ ਤਾਂ ਆਸਾਂ-ਉਮੀਦਾਂ ਪਿੱਛੇ ਰਹਿ ਜਾਂਦੀਆਂ ਹਨ ਤੇ ਨਿਰਾਸ਼ਾ ਦੀਆਂ ਕਾਂਗਾਂ ਉਮੜਦੀਆਂ ਹਨ; ਤੇ ਸਾਨੂੰ ਦਿਖਾਈ ਦਿੰਦੀਆਂ ਹਨ ਆਪਣੀਆਂ ਸੀਮਾਵਾਂ ਅਤੇ ਉਸ ਸਮੇਂ ਪੈਦਾ ਹੋਈ ਸਮਾਜਿਕ ਤੇ ਸਿਆਸੀ ਚੇਤਨਾ ਦੀਆਂ ਸੀਮਾਵਾਂ। ਉਸ ਵੇਗਮਈ ਅੰਦੋਲਨ ਦੀ ਯਾਦ ਸਾਡੇ ਮਨਾਂ ਵਿਚ ਗਰਮਾਇਸ਼ ਤਾਂ ਭਰਦੀ ਹੈ ਪਰ ਅਸੀਂ ਜਾਣਦੇ ਹਾਂ ਕਿ ਅਸੀਂ ਇਕ ਸੀਮਾ ਤੋਂ ਅੱਗੇ ਨਹੀਂ ਸਾਂ ਜਾ ਸਕੇ।

ਉਸ ਸਮੇਂ ਸਿੰਘੂ ਤੇ ਟਿੱਕਰੀ ਸਾਡੇ ਲੋਕ-ਤੀਰਥ ਬਣ ਗਏ ਸਨ। ਹਰ ਪੰਜਾਬੀ ਉੱਥੇ ਜਾਣਾ ਚਾਹੁੰਦਾ ਸੀ। ਉੱਥੇ ਹਰਿਆਣੇ ਦੇ ਕਿਸਾਨ ਅਤੇ ਹੋਰ ਵਰਗਾਂ ਦੇ ਲੋਕ ਵੀ ਮੌਜੂਦ ਸਨ; ਉਨ੍ਹਾਂ ਦੀ ਹਾਜ਼ਰੀ ਭਰਪੂਰ ਤੇ ਬਰਕਤਾਂ ਭਰੀ ਸੀ; ਉਨ੍ਹਾਂ ਤੋਂ ਬਗ਼ੈਰ ਇਨ੍ਹਾਂ ਲੋਕ-ਤੀਰਥਾਂ ਤੇ ਕਮਿਊਨਾਂ ਦਾ ਵਸਣਾ ਨਾਮੁਮਕਿਨ ਸੀ; ਪੰਜਾਬੀਆਂ ਤੇ ਹਰਿਆਣਵੀਆਂ ਵਿਚਕਾਰ ਸਿਆਸਤਦਾਨਾਂ ਦੁਆਰਾ ਉਸਾਰੀਆਂ ਗਈਆਂ ਤੁਅੱਸਬ ਦੀਆਂ ਕੰਧਾਂ ਢਹਿ ਗਈਆਂ ਸਨ। ਉੱਥੇ ਚਾਨਣੀ ਦੇ ਚੁਬਾਰੇ ਤੇ ਮਹਿਕਾਂ ਦੇ ਮੀਨਾਰ ਸਨ। ਇਕ ਹੋਰ ਦ੍ਰਿਸ਼ਟੀਕੋਣ ਤੋਂ ਸੋਚੀਏ ਤਾਂ ਸਾਡਾ ਸਿੰਘੂ ਤੇ ਟਿੱਕਰੀ 'ਤੇ ਪਹੁੰਚਣਾ ਇਕ ਅਲੋਕਾਰ ਘਟਨਾ ਸੀ। ਪੰਜਾਬ ਦੀਆਂ ਬਹੁਤੀਆਂ ਕਿਸਾਨ ਜਥੇਬੰਦੀਆਂ ਦੀ ਸਮਝ ਇਹ ਸੀ ਕਿ ਉਨ੍ਹਾਂ ਨੂੰ ਸ਼ੰਭੂ ਤੇ ਡੱਬਵਾਲੀ (ਪੰਜਾਬ-ਹਰਿਆਣੇ ਦੀ ਹੱਦ) 'ਤੇ ਰੋਕ ਲਿਆ ਜਾਵੇਗਾ; ਉਨ੍ਹਾਂ ਨੇ ਉੱਥੇ ਰੁਕਣ ਲਈ ਇੰਤਜ਼ਾਮ ਵੀ ਕਰ ਲਏ ਸਨ ਪਰ ਲੋਕ-ਵੇਗ ਉਨ੍ਹਾਂ ਨੂੰ ਸਿੰਘੂ ਤੇ ਟਿੱਕਰੀ ਲੈ ਗਿਆ ਜੋ ਅਜਿਹੇ ਰਣ-ਖੇਤਰ ਹੋ ਨਿੱਬੜੇ ਜਿੱਥੋਂ ਉਹ ਆਪਣੀ ਲੜਾਈ ਆਪਣੀ ਰਣਨੀਤੀ ਅਨੁਸਾਰ ਲੜ ਸਕਦੇ ਹਨ। ਲੋਕ-ਸੰਘਰਸ਼ਾਂ ਵਿਚ ਲੜਨ ਵਾਲੀ ਥਾਂ ਦੀ ਅਹਿਮੀਅਤ ਬਹੁਤ ਵੱਡੀ ਹੁੰਦੀ ਹੈ। ਸਿੰਘੂ ਤੇ ਟਿੱਕਰੀ ਜਥੇਬੰਦਕ ਤਾਕਤ, ਸੱਤਾ ਅਤੇ ਸੰਘਰਸ਼ਮਈ ਸ਼ਕਤੀਆਂ ਦੇ ਸਮਤੋਲ ਦੇ ਆਧਾਰ 'ਤੇ ਸਹੀ ਸਥਾਨ ਸਨ; ਉਨ੍ਹਾਂ ਦਾ ਪਿੱਛਾ ਹਰਿਆਣਾ ਤੇ ਪੰਜਾਬ ਨਾਲ ਲੱਗਦਾ ਸੀ ਤੇ ਮੂੰਹ ਦਿੱਲੀ, ਜੋ ਸਰਬਉੱਚ ਸੱਤਾ ਦਾ ਕੇਂਦਰ ਹੈ, ਵੱਲ ਸੀ।

ਇਕ ਹੋਰ ਦ੍ਰਿਸ਼ਟੀਕੋਣ ਤੋਂ ਦੇਖੀਏ ਤਾਂ ਪ੍ਰਤੀਕਮਈ ਤੌਰ 'ਤੇ ਸਿੰਘੂ ਤੇ ਟਿੱਕਰੀ ਨੂੰ ਸਾਡੀ ਸੀਮਾ ਨਿਸ਼ਚਿਤ ਕੀਤਾ ਗਿਆ ਅਤੇ ਇਹ ਸਥਾਨ ਸਾਡੀ ਹਕੀਕੀ ਸੀਮਾ ਵੀ ਸਨ। 26 ਜਨਵਰੀ 2021 ਨੂੰ ਕੁਝ ਲੋਕ ਲਾਲ ਕਿਲੇ ਤਕ ਵੀ ਪਹੁੰਚੇ ਪਰ ਉੱਥੇ ਪਹੁੰਚਣ ਲਈ ਅਪਣਾਇਆ ਗਿਆ ਤਰੀਕਾ ਸਿੰਘੂ ਤੇ ਟਿੱਕਰੀ ਦੀਆਂ ਕੱਚੀਆਂ ਗੜ੍ਹੀਆਂ ਨੂੰ ਮਜ਼ਬੂਤ ਕਰਨ ਵਾਲਾ ਨਹੀਂ ਸਗੋਂ ਸੱਤਾ-ਕੇਂਦਰਾਂ ਨੂੰ ਅਜਿਹੀਆਂ ਸ਼ਕਤੀਆਂ ਦੇਣ ਵਾਲਾ ਸੀ ਜਿਸ ਨਾਲ ਸਿੰਘੂ, ਟਿੱਕਰੀ ਤੇ ਗਾਜ਼ੀਪੁਰ ਦੇ ਲੋਕ-ਤੀਰਥਾਂ ਦੀ ਹੋਂਦ ਨੂੰ ਖ਼ਤਰਾ ਪੈਦਾ ਹੋ ਗਿਆ। 27 ਜਨਵਰੀ 2021 ਨੂੰ ਕਿਸਾਨ ਆਗੂ ਰਾਕੇਸ਼ ਸਿੰਘ ਟਿਕੈਤ ਦੇ ਭਾਸ਼ਣ ਨੇ ਲੋਕਾਂ ਨੂੰ ਫੇਰ ਇਕ ਭਾਵਨਾਤਮਕ ਲੈਅ ਵਿਚ ਬੰਨ੍ਹਿਆ ਤੇ ਸਿੰਘੂ, ਟਿੱਕਰੀ ਤੇ ਗਾਜ਼ੀਪੁਰ ਦੇ ਲੋਕ-ਟਿਕਾਣੇ ਆਪਣੀ ਹੋਂਦ ਕਾਇਮ ਰੱਖ ਸਕੇ।

ਜੋ ਲੋਕ-ਸਮੂਹ ਸਿੰਘੂ ਤੇ ਟਿੱਕਰੀ ਗਏ, ਉਨ੍ਹਾਂ ਵਿਚ ਨਵੀਂ ਚੇਤਨਾ ਜਾਗੀ; ਉਨ੍ਹਾਂ ਨੂੰ ਲੋਕ-ਸਮੂਹਾਂ ਦੀ ਤਾਕਤ ਦਾ ਪਤਾ ਚੱਲਿਆ, ਉਹ ਊਰਜਿਤ ਹੋਏ ਤੇ ਉਸ ਚੇਤਨਾ ਤੇ ਊਰਜਾ ਨੇ ਉਨ੍ਹਾਂ ਦੀਆਂ ਨਿੱਜੀ ਜ਼ਿੰਦਗੀਆਂ ਨੂੰ ਨਵੇਂ ਆਯਾਮ ਦਿੱਤੇ; ਪੰਜਾਬ ਦੀ ਸਮੂਹਿਕ ਚੇਤਨਾ ਵਿਚ ਵੀ ਤਬਦੀਲੀਆਂ ਆਈਆਂ; ਉਨ੍ਹਾਂ ਨੇ ਸਿਆਸੀ ਆਗੂਆਂ ਨੂੰ ਵੰਗਾਰਿਆ; ਉਨ੍ਹਾਂ ਨੂੰ ਪ੍ਰਸ਼ਨ ਪੁੱਛੇ। ਕਿਸਾਨ ਸੰਘਰਸ਼ ਤੋਂ ਊਰਜਿਤ ਹੋਏ ਪੰਜਾਬ ਨੇ ਸੂਬੇ ਦੀਆਂ ਰਵਾਇਤੀ ਸਿਆਸੀ ਪਾਰਟੀਆਂ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਰੱਦ ਕਰ ਕੇ ਆਮ ਆਦਮੀ ਪਾਰਟੀ ਨੂੰ ਚੁਣਿਆ ਪਰ ਸਮੂਹਿਕ ਚੇਤਨਾ ਵਿਚ ਉਹੋ ਜਿਹੀਆਂ ਚਿਰਟਿਕਾਊ ਤਬਦੀਲੀਆਂ ਨਾ ਆਈਆਂ ਜਿਨ੍ਹਾਂ ਦੇ ਆਉਣ ਦੀ ਆਸ ਅਜਿਹੇ ਇਨਕਲਾਬੀ ਘੋਲ ਤੋਂ ਕੀਤੀ ਜਾਂਦੀ ਹੈ। ਸਮਾਜ ਸਾਹਮਣੇ ਚੁਣੌਤੀਆਂ ਬਰਕਰਾਰ ਰਹੀਆਂ।

ਅੰਦੋਲਨਾਂ ਸਮੇਂ ਊਰਜਿਤ ਹੁੰਦੇ ਲੋਕ-ਇਕੱਠਾਂ ਅਤੇ ਲੋਕ-ਤਨਜ਼ੀਮਾਂ/ਜਥੇਬੰਦੀਆਂ ਵਿਚ ਕਿਹੋ ਜਿਹਾ ਰਿਸ਼ਤਾ ਹੁੰਦਾ ਹੈ? ਪਹਿਲਾਂ ਅੰਦੋਲਨਾਂ ਵਿਚ ਹਿੱਸਾ ਲੈਣ ਵਾਲੇ ਲੋਕ ਜਥੇਬੰਦੀਆਂ ਤੇ ਪਾਰਟੀਆਂ ਨਾਲ ਜੁੜ ਜਾਂਦੇ ਸਨ ਪਰ ਹੁਣ ਅੰਦੋਲਨਾਂ ਵਿਚ ਪਹੁੰਚਦੇ ਲੋਕਾਂ ਵਿਚੋਂ ਬਹੁਤ ਘੱਟ ਤਨਜ਼ੀਮਾਂ ਨਾਲ ਜੁੜਦੇ ਹਨ; ਕਈ ਵਾਰ ਤਨਜ਼ੀਮਾਂ ਦੀ ਆਪਣੀ ਬਣਤਰ ਉਨ੍ਹਾਂ ਨੂੰ ਲੋਕਾਂ ਨਾਲ ਜੁੜਨ ਨਹੀਂ ਦਿੰਦੀ; ਤਨਜ਼ੀਮਾਂ ਬਿਖਰੀਆਂ ਹੋਈਆਂ ਹਨ; ਉਨ੍ਹਾਂ ਅੰਦਰਲਾ ਟਕਰਾਅ ਭਿਆਨਕ ਹੈ।

ਸਰਮਾਏਦਾਰੀ ਦੇ ਕਈ ਇਤਿਹਾਸਕ ਕਾਰਜਾਂ ਵਿਚੋਂ ਇਕ ਅਹਿਮ ਕਾਰਜ ਹੈ ਲੋਕਾਂ ਦੀ ਸਮਾਜਿਕਤਾ, ਸਮੂਹਿਕਤਾ ਤੇ ਭਾਈਚਾਰਕ ਸਾਂਝ ਨੂੰ ਤੋੜਨਾ ਅਤੇ ਮਨੁੱਖ ਨੂੰ ਇਕੱਲਿਆਂ ਕਰਨਾ। ਇਕੱਲਾ ਮਨੁੱਖ ਇਕਲਾਪੇ ਦਾ ਸ਼ਿਕਾਰ, ਰਿਸ਼ਤੇ ਬਣਾਉਣ ਤੋਂ ਹਿਚਕਚਾਉਣ ਵਾਲਾ ਅਤੇ ਬੇਬਸ ਹੁੰਦਾ ਹੈ। ਲੋਕ-ਹੱਕਾਂ ਲਈ ਹੁੰਦੇ ਇਕੱਠ ਇਸ ਬੇਬਸੀ, ਲਾਚਾਰੀ ਅਤੇ ਇਕਲਾਪੇ ਨੂੰ ਤੋੜਦੇ ਹਨ। ਅਜਿਹੇ ਇਕੱਠਾਂ ਵਿਚ ਸ਼ਮੂਲੀਅਤ ਸਰਮਾਏਦਾਰੀ ਦੁਆਰਾ ਪੈਦਾ ਕੀਤੀ ਜਾਂਦੀ ਉਦਾਸੀ, ਬੇਗ਼ਾਨਗੀ ਅਤੇ ਹੋਰ ਨਕਾਰਾਤਮਕ ਭਾਵਨਾਵਾਂ ਦੇ ਜਮੂਦ ਨੂੰ ਤੋੜਦੀ ਹੈ; ਇਕੱਠਾਂ ਵਿਚ ਸ਼ਾਮਲ ਹੋਣ ਵਾਲਿਆਂ ਨੂੰ ਸਾਥੀ, ਮਿੱਤਰ, ਭਾਈ-ਭਾਈ ਤੇ ਕਾਮਰੇਡ ਬਣਾਉਂਦੀ ਹੈ। ਅਮਰੀਕੀ ਚਿੰਤਕ ਜੋਡੀ ਡੀਨ ਨੇ ਇਸ ਸਮੂਹਿਕ ਜਜ਼ਬੇ ਨੂੰ ਆਪਣੀਆਂ ਕਈ ਕਿਤਾਬਾਂ ਅਤੇ ਖ਼ਾਸ ਕਰਕੇ 'ਲੋਕ-ਇਕੱਠ ਤੇ ਪਾਰਟੀ (Crowds and Party)' ਵਿਚ ਕਲਮਬੰਦ ਕੀਤਾ ਹੈ। ਲੋਕ-ਇਕੱਠਾਂ ਵਿਚ ਸ਼ਾਮਲ ਹੁੰਦੇ ਲੋਕ ਸਹਿਯੋਗੀਆਂ ਤੋਂ ਸਾਥੀ (ਕਾਮਰੇਡ) ਬਣਦੇ ਹਨ; ਇਹ ਸ਼ਮੂਲੀਅਤ ਮਨੁੱਖ ਨੂੰ ਮਨੁੱਖ ਬਣਾਉਂਦੀ ਹੈ। ਬਰਨਾਰਡ ਆਸਪੇ ਦੇ ਸ਼ਬਦਾਂ ਵਿਚ ਉਹ ਇਕੱਠੇ ਹੋਣ ਵਾਲੇ ਲੋਕਾਂ ਲਈ ਸਮੂਹਿਕ ਸਮਾਂ (Common time) ਸਿਰਜਦੀ ਹੈ; ਇਹ ਸਮਾਂ ਸਰਮਾਏਦਾਰੀ ਦੁਆਰਾ ਪੈਦਾ ਕੀਤੇ ਗਏ ਨਿੱਜੀ ਸਮੇਂ (ਉਦਾਹਰਨ ਵਜੋਂ 'ਲੱਗੇ ਰਹੋ ਆਪਣੇ ਮੋਬਾਈਲਾਂ 'ਤੇ ਅਤੇ ਆਪਣੇ ਨਿੱਜੀ ਸੁਪਨ-ਸੰਸਾਰ 'ਚ ਰੁਝੇ ਰਹੋ' ਦੀ ਕਵਾਇਦ ਨਾਲ ਪੈਦਾ ਕੀਤੀ ਜਾਂਦੀ ਨਿੱਜਵਾਦੀ ਇਕੱਲਤਾ ਦਾ ਸਮਾਂ) ਦੇ ਵਿਰੁੱਧ ਖੜ੍ਹਾ ਹੁੰਦਾ ਹੈ। ਜੋਡੀ ਡੀਨ ਲਿਖਦੀ ਹੈ ਕਿ ਜਦੋਂ ਅਸੀਂ ਇਕੱਠੇ ਹੁੰਦੇ ਹਾਂ ਤਾਂ ਅਸੀਂ ਸਾਥੀ ਬਣਦੇ ਤੇ ਸਾਂਝੇ ਦਿਸਹੱਦਿਆਂ ਦੀ ਸਿਰਜਣਾ ਕਰਦੇ ਹਾਂ। ਕਿਤਾਬ ਦੇ ਅੰਤ ਵਿਚ ਉਹ ਇਸ ਨਿਰਣੇ 'ਤੇ ਪਹੁੰਚਦੀ ਹੈ ਕਿ ਜਿੱਥੇ ਲੋਕ-ਇਕੱਠ ਮਹੱਤਵਪੂਰਨ ਹਨ, ਉੱਥੇ ਉਨ੍ਹਾਂ 'ਚੋਂ ਪੈਦਾ ਹੋਈ ਊਰਜਾ ਤਾਂ ਹੀ ਲੋਕ-ਹਿੱਤ ਲਈ ਵਰਤੀ ਜਾ ਸਕਦੀ ਹੈ ਜੇ ਉਸ ਨੂੰ ਵਰਤਣ ਵਾਲੀ ਤਨਜ਼ੀਮ/ਜਥੇਬੰਦੀ/ਪਾਰਟੀ ਮੌਜੂਦ ਹੋਵੇ। ਉਹ ਕਮਿਊਨਿਸਟ ਪਾਰਟੀਆਂ ਦੀ ਵਿਥਿਆ, ਉਨ੍ਹਾਂ ਦੇ ਟੁੱਟਣ, ਉਨ੍ਹਾਂ ਵਿਚਲੀ ਧੜੇਬਾਜ਼ੀ, ਸੱਤਾਮਈ ਧੜੇ ਵੱਲੋਂ ਦੂਸਰੀਆਂ ਧਿਰਾਂ ਦੇ ਮੈਂਬਰਾਂ ਨੂੰ ਕੱਢਣ, ਮੈਂਬਰਾਂ ਦੇ ਪਾਰਟੀ ਛੱਡਣ ਆਦਿ ਸਮੱਸਿਆਵਾਂ ਨੂੰ ਕਲਮਬੰਦ ਕਰਦੀ ਹੈ। ਉਹ ਇਕ ਆਦਰਸ਼ਕ ਪਾਰਟੀ ਦੀ ਤਾਂਘ ਕਰਦੀ ਹੈ ਕਿਉਂਕਿ ਉਸ ਦੇ ਅਨੁਸਾਰ ਇਕ ਆਦਰਸ਼ਕ ਤਨਜ਼ੀਮ ਜਾਂ ਪਾਰਟੀ ਤੋਂ ਬਿਨਾਂ ਇੱਥੇ ਹੋਰ ਕੋਈ ਨਹੀਂ ਜੋ 'ਸਰਮਾਏਦਾਰੀ ਦੇ ਜੁਰਮਾਂ ਤੇ ਲੋਕਾਂ ਦੀਆਂ ਲੋੜਾਂ' ਨੂੰ ਯਾਦ ਰੱਖ ਸਕੇ ਅਤੇ ਉਨ੍ਹਾਂ ਤੋਂ ਸਬਕ ਸਿੱਖ ਕੇ ਉਨ੍ਹਾਂ (ਸਰਮਾਏਦਾਰੀ ਨਿਜ਼ਾਮ ਦੇ ਜੁਰਮਾਂ) ਦਾ ਜਵਾਬ ਦੇ ਸਕੇ।


ਕਿਸਾਨ ਅੰਦੋਲਨ ਵਿਚ ਕਈ ਜਥੇਬੰਦੀਆਂ ਸਨ; ਉਨ੍ਹਾਂ ਵਿਚ ਵਕਤੀ ਤੌਰ 'ਤੇ ਸਾਂਝ ਤਾਂ ਪੈਦਾ ਹੋਈ ਜਿਸ ਨੇ ਉਨ੍ਹਾਂ ਨੂੰ ਜਿੱਤ ਦਿਵਾਈ ਪਰ ਉਹ ਚਿਰਜੀਵੀਂ ਸਮੂਹਿਕ ਸਾਂਝ ਨਾ ਪੈਦਾ ਕਰ ਸਕੀਆਂ। ਹਰ ਜਥੇਬੰਦੀ ਆਪਣਾ ਹੱਥ ਉੱਚਾ ਰੱਖਣਾ ਚਾਹੁੰਦੀ ਸੀ/ਹੈ, ਆਪਣੀ ਰੰਗਤ ਤੇ ਆਪਣੇ ਵੱਡੇ ਹੋਣ ਦੀ ਭਾਵਨਾ ਨੂੰ ਜਿਊਂਦੇ ਰੱਖਣਾ ਤੇ ਵਧਾਉਣਾ ਚਾਹੁੰਦੀ ਸੀ/ਹੈ; ਆਪਸ ਵਿਚ ਮੁਕਾਬਲਾ ਸੀ/ਹੈ, ਹਉਮੈ ਦੀ ਲੜਾਈ ਸੀ/ਹੈ। ਇਸੇ ਲਈ ਸਾਂਝੇ ਦਿਸਹੱਦਿਆਂ ਦੀ ਸਿਰਜਣਾ ਨਹੀਂ ਹੋ ਸਕੀ।

ਇਸ ਸਭ ਕੁਝ ਦੇ ਬਾਵਜੂਦ ਕਿਸਾਨ ਅੰਦੋਲਨ ਨੇ ਜਬਰ ਨਾਲ ਟੱਕਰ ਲੈਣ ਤੇ ਹੋਰ ਵਰਗਾਂ ਨਾਲ ਸਾਂਝ ਪਾਉਣ ਦੀ ਭਾਵਨਾ ਜ਼ਰੂਰ ਪੈਦਾ ਕੀਤੀ ਪਰ ਇਸ ਤੋਂ ਅਗਾਂਹ ਵਧ ਕੇ ਸਾਂਝੀਵਾਲਤਾ ਤੇ ਲੋਕ-ਹਿੱਤਾਂ ਲਈ ਲੜਨ ਵਾਲੇ ਸਾਂਝੇ ਦਿਸਹੱਦੇ ਸਿਰਜਣ ਤੇ ਉਨ੍ਹਾਂ ਵੱਲ ਵਧਣ ਅਤੇ ਵਿਆਪਕ ਏਕਤਾ ਬਣਾਉਣ ਦੀਆਂ ਚੁਣੌਤੀਆਂ ਅਜੇ ਬਰਕਰਾਰ ਹਨ। ਜੋਡੀ ਡੀਨ ਦੁਆਰਾ ਕਿਆਸੀ ਗਈ ਆਦਰਸ਼ਕ ਤਨਜ਼ੀਮ/ਜਥੇਬੰਦੀ/ਪਾਰਟੀ ਬਣਨੀ ਦੂਰ ਦੀ ਗੱਲ ਹੈ; ਜਥੇਬੰਦੀਆਂ ਲਈ ਨਿੱਜੀ ਤੇ ਜਥੇਬੰਦਕ ਹਉਮੈ ਨਾਲ ਨਜਿੱਠਣਾ ਹੀ ਵੱਡੀ ਚੁਣੌਤੀ ਹੈ। ਕਿਸਾਨ ਅੰਦੋਲਨ ਦੀ ਜਿੱਤ ਹੋਇਆਂ ਦੋ ਵਰ੍ਹੇ ਹੋਣ ਲੱਗੇ ਹਨ; ਇਹ ਮੌਕਾ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਲਈ ਇਹ ਵਿਚਾਰਨ ਦਾ ਵਕਤ ਹੈ ਕਿ ਕਿਵੇਂ ਉਨ੍ਹਾਂ ਨੇ 2020-21 ਵਿਚ ਕਿਸਾਨ ਅੰਦੋਲਨ ਤੇ ਪੰਜਾਬ ਨੂੰ ਇਕਮਿੱਕ ਕਰ ਕੇ ਉਸ ਨੂੰ ਲੋਕ-ਅੰਦੋਲਨ ਬਣਾ ਦਿੱਤਾ ਸੀ; ਲੋਕਾਂ ਤੇ ਕਿਸਾਨਾਂ ਵਿਚਕਾਰਲਾ ਉਹ ਏਕਾ ਬਾਅਦ ਵਿਚ ਬਰਕਰਾਰ ਕਿਉਂ ਨਾ ਰਿਹਾ; ਸਹਿਯੋਗੀ ਸਾਥੀ ਕਿਉਂ ਨਾ ਬਣੇ? ਉਸ ਏਕੇ ਤੋਂ ਬਿਨਾਂ ਸੀਮਤ ਵਰਗ-ਸੰਘਰਸ਼ ਤਾਂ ਹੋ ਸਕਦੇ ਹਨ ਪਰ ਉਹ ਲੋਕ-ਅੰਦੋਲਨ ਨਹੀਂ ਬਣ ਸਕਦੇ।

# ਸਾਮਰਾਜਾਂ ਦੀਆਂ ਬਾਤਾਂ

ਕਲਾ ਪਰਿਕਰਮਾ

ਬ੍ਰਿਟਿਸ਼ ਸਾਮਰਾਜ ਮਨੁੱਖੀ ਇਤਿਹਾਸ ਵਿਚ ਦੁਨੀਆ ਦਾ ਸਭ ਤੋਂ ਵੱਡਾ ਸਾਮਰਾਜ ਸੀ। 1.37 ਕਰੋੜ ਵਰਗ ਮੀਲ ਰਕਬੇ ਵਾਲਾ। ਛੇ ਮਹਾਂਦੀਪਾਂ-ਯੂਰਪ, ਏਸ਼ੀਆ, ਉੱਤਰੀ ਅਮਰੀਕਾ, ਓਸ਼ਨੀਆ, ਅਫਰੀਕਾ ਅਤੇ (ਅਰਜਨਟੀਨਾ ਨੇੜੇ ਫਾਕਲੈਂਡ ਜਜ਼ੀਰਿਆਂ ਉੱਤੇ ਕਬਜ਼ੇ ਕਾਰਨ) ਦੱਖਣੀ ਅਮਰੀਕਾ ਵਿਚ ਫੈਲਿਆ ਹੋਇਆ। ਇਕ ਸਮੇਂ ਦੁਨੀਆ ਦੀ ਇਕ-ਤਿਹਾਈ ਵਸੋਂ ਇਸ ਸਾਮਰਾਜ ਦਾ ਹਿੱਸਾ ਸੀ। ਸੋਲ੍ਹਵੀਂ ਸਦੀ ਵਿਚ ਵਪਾਰਕ ਜ਼ਰੂਰਤਾਂ ਤੋਂ ਉਪਜਿਆ ਸੀ ਇਹ ਸਾਮਰਾਜ। ਅਗਲੀਆਂ ਦੋ ਸਦੀਆਂ ਦੌਰਾਨ ਇਹ ਦੁਨੀਆ ਦੇ ਅੱਧੇ ਤੋਂ ਵੱਧ ਮਾਇਕ ਵਸੀਲਿਆਂ ਦਾ ਮਾਲਕ ਬਣ ਗਿਆ ਸੀ। ਵੀਹਵੀਂ ਸਦੀ ਦੇ ਦੂਜੇ ਅੱਧ ਦੌਰਾਨ ਵਿਖੰਡਿਤ ਹੋਣ ਦੇ ਬਾਵਜੂਦ ਗ੍ਰੇਟ ਬ੍ਰਿਟੇਨ ਹੁਣ ਵੀ ਸੰਸਾਰ ਦੀ ਛੇਵੀਂ ਸਭ ਤੋਂ ਵੱਡੀ ਆਰਥਿਕ ਹਸਤੀ ਹੈ। ਆਪਣੀ ਸ਼ਾਨ ਸਲਾਮਤ ਰੱਖਣ ਲਈ ਭਾਵੇਂ ਇਸ ਨੂੰ ਹੁਣ ਜੱਦੋਜਹਿਦ




**ਸੁਰਿੰਦਰ ਸਿੰਘ ਤੇਜ**
**ਫੋਨ: +91-98555-01488**

ਕਰਨੀ ਪੈ ਰਹੀ ਹੈ, ਫਿਰ ਵੀ ਇਹ ਤਿੰਨ ਮਹਾਂਸਾਗਰਾਂ ਵਿਚ ਪੈਂਦੇ 76 ਟਾਪੂਆਂ ਦਾ ਮਾਲਕ ਹੈ। ਆਰਥਿਕ ਮਦਦ ਦੇ ਨਾਂ 'ਤੇ ਇਹ ਦਾਨ-ਦੱਛਣਾ ਵੀ ਕਈ ਨਿੱਕੇ-ਨਿੱਕੇ ਮੁਲਕਾਂ ਨੂੰ ਦਿੰਦਾ ਰਿਹਾ ਹੈ। ਇਸ ਸਾਮਰਾਜ ਦੀ ਤਿੰਨ ਸਦੀਆਂ ਤੋਂ ਵੱਧ ਲੰਮੀ ਉਮਰ ਦੇ ਰਾਜ਼ ਕਈ ਸਨ ਪਰ ਇਕ ਮੁੱਖ ਰਾਜ਼ ਸੀ: ਆਪਣੀ ਹਰ ਬਸਤੀ ਦੀ ਸਭਿਅਤਾ ਤੇ ਸਭਿਆਚਾਰ ਦੀ ਕਦਰ ਕਰਨੀ ਅਤੇ ਪ੍ਰਸ਼ਾਸਨਿਕ ਵਿਵਸਥਾ ਜਾਂ ਨਿਜ਼ਾਮਤ ਨੂੰ ਸਥਾਨਕ ਲੋੜਾਂ ਮੁਤਾਬਿਕ ਢਾਲ ਕੇ ਰੱਖਣਾ।

ਅਜਿਹਾ ਹੀ ਕੁਝ ਸੁਮੇਰੀਅਨ ਸਲਤਨਤ ਨੇ ਕੀਤਾ ਸੀ, ਉਹ ਵੀ ਤਕਰੀਬਨ ਚਾਰ ਹਜ਼ਾਰ ਸਾਲ ਪਹਿਲਾਂ। ਪੂਰੇ ਉੱਤਰੀ ਅਫਰੀਕਾ ਤੋਂ ਲੈ ਕੇ ਸਮੁੱਚੀ ਅਰਬ ਭੂਮੀ ਤੇ ਸਿੰਧ ਘਾਟੀ ਦੀ ਪੱਛਮੀ ਸੀਮਾ ਤਕ ਫੈਲੀ ਸੀ ਇਹ ਸਲਤਨਤ। ਇਸ ਦੇ ਵਜੂਦ ਦੀਆਂ ਹੁਣ ਸੰਕੇਤਨੁਮਾ ਨਿਸ਼ਾਨੀਆਂ ਹੀ ਮਿਲਦੀਆਂ ਹਨ। ਮੰਨਿਆ ਜਾਂਦਾ ਹੈ ਕਿ ਇਹ ਸਲਤਨਤ ਵੀ ਆਪਣੇ ਹਰ ਖਿੱਤੇ ਦੀ ਤਹਿਜ਼ੀਬ ਦੀ ਕਦਰ ਕਰਨ ਦੇ ਸਿਧਾਂਤ ਉੱਤੇ ਅਮਲ ਕਰਦੀ ਸੀ। ਅਜਿਹਾ ਹੀ ਖ਼ਾਸਾ ਰੋਮਨ ਸਾਮਰਾਜ (31 ਵਰ੍ਹੇ ਈਸਾ ਪੂਰਵ ਤੋਂ 476 ਈਸਵੀ) ਅਤੇ ਅਕੀਮੇਨੀਡ (ਫ਼ਾਰਸੀ) ਸਾਮਰਾਜ (550 ਤੋਂ 330 ਵਰ੍ਹੇ ਈਸਾ ਪੂਰਵ) ਦਾ ਵੀ ਰਿਹਾ। ਮੰਗੋਲ ਸਾਮਰਾਜ ਨੇ ਵੀ ਆਪਣੇ ਮੁੱਢਲੇ ਵਰ੍ਹਿਆਂ ਦੌਰਾਨ ਰਾਜ ਪ੍ਰਬੰਧ ਵਾਸਤੇ ਉਪਰੋਕਤ ਸਿਧਾਂਤ ਅਪਣਾਇਆ।

ਇਨ੍ਹਾਂ ਸਲਤਨਤਾਂ ਤੋਂ ਇਲਾਵਾ ਕੁਝ ਸਾਮਰਾਜ ਅਜਿਹੇ ਵੀ ਹਨ ਜਿਨ੍ਹਾਂ ਬਾਰੇ ਨਾ ਬਹੁਤੀ ਚਰਚਾ ਹੋਈ, ਨਾ ਉਨ੍ਹਾਂ ਦੇ ਮਹੱਤਵ ਨੂੰ ਅਕਾਦਮਿਕ ਸ਼ਿੱਦਤ ਨਾਲ ਘੋਖਿਆ ਗਿਆ। ਅਜਿਹੀ ਅਣਦੇਖੀ ਦੀ ਅਹਿਮ ਵਜ੍ਹਾ ਇਹ ਰਹੀ ਕਿ ਇਨ੍ਹਾਂ ਨੂੰ ਪਹਿਲੇ ਮਹਾਨ ਸਾਮਰਾਜਾਂ ਦੇ ਪਰਛਾਵਿਆਂ ਵਜੋਂ ਦੇਖਿਆ ਗਿਆ; ਇਨ੍ਹਾਂ ਦੇ ਵਜੂਦ ਤੇ ਵਸਫ਼ ਨੂੰ ਸੰਜੀਦਗੀ ਨਾਲ ਨਹੀਂ ਆਂਕਿਆ ਗਿਆ। ਅਸਲੀਅਤ ਇਹ ਸੀ ਕਿ ਇਹ ਸਾਮਰਾਜ, ਮਹਾਨ ਸਲਤਨਤਾਂ ਦੀ ਬਨਿਸਬਤ ਬਿਹਤਰ ਰਾਜ ਪ੍ਰਬੰਧ ਤੇ ਬਿਹਤਰ ਇਨਸਾਨੀ ਮਿਆਰਾਂ ਦਾ ਨਮੂਨਾ ਸਨ। ਇਨ੍ਹਾਂ ਵਿਚ ਉਮਾਇਦ ਖਿਲਾਫ਼ਤ (ਸਲਤਨਤ), ਔਟੋਮਨ (ਅਸਲ 'ਚ ਉਸਮਾਨੀ) ਸਲਤਨਤ, ਚੀਨੀ ਸਾਮਰਾਜ, ਰੂਸੀ ਸਾਮਰਾਜ ਤੇ ਮੁਗ਼ਲ ਸਾਮਰਾਜ ਆਉਂਦੇ ਹਨ। ਅਨੇਕਤਾ ਰਾਹੀਂ ਏਕਤਾ ਦੇ ਸਿਧਾਂਤ ਦੇ ਪੈਰੋਕਾਰ ਤੇ ਪ੍ਰਮਾਣ ਸਨ ਇਹ ਸਾਮਰਾਜ। ਇਨ੍ਹਾਂ ਨੇ ਦਰਸਾਇਆ ਕਿ ਨਸਲੀ, ਤਹਿਜ਼ੀਬੀ, ਤਾਲੀਮੀ, ਮਜ਼ਹਬੀ, ਮਾਇਕ ਤੇ ਭੂਗੋਲਿਕ ਵਿਭਿੰਨਤਾਵਾਂ ਦੇ ਬਾਵਜੂਦ ਏਕੇ ਦਾ ਸੰਕਲਪ ਵਿਕਸਿਤ ਵੀ ਕੀਤਾ ਜਾ ਸਕਦਾ ਹੈ ਅਤੇ ਇਸ ਨੂੰ ਉਮਰਦਰਾਜ਼ ਵੀ ਬਣਾਇਆ ਜਾ ਸਕਦਾ ਹੈ। ਇਹੋ ਕਹਾਣੀ ਖ਼ੂਬਸੂਰਤ ਤੇ ਖ਼ੁਸ਼ਨੁਮਾ ਅੰਦਾਜ਼ ਵਿਚ ਪੇਸ਼ ਕਰਦੀ ਹੈ ਪ੍ਰੋ. ਟੌਮਸ ਬੈਰਫੀਲਡ ਦੀ ਨਵੀਂ ਕਿਤਾਬ 'ਸ਼ੈਡੋ ਐਂਪਾਇਰਜ਼'। ਕਿਤਾਬ ਨਵੇਂ ਖਿਆਲਾਂ, ਨਿਵੇਕਲੇ ਸਿਧਾਂਤਾਂ ਤੇ ਨਵੇਲੀਆਂ ਵਿਆਖਿਆਵਾਂ ਨਾਲ ਲੈਸ ਹੈ।






*ਪ੍ਰੋ. ਟੌਮਸ ਬੈਰਫੀਲਡ*

ਬੋਸਟਨ ਯੂਨੀਵਰਸਿਟੀ ਵਿਚ ਮਾਨਵ ਵਿਗਿਆਨੀ ਹਨ ਪ੍ਰੋ. ਬੈਰਫੀਲਡ; ਇਰਾਕ, ਅਫ਼ਗ਼ਾਨਿਸਤਾਨ ਤੇ ਮੱਧ ਏਸ਼ਿਆਈ ਮੁਲਕਾਂ ਦੇ ਮਾਨਵ-ਵਿਗਿਆਨਕ ਇਤਿਹਾਸ ਦੇ ਮਾਹਿਰ। ਉਹ ਪਹਿਲੇ ਅਜਿਹੇ ਅਕਾਦਮੀਸ਼ਨ ਸਨ ਜਿਨ੍ਹਾਂ ਨੇ ਅਮਰੀਕੀ ਹਕੂਮਤ ਨੂੰ ਅਫ਼ਗ਼ਾਨਿਸਤਾਨ ਵਿਚ ਬੇਲੋੜੇ ਦਖ਼ਲ ਤੋਂ ਵਰਜਿਆ ਸੀ ਅਤੇ ਫ਼ੌਜੀ ਦਖ਼ਲ ਦੀ ਸੂਰਤ ਵਿਚ ਹਾਰ ਤੇ ਨਮੋਸ਼ੀ ਦੀ ਪੇਸ਼ੀਨਗੋਈ 20 ਵਰ੍ਹੇ ਪਹਿਲਾਂ ਕਰ ਦਿੱਤੀ ਸੀ। ਅਜਿਹੀ ਚਿਤਾਵਨੀ ਦੀ ਅਣਦੇਖੀ ਕਰ ਕੇ ਅਮਰੀਕਾ ਨੇ ਜਿਸ ਕਿਸਮ ਦੀ ਖ਼ੁਨਾਮੀ ਤੇ ਨਮੋਸ਼ੀ ਅਫ਼ਗ਼ਾਨਿਸਤਾਨ ਵਿਚ ਖੱਟੀ, ਉਹ ਸਾਡੇ ਸਾਹਮਣੇ ਹੈ।

'ਸ਼ੈਡੋ ਐਂਪਾਇਰਜ਼' ਦਾ ਧਰਾਤਲ ਵਿਆਪਕ ਹੈ। ਇਹ ਕਈ ਸਲਤਨਤਾਂ ਦੀ ਤਵਾਰੀਖ਼ ਨੂੰ ਸਹੀ ਰੰਗਤ ਦੇਣ ਦੀ ਬਾਦਲੀਲ ਕੋਸ਼ਿਸ਼ ਹੋਣ ਤੋਂ ਇਲਾਵਾ ਇਨ੍ਹਾਂ ਦੀ ਇਮਤਿਆਜ਼ੀ ਦਾ ਸੰਜੀਦਾ ਬਿਆਨ ਵੀ ਹੈ; ਮਸਲਨ, ਉਮਾਇਦ ਸਲਤਨਤ (661-750 ਈਸਵੀ) ਨੂੰ ਮਹਿਜ਼ ਇਸਲਾਮੀ ਸਲਤਨਤ ਮੰਨਿਆ ਜਾਂਦਾ ਹੈ ਪਰ ਪ੍ਰੋ. ਬੈਰਫੀਲਡ ਦੱਸਦੇ ਹਨ ਕਿ ਇਹ ਧਰਮ ਨਿਰਪੇਖ ਸਾਮਰਾਜ ਸੀ। ਇਸ ਦਾ ਸੰਸਥਾਪਕ ਮੁਆਵੀਆਹ (ਪੂਰਾ ਨਾਮ: ਮੁਆਵੀਆਹ ਇਬਨ ਅਬੀ ਸੂਫੀਆਨ) ਸੀ ਜਿਸ ਨੂੰ ਹਜ਼ਰਤ ਅਲੀ ਦੀ ਹੱਤਿਆ ਦਾ ਦੋਸ਼ੀ ਵੀ ਦੱਸਿਆ ਜਾਂਦਾ ਹੈ। ਉਹ ਪੈਗੰਬਰ, ਹਜ਼ਰਤ ਮੁਹੰਮਦ ਸਾਹਿਬ ਦੇ ਕੁਰੈਸ਼ (ਜਾਂ ਕੁਰਾਇਸ਼) ਕਬੀਲੇ ਨਾਲ ਹੀ ਸਬੰਧਿਤ ਸੀ ਅਤੇ ਤੀਜੇ ਖ਼ਲੀਫ਼ਾ, ਹਜ਼ਰਤ ਉਸਮਾਨ (ਜਾਂ ਉਠਮਾਨ) ਦੇ ਖ਼ਾਨਦਾਨ ਵਿਚੋਂ ਸੀ। ਮੁਆਵੀਆਹ ਦੇ ਰਾਜ ਕਾਲ ਦੌਰਾਨ ਹੀ ਇਸਲਾਮ ਦੀ ਸਿਆਸੀ ਰਾਜਧਾਨੀ, ਮਦੀਨਾ ਤੋਂ ਬਦਲ ਕੇ ਦਮਸ਼ਕ (ਹੁਣ ਸੀਰੀਆ ਦੀ ਰਾਜਧਾਨੀ) ਲਿਜਾਈ ਗਈ। ਅੱਠਵੀਂ ਸਦੀ ਦੌਰਾਨ ਮੁਆਵੀਆਹ ਦੇ ਜਾਂਨਸ਼ੀਨ ਅਬਦ-ਅਲ ਮਲਿਕ ਨੇ ਇਸ ਸਲਤਨਤ ਨੂੰ ਪੱਛਮ ਵਿਚ ਸਪੇਨ ਤੋਂ ਲੈ ਕੇ ਪੂਰਬ ਵਿਚ ਮੱਧ ਏਸ਼ੀਆ ਤੇ ਭਾਰਤ ਦੇ ਸਿੰਧ ਖਿੱਤੇ ਤੱਕ ਫੈਲਾਇਆ। ਇਹ ਸਾਰਾ ਇਲਾਕਾ ਇਸ ਤੋਂ ਪਹਿਲਾਂ ਕਦੇ ਕਿਸੇ ਇਕ ਸਾਮਰਾਜ ਦਾ ਹਿੱਸਾ ਨਹੀਂ ਸੀ ਰਿਹਾ। ਉਮਾਇਦਾਂ ਨੇ ਆਪਣੀ ਸਲਤਨਤ ਦਾ ਵਿਸਥਾਰ ਇਸਲਾਮ ਦੇ ਪ੍ਰਚਾਰ-ਪ੍ਰਸਾਰ ਲਈ ਨਹੀਂ ਕੀਤਾ ਸਗੋਂ ਸਿਆਸੀ, ਆਰਥਿਕ ਤੇ ਸਮਾਜਿਕ ਦਬਦਬਾ ਦੂਰ ਦੂਰ ਤਕ ਵਧਾਉਣ ਨੂੰ ਤਰਜੀਹ ਦਿੱਤੀ। ਜਿੱਤੇ ਗਏ ਹਰ ਨਵੇਂ ਇਲਾਕੇ ਦੇ ਸੂਬੇਦਾਰ ਜਾਂ ਰਿਆਸਤਕਾਰ ਨੂੰ ਇਹ ਹਦਾਇਤ ਸੀ ਕਿ ਸਲਤਨਤ ਦੇ ਕੁਝ ਬੁਨਿਆਦੀ ਅਸੂਲਾਂ ਨੂੰ ਛੱਡ ਕੇ ਬਾਕੀ ਸਾਰੇ ਮਾਮਲਿਆਂ ਵਿਚ ਮੁਕਾਮੀ ਰਵਾਇਤਾਂ ਤੇ ਪ੍ਰਥਾਵਾਂ ਨੂੰ ਮਾਨਤਾ ਦਿੱਤੀ ਜਾਵੇ ਅਤੇ ਉਨ੍ਹਾਂ ਨੂੰ ਪ੍ਰਸ਼ਾਸਨਿਕ ਪ੍ਰਬੰਧ ਦਾ ਹਿੱਸਾ ਬਣਾਇਆ ਜਾਵੇ। ਇਸ ਸਲਤਨਤ ਵਿਚ ਨਾ ਤਾਂ ਯਹੂਦੀਆਂ ਦਾ ਘਾਣ ਹੋਇਆ ਅਤੇ ਨਾ ਹੀ ਇਸਾਈਆਂ ਦਾ। ਉਨ੍ਹਾਂ ਦੀਆਂ ਇਬਾਦਤਗਾਹਾਂ ਨੂੰ ਸ਼ਾਹੀ ਹਿਫ਼ਾਜ਼ਤ ਬਾਕਾਇਦਾ ਹਾਸਲ ਹੁੰਦੀ ਰਹੀ।

ਉਮਾਇਦਾਂ ਵਾਲੀ ਪਹੁੰਚ ਚਿੰਗ ਵੰਸ਼ ਵੱਲੋਂ ਸੰਸਥਾਪੇ-ਸੰਚਾਰੇ-ਸੰਵਾਰੇ ਚੀਨੀ (ਚਿੰਗ) ਸਾਮਰਾਜ ਦੀ ਵੀ ਰਹੀ। (ਚੀਨੀ ਉਚਾਰਨ ਚਿੰਗ) ਵੰਸ਼ ਮੂਲ ਚੀਨੀ ਹਾਨ ਨਸਲ ਦੀ ਥਾਂ ਮਾਰੂ ਸੀ। ਇਸ ਦੇ ਬਾਵਜੂਦ ਇਸ ਨੇ 1636 ਤੋਂ ਲੈ ਕੇ 1912 ਈਸਵੀ ਤਕ ਰਾਜ ਕੀਤਾ; ਮੁੱਖਤੌਰ 'ਤੇ ਸੁਲ੍ਹਾਕੁਲ ਰਾਜ ਪ੍ਰਬੰਧ ਦੀ ਬਦੌਲਤ; ਕਿਸੇ ਵੀ ਨਸਲੀ ਫਿਰਕੇ ਨਾਲ ਵਿਤਕਰਾ ਨਾ ਕਰਨ ਦੀ ਨੀਤੀ ਹਰ ਤਰ੍ਹਾਂ ਅਮਲੀ ਰੂਪ ਵਿਚ ਅਪਣਾ ਕੇ। ਇਸ ਸਾਮਰਾਜ ਨੂੰ ਆਪਣੇ ਪਾਸਾਰ-ਵਿਸਤਾਰ ਲਈ ਜੰਗਾਂ-ਯੁੱਧਾਂ ਦਾ ਸਹਾਰਾ ਨਹੀਂ ਲੈਣਾ ਪਿਆ, ਛੋਟੀਆਂ ਰਿਆਸਤਾਂ ਖ਼ੁਦ-ਬ-ਖ਼ੁਦ ਇਸ ਨਾਲ ਜੁੜਦੀਆਂ ਗਈਆਂ। ਉਸ ਪਹੁੰਚ ਤੋਂ ਉਲਟ ਹੁਣ ਵਾਲੇ ਚੀਨ ਵਿਚ ਹਾਨ ਚੀਨੀਆਂ ਦੀ ਸਰਦਾਰੀ ਹੈ; ਹੋਰ ਨਸਲੀ ਫਿਰਕਿਆਂ ਨੂੰ ਹਾਨ ਨਸਲ ਨਾਲ ਇਕਸੁਰ ਕਰਨ ਦੀ ਸਰਕਾਰੀ ਨੀਤੀ ਸਮਾਜਿਕ ਤਣਾਅ ਵਧਾ ਰਹੀ ਹੈ। ਦੁਨੀਆ ਦੀ ਦੂਜੀ ਆਰਥਿਕ ਮਹਾਂਸ਼ਕਤੀ ਬਣਨ ਦੇ ਬਾਵਜੂਦ ਚੀਨੀਆਂ ਦਾ ਅਮਰੀਕਾ, ਕੈਨੇਡਾ, ਆਸਟਰੇਲੀਆ ਜਾਂ ਯੂਰਪੀ ਮੁਲਕਾਂ ਵੱਲ ਲਗਾਤਾਰ ਪਰਵਾਸ, ਚੀਨ ਅੰਦਰ 'ਸਭ ਅੱਛਾ' ਨਾ ਹੋਣ ਦਾ ਪ੍ਰਮਾਣ ਹੈ।

ਰੂਸੀ ਜ਼ਾਰਾਂ ਵੱਲੋਂ ਜਨਤਾ ਦੀ ਲੁੱਟ-ਖਸੁੱਟ ਦੇ ਕਿੱਸੇ ਆਮ ਪੜ੍ਹੇ-ਸੁਣੇ ਜਾਣ (ਖ਼ਾਸ ਕਰ ਕੇ ਖੱਬੇ ਪੱਖੀ ਸਾਹਿਤ ਵਿਚ) ਦੇ ਬਾਵੂਜਦ ਪ੍ਰੋ. ਬੈਰਫੀਲਡ ਰੂਸੀ ਸਾਮਰਾਜ (1721-1917) ਨੂੰ ਵੀ ਬਿਹਤਰ ਸਾਮਰਾਜਾਂ ਵਿਚ ਸ਼ੁਮਾਰ ਕਰਦਾ ਹੈ। ਇਹ ਸਾਮਰਾਜ ਪੀਟਰ ਮਹਾਨ (1672-1720) ਵੱਲੋਂ ਰੂਸੀ ਹੱਦਾਂ ਦਾ ਵਿਸਥਾਰ ਕੀਤੇ ਜਾਣ ਸਦਕਾ ਵਜੂਦ ਵਿਚ ਆਇਆ। ਉਸ ਨੇ ਹੀ ਰੂਸੀ ਹੱਦਾਂ ਨੂੰ ਕਾਲੇ ਸਾਗਰ ਤਕ ਪਹੁੰਚਾਇਆ ਤੇ ਆਜ਼ੋਵ ਬੰਦਰਗਾਹ ਸਥਾਪਿਤ ਕਰ ਕੇ ਰੂਸ ਨੂੰ ਸਾਰਾ ਸਾਲ ਸਮੁੰਦਰੀ ਵਪਾਰ ਦੇ ਕਾਬਲ ਬਣਾਇਆ। ਪੀਟਰ ਖ਼ੁਦ ਮਜ਼ਹਬੀ ਕੱਟੜਪੰਥੀ ਸੀ ਪਰ ਉਸ ਤੋਂ ਬਾਅਦ ਦੇ ਬਾਦਸ਼ਾਹਾਂ ਨੇ ਰਾਜ ਪ੍ਰਬੰਧ ਵਿਚੋਂ ਰੂਸੀ ਔਰਥੋਡਕਸ ਚਰਚ ਦੀ ਸ਼ਮੂਲੀਅਤ ਲਗਪਗ ਖ਼ਤਮ ਕਰ ਦਿੱਤੀ ਅਤੇ ਸਾਰੇ ਨਸਲੀ ਤੇ ਮਜ਼ਹਬੀ ਫਿਰਕਿਆਂ ਨੂੰ ਆਪੋ-ਆਪਣਾ ਸਭਿਆਚਾਰ ਤੇ ਧਰਮ ਪ੍ਰਚਾਰਨ-ਪ੍ਰਸਾਰਨ ਦੀ ਖੁੱਲ੍ਹ ਦਿੱਤੀ। ਵੀਹਵੀਂ ਸਦੀ ਦੀ ਆਮਦ ਵੇਲੇ ਇਸ ਨੀਤੀ ਨੂੰ ਮੋੜਾ ਦੇਣਾ ਰਾਜਸੀ ਤੇ ਸਮਾਜਿਕ ਬੇਚੈਨੀ ਤੇ ਅਸਥਿਰਤਾ ਦੀ ਮੁੱਖ ਵਜ੍ਹਾ ਬਣਿਆ। ਇਸ ਤੋਂ ਬਾਲਸ਼ਵਿਕ ਇਨਕਲਾਬ ਨੂੰ ਹੁਲਾਰਾ ਮਿਲਣਾ ਸੁਭਾਵਿਕ ਹੀ ਸੀ।

ਕਿਤਾਬ ਦੱਸਦੀ ਹੈ ਕਿ ਹਰ ਸਾਮਰਾਜ ਦੀ ਤਾਮੀਰ 'ਚ ਘੱਟੋ-ਘੱਟ ਤਿੰਨ ਪੁਸ਼ਤਾਂ ਦਾ ਯੋਗਦਾਨ ਰਿਹਾ ਪਰ ਪਤਨ ਸਿਰਫ਼ ਇਕ ਸਮਰਾਟ ਦੀਆਂ ਆਪਹੁਦਰੀਆਂ ਕਾਰਨ ਹੋ ਗਈ। ਇਸੇ ਪ੍ਰਸੰਗ ਵਿਚ ਉਹ ਭਾਰਤ ਦੀ ਮੁਗ਼ਲੀਆ ਸਲਤਨਤ ਦੀ ਮਿਸਾਲ ਵੀ ਦਿੰਦਾ ਹੈ। ਤਿੰਨ ਬਾਦਸ਼ਾਹਾਂ ਅਕਬਰ, ਜਹਾਂਗੀਰ ਤੇ ਸ਼ਾਹਜਹਾਂ ਦੇ ਰਾਜ ਕਾਲ ਸਮੇਂ ਇਹ ਦੁਨੀਆ ਦੀ ਸਭ ਤੋਂ ਧਨਾਢ ਸਲਤਨਤ ਸੀ ਅਤੇ ਸਮੁੱਚੇ ਸੰਸਾਰ ਦੀ ਕੁੱਲ ਸਾਲਾਨਾ ਆਮਦਨ ਜਾਂ ਜੀ.ਡੀ.ਪੀ. ਦਾ ਪੰਜਵਾਂ ਹਿੱਸਾ ਸਿਰਫ਼ ਇਸ ਸਲਤਨਤ ਦੀ ਬਦੌਲਤ ਸੰਭਵ ਹੁੰਦਾ ਸੀ। ਵੰਨ-ਸਵੰਨਤਾ ਨੂੰ ਪਲੋਸ ਕੇ ਰੱਖਣ ਦੀ ਇਸ ਸਾਮਰਾਜ ਦੀ ਨੀਤੀ ਨੂੰ ਉਲਟਾਉਣ ਦੀ ਔਰੰਗਜ਼ੇਬ ਦੀ ਕੁਚਾਲ ਨੇ ਮਹਿਜ਼ ਤਿੰਨ ਦਹਾਕਿਆਂ ਵਿਚ ਸਮੁੱਚੀ ਸਲਤਨਤ ਖੇਰੂੰ-ਖੇਰੂੰ ਕਰ ਦਿੱਤੀ। ਕਿਤਾਬ ਦੀ ਅੰਤਿਕਾ ਨਰਿੰਦਰ ਮੋਦੀ ਸਮੇਤ ਸਾਰੇ ਸੱਜੇ ਪੱਖੀ ਹੁਕਮਰਾਨਾਂ ਨੂੰ ਇਕੋ ਹੀ ਸੁਨੇਹਾ ਦਿੰਦੀ ਹੈ: ਵੰਨ-ਸਵੰਨਤਾ ਦੀ ਕਦਰ ਕਰਨੀ ਸਿੱਖੋ; ਵੱਖ-ਵੱਖ ਰੰਗਾਂ ਦੇ ਫੁੱਲਾਂ ਵਾਲਾ ਗੁਲਦਸਤਾ ਸਿਰਫ਼ ਇਕੋ ਰੰਗ ਵਾਲੇ ਗੁਲਦਸਤੇ ਨਾਲੋਂ ਹਮੇਸ਼ਾ ਵੱਧ ਦਿਲਕਸ਼ ਹੁੰਦਾ ਹੈ ਅਤੇ ਚੱਲਦਾ ਵੀ ਵੱਧ ਸਮਾਂ ਹੈ। ਇਕ ਰੰਗੀ ਸਲਤਨਤਾਂ ਤੇ ਬਹੁਰੰਗੀ ਰਾਜ ਪ੍ਰਬੰਧ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 27 ਜਨਵਰੀ 2024 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-622



**ਰੱਬ ਸਬੱਬੀਂ ਵਿਆਹ ਦੇ ਪਿੱਛੋਂ, ਦੋ ਸੁਹੇਲੀਆਂ 'ਕੱਠੀਆਂ ਹੋਈਆਂ,**
**ਹਾਸੇ ਠੱਠੇ ਕਰਨ ਡਹੀਆਂ ਨੇ, ਨਾਲ਼ੇ ਸਹੁਰੇ ਜਿਹੜੀਆਂ ਹੋਈਆਂ।**
**ਹਾਸਾ ਮੂਲੋਂ ਰੋਕ ਨਹੀਉਂ ਹੁੰਦਾ, ਖਿੜ ਖਿੜ ਨੇ ਦੂਹਰੀਆਂ ਹੋਈਆਂ,**
**ਮਾਪਿਆਂ ਦੇ ਘਰ ਬੇ-ਫਿਕਰੀ, ਸਹੁਰੇ ਜ਼ਿੰਮੇਵਾਰੀਆਂ ਹੀ ਢੋਈਆਂ।**

## ਕੈਪਸ਼ਨ ਮੁਕਾਬਲਾ-620



ਬੜਾ ਚਿਰ ਬੇਕਦਰੀ ਹੋਈ
ਨਿਤਾਣੀ ਵੀ ਅਖਵਾਇਆ।
ਅਸੀਂ ਕਿਹੜਾ ਘੱਟ ਕਿਸੇ ਤੋਂ
ਅਸਾਂ ਨੇ ਕਰ ਦਿਖਲਾਇਆ।
***-ਜਗਮੀਤ ਸਿੰਘ ਪੰਧੇਰ***

*ਕਲਾਹੜ (ਲੁਧਿਆਣਾ)*
*ਫੋਨ : 98783-37222*

ਧੀਆਂ ਮਾਰਜਾਣੀਆਂ ਨਹੀਂ ਹੁੰਦੀਆਂ,
ਧੀਆਂ ਨਾਲ਼ ਹੁੰਦੀਆਂ ਸਰਦਾਰੀਆਂ ਨੇ,
ਮਾਣ ਨਾਲ਼ ਹੋ ਜਾਂਦਾ ਹੈ ਸਿਰ ਉੱਚਾ,
ਬਣ ਕੇ ਜੱਜ ਉਹ ਜਦ ਵੀ ਪਧਾਰੀਆਂ ਨੇ।
ਕਦੇ ਪਾਇਲਟ ਕਦੇ ਕਪਤਾਨ ਹੁੰਦੀ,
ਅੰਬਰ ਵਿਚ ਲਾਉਂਦੀਆਂ ਉਡਾਰੀਆਂ ਨੇ,
ਧੀਆਂ ਪੜ੍ਹਨ ਤਾਂ ਪੜ੍ਹ ਜਾਣ ਪੁਸ਼ਤਾਂ,
ਨੀਹਾਂ ਕੁੱਲ ਸੰਸਾਰ ਦੀਆਂ ਉਸਾਰੀਆਂ ਨੇ।
***-ਸੇਵਾ ਸਿੰਘ 'ਨੂਰਪੁਰੀ'***

---

ਮਾਪਿਆਂ ਜ਼ਰੀਏ ਆਏ ਹਾਂ ਜੁਗ 'ਚ
ਪਾਲਿਆ, ਪਲੋਸਿਆ, ਵੱਡਿਆਂ ਕੀਤਾ
ਬੁਢਾਪਾ ਉਨ੍ਹਾਂ ਦਾ ਫਰਜ਼ ਸਾਡਾ ਹੁਣ
ਤਾਹੀਓਂ ਕਦਰਦਾਨ ਚੁੱਕ ਵਹਿੰਗੀ
ਲਈ ਫਿਰਦਾ ਕਰਦਾ ਫਰਜ਼ ਪੂਰਾ
ਦਾਦ ਬਣਦੀ ਹੈ ਸ਼ਲਾਘਾ ਦੀ
ਕਦੇ ਨਾ ਮੋੜੋ ਪਾਸਾ।
***-ਦਰਸ਼ਨ ਪਾਲ ਦੋਸਾਂਝ।***

## ਹਾਲ

ਕਰਕੇ ਤੂੰ ਫੋਨ ਜਦੋਂ ਪੁੱਛ ਲਵੇਂ ਹਾਲ ਵੇ।
ਖ਼ੁਦ ਉੱਤੇ ਮੈਨੂੰ ਬੜਾ ਹੁੰਦਾ ਏ ਮਲਾ਼ਲ ਵੇ।

ਧੱਕੇ-ਧੌ਼ਲੇ ਜ਼ਿੰਦਗੀ 'ਚ ਮਿਲਦੇ ਬਥੇਰੇ ਉਂਝ,
ਰੱਖਦਾ ਪਿਆਰ ਤੇਰਾ ਮੈਨੂੰ ਖੁਸ਼ਹਾਲ ਵੇ।

ਰੱਬ ਦਾ ਦੀਦਾਰ ਮੈਨੂੰ ਉਦੋਂ ਹੋਣ ਲੱਗਦਾ,
ਲਵਾਂ ਤੇਰਾ ਧਰ ਜਦੋਂ ਸੱਜਣਾ ਖਿਆਲ ਵੇ।

ਜਦੋਂ ਕਿਤੇ ਵੇਖ ਕੇ ਮੁਸੀਬਤਾਂ ਨੂੰ ਡੋਲ ਜਾਵਾਂ,
ਯਾਦ ਤੇਰੀ ਖੜ੍ਹ ਜਾਂਦੀ ਬਣ ਉਦੋਂ ਢਾ਼ਲ ਵੇ।

ਨੇਕ ਮੈਂ ਸਲ੍ਹਾਵਾਂ ਸਦਾ ਤੇਰੇ ਕੋਲੋਂ ਲੈਂਦਾ ਰਵ੍ਹਾਂ,
ਟੇਢੀ-ਮੇਢੀ ਜ਼ਿੰਦਗੀ ਦੀ ਹੋਵੇ ਜਦੋਂ ਚਾਲ ਵੇ।

ਕੰਨਾਂ ਵਿਚ ਮਿੱਠੀ ਜਦੋਂ ਪੈਂਦੀ ਏ ਅਵਾਜ਼ ਤੇਰੀ,
ਦਿਲ ਮੇਰਾ ਸੱਜਣਾ ਹੋ ਜਾਂਦਾ ਏ ਨਿਹਾਲ ਵੇ।

ਇੱਕੋ ਹੀ ਦੁਆ ਸੱਚੇ ਰੱਬ ਕੋਲੋਂ ਮੰਗਦਾ ਮੈਂ,
ਬਣਿਆ ਪਿਆਰ ਤੇਰਾ ਰਹੇ ਮੇਰੇ ਨਾਲ ਵੇ।
***-ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀ'***

# ਪੰਜਾਬ ਦੇ ਸਾਂਝੇ ਵਿਰਸੇ ਦਾ ਧੜੱਲੇਦਾਰ ਅਲੰਬਰਦਾਰ: ਸਵਰਾਜਬੀਰ

## (ਪੰਜਾਬੀਆਂ ਦੀ 'ਮੁਕਤੀ' ਲੋਚਦੀਆਂ ਦੋ ਕਾਟਵੀਆਂ ਸੋਚਾਂ!)

ਮਿੱਤਰ ਮਾਸਟਰ ਭਜਨ, ਜੋ ਪੰਜਾਬ ਗਏ ਹੋਏ ਹਨ, ਦਾ ਸਵੇਰੇ ਸਵੇਰੇ ਫੋਨ ਆਇਆ ਕਿ ਬੜੀ ਮਾੜੀ ਸੂਚਨਾ ਹੈ, ਪੰਜਾਬੀ ਟ੍ਰਿਬਿਊਨ ਦਾ ਸੰਪਾਦਕ ਅਸਤੀਫਾ ਦੇ ਗਿਆ ਜਾਂ ਅਗਲਿਆਂ ਨੇ ਦੇਣ ਲਈ ਮਜਬੂਰ ਕੀਤਾ, ਜੋ ਵੀ ਹੋਇਆ, ਪੰਜਾਬੀਆਂ ਲਈ ਮਨਹੂਸ ਖ਼ਬਰ ਹੈ। ਕਹਿੰਦੇ, ਅਜੇ ਇੱਕ ਦਿਨ ਪਹਿਲਾਂ ਹੀ ਪੰਜਾਬੀ ਟ੍ਰਿਬਿਊਨ ਨਾਲ਼ ਜੁੜੇ ਇੱਕ ਦੋਸਤ ਨੇ ਉਥੇ ਦਫਤਰ ਅੰਦਰ ਚੱਲ ਰਹੀ, ਭਾਜਪਾ ਦੇ ਕੌਮੀ ਪ੍ਰਧਾਨ ਜੇ ਪੀ ਹੱਢਾ ਦੀ ਇੰਟਰਵਿਊ ਬਾਰੇ ਚੁੰਝ ਚਰਚਾ ਦਾ



ਹਰਚਰਨ ਸਿੰਘ ਪਰਹਾਰ
ਫੋਨ: 403-681-8689
ਈਮੇਲ: hp8689@gmail.com

ਜ਼ਿਕਰ ਕੀਤਾ ਸੀ ਤੇ ਦੱਸਿਆ ਸੀ ਕਿ ਸੰਪਾਦਕ ਅਤੇ ਮੁੱਖ ਸੰਪਾਦਕ ਬਾਰੇ ਤਣਾ-ਤਣੀ ਕਾਫੀ ਵਧੀ ਹੋਈ ਹੈ। ਵਰਨਣਯੋਗ ਹੈ ਕਿ 15 ਮਾਰਚ, 2018 ਨੂੰ ਵੀ ਟ੍ਰਿਬਿਊਨ ਦੇ ਉਸ ਵਕਤ ਦੇ ਐਡੀਟਰ-ਇਨ-ਚੀਫ ਹਰੀਸ਼ ਖਰੇ ਨੂੰ ਵੀ ਅਚਾਨਕ ਅਸਤੀਫਾ ਦੇ ਕੇ ਜਾਣਾ ਪਿਆ ਸੀ, ਜਦੋਂ ਉਸਨੇ 'ਡੈਟਾ ਬਰੀਚ' ਬਾਰੇ ਮੋਦੀ ਸਰਕਾਰ ਦਾ ਭਾਂਡਾ ਭੰਨਿਆ ਚੁਰਾਹੇ ਭੰਨ੍ਹ ਦਿੱਤਾ ਸੀ। ਅਸਲ ਵਿਚ ਸਵਰਾਜਬੀਰ ਨੇ ਜਦੋਂ ਤੋਂ ਸੰਪਾਦਕ ਦਾ ਅਹੁਦਾ ਸੰਭਾਲ਼ਿਆ ਸੀ, ਉਸੇ ਦਿਨ ਤੋਂ ਹੀ ਦਿੱਲੀ ਤਖਤ 'ਤੇ ਕਾਬਜ਼ ਭਾਜਪਾ ਦੀ ਫਿਰਕੂ ਤੰਗ-ਨਜ਼ਰ ਅਤੇ ਤਾਨਾਸ਼ਾਹ ਰਾਜਨੀਤੀ ਵਿਰੁੱਧ ਤਿੱਖੀ ਧਾਰ ਅਪਨਾਈ ਹੋਈ ਸੀ। ਹੁਣ ਤਾਂ ਚੋਣਾਂ ਸਿਰ 'ਤੇ ਹਨ, ਅਗਲਿਆਂ ਦੀ ਸਿਰ-ਧੜ ਦੀ ਬਾਜੀ ਲੱਗੀ ਹੋਈ ਹੈ। ਉਨ੍ਹਾਂ ਅਜਿਹੇ ਮਾਣਮੱਤੇ ਸੰਪਾਦਕ ਨੂੰ ਕਿਥੋਂ ਜਰਣਾ ਸੀ।

ਮੈਂ ਮਾਸਟਰ ਜੀ ਨਾਲ਼ ਗੱਲ ਮੁਕਾ ਕੇ ਅਜੇ ਚਾਹ ਹੀ ਪੀਣ ਲੱਗਾ ਸੀ ਕਿ ਹਜਾਰਾ ਸਿੰਘ ਮਿਸੀਸਾਗਾ ਦਾ ਫੋਨ ਆ ਗਿਆ, ਕਹਿੰਦੇ ਸਵਰਾਜਬੀਰ ਵਾਲ਼ੀ ਖ਼ਬਰ ਸੁਣ ਲਈ ਹੈ, ਟ੍ਰਿਬਿਊਨ ਦੇ ਟਰੱਸਟੀਆਂ ਨੇ ਮਰਦ ਦੇ ਬੱਚੇ ਨੂੰ ਘਰੇ ਤੋਰ ਕੇ ਲਗਦੈ ਸਿੱਖ ਚਿੰਤਕਾਂ ਲਈ ਤਾਂ ਈਦ ਹੀ ਬਣਾ ਦਿੱਤੀ ਹੈ। ਆਂਹਦੇ, ਕਰਮਜੀਤ ਦੀ ਫੇਸਬੁੱਕ ਪੋਸਟ ਪੜ੍ਹ ਲਈ ਹੈ, ਏਨਾ ਖੁਸ਼ ਉਹ ਕਦੇ ਸ਼ਾਇਦ ਹੀ ਨਜ਼ਰ ਆਇਆ ਹੋਵੇ। ਪੰਜਾਬੀ ਦੇ ਵੱਡੇ ਸ਼ਾਇਰ ਵਾਰਿਸ ਸ਼ਾਹ ਨੇ ਠੀਕ ਹੀ ਲਿਖਿਆ ਹੈ: 'ਜਦੋਂ ਸੁਭ੍ਹਾ ਦੀ ਕਜ਼ਾ ਨਮਾਜ ਹੋਵੇ, ਖੁਸ਼ੀ ਹੋਏ 'ਇਬਲੀਸ' ਵੀ ਨੱਚਦਾ ਏ!'

ਪੰਜਾਬੀ ਟ੍ਰਿਬਿਊਨ ਦੇ ਸਾਬਕਾ ਸੀਨੀਅਰ ਪੱਤਰਕਾਰ ਕਰਮਜੀਤ ਸਿੰਘ ਹੋਰਾਂ ਦੀ ਫੇਸਬੁੱਕ 'ਤੇ ਸਵਰਾਜਬੀਰ ਦੇ ਅਸਤੀਫੇ ਬਾਰੇ 'ਪੰਜਾਬ ਦੀ ਪੀੜ ਤੋਂ 'ਸੱਖਣੇ ਅਤੇ ਅਣਜਾਣ' ਸੰਪਾਦਕ ਨੂੰ ਅਲਵਿਦਾ' ਨਾਮ ਦੀ ਪੋਸਟ ਤੋਂ ਮਹਿਸੂਸ ਹੁੰਦਾ ਹੈ ਕਿ ਉਨ੍ਹਾਂ ਨੂੰ ਉਸਦੇ ਕੱਢੇ ਜਾਣ 'ਤੇ ਸੱਚਮੁਚ ਹੀ ਬੇਹੱਦ ਖੁਸ਼ੀ ਹੋਈ ਹੈ ਕਿਉਂਕਿ ਉਨ੍ਹਾਂ ਅਨੁਸਾਰ ਸਬਰਾਜਬੀਰ, ਸਿੱਖ ਮਸਲਿਆਂ ਪ੍ਰਤੀ ਬੜੀ ਬੇਰੁੱਖੀ ਵਾਲ਼ੀ ਭਾਵਨਾ ਰੱਖਦਾ ਸੀ ਅਤੇ ਰਵਾਇਤੀ ਮਾਰਕਸਵਾਦ ਦੇ ਟੇਟੇ ਚੜ੍ਹਿਆ ਹੋਇਆ ਸੀ। ਉਸਨੇ 'ਗੁਰਾਂ ਦੇ ਨਾਮ 'ਤੇ ਵਸਦੇ ਪੰਜਾਬ' ਦੇ ਵਾਰਿਸਾਂ ਦਾ ਦਰਦ ਕਦੇ ਨਹੀਂ ਪਹਿਚਾਣਿਆ। ਸ. ਕਰਮਜੀਤ ਸਿੰਘ ਵਰਗੇ ਹੰਢੇ ਵਰਤੇ ਸੀਨੀਅਰ ਪੱਤਰਕਾਰ ਅਤੇ 'ਖਾਲਿਸਤਾਨ' ਦੀ ਸੋਚ ਨੂੰ ਪ੍ਰਨਾਏ ਹੋਏ ਸਿੱਖ ਵਿਦਵਾਨ ਨੂੰ ਇਹ ਸਵਾਲ ਕਰਨ ਦੀ ਗੁਸਤਾਖੀ ਤਾਂ ਕੀਤੀ ਹੀ ਜਾ ਸਕਦੀ ਹੈ ਕਿ ਕਦੇ ਉਨ੍ਹਾਂ ਇਹ ਵਿਚਾਰਿਆ ਹੈ ਕਿ ਸਬਰਾਜਬੀਰ ਹੀ ਨਹੀਂ, ਉਨ੍ਹਾਂ ਵਰਗੇ ਹਜਾਰਾਂ ਪੱਤਰਕਾਰ, ਲੇਖਕ, ਬੁੱਧੀਜੀਵੀ, ਦਾਨਸ਼ਵਰ ਉਨ੍ਹਾਂ ਵਾਲ਼ੇ 'ਖਾਲਿਸਤਾਨ' ਦੀ ਤਾਂਘ ਕਿਉਂ ਮਹਿਸੂਸ ਨਹੀਂ ਕਰਦੇ? ਉਨ੍ਹਾਂ ਨੂੰ ਕਿਉਂ 'ਗੁਰਾਂ ਦੇ ਨਾਮ 'ਤੇ ਵਸਦੇ ਪੰਜਾਬ' ਦੇ ਵਾਰਿਸਾਂ ਦਾ ਦਰਦ ਮਹਿਸੂਸ ਨਹੀਂ ਹੁੰਦਾ? ਆਖਿਰ ਸਾਰੇ ਤਾਂ ਨਾ ਪੰਥ ਦੋਖੀ ਹੋ ਸਕਦੇ ਹਨ, ਨਾ ਭਾਰਤੀ ਸਟੇਟ ਦੇ ਸੰਦ, ਨਾ ਹੀ ਇਤਨੇ ਬੁਜ਼ਦਿਲ ਹੋ ਸਕਦੇ ਹਨ ਕਿ ਸਟੇਟ ਦੇ ਭੈਅ ਹੇਠ ਸਿੱਖ ਪੰਥ ਦੇ ਹੱਕ 'ਚ ਦੋ ਸ਼ਬਦ ਲਿਖ ਜਾਂ ਬੋਲ ਨਾ ਸਕਣ?

ਕਰਮਜੀਤ ਸਿੰਘ ਅਤੇ ਉਸਦੇ ਸਾਥੀ ਚਿੰਤਕ, ਲਗਦੈ ਪਹਿਲੇ ਦਿਨ ਤੋਂ ਹੀ ਸਵਰਾਜਬੀਰ ਦੀ ਸੋਚ ਤੇ ਸ਼ੈਲੀ ਤੋਂ ਕੁਝ ਜ਼ਿਆਦਾ ਹੀ ਖਫਾ ਸਨ, ਇਸ ਸਬੰਧੀ ਅਜੇ ਮਹੀਨਾ ਕੁ ਪਹਿਲਾਂ ਸਵਰਾਜਬੀਰ ਬਾਰੇ ਮਰਹੂਮ ਸਿੱਖ ਵਿਦਵਾਨ ਗੁਰਬਚਨ ਸਿੰਘ ਦੀ ਫੇਸਬੁੱਕ ਪੋਸਟ 'ਡੀ. ਜੀ. ਪੀ. ਸਵਰਾਜਬੀਰ ਵਲੋਂ ਸਿੱਖੀ ਦਾ ਵਿਰੋਧ ਕਰਨ ਲਈ ਗੁਰਮਤਿ ਦੀ ਗਲਤ ਵਿਆਖਿਆ ਤੇ ਦੁਰਵਰਤੋਂ' ਯਾਦ ਆਉਂਦੀ ਹੈ, ਜਿਸ ਵਿੱਚ ਉਹ ਲਿਖਦੇ ਹਨ: 'ਸਾਬਕਾ ਡੀ. ਜੀ. ਪੀ. ਸਵਰਾਜਬੀਰ, ਜਿਸ ਦਿਨ ਪੰਜਾਬੀ ਟ੍ਰਿਬਿਊਨ ਦਾ ਸੰਪਾਦਕ ਬਣਿਆ ਸੀ, ਮੈਂ ਉਸੇ ਦਿਨ ਸੀਨੀਅਰ ਪੱਤਰਕਾਰ ਸ. ਜਸਪਾਲ ਸਿੰਘ ਸਿੱਧੂ ਨੂੰ ਟੈਲੀਫੋਨ ਕਰਕੇ ਇਸ ਗੱਲ ਦੀ ਜਾਣਕਾਰੀ ਦਿੱਤੀ ਸੀ ਕਿ ਇਸਨੂੰ ਪੰਜਾਬ ਵਿੱਚੋਂ ਸਿੱਖ (ਪੰਥਕ) ਬ੍ਰਿਤਾਂਤ ਨੂੰ ਹਾਸ਼ੀਏ 'ਤੇ ਧੱਕਣ ਲਈ ਖਾਸ ਜ਼ਿੰਮੇਵਾਰੀ ਦੇ ਕੇ ਭੇਜਿਆ ਗਿਆ ਹੈ।' ਇਸੇ ਲਿਖਤ ਵਿੱਚ ਗੁਰਬਚਨ ਸਿੰਘ ਜੀ ਸਵਰਾਜਬੀਰ ਦੀ ਪੰਜਾਬੀ ਟ੍ਰਿਬਿਊਨ ਵਿੱਚ 17 ਦਸੰਬਰ, 2023 ਨੂੰ ਛਪੀ ਸੰਪਾਦਕੀ 'ਆਸਾ ਅੰਦੇਸਾ ਦੁਇ ਪਟ ਜੜੇ॥' ਬਾਰੇ ਇਵੇਂ ਲਿਖਦੇ ਹਨ: 'ਇਹ ਸੰਪਾਦਕੀ ਲਿਖਣ ਦਾ ਮੰਤਵ ਵੀ ਬੜਾ ਸਪੱਸ਼ਟ ਹੈ', ਸਵਰਾਜਬੀਰ ਅਨੁਸਾਰ ਵੱਡਾ ਮਸਲਾ ਇਹ ਹੈ ਕਿ ਉਨ੍ਹਾਂ ਲੋਕ-ਸਮੂਹਾਂ, ਜਿਨ੍ਹਾਂ ਤੋਂ ਸਿਆਸੀ ਚੇਤੰਨਤਾ ਖੋਹ ਕੇ, ਉਨ੍ਹਾਂ ਦੇ ਮਨਾਂ ਵਿਚ ਧਾਰਮਿਕ ਕੱਟੜਤਾ ਤੇ ਸੌੜਾਪਣ ਭਰਿਆ ਜਾ ਰਿਹਾ ਹੋਵੇ, ਵਿੱਚ ਜਮਹੂਰੀ, ਧਰਮ ਨਿਰਪੱਖ ਤੇ ਅਗਾਂਹਵਧੂ ਸੋਚ ਕਿਵੇਂ ਸੰਚਾਰਿਤ ਕੀਤੀ ਜਾਵੇ?' ਹੁਣ ਇਹ ਕਿਹੜੇ ਲੋਕ ਸਮੂਹ ਨੇ ਜਿਨ੍ਹਾਂ ਤੋਂ 'ਸਿਆਸੀ ਚੇਤੰਨਤਾ ਖੋਹ ਕੇ ਉਨ੍ਹਾਂ ਦੇ ਮਨਾਂ ਵਿੱਚ ਧਾਰਮਿਕ ਕੱਟੜਤਾ ਦਾ ਸੌੜਾਪਣ ਭਰਿਆ ਜਾ ਰਿਹਾ ਹੈ?' ਤੇ ਜਮਹੂਰੀ, ਧਰਮ ਨਿਰਪੱਖ ਤੇ ਅਗਾਂਹਵਧੂ ਸੋਚ ਕਿਹੜੀ ਹੈ?' ਫਿਰ ਅੱਗੇ ਲੰਬੇ ਚੌੜੇ ਲੇਖ ਵਿੱਚ ਗੁਰਬਚਨ ਸਿੰਘ ਜੀ, ਮਾਰਕਸ, ਏਂਗਲਜ਼, ਲੈਨਿਨ, ਮਾਓ ਆਦਿ ਦੀਆਂ ਲਿਖਤਾਂ ਦੇ ਹਵਾਲੇ ਦੇ ਕੇ ਆਪ ਹੀ ਉਲਝ ਜਾਂਦੇ ਹਨ, ਪਰ ਕਿਤੇ ਵੀ ਸਪੱਸ਼ਟ ਨਹੀਂ ਕਰ ਪਾਉਂਦੇ ਕਿ ਉਪਰਲੀਆਂ ਚਾਰ ਲਾਈਨਾਂ ਵਿੱਚ ਸਿੱਖ ਧਰਮ ਜਾਂ ਸਿੱਖੀ ਦੇ ਵਾਰਿਸਾਂ ਬਾਰੇ ਕੀ ਗਲਤ ਬਿਆਨੀ ਹੈ, ਜਿਸ ਬਾਰੇ ਉਹ ਜਸਪਾਲ ਸਿੰਘ ਸਿੱਧੂ ਹੋਰਾਂ ਨੂੰ ਕਹਿੰਦੇ ਸਨ ਕਿ ਸਵਰਾਜਬੀਰ ਨੂੰ ਭਾਰਤੀ ਸਟੇਟ ਨੇ ਸਿੱਖੀ ਦਾ ਵਿਰੋਧ ਕਰਨ ਤੇ ਪੰਥਕ ਏਜੰਡੇ ਨੂੰ ਹਾਸ਼ੀਏ ਤੇ ਧੱਕਣ ਲਈ ਟ੍ਰਿਬਿਊਨ ਦਾ ਸੰਪਾਦਕ ਬਣਾ ਕੇ ਭੇਜਿਆ ਸੀ।

ਆਉ ਜ਼ਰਾ! ਸਵਰਾਜਬੀਰ ਦੀ ਉਸ ਸੰਪਾਦਕੀ 'ਆਸਾ ਅੰਦੇਸਾ ਦੁਇ ਪਟ ਜੜੇ॥ (ਗੁਰੂ ਨਾਨਕ, ਪੰਨਾ: 877)' ਵਿੱਚੋਂ ਉਨ੍ਹਾਂ ਦਾ ਨਜ਼ਰੀਆ ਜਾਨਣ ਦੀ ਕੋਸ਼ਿਸ਼ ਕਰਦੇ ਹਾਂ। ਉਹ ਇਸ ਸੰਪਾਦਕੀ ਵਿੱਚ ਲਿਖਦੇ ਹਨ: ਇਹ ਦਲੀਲ ਆਮ ਦਿੱਤੀ ਜਾਂਦੀ ਰਹੀ ਹੈ ਕਿ ਉਸ ਜਮਹੂਰੀ ਜ਼ਮੀਨ ਦਾ ਕੀ ਫ਼ਾਇਦਾ, ਜਿਸ 'ਤੇ ਸਿਆਸਤ ਕਰਕੇ ਬੁਨਿਆਦੀ ਤਬਦੀਲੀਆਂ ਨਹੀਂ ਲਿਆਂਦੀਆਂ ਜਾ ਸਕਦੀਆਂ ਅਤੇ ਇਹ ਦਲੀਲ ਵੀ ਦਿੱਤੀ ਜਾਂਦੀ ਸੀ/ਹੈ ਕਿ ਜਮਹੂਰੀ ਜ਼ਮੀਨ ਮੁਹੱਈਆ ਕਰਨ ਦੀ ਸਿਆਸਤ ਜਮਾਤੀ ਚੇਤਨਾ ਨੂੰ ਖੁੰਢਿਆਂ ਹੀ ਕਰਦੀ ਹੈ।'... 'ਆਸ਼ਾ-ਨਿਰਾਸ਼ਾ ਤੇ ਉਦਾਸੀ ਦੀ ਸਿਆਸਤ ਦਾ ਜਮਹੂਰੀ ਜ਼ਮੀਨ ਨੂੰ ਕਾਇਮ ਰੱਖਣ ਦੀ ਸਿਆਸਤ ਨਾਲ ਡੂੰਘਾ ਸਬੰਧ ਹੈ।ਜੇ ਜਮਹੂਰੀ ਜ਼ਮੀਨ ਥੋੜ੍ਹੀ ਮੋਕਲੀ/ਖੁੱਲ੍ਹੀ ਹੋਵੇ ਤਾਂ ਵਿਦਵਾਨਾਂ, ਪੱਤਰਕਾਰਾਂ, ਸਿਰਜਕਾਂ, ਚਿੰਤਕਾਂ ਤੇ ਕਲਾਕਾਰਾਂ ਨੂੰ ਵਿਚਾਰ-ਵਟਾਂਦਰੇ ਲਈ ਜ਼ਿਆਦਾ ਖੁੱਲ੍ਹ ਤੇ ਅਜ਼ਾਦੀ ਦੇ ਮੌਕੇ ਮਿਲਦੇ ਹਨ। ਅਜਿਹਾ ਮਾਹੌਲ ਆਸਾਂ-ਉਮੀਦਾਂ ਦੀ ਸਿਆਸਤ ਦੇ ਸੰਸਾਰ ਨੂੰ ਜਨਮ ਦਿੰਦਾ, ਸੰਘਰਸ਼ ਵਿੱਚ ਯਕੀਨ ਰੱਖਣ ਵਾਲੇ ਸਾਹਿਤ ਤੇ ਕਲਾ ਦੀ ਸਿਰਜਣ-ਭੋਇੰ ਬਣਦਾ, ਲੋਕਾਂ ਨੂੰ ਆਪਣੇ ਵੱਲ ਖਿੱਚਦਾ ਅਤੇ ਉਨ੍ਹਾਂ ਨੂੰ ਹਾਂਦਰੂ ਸੋਚ ਤੇ ਸਿਆਸਤ ਦੇ ਭਾਈਵਾਲ ਬਣਾਉਂਦਾ ਹੈ। ਅਜਿਹੇ ਮਾਹੌਲ ਦੇ ਖੋਹੇ ਜਾਣ ਨਾਲ ਨਿਰਾਸ਼ਾ ਉਪਜਦੀ ਹੈ।

ਇਸ ਨਿਰਾਸ਼ਾ ਵਿਰੁੱਧ ਕਿਵੇਂ ਲੜਿਆ ਜਾਵੇ? ਗ਼ੈਰ-ਜਮਹੂਰੀ ਦਿਸ਼ਾ ਵੱਲ ਵਧ ਰਹੀ ਸਿਆਸਤ ਦੇ ਦੌਰ ਵਿੱਚ ਜਮਹੂਰੀ ਤੇ ਲੋਕ-ਪੱਖੀ ਸਿਆਸਤ ਨੂੰ ਕਿਵੇਂ ਕਾਇਮ ਰੱਖਿਆ ਜਾਵੇ? ਉਨ੍ਹਾਂ ਲੋਕ-ਸਮੂਹਾਂ, ਜਿਨ੍ਹਾਂ ਤੋਂ ਸਿਆਸੀ ਚੇਤੰਨਤਾ ਖੋਹ ਕੇ, ਉਨ੍ਹਾਂ ਦੇ ਮਨਾਂ 'ਚ ਧਾਰਮਿਕ ਕੱਟੜਤਾ ਤੇ ਸੌੜਾਪਣ ਭਰਿਆ ਜਾ ਰਿਹਾ ਹੋਵੇ, ਵਿੱਚ ਜਮਹੂਰੀ, ਧਰਮ ਨਿਰਪੱਖ ਤੇ ਅਗਾਂਹਵਧੂ ਸੋਚ ਕਿਵੇਂ ਸੰਚਾਰਿਤ ਕੀਤੀ ਜਾਵੇ? ਕੀ ਕੀਤਾ ਜਾਵੇ, ਜਦੋਂ ਮਜ਼ਦੂਰਾਂ ਤੇ ਕਿਸਾਨਾਂ ਦੇ ਵੱਡੇ ਹਿੱਸੇ ਅਸੰਗਠਿਤ ਹੋਣ ਅਤੇ ਉਨ੍ਹਾਂ ਦੇ ਮਨਾਂ 'ਚ ਇਹ ਭਾਵਨਾ ਪੈਦਾ ਕਰ ਦਿੱਤੀ ਗਈ ਹੋਵੇ ਕਿ ਜਥੇਬੰਦ ਹੋਣ ਦਾ ਕੋਈ ਫ਼ਾਇਦਾ ਨਹੀਂ; ਜਦੋਂ ਇਸ ਸੋਚ ਦਾ ਪਸਾਰ ਵਧ ਰਿਹਾ ਹੋਵੇ ਕਿ ਨਿੱਜੀ ਆਰਥਿਕ ਸੁਰੱਖਿਆ ਤੋਂ ਵੱਧ ਇਸ ਦੁਨੀਆਂ ਵਿੱਚ ਹੋਰ ਕੋਈ ਚੀਜ਼ ਨਹੀਂ? ਅੱਜ ਇਹ ਸਵਾਲ ਲੋਕ-ਪੱਖੀ ਸਿਆਸਤਦਾਨਾਂ, ਸਿਰਜਕਾਂ, ਕਲਾਕਾਰਾਂ, ਸਮਾਜਿਕ ਕਾਰਕੁੰਨਾਂ ਅਤੇ ਮਜ਼ਦੂਰ ਤੇ ਕਿਸਾਨ ਜਥੇਬੰਦੀਆਂ ਦੇ ਰੂਬਰੂ ਹਨ।'

ਕੀ ਇਹ ਸੰਪਾਦਕੀ ਪੜ੍ਹਦਿਆਂ ਪਾਠਕਾਂ ਨੂੰ ਸਮਝ ਨਹੀਂ ਆ ਰਿਹਾ ਕਿ ਸਵਰਾਜਬੀਰ ਗਰਮ ਜਾਂ ਨਰਮ ਸਿੱਖ ਰਾਜਨੀਤੀ ਨੂੰ ਨਹੀਂ, ਸਗੋਂ 'ਆਦਮ ਬੋ' 'ਆਦਮ ਬੋ' ਕਰਕੇ ਚੜ੍ਹੀ ਆ ਰਹੀ ਫਿਰਕੂ ਭਾਜਪਈ ਨੀਤੀ ਨੂੰ ਆਪਣੀ ਅਲੋਚਨਾ ਦਾ ਨਿਸ਼ਾਨਾ ਬਣਾ ਰਿਹਾ ਹੈ? ਪਰ ਪਤਾ ਨਹੀਂ ਕਿਵੇਂ ਗੁਰਬਚਨ ਸਿੰਘ ਵਰਗੇ ਸਿੱਖ ਵਿਦਵਾਨ ਧੱਕੇ ਨਾਲ਼ ਸਭ ਕੁਝ ਨੂੰ ਸਿੱਖਾਂ ਨਾਲ਼ ਜੋੜ ਲੈਂਦੇ ਹਨ। ਉਨ੍ਹਾਂ ਨੂੰ ਇਹ ਗੱਲ ਸਮਝ ਨਹੀਂ ਆ ਰਹੀ ਕਿ ਪੰਜਾਬ ਦੀ ਸਿੱਖ ਸਿਆਸਤ ਦਾ ਭਾਰਤ ਜਾਂ ਅੰਤਰਰਾਸ਼ਟਰੀ ਸਿਆਸਤ ਵਿੱਚ ਕੋਈ ਅਜਿਹਾ ਰੋਲ ਨਹੀਂ, ਜਿਸ ਤੋਂ ਦੁਨੀਆਂ ਡਰ ਕੇ ਸਿੱਖਾਂ ਖਿਲਾਫ ਹੀ ਸਾਜ਼ਿਸ਼ਾਂ ਕਰਨ ਲੱਗ ਜਾਵੇ।

ਸਵਰਾਜਬੀਰ ਅਗੋਂ ਆਪਣੀ ਇਸੇ ਲਿਖਤ ਵਿੱਚ ਗੁਰੂ ਨਾਨਕ ਸਾਹਿਬ ਦੇ ਹਵਾਲੇ ਨਾਲ਼ ਇਵੇਂ ਲਿਖਦੇ ਹਨ: 'ਗੁਰੂ ਨਾਨਕ ਦੇਵ ਜੀ ਨੇ ਸਾਨੂੰ ਜ਼ਿੰਦਗੀ ਦੇ ਇਨ੍ਹਾਂ ਪਹਿਲੂਆਂ ਅਤੇ ਰੋਹ/ਸੰਘਰਸ਼ ਦੇ ਮਹੱਤਵ ਬਾਰੇ ਇਹ ਦੱਸਿਆ ਹੈ, ''ਦੁਖੁ ਦਰਵਾਜਾ ਰੋਹੁ ਰਖਵਾਲਾ ਆਸਾ ਅੰਦੇਸਾ ਦੁਇ ਪਟ ਜੜੇ॥'' ਲੋਕ-ਰੋਹ ਨੇ ਹੀ ਲੋਕਾਂ ਦੇ ਰਖਵਾਲੇ ਬਣਨਾ ਹੈ। ਉਸ ਰੋਹ ਦੇ ਪਨਪਣ ਲਈ ਜਮਹੂਰੀ ਜ਼ਮੀਨ ਨੂੰ ਕਾਇਮ ਰੱਖਣਾ ਅਤਿਅੰਤ ਜ਼ਰੂਰੀ ਹੈ ਅਤੇ ਇਸਨੂੰ ਕਾਇਮ ਰੱਖਣ ਦੀ ਲੜਾਈ ਮਜ਼ਦੂਰ-ਕਿਸਾਨ ਜਥੇਬੰਦੀਆਂ ਦੇ ਆਗੂਆਂ, ਚਿੰਤਕਾਂ, ਵਿਦਵਾਨਾਂ, ਕਲਾਕਾਰਾਂ ਤੇ ਲੋਕ-ਸਮੂਹਾਂ ਨੂੰ ਇਕੱਠੇ ਹੋ ਕੇ ਲੜਨੀ ਪੈਣੀ ਹੈ; ਉਸ ਲਈ ਅਜਿਹੀ ਸੋਚ ਦੀ ਲੋੜ ਹੈ, ਜੋ ਲੋਕ-ਸੰਘਰਸ਼ਾਂ ਵਿੱਚ ਜਿੱਤਾਂ ਦਾ ਤਸੱਵਰ ਪੇਸ਼ ਕਰਨ ਦੇ ਨਾਲ-ਨਾਲ ਇਨ੍ਹਾਂ ਸੰਘਰਸ਼ਾਂ 'ਚ ਹੋਣ ਵਾਲੀਆਂ ਹਾਰਾਂ ਨੂੰ ਵੀ ਜੀਵਨ-ਚਿੰਤਨ ਦਾ ਹਿੱਸਾ ਬਣਾ ਸਕੇ। ਵਿਦਵਾਨ ਡਰੂਸਿਲਾ ਕੋਰਨਲ (DruscillA Cornell) ਅਨੁਸਾਰ, ''ਅਸੀਂ ਹਾਰਾਂ ਬਾਰੇ ਅਗਾਊਂ ਨਹੀਂ ਜਾਣ ਸਕਦੇ। ਅਸੀਂ ਇਹ ਵੀ ਨਹੀਂ ਜਾਣ ਸਕਦੇ ਕਿ ਕਿਸੇ ਸੰਘਰਸ਼ 'ਚੋਂ ਕਿਹੋ ਜਿਹੀਆਂ ਸੰਭਾਵਨਾਵਾਂ ਪੈਦਾ ਹੋਣਗੀਆਂ। ਅਸੀਂ ਸਿਰਫ਼ ਇਸ ਲਈ ਹੀ ਸੰਘਰਸ਼ ਨਹੀਂ ਕਰਦੇ ਕਿ ਅਸੀਂ ਜਿੱਤ ਜਾਈਏ ਜਾਂ ਸਾਨੂੰ ਜਿੱਤ ਦੀ ਆਸ ਹੈ; ਅਸੀਂ ਇਸ ਲਈ ਵੀ ਸੰਘਰਸ਼ ਕਰਦੇ ਹਾਂ ਕਿ ਅਸੀਂ ਅਜਿਹੀ ਜ਼ਿੰਦਗੀ ਜਿਊਣਾ ਚਾਹੁੰਦੇ ਹਾਂ, ਜਿਹੜੀ ਇਨਸਾਨੀਅਤ 'ਤੇ ਆਧਾਰਿਤ ਹੋਵੇ ਅਤੇ ਜਿਸ ਨਾਲ ਅਸੀਂ ਹੋਰਨਾਂ ਨਾਲ਼ ਸਾਂਝ ਪਾ ਕੇ ਕੁਝ ਨਵਾਂ ਸੰਸਾਰ ਸਿਰਜ ਸਕੀਏ।'

ਪਾਠਕ ਹੀ ਅੰਦਾਜਾ ਲਗਾਉਣ, ਕਰਮਜੀਤ ਸਿੰਘ, ਗੁਰਬਚਨ ਸਿੰਘ ਵਰਗੇ ਸਿੱਖ ਚਿੰਤਕਾਂ ਨੂੰ ਸਵਰਾਜਬੀਰ ਦੀਆਂ ਲਿਖਤਾਂ 'ਚੋਂ ਕਿਵੇਂ ਉਸਦੇ 'ਸਿੱਖ ਵਿਰੋਧੀ' ਹੋਣ ਦੀ ਸੋਅ ਆ ਜਾਂਦੀ ਹੈ। ਕੀ ਇਹ ਵਿਦਵਾਨ ਦੱਸ ਸਕਦੇ ਹਨ ਕਿ ਜੋ ਸਵਰਾਜਬੀਰ ਵਰਗੇ ਪੰਜਾਬ ਤੇ ਲੋਕ ਹਿਤੈਸ਼ੀ ਵਿਅਕਤੀ, ਸਟੇਟ ਲਈ ਸਿੱਖ ਵਿਰੋਧੀ ਏਜੰਡੇ ਤੇ ਕੰਮ ਕਰ ਰਹੇ ਸਨ, ਫਿਰ ਉਨ੍ਹਾਂ ਨੂੰ ਬੜੀ ਬੇਰੁੱਖੀ ਨਾਲ਼ ਕਿਉਂ ਰੁਖਸਤ ਕੀਤਾ ਗਿਆ? ਕੀ ਇਸ ਤੋਂ ਇਹ ਮਹਿਸੂਸ ਨਹੀਂ ਹੁੰਦਾ ਕਿ ਭਾਰਤੀ ਸਟੇਟ ਨੇ ਸਵਰਾਜਬੀਰ ਨੂੰ ਘਰੇ ਭੇਜ ਕੇ ਸਾਡੇ ਸਿਰਮੌਰ ਵਿਦਵਾਨਾਂ ਦੀ ਇੱਛਾ ਪੂਰਤੀ ਕੀਤੀ ਹੈ? ਇਉਂ ਨਹੀਂ ਭਾਸ ਰਿਹਾ ਕਿ ਜਿਵੇਂ ਭਾਰਤੀ ਸਟੇਟ ਸਿੱਖ ਵਿਦਵਾਨਾਂ ਦੇ ਇਸ਼ਾਰੇ 'ਤੇ ਚੱਲਦੀ ਹੋਵੇ, ਜਿਸਨੂੰ ਇਹ ਸਿੱਖ ਵਿਰੋਧੀ ਗਰਦਾਨ ਦੇਣ, ਉਨਾਂ ਦਾ ਹਸ਼ਰ ਹਰੀਸ਼ ਖਰੇ, ਸਵਰਾਜਬੀਰ ਵਰਗਾ ਹੁੰਦਾ ਹੈ।

ਇਸ ਸਬੰਧੀ ਕੁਝ ਹੋਰ ਸਿੱਖ ਵਿਦਵਾਨਾਂ ਦੀਆਂ ਫੇਸਬੁੱਕ ਪੋਸਟਾਂ ਅਨੁਸਾਰ ਸਵਰਾਜਬੀਰ ਨਾ ਪੱਤਰਕਾਰ ਸੀ, ਨਾ ਉਸ ਕੋਲ਼ ਮੀਡੀਏ ਦਾ ਤਜਰਬਾ ਸੀ, ਫਿਰ ਵੀ ਉਸਨੂੰ ਪੰਜਾਬੀ ਟ੍ਰਿਬਿਊਨ ਵਰਗੇ ਨਾਮਵਰ ਅਖਬਾਰ ਦੀ ਜ਼ਿੰਮੇਵਾਰੀ ਸੌਂਪੀ ਗਈ, ਇਹ ਵੱਡਾ ਸੁਆਲ ਹੈ? ਅਜਿਹੇ ਵਿਦਵਾਨਾਂ ਦੀਆਂ ਜੇ ਸਾਰੀਆਂ ਗੱਲਾਂ ਨੂੰ ਸੱਚ ਮੰਨ ਵੀ ਲਈਏ ਤਾਂ ਇਹ ਗੱਲ ਸਪੱਸ਼ਟ ਹੈ ਕਿ ਸਵਰਾਜਬੀਰ ਹੀਰ ਵੰਨ੍ਹਾ ਇਨਕਲਾਬ ਲਿਆਉਣਾ ਚਾਹੁੰਦਾ ਸੀ, ਉਸਨੇ ਅਖੌਤੀ ਸਿੱਖ ਵਿਰੋਧੀ ਲੇਖਕਾਂ ਨੂੰ ਪ੍ਰਮੋਟ ਕੀਤਾ, ਉਸਨੇ ਕਮਿਉਨਿਸਟਾਂ ਦੀ ਬੱਲੇ-ਬੱਲੇ ਕਰਾਈ। ਜੇ ਉਹ ਅਜਿਹਾ ਕਰ ਰਿਹਾ ਸੀ ਤਾਂ ਇਸਦਾ ਨੁਕਸਾਨ ਕਿਸਨੂੰ ਹੋ ਰਿਹਾ ਸੀ? ਕੀ ਟ੍ਰਿਬਿਊਨ ਦੇ ਟਰੱਸਟੀ ਪੰਥਕ ਸੋਚ ਵਾਲ਼ੇ ਹਨ ਕਿ ਉਨ੍ਹਾਂ ਨੇ ਸਵਰਾਜਬੀਰ ਦੀ ਅਖੌਤੀ ਸਿੱਖ ਵਿਰੋਧੀ ਸੋਚ ਕਾਰਨ ਉਸਨੂੰ ਬਾਹਰ ਦਾ ਰਸਤਾ ਦਿਖਾ ਦਿੱਤਾ? ਜੇ ਇਹ ਸੱਚ ਹੈ ਤਾਂ ਇਹ ਵਿਦਵਾਨ ਆਪ ਹੀ ਝੂਠੇ ਪੈਂਦੇ ਹਨ, ਜਦੋਂ ਕਹਿੰਦੇ ਹਨ ਕਿ ਉਸਨੂੰ ਲਿਆਂਦਾ ਹੀ 'ਗੁਰਬਾਣੀ ਦੇ ਇਨਕਲਾਬ ਨੂੰ ਮੇਟਣ ਲਈ ਸੀ ਤਾਂ ਕਿ ਗੁਰਾਂ ਦੇ ਨਾਮ 'ਤੇ ਵਸਦੇ ਪੰਜਾਬ ਵਿੱਚ ਮਾਰਕਸ-ਲੈਨਿਨ ਦਾ ਇਨਕਲਾਬ ਲਿਆਂਦਾ ਜਾ ਸਕੇ।' ਕੀ ਸਾਡੇ ਬਹੁਤ ਹੀ ਸਤਿਕਾਰਯੋਗ ਅਤੇ ਸੂਝਵਾਨ ਵਿਦਵਾਨ ਦੱਸ ਸਕਦੇ ਹਨ ਕਿ ਟ੍ਰਿਬਿਊਨ ਦੇ ਟਰੱਸਟੀ ਕਦੋਂ ਪੰਥ ਵਿਰੋਧੀ ਤੋਂ ਪੰਥਕ ਹੋ ਗਏ ਸਨ?

ਜੋ ਅਜਿਹੇ ਦਾਅਵੇ ਕਰਦੇ ਹਨ ਕਿ ਸਵਰਾਜਬੀਰ ਨੂੰ ਪੰਜਾਬ ਵਿੱਚੋਂ ਸਿੱਖੀ ਨੂੰ ਹਾਸ਼ੀਏ 'ਤੇ ਧੱਕਣ ਲਈ ਲਿਆਂਦਾ ਗਿਆ ਸੀ, ਉਨ੍ਹਾਂ ਨੂੰ ਉਸ ਦਾ ਕੁਝ ਸਮਾਂ ਪਹਿਲਾਂ ਲਿਖਿਆ ਸੰਪਾਦਕੀ 'ਲੋਕ-ਪੱਖੀ ਸਿਆਸਤ ਦੀ ਸਿਰਜਣਾ' ਪੜ੍ਹਨਾ ਚਾਹੀਦਾ ਹੈ, ਜਿਸ ਵਿੱਚ ਉਸਨੇ ਸਾਫ ਕਿਹਾ ਹੈ: 'ਅਜੋਕਾ ਭਾਰਤੀ ਸਟੇਟ ਪ੍ਰਬੰਧ ਗੰਭੀਰ ਆਰਥਿਕ ਸੰਕਟ ਪੈਦਾ ਕਰ ਰਿਹਾ ਹੈ ਅਤੇ ਇਹ ਸੰਕਟ ਲੋਕ-ਪੱਖੀ ਤਾਕਤਾਂ ਪੈਦਾ ਕਰਨ ਵਾਲੀ ਜ਼ਰਖੇਜ਼ ਜ਼ਮੀਨ ਹੈ। ਲੋਕ-ਪੱਖੀ ਸ਼ਕਤੀਆਂ ਦਾ ਨਿਰਮਾਣ ਕਿਵੇਂ ਹੋਵੇ ਅਤੇ ਇਸ ਲਈ ਕਿੰਨਾ ਸਮਾਂ ਲੱਗੇਗਾ? ਇਨ੍ਹਾਂ ਸਵਾਲਾਂ ਦੇ ਜਵਾਬ ਅਸਾਨ ਨਹੀਂ। ਅਜਿਹੀਆਂ ਤਾਕਤਾਂ ਦੇ ਨਿਰਮਾਣ ਲਈ ਅਜਿਹੀ ਵਿਚਾਰਧਾਰਾ ਦੀ ਜ਼ਰੂਰਤ ਹੈ, ਜੋ ਭਾਜਪਾ ਦੇ ਵਿਚਾਰਧਾਰਕ ਪ੍ਰਮੁੱਖਤਾ ਦੇ ਕਿਲ੍ਹੇ ਨੂੰ ਤੋੜ ਕੇ ਹਿੰਦੂ ਭਾਈਚਾਰੇ ਦੇ ਉਸ ਵਰਗ ਨਾਲ ਸੰਵਾਦ ਰਚਾ ਸਕੇ, ਜਿਸਨੂੰ ਭਾਜਪਾ ਦੀ ਵਿਚਾਰਧਾਰਾ ਨੇ ਕੀਲ ਰੱਖਿਆ ਹੈ; ਲੋਕ-ਪੱਖੀ ਵਿਚਾਰਧਾਰਾ ਲਗਾਤਾਰ ਲੋਕ-ਪੱਖੀ ਸਿਆਸੀ ਕਾਰਜਾਂ ਰਾਹੀਂ ਹੀ ਨਿਰਮਤ ਹੋਣੀ ਹੈ; ਅੱਜ ਗ਼ੈਰ-ਭਾਜਪਾ ਪਾਰਟੀਆਂ ਅਜਿਹੇ ਸਿਆਸੀ ਕਾਰਜਾਂ ਤੋਂ ਦੂਰੀ ਬਣਾ ਕੇ ਰੱਖ ਰਹੀਆਂ ਹਨ। ਲੋਕ-ਪੱਖੀ ਸਿਆਸੀ ਅੰਦੋਲਨਾਂ ਤੇ ਕਾਰਜਾਂ ਦੀ ਸਿਰਜਣਾ ਇਸ ਸਮੇਂ ਦੀਆਂ ਸਭ ਤੋਂ ਵੱਡੀਆਂ ਚੁਣੌਤੀਆਂ ਹਨ।'

ਸਵਰਾਜਬੀਰ ਦਾ ਇਹ ਸਵਾਲ ਪੰਥਕ ਸਿੱਖ ਲੀਡਰਸ਼ਿਪ ਤੇ ਸਿੱਖ ਚਿੰਤਕਾਂ ਲਈ ਵੀ ਉਤਨਾ ਹੀ ਸਾਰਥਕ ਹੈ ਕਿ ਕੀ ਉਹ ਕਦੇ ਸੋਚਣਗੇ ਕਿ ਪੰਜਾਬ ਦੇ ਗੈਰ ਸਿੱਖਾਂ ਨੂੰ ਤਾਂ ਛੱਡੋ, ਪੰਜਾਬ ਦੇ ਦੇਸ਼-ਵਿਦੇਸ਼ ਵਿੱਚ ਵਸਦੇ ਆਮ ਸਿੱਖ ਵੀ ਉਨ੍ਹਾਂ ਦੇ ਭਾਰਤ ਤੋਂ ਵੱਖਰੇ ਦੇਸ਼ ਖਾਲਿਸਤਾਨ ਜਾਂ ਪੰਥਕ ਏਜੰਡੇ ਨੂੰ ਕਿਉਂ ਨਹੀਂ ਅਪਨਾ ਰਹੇ?

ਸਵਰਾਜਬੀਰ ਦੀ ਪੰਜਾਬੀ ਬੋਲੀ ਤੇ ਸਭਿਆਚਾਰ ਬਾਰੇ ਪ੍ਰਤੀਬੱਧਤਾ ਦੀ ਇੱਕ ਹੋਰ ਮਿਸਾਲ ਦੇਖੋ। ਉਸਨੇ ਪਿਛਲੇ ਸਾਲ ਮਾਂ-ਬੋਲੀ ਪੰਜਾਬੀ ਦਾ ਜ਼ਸ਼ਨ ਮਨਾਉਣ ਲਈ ਪੰਜਾਬੀ ਯੂਨੀਵਰਸਿਟੀ ਵਿੱਚ 'ਪੰਜਾਬੀ ਭਾਸ਼ਾ ਦੀ ਸਮੱਸਿਆ ਨੂੰ ਸਮਝਣ ਲਈ ਕੁਝ ਨੁਕਤੇ' ਸਿਰਲੇਖ ਹੇਠਲੇ ਆਪਣੇ ਭਾਸ਼ਨ ਵਿੱਚ ਕਿਹਾ ਸੀ: 'ਮੇਰੇ ਸਾਹਮਣੇ ਜੇ ਕੋਈ ਪੰਜਾਬੀ ਕਿਸੇ, ਹੋਰ ਭਾਸ਼ਾ ਵਿੱਚ ਗੱਲ ਕਰੇ ਜਾਂ ਕਿਸੇ ਹੋਰ ਭਾਸ਼ਾ ਵਿੱਚ ਲਿਖੇ ਤਾਂ ਮੈਨੂੰ ਵੱਟ ਚੜ੍ਹ ਜਾਂਦਾ ਹੈ, ਮੈਨੂੰ ਉਹ ਬੰਦਾ ਜ਼ਹਿਰ ਲਗਦਾ ਹੈ। ਮੈਂ ਅੰਦਰੋ-ਅੰਦਰ ਵਿਸ ਘੋਲਦਾਂ ਹਾਂ ਕਿ ਉਹ ਪੰਜਾਬੀ ਵਿੱਚ ਕਿਉਂ ਬੋਲ ਤੇ ਲਿਖ ਨਹੀਂ ਰਿਹਾ। ਕਈ ਵਾਰ ਮੈ ਅਜਿਹੇ ਬੰਦਿਆਂ ਨਾਲ਼ ਲੜ ਵੀ ਪੈਂਦਾ ਹਾਂ। ਲੜਨ ਤੋਂ ਬਾਅਦ ਮੈਂ ਆਪਣੇ ਆਪ ਨੂੰ ਇਹ ਕਹਿ ਕਿ ਧਰਵਾਸ ਦਿੰਦਾ ਹਾਂ ਕਿ ਆਪਣੀ ਮਾਂ ਬੋਲੀ ਵਿੱਚ ਨਾ ਲਿਖਣ ਜਾਂ ਬੋਲਣ ਵਾਲ਼ਾ ਬੰਦਾ ਰੂਹਾਨੀ ਤੇ ਸਭਿਆਚਾਰਕ ਪੱਖ ਤੋਂ ਲਿੱਸਾ ਤੇ ਬੌਣਾ ਹੁੰਦਾ ਹੈ।'

ਸਵਰਾਜਬੀਰ ਦੀ ਕਹਿਣੀ ਤੇ ਕਥਨੀ ਵਿੱਚ ਸਾਨੂੰ ਤਾਂ ਕੁਝ ਨਜ਼ਰ ਨਹੀਂ ਆਇਆ, ਪਰ ਜਿਹੜੇ ਸਿੱਖ ਚਿੰਤਕ ਉਸਨੂੰ ਪੰਜਾਬੀ ਟ੍ਰਿਬਿਊਨ ਤੋਂ ਕੱਢੇ ਜਾਣ ਤੇ ਚੜਗਿੱਲੀ ਪਾ ਰਹੇ ਹਨ। ਉਨ੍ਹਾਂ ਦੀ ਕਹਿਣੀ ਤੇ ਕਰਨੀ ਦਾ ਰੱਬ ਹੀ ਰਾਖਾ ਹੈ! ਉਹ ਪੰਜਾਬ ਦੇ ਹਿੰਦੂਆਂ ਅਤੇ ਦਲਿਤਾਂ ਦੀ ਵੱਡੀ ਵਸੋਂ ਤਾਂ ਪਾਸੇ ਰਹੀ, ਆਮ ਸਧਾਰਨ ਸਿੱਖ ਕਿਰਸਾਨੀ ਨੂੰ ਭਰੋਸੇ ਵਿੱਚ ਲਏ ਬਗੈਰ ਦੇਸ਼-ਵਿਦੇਸ਼ ਵਿੱਚ ਖਾਲਿਸਤਾਨ ਦਾ ਜਿਸ ਕਿਸਮ ਦਾ ਪ੍ਰਵਚਨ ਸਿਰਜ ਰਹੇ ਹਨ, ਉਨ੍ਹਾਂ ਨੇ ਕਦੇ ਇਹ ਗੱਲ ਵਿਚਾਰੀ ਹੀ ਨਹੀਂ ਹੈ ਕਿ ਉਨ੍ਹਾਂ ਦੀ 'ਅੰਨ੍ਹੇ ਨਿਸ਼ਾਨਚੀਆਂ' ਵਾਲ਼ੀ 40-50 ਸਾਲਾਂ ਦੀ ਰਾਜਨੀਤੀ ਨੇ ਕਿਤਨੇ ਨੌਜਵਾਨਾਂ ਨੂੰ ਗੁੰਮਰਾਹ ਕਰਕੇ ਬਰਬਾਦੀ ਦੇ ਰਸਤੇ ਤੋਰਿਆ। ਇਹ ਲੋਕ ਆਪਣੀ ਕੌਮ ਦਾ ਕਿਤਨਾ ਨੁਕਸਾਨ ਕਰੀ ਬੈਠੇ ਹਨ, ਕਹਿਣ ਨੂੰ ਦਿਲ ਤਾਂ ਨਹੀਂ ਕਰਦਾ, ਪਰ ਕਹੇ ਬਿਨਾਂ ਰਿਹਾ ਵੀ ਨਹੀਂ ਜਾਂਦਾ ਕਿ ਇਨ੍ਹਾਂ ਸੱਜਣਾਂ ਦੇ ਸੁਪਨਿਆਂ ਦੇ ਖਾਲਿਸਤਾਨ ਦਾ ਨਕਸ਼ਾ ਕੀ ਹੋਵੇਗਾ, ਅਜਿਹੇ ਰਾਜ ਦੀ ਘੱਟ ਗਿਣਤੀਆਂ ਬਾਰੇ ਨੀਤੀ ਕੀ ਹੋਵੇਗੀ, ਉਸ ਦੇਸ਼ ਦੀ ਆਰਥਿਕ ਨੀਤੀ ਕੀ ਹੋਵੇਗੀ? ਸਾਡੇ ਇਹ ਮਹਾਂਰਥੀ ਪੰਜਾਬ ਦੇ ਲੋਕਾਂ ਨੂੰ ਬੇਗਮਪੁਰੇ ਵਰਗੀ ਜੰਨਤ ਵਿੱਚ ਕਿਵੇਂ ਲੈ ਕੇ ਜਾਣਗੇ? ਧਰਮ ਅਧਾਰਿਤ ਇਜ਼ਰਾਈਲ, ਪਾਕਿਸਤਾਨ, ਇਰਾਨ, ਅਫਗਾਨਿਸਤਾਨ ਵਰਗੇ ਦੇਸ਼ਾਂ ਵਿੱਚ ਲੋਕਾਂ ਦਾ ਹਸ਼ਰ, ਕੀ ਇਨ੍ਹਾਂ ਨੂੰ ਨਜ਼ਰ ਨਹੀਂ ਆਉਂਦਾ? ਲਗਦਾ ਹੈ ਕਿ ਪੰਜਾਬ ਦੀ ਨੌਜਵਾਨੀ ਨੂੰ ਬਲ਼ੀ ਦੇ ਬੂਥੇ ਦੇਈ ਰੱਖਣਾ ਹੀ ਇਨ੍ਹਾਂ ਦਾ ਮੁੱਖ ਏਜੰਡਾ ਹੈ। ਸ. ਕਰਮਜੀਤ ਸਿੰਘ ਨੂੰ ਸਵਰਾਜਬੀਰ ਵਰਗੇ ਇਨਸਾਨ ਨੂੰ ਕਟਿਹਰੇ ਵਿੱਚ ਖੜਾ ਕਰਨ ਦਾ ਕਿਤਨਾ ਕੁ ਇਖਲਾਕੀ ਹੱਕ ਹੈ, ਫਿਰ ਵੀ ਉਨ੍ਹਾਂ ਨੇ ਜੇ ਇੰਝ ਕਰਨ ਤੋਂ ਨਹੀਂ ਹਟਣਾ ਤਾਂ ਪਹਿਲਾਂ ਉਨ੍ਹਾਂ ਨੂੰ ਘਰ ਦੇ ਭੇਤੀ ਮਾਲਵਿੰਦਰ ਸਿੰਘ ਮਾਲੀ ਦੇ ਇਲਜ਼ਾਮਾਂ ਦਾ ਜਵਾਬ ਤਾਂ ਜਰੂਰ ਹੀ ਦੇਣਾ ਚਾਹੀਦਾ ਹੈ।

ਸ. ਕਰਮਜੀਤ ਸਿੰਘ ਜੀ ਦਾ ਸਵਰਾਜਬੀਰ ਪ੍ਰਤੀ ਸਭ ਤੋਂ ਵੱਡਾ ਸ਼ਿਕਵਾ ਤਾਂ ਏਹੀ ਹੈ ਕਿ ਉਸਨੇ ਬੰਦੀ ਸਿੱਖ ਨੌਜਵਾਨਾਂ ਬਾਰੇ ਅਵਾਜ ਕਿਉਂ ਨਹੀਂ ਉਠਾਈ? ਕੀ ਉਨ੍ਹਾਂ ਨੂੰ ਕੋਈ ਸ਼ੱਕ ਹੈ ਕਿ ਸਵਰਾਜਬੀਰ ਤਾਂ ਅਜਿਹੇ ਸਿੱਖ ਲੀਡਰਾਂ ਦੀ ਪੰਥਕ ਰਾਜਨੀਤੀ ਨਾਲ਼ ਕਦੇ ਸਹਿਮਤ ਹੀ ਨਹੀਂ ਸੀ? ਕੀ ਉਨ੍ਹਾਂ ਨੂੰ ਅਜਿਹਾ ਕੋਈ ਮੇਹਣਾ ਮਾਰਨਾ ਬਣਦਾ ਹੈ? ਜਿਹੜੀ ਰਾਜਨੀਤੀ ਨਾਲ ਸਵਰਾਜਬੀਰ ਸਹਿਮਤ ਹੀ ਨਹੀਂ ਹੈ, ਉਸਦੀ ਆਲੋਚਨਾ ਕਰਨਾ ਤਾਂ ਛਡੋ, ਕੀ ਉਸ ਨੂੰ ਉਸ ਬਾਰੇ ਚੁਪ ਰਹਿਣ ਦਾ ਵੀ ਅਧਿਕਾਰ ਨਹੀਂ ਹੈ? ਗੁਰੂ ਸਾਹਿਬ ਦੇ ਮਹਾਂਵਾਕ 'ਸਭੈ ਸਾਝੀਵਾਲ ਸਦਾਇਨਿ' ਵਰਗੇ ਮਹਾਂਵਾਕ ਦੀ ਗੂੰਜ, ਉਸਦੇ ਹਰ ਲੇਖ ਵਿੱਚ ਸਮਾਈ ਹੋਈ ਸੀ। ਇਸ ਪ੍ਰਥਾਏ 'ਸ਼ਾਇਰ ਦੇਸ਼ ਪੰਜਾਬ ਦਾ, ਅਹਿਮਦ ਉਸਦਾ ਨਾਮ', 'ਸ਼ਹੀਦ ਭਗਤਸਿੰਘਪੁਰਾ ਦੇ ਵਾਸੀ', 'ਲੋਕਪੱਖੀ ਸਿਆਸਤ ਦੀ ਸਿਰਜਨਾ', 'ਇਕੱਲ ਦੇ ਬੁੱਤ', 'ਵਰਕੇ ਖੁੱਲ੍ਹੇ ਤੇਰੇ ਪੰਜਾਬ ਦੇ', 'ਪੰਜਾਬੀ ਲੋਕਮਨ ਤੇ ਰਾਮ ਕਥਾ', 'ਇੱਕ ਸ਼ਾਇਰਾ ਦਾ ਇਨਕਾਰ', ਆਦਿ ਉਸਦੇ ਲੇਖ ਸਭ ਨੂੰ ਪੜ੍ਹਨੇ ਚਾਹੀਦੇ ਹਨ ਤਾਂ ਕਿ ਸਵਰਾਜਬੀਰ ਦੀ ਪੰਜਾਬ ਅਤੇ ਲੋਕ ਪੱਖੀ ਸੋਚ ਦਾ ਪਤਾ ਲੱਗ ਸਕੇ। ਕੀ ਇਨ੍ਹਾਂ ਲੇਖਾਂ ਵਿਚ ਸਵਰਾਜਬੀਰ ਦੀ ਵਿਚਾਰਧਾਰਾ ਸਪਸ਼ਟ ਨਹੀਂ ਹੈ?

ਉਸਦੇ ਲੇਖ 'ਸ਼ਾਇਰ ਦੇਸ਼ ਪੰਜਾਬ ਦਾ, ਅਹਿਮਦ ਉਸਦਾ ਨਾਮ' ਦੀਆਂ ਕੁਝ ਸਤਰਾਂ ਪਾਠਕਾਂ ਲਈ ਪੇਸ਼ ਹਨ: 'ਅਹਿਮਦ ਸਲੀਮ ਨੇ 'ਮਿਆਣਾ ਗੋਂਦਲ ਦਾ ਢੋਲਾ' ਜਿਹੀ ਯਾਦਗਾਰੀ ਨਜ਼ਮ ਲਿਖੀ, ਜਿਸ ਵਿਚ ਮਾਸੀ ਜਨਤੇ ਲੁਕ-ਲੁਕ ਕੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਦੀ ਕਰਦੀ ਬੁੱਢੀ ਹੋ ਜਾਂਦੀ ਹੈ ਅਤੇ ਉਸਨੇ ਦੇਸ ਪੰਜਾਬ ਦੀ 'ਵਾਰ' ਲਿਖੀ, ਜੀਹਦੇ 'ਵੀਰ' ਬੰਗਲਾ ਦੇਸ਼ ਨੂੰ ਮਧੋਲਣ ਲਈ ਚੜ੍ਹਦੇ ਨੇ।... ਤੇ ਅੰਮ੍ਰਿਤਾ ਪ੍ਰੀਤਮ ਲਈ ਲਿਖੀ ਨਜ਼ਮ ਵਿਚ ਲਿਖਿਆ:

> ਕਦੋਂ ਵਿੱਥਾਂ ਨੂੰ ਇਸ਼ਕ ਦੀ ਸਾਰ ਹੁੰਦੀ
> ਕਿਸੇ ਕੰਧ ਨੂੰ ਹੁਸਨ ਦੀ ਪੀੜ ਕਿੱਥੇ
> ਪਾਟੀ ਚੁੰਨੀ ਦੇ ਵਾਂਗੂ ਹੈ ਦੁੱਖ ਸਾਡਾ
> ਇੱਕ ਲੀਰ ਇੱਥੇ, ਦੂਜੀ ਲੀਰ ਕਿੱਥੇ?

ਅਹਿਮਦ ਸਲੀਮ ਨੇ ਨਿਜ਼ਾਮ ਤੇ ਸਮਾਜ 'ਚੋਂ ਉਪਜੀ ਬੇਗ਼ਾਨਗੀ ਹੰਢਾਈ 'ਤੇ ਲਿਖਿਆ:

> ਨਜ਼ਮ ਦੇ ਅੰਗ ਮੁਰਝਾਂਦੇ ਪਏ,
> ਦੋਸਤੀ ਦਾ ਕਾਅਬਾ ਮੇਰੀ ਪਨਾਹ ਨਹੀਂ ਬਣਿਆ,
> ਹੰਝੂਆਂ ਨੇ ਕਿਹੋ ਜਿਹਾ ਮੇਲ ਕਰਾਇਆ ਸੀ,
> ਮੈਨੂੰ ਆਪਣੇ ਘਰ ਦਾ ਰਾਹ ਭੁੱਲ ਗਿਆ ਏ।

ਸਵਰਾਜਬੀਰ ਦੇ ਕਿਸੇ ਪ੍ਰਸ਼ੰਸਕ ਨੇ ਆਪਣੀ ਇੱਕ ਪੋਸਟ ਵਿੱਚ ਉਸ ਦੀ ਪੁਸਤਕ 'ਮੱਸਿਆ ਦੀ ਰਾਤ' ਨੂੰ ਸਨਮਾਨੇ ਜਾਣ ਮੌਕੇ ਬਾਰੇ ਇਵੇਂ ਕਿਹਾ ਹੈ: 'ਪੰਜਾਬ ਦਾ ਸੱਭਿਆਚਾਰਕ ਪਛੜੇਵਾਂ ਇਸਦੀ ਰਾਜਨੀਤਕ ਤ੍ਰਾਸਦੀ ਦੀਆਂ ਜੜ੍ਹਾਂ 'ਚ ਬੈਠਾ ਹੈ। ਇਸ 'ਮੱਸਿਆ ਦੀ ਰਾਤ' ਦੇ ਖਾਤਮੇ ਲਈ ਸਵਰਾਜਬੀਰ ਵਰਗੀਆਂ ਕਲਮਾਂ ਦੀ ਵਿਵੇਕਵਾਨ ਲੋਅ ਦੀ ਸਾਰੇ ਪੰਜਾਬੀ ਜਗਤ ਨੂੰ ਸ਼ਦੀਵ ਜ਼ਰੂਰਤ ਹੈ। ਸਵਰਾਜਬੀਰ ਦੇ ਅੰਦਰ ਵਹਿੰਦੇ ਸੰਵੇਦਨਾ-ਚਿੰਤਨ-ਸੁਹਜ-ਵਿਦਰੋਹ ਦੇ ਪਾਣੀ ਰਵਾਂ ਰਹਿਣ, ਮੇਰੀ ਦੁਆ ਹੈ। ਬਾਬਾ ਵਾਰਿਸ ਸ਼ਾਹ ਜਿਵੇਂ ਸਵਰਾਜਬੀਰ ਬਾਰੇ ਹੀ ਕਹਿੰਦਾ ਹੋਵੇ:

> ਅਸਾਂ ਮੰਗ ਦਰਗਾਹ ਥੀਂ ਲਿਆ ਰਾਂਝਾ,
> ਸਿਦਕ ਸੱਚ ਜ਼ਬਾਨ ਸਭ ਬੋਲਦੀ ਹੈ।

# ਔਰਤਾਂ 'ਤੇ ਅੱਤਿਆਚਾਰਾਂ ਨੂੰ ਰੋਕਣ ਲਈ ਸਮਾਜਿਕ ਸਜ਼ਾਵਾਂ ਦੀ ਵਿਵਸਥਾ ਹੋਵੇ

ਕਰਨਾਟਕ ਸੂਬੇ ਵਿਚ ਇੱਕ ਔਰਤ ਨੂੰ ਸ਼ਰੇਆਮ ਬੇਇੱਜ਼ਤ ਕੀਤੇ ਜਾਣ ਦੀ ਘਟਨਾ ਦਾ ਮਾਨਯੋਗ ਕਰਨਾਟਕ ਹਾਈ ਕੋਰਟ ਨੇ ਆਪਣੇ ਤੌਰ 'ਤੇ ਨੋਟਿਸ ਲੈਂਦਿਆਂ ਅਫਸੋਸ ਜ਼ਾਹਿਰ ਕਰਦਿਆਂ ਕਿਹਾ ਕਿ ਸੂਬਾਈ ਅਧਿਕਾਰੀ ਇਸ ਪੀੜਤ ਔਰਤ ਨੂੰ ਇਨਸਾਫ਼ ਦੇਣ 'ਚ ਅਵੇਸਲੇ ਰਹੇ, ਜਿਸ ਕਾਰਨ ਉਸ ਨੂੰ ਅਸਹਿ ਬੇਇੱਜ਼ਤੀ

**ਐਸ ਐਲ ਵਿਰਦੀ ਐਡਵੋਕੇਟ**
**ਫੋਨ : 98145-17499**

ਦਾ ਸਾਹਮਣਾ ਕਰਨਾ ਪਿਆ।' ਜ਼ਿਲ੍ਹਾ ਬੇਲਗਾਵੀ ਦੇ ਇਕ ਪਿੰਡ ਦੀ ਇਸ ਹਲੂਣ ਕੇ ਰੱਖ ਦੇਣ ਵਾਲੀ ਘਟਨਾ ਵਿਚ ਪਹਿਲਾਂ ਪੀੜਤ ਔਰਤ ਨੂੰ ਨਿਰਵਸਤਰ ਕਰ ਕੇ ਪਿੰਡ ਵਿਚ ਸ਼ਰੇਆਮ ਘੁਮਾਇਆ ਗਿਆ, ਫਿਰ ਬਿਜਲੀ ਦੇ ਖੰਭੇ ਨਾਲ ਬੰਨ੍ਹ ਦਿੱਤਾ ਗਿਆ। ਮਾਣਯੋਗ ਅਦਾਲਤ ਨੇ ਕਿਹਾ, ਆਖ਼ਰ ਉਸ ਦਾ ਕਸੂਰ ਕੀ ਸੀ? ਸਿਰਫ਼ ਇਹ ਕਿ ਉਸ ਦਾ ਪੁੱਤਰ ਆਪਣੀ ਮੰਗੇਤਰ ਕੁੜੀ ਨੂੰ ਲੈ ਕੇ ਕਿਧਰੇ ਚਲੇ ਗਿਆ ਸੀ, ਜਿਸ ਕਾਰਨ 'ਗੁੱਸੇ ਵਿਚ ਆਏ' ਪਰਿਵਾਰ ਨੇ ਕਾਨੂੰਨ ਆਪਣੇ ਹੱਥ ਵਿਚ ਲੈਂਦਿਆਂ ਇਸ ਭਿਆਨਕ ਕਾਰੇ ਨੂੰ ਅੰਜਾਮ ਦਿੱਤਾ। ਅਦਾਲਤ ਨੇ ਇਸ ਕੇਸ ਵਿਚ ਢਿੱਲੀ-ਮੱਠੀ ਕਾਰਵਾਈ ਲਈ ਪੁਲੀਸ ਦੀ ਵੀ ਖਿਚਾਈ ਕੀਤੀ ਅਤੇ ਹਦਾਇਤ ਕੀਤੀ ਕਿ ਦੋਸ਼ੀਆਂ ਨੂੰ ਫੌਰੀ ਗ੍ਰਿਫਤਾਰ ਕੀਤਾ ਜਾਵੇ ਤੇ ਪੀੜਤ ਔਰਤ ਨੂੰ ਆਰਥਿਕ ਸਹਾਇਤਾ ਦਿੱਤੀ ਜਾਵੇ। ਅਦਾਲਤ ਨੇ ਇਹ ਵੀ ਕਿਹਾ ਕਿ ਹਾਲੇ ਤੱਕ ਇਸ ਮਾਮਲੇ ਵਿਚ ਮਹਿਲਾ ਕਮਿਸ਼ਨ ਨੇ ਕੋਈ ਦਖ਼ਲ ਨਹੀਂ ਦਿੱਤਾ। ਇਹ ਸਾਡੇ ਦੇਸ਼ ਦੇ ਸ਼ਰਮਨਾਕ ਹਾਲਾਤ ਦਾ ਸਬੂਤ ਹੈ।

ਔਰਤਾਂ ਉਤੇ ਅੱਤਿਆਚਾਰਾਂ ਦੀ ਇਹ ਕੋਈ ਪਹਿਲੀ ਘਟਨਾ ਨਹੀ ਹੈ। ਇਸੇ ਸਾਲ ਹੀ ਦਿੱਲੀ ਵਿਚ ਇੱਕ ਔਰਤ ਦਾ ਸਿਰ ਮੁੰਨ ਕੇ ਸ਼ਰੇਆਮ ਇਲਾਕੇ ਵਿਚ ਘੁਮਾਇਆ ਗਿਆ। ਇਸੇ ਤਰ੍ਹਾਂ ਮੱਧ ਪ੍ਰਦੇਸ਼ ਦੇ ਦੇਵਾਸ ਵਿਚ ਇੱਕ ਆਦਿਵਾਸੀ ਔਰਤ ਸਹਾਇਤਾ ਲਈ ਭਟਕਦੀ ਰਹੀ ਪਰ ਕੋਈ ਉਸ ਦੀ ਮਦਦ ਕਰਨ ਲਈ ਨਾ ਆਇਆ। ਤਿੰਨ ਦਰਿੰਦਿਆਂ ਨੇ ਅਸਾਮ ਵਿਚ ਨਾਬਾਲਗ ਕੁੜੀ ਨਾਲ ਸਮੂਹਿਕ ਬਲਾਤਕਾਰ ਕਰ ਕੇ ਉਸ ਨੂੰ ਮਾਰ ਦਿੱਤਾ। ਉਤਰ ਪ੍ਰਦੇਸ਼ ਵਿਚ ਇੱਕ ਪਰਿਵਾਰ ਨੂੰ ਇਹ ਪਤਾ ਲੱਗਾ ਕਿ ਉਨ੍ਹਾਂ ਦੀ ਧੀ ਗਰਭਵਤੀ ਹੈ। ਕੁੜੀ ਦੀ ਮਾਂ ਤੇ ਭਰਾ ਨੇ ਉਸ ਨੂੰ ਜੰਗਲ ਵਿਚ ਲਿਜਾ ਕੇ ਜਿਊਂਦਿਆਂ ਹੀ ਅੱਗ ਲਾ ਕੇ ਸਾੜ ਦਿੱਤਾ। ਖੇਤਾਂ 'ਚ ਕੰਮ ਕਰਦੇ ਲੋਕਾਂ ਨੇ ਉਸ ਦੀਆਂ ਚੀਕਾਂ ਸੁਣੀਆਂ ਤਾਂ ਜਾ ਕੇ ਉਨ੍ਹਾਂ ਨੇ ਉਸ ਨੂੰ ਬਚਾਇਆ ਪਰ ਉਸ ਦਾ 70 ਫ਼ੀਸਦੀ ਸਰੀਰ ਸੜ ਚੁੱਕਾ ਸੀ।

ਉਤਰ ਪ੍ਰਦੇਸ਼ ਦੇ ਕਾਨਪੁਰ ਦੇ ਇਕ ਪਿੰਡ ਦੇ ਨੌਜਵਾਨਾਂ ਨੇ 10 ਦਸੰਬਰ ਨੂੰ ਇਕ ਲੜਕੀ ਨੂੰ ਅਗਵਾ ਕਰ ਕੇ ਤਿੰਨ ਦਿਨ ਤੱਕ ਉਸ ਨੂੰ ਬੰਧਕ ਬਣਾ ਕੇ ਉਸ ਨਾਲ ਬਾਰ-ਬਾਰ ਸਮੂਹਿਕ ਬਲਾਤਕਾਰ ਕੀਤਾ। ਮਗਰੋਂ ਉਸ ਦੀ ਲਾਸ਼ ਦਰੱਖ਼ਤ ਨਾਲ ਲਟਕਦੀ ਮਿਲੀ। 10 ਦਸੰਬਰ ਨੂੰ ਹੀ ਬਿਹਾਰ ਦੇ ਪੱਛਮੀ ਚੰਪਾਰਨ ਜ਼ਿਲ੍ਹੇ ਦੇ ਮਹਿਮੂਦਪੁਰ ਪਿੰਡ ਵਿਚ ਇੱਕ ਪ੍ਰੇਮਿਕਾ ਨਾਲ ਜਬਰ-ਜਨਾਹ ਕਰਨ ਤੋਂ ਬਾਅਦ ਉਸ ਨੂੰ ਮਿੱਟੀ ਦਾ ਤੇਲ ਪਾ ਕੇ ਸਾੜ ਦਿੱਤਾ ਗਿਆ। ਗੁਜਰਾਤ ਦੇ ਕੱਛ ਜ਼ਿਲ੍ਹੇ 'ਚ 9 ਵਿਅਕਤੀਆਂ ਨੇ ਇੱਕ 24 ਸਾਲਾ ਔਰਤ ਨਾਲ ਸਮੂਹਿਕ ਜਬਰ-ਜਨਾਹ ਕੀਤਾ। ਯੂ.ਪੀ. ਵਿਚ ਮਾਨਸਿਕ ਤੌਰ 'ਤੇ ਅਪੰਗ ਇੱਕ 20 ਸਾਲਾ ਲੜਕੀ ਨਾਲ ਚੱਲਦੀ ਰੇਲ ਗੱਡੀ ਵਿਚ ਸਮੂਹਿਕ ਬਲਾਤਕਾਰ ਕੀਤਾ ਗਿਆ, ਉੜੀਸ਼ਾ ਵਿਚ 19 ਸਾਲਾ ਲੜਕੀ ਨੂੰ ਉਸ ਦੇ ਪਤੀ ਸਾਹਮਣੇ ਦਰਿੰਦਗੀ ਦਾ ਸ਼ਿਕਾਰ ਬਣਾਇਆ ਗਿਆ। ਦਿੱਲੀ 'ਚ 5 ਵਿਅਕਤੀਆਂ ਨੇ ਦਿਨ ਦਿਹਾੜੇ ਚਲਦੀ ਕਾਰ ਵਿਚ ਇੱਕ ਔਰਤ ਨਾਲ ਜਬਰ-ਜਨਾਹ ਕੀਤਾ। ਇਕ ਔਰਤ ਨੂੰ ਬੱਚਾ ਪੈਦਾ ਹੋਣ ਤੋਂ ਕੁਝ ਹੀ ਘੰਟਿਆਂ ਬਾਅਦ ਹਸਪਤਾਲ 'ਚ ਹੀ ਬਲਾਤਕਾਰ ਦਾ ਸ਼ਿਕਾਰ ਹੋਣਾ ਪਿਆ। ਕੇਰਲਾ 'ਚ ਸਮੂਹਿਕ ਬਲਾਤਕਾਰ ਦੀ ਸ਼ਿਕਾਰ 30 ਸਾਲਾ ਔਰਤ ਦੀ ਲਾਸ਼ ਬਹੁਤ ਹੀ ਬੁਰੀ ਤਰ੍ਹਾਂ ਨੁਕਸਾਨੀ ਹੋਈ ਮਿਲੀ।

ਝਾੜਖੰਡ ਵਿਚ 22 ਨਵੰਬਰ ਨੂੰ 32 ਸਾਲਾ ਇਕ ਔਰਤ ਆਪਣੇ ਇੱਕ ਰਿਸ਼ਤੇਦਾਰ ਨਾਲ ਸ਼ਹਿਰੋਂ ਘਰ ਦਾ ਸਾਮਾਨ ਲੈ ਕੇ ਮੋਟਰਸਾਈਕਲ ਉਤੇ ਆ ਰਹੀ ਸੀ ਕਿ ਰਾਹ ਵਿਚ ਪੰਜ ਗੁੰਡਿਆਂ ਨੇ ਉਨ੍ਹਾਂ ਨੂੰ ਰੋਕ ਲਿਆ ਤੇ ਉਸ ਨਾਲ ਨਾਲ ਵਾਰੀ ਵਾਰੀ ਸਮੂਹਿਕ ਬਲਾਤਕਾਰ ਕੀਤਾ। ਝਾਰਖੰਡ ਦੀ ਰਾਜਧਾਨੀ ਰਾਂਚੀ ਦੇ ਕਾਂਕੇ ਇਲਾਕੇ ਵਿਚ ਕਾਨੂੰਨ ਦੀ ਇਕ ਵਿਦਿਆਰਥਣ ਨੂੰ ਇੱਕ ਬੱਸ ਸਟਾਪ ਤੋਂ ਦਰਿੰਦੇ ਬੰਦੂਕ ਦੀ ਨੋਕ 'ਤੇ ਚੁੱਕ ਕੇ ਲੈ ਗਏ, ਤੇ ਇੱਟਾਂ ਦੇ ਭੱਠੇ ਉਤੇ ਲਿਜਾ ਕੇ 12 ਦਰਿੰਦਿਆਂ ਨੇ ਉਸ ਨਾਲ ਜਬਰ-ਜਨਾਹ ਕੀਤਾ। ਪਿਛਲੇ ਦਿਨੀਂ ਆਈਆਂ ਰਿਪੋਰਟਾਂ ਅਨੁਸਾਰ ਸਾਲ 2022 'ਚ ਔਰਤਾਂ ਦੇ ਖ਼ਿਲਾਫ਼ ਜੁਰਮਾਂ ਦੇ ਕੁੱਲ 4,45,256 ਮਾਮਲੇ ਦਰਜ ਕੀਤੇ ਗਏ, ਜੋ ਕਿ 2021 'ਚ ਔਰਤਾਂ ਦੇ ਖ਼ਿਲਾਫ਼ ਜੁਰਮਾਂ ਦੇ 4,28,278 ਮਾਮਲਿਆ ਦੀ ਤੁਲਨਾ 'ਚ 4 ਫੀਸਦੀ ਵੱਧ ਹਨ। ਇਸੇ ਤਰ੍ਹਾਂ ਸਾਲ 2022 'ਚ ਪਿਛੜੀ ਜਾਤੀ ਦੀਆਂ ਔਰਤਾਂ ਖ਼ਿਲਾਫ਼ ਕੀਤੇ ਜੁਰਮਾਂ ਦੇ 57,582 ਮਾਮਲੇ ਦਰਜ ਕੀਤੇ ਗਏ ਜੋ ਕਿ ਪਿਛਲੇ ਸਾਲ ਹੋਏ 50,900 ਮਾਮਲਿਆਂ ਦੇ ਮੁਕਾਬਲੇ 13.1 ਫੀਸਦੀ ਵੱਧ ਹਨ। ਆਦਿਵਾਸੀ ਔਰਤਾਂ ਖ਼ਿਲਾਫ਼ 2022 'ਚ 10,604 ਮਾਮਲੇ ਦਰਜ ਕੀਤੇ ਗਏ ਜੋ ਕਿ ਪਿਛਲੇ ਸਾਲ 2021 'ਚ ਹੋਏ 8802 ਮਾਮਲਿਆ ਤੋਂ 14.1 ਫੀਸਦੀ ਜ਼ਿਆਦਾ ਹਨ। ਇਨ੍ਹਾਂ ਉਪਰੋਕਤ ਜੁਰਮਾਂ



ਦੇ ਤਕਰੀਬਨ ਸਾਢੇ 4 ਲੱਖ ਜੁਰਮਾਂ 'ਚੋਂ ਜ਼ਿਆਦਾਤਰ ਭਾਵ 31.4 ਫੀਸਦੀ ਜੁਰਮ, ਔਰਤਾਂ ਦੇ ਪਤੀਆਂ ਅਤੇ ਰਿਸ਼ਤੇਦਾਰਾਂ ਵੱਲੋਂ ਕੀਤੇ ਗਏ ਹਨ।

ਰਿਪੋਰਟ ਅਨੁਸਾਰ ਦੇਸ਼ ਵਿਚ ਹਰ 42 ਮਿੰਟ 'ਚ ਇੱਕ ਔਰਤ ਦੀ ਦਾਜ ਕਾਰਨ ਮੌਤ, 43 ਮਿੰਟ 'ਚ ਇੱਕ ਔਰਤ ਦਾ ਅਗਵਾ, 26 ਮਿੰਟ 'ਚ ਇੱਕ ਔਰਤ ਨਾਲ ਛੇੜਖਾਨੀ, ਭਾਵ ਹਰੇਕ 7 ਮਿੰਟ 'ਚ ਔਰਤ ਖਿਲਾਫ਼ ਕੋਈ ਨਾ ਕੋਈ ਜੁਰਮ ਹੋ ਜਾਂਦਾ ਹੈ। ਰਿਪੋਰਟ ਕੀਤੇ ਕੇਸਾਂ ਵਿਚੋਂ ਬਹੁਤੀਆਂ 8 ਸਾਲ ਤੋਂ ਛੋਟੀਆਂ ਹਨ। ਜਬਰ ਜਨਾਹ ਦੇ ਮਾਮਲਿਆਂ ਵਿਚ ਦਲਿਤ ਆਦਿਵਾਸੀ ਤੇ ਹੋਰਨਾਂ ਪਛੜੇ ਵਰਗ ਦੀਆਂ ਔਰਤਾਂ ਨੂੰ ਵੱਧ ਨਿਸ਼ਾਨਾ ਬਣਾਇਆ ਜਾਂਦਾ ਹੈ। ਹਰਿਆਣਾ 'ਚ ਇੱਕ ਨਿੰਜੀ ਸਕੂਲ ਦੀ ਚੌਥੀ ਜਮਾਤ ਦੀਆਂ 2 ਲੜਕੀਆਂ ਸਮੇਤ 6 ਵਿਦਿਆਰਥੀਆਂ ਦੇ ਸਕੂਲ ਟੈਸਟ ਦੌਰਾਨ ਘੱਟ ਨੰਬਰ ਆਉਣ 'ਤੇ ਅਧਿਆਪਕਾਂ ਨੇ ਉਨ੍ਹਾਂ ਦੇ ਮੂੰਹ ਕਾਲੇ ਕਰ ਕੇ ਸਕੂਲ ਦੇ ਵੱਖ ਵੱਖ ਕਮਰਿਆਂ ਵਿਚ ਘੁਮਾ ਕੇ ਜ਼ਲੀਲ ਕੀਤਾ। ਪਿਛਲੇ ਦਿਨੀਂ ਹਰਿਆਣੇ ਦੇ ਹੀ ਇਕ ਸਰਕਾਰੀ ਸਕੂਲ ਦੇ ਪ੍ਰਿੰਸੀਪਲ ਨੂੰ ਨੌਕਰੀ ਤੋਂ ਇਸ ਕਰਕੇ ਬਰਖਾਸਤ ਕਰਨਾ ਪਿਆ ਕਿਉਂਕਿ ਸਕੂਲ ਦੀਆਂ 10ਵੀਂ ਤੇ 12ਵੀਂ ਜਮਾਤ ਦੀਆਂ 140 ਤੋਂ ਵੱਧ ਲੜਕੀਆਂ ਨੇ ਉਸ ਵਿਰੁੱਧ ਛੇੜਛਾੜ ਤੇ ਪ੍ਰੇਸ਼ਾਨ ਕਰਨ ਦੇ ਇਲਜ਼ਾਮ ਲਾਏ ਸਨ।

ਔਰਤਾਂ 'ਤੇ ਅਪਰਾਧਾਂ ਦੀ ਰੋਕਥਾਮ ਲਈ ਅਣਗਿਣਤ ਕਾਨੂੰਨ ਬਣੇ ਹੋਏ ਹਨ। ਕਮੀ ਬੱਸ ਇਹ ਹੈ ਕਿ ਇਨ੍ਹਾਂ ਕਾਨੂੰਨਾਂ ਨੂੰ ਲਾਗੂ ਕਰਨ ਲਈ ਨੀਅਤ ਨੇਕ ਨਹੀਂ, ਸਰਕਾਰੀ ਮਸ਼ੀਨਰੀ ਭ੍ਰਿਸ਼ਟ ਤੇ ਨਿਕੰਮੀ ਹੈ। ਕਾਨੂੰਨ ਦੇ ਰਖਵਾਲੇ ਤੇ ਸਿਆਸਤਦਾਨ ਘਿਓ-ਖਿਚੜੀ ਹਨ। ਜਦੋਂ ਸਮਾਜ ਵਿਚ ਅਜਿਹੇ ਕਾਂਡ ਵਾਪਰਦੇ ਹਨ ਤਾਂ ਸਿਆਸੀ ਪਾਰਟੀਆਂ ਸੁਸਰੀ ਵਾਂਗ ਸੌਂ ਜਾਂਦੀਆਂ ਹਨ ਜੋ ਕਿ ਬਹੁਤ ਹੀ ਦੁਖਦਾਇਕ ਹੈ। ਲੋਕਾਂ ਦੇ ਅੰਦੋਲਨਾਂ ਤੇ ਜੱਦੋ-ਜਹਿਦਾਂ ਦੇ ਬਾਅਦ, ਜੇ ਕਿਸੇ ਪ੍ਰਭਾਵਸ਼ਾਲੀ 'ਤੇ ਕਾਰਵਾਈ ਕੀਤੀ ਵੀ ਜਾਂਦੀ ਹੈ ਤਾਂ ਕੇਸ ਸਿਰੇ ਚੜ੍ਹਦੇ-ਚੜ੍ਹਦੇ ਉਮਰਾਂ ਬੀਤ ਜਾਂਦੀਆਂ ਹਨ। ਅਜਿਹੀ ਮਾਨਸਿਕਤਾ ਤੇ ਨਿਆਂਇਕ ਵਿਵਸਥਾ ਨੂੰ ਬਦਲਿਆ ਜਾਣਾ ਚਾਹੀਦਾ ਹੈ। ਖਾਪ ਪੰਚਾਇਤਾਂ ਨੂੰ ਕਾਨੂੰਨ ਨੂੰ ਆਪਣੇ ਹੱਥ ਵਿਚ ਨਹੀਂ ਲੈਣ ਦੇਣਾ ਚਾਹੀਦਾ।

ਇਕ ਅਧਿਕਾਰਤ ਰਿਪੋਰਟ, 'ਮੈਨ ਐਂਡ ਵੂਮੈਨ 2012' ਔਰਤਾਂ 'ਤੇ ਹੋ ਰਹੇ ਅਪਰਾਧਾਂ ਬਾਰੇ ਦੱਸਦੀ ਹੈ ਕਿ ਇਸ ਦਾ ਮੁੱਖ ਕਾਰਨ ਪ੍ਰਸ਼ਾਸਨ ਤੇ ਆਰਥਿਕ ਪ੍ਰਬੰਧ ਵਿਚ ਔਰਤਾਂ ਦੀ ਹਿੱਸੇਦਾਰੀ ਦਾ ਨਾਮਾਤਰ ਹੋਣਾ ਹੈ। ਦੇਸ਼ ਦੀ ਸਰਬਉਚ ਨਿਆਂਪਾਲਿਕਾ ਸੁਪਰੀਮ ਕੋਰਟ ਦੇ 26 ਜੱਜਾਂ ਵਿਚੋਂ ਸਿਰਫ 2, ਤੇ ਸੂਬਿਆਂ ਦੀਆਂ 25 ਹਾਈ ਕੋਰਟਾਂ ਦੇ 634 ਜੱਜਾਂ ਵਿਚੋਂ ਸਿਰਫ਼ 54 ਹੀ ਔਰਤਾਂ ਜੱਜ ਹਨ। ਦੇਸ਼ ਦੀਆਂ ਲਗਪਗ ਸਾਰੀਆਂ ਪਾਰਟੀਆਂ ਦੇ ਨੇਤਾ ਵੋਟਾਂ ਬਟੋਰਨ ਲਈ ਔਰਤਾਂ ਦੀ ਹਾਲਤ ਬਾਰੇ ਵੱਡੇ-ਵੱਡੇ ਭਾਸ਼ਣ ਦਿੰਦੇ ਹਨ, ਪਰ ਇਨ੍ਹਾਂ ਆਗੂਆਂ ਨੇ ਹੀ ਅੱਜ ਤਕ ਸੰਸਦ ਤੇ ਵਿਧਾਨ ਪ੍ਰੀਸ਼ਦਾਂ 'ਚ ਮਹਿਲਾ ਰਾਖਵਾਂਕਰਨ ਬਿੱਲ ਪਾਸ ਨਹੀਂ ਹੋਣ ਦਿੱਤਾ। ਜੇ ਹੁਣ ਪਾਸ ਹੋਇਆ ਵੀ ਹੈ ਤਾਂ 6 ਸਾਲ ਲਈ ਟਿੰਡ 'ਚ ਕਾਨਾ ਪਾ ਦਿੱਤਾ ਹੈ। ਅਸਲ 'ਚ ਆਗੂ ਨਹੀਂ ਚਾਹੁੰਦੇ ਕਿ ਇਹ ਬਿੱਲ ਪਾਸ ਹੋਵੇ? ਕਿਉਂਕਿ ਇਸ ਨਾਲ 33 ਫੀਸਦੀ ਲੀਡਰਾਂ ਨੂੰ ਔਰਤਾਂ ਲਈ ਆਪਣੀ ਸੀਟ ਛੱਡਣੀ ਪੈਣੀ ਹੈ। ਮਰਦ ਸਮਾਜ 'ਚ ਆਪਣੀ ਹਊਮੈ ਬਣਾਈ ਰੱਖਣ ਲਈ ਔਰਤਾਂ ਵਿਰੁੱਧ ਇਕੱਠੇ ਹੋ ਜਾਂਦੇ ਹਨ, ਪਿਛਲੇ 20 ਸਾਲਾਂ ਤੋਂ ਮਹਿਲਾ ਰਾਖਵਾਂਕਰਨ ਬਿੱਲ ਪਾਸ ਨਾ ਹੋਣ ਦੇਣਾ ਇਸ ਦਾ ਪ੍ਰਤੱਖ ਸਬੂਤ ਤਾਂ ਹੈ ਹੀ ਪਰ ਇਹ ਸਾਡੇ ਸਮਾਜ ਵਿਚ ਛਾਈ ਹੋਈ ਮਰਦ ਪ੍ਰਧਾਨ ਸੋਚ ਦਾ ਸੂਚਕ ਵੀ ਹੈ, ਜਿਹੜੀ ਮਰਦਾਂ ਨੂੰ ਔਰਤਾਂ ਵਿਰੁੱਧ ਹਿੰਸਾ ਅਤੇ ਅਜਿਹੀਆਂ ਘਿਨਾਉਣੀਆਂ ਕਾਰਵਾਈਆਂ ਕਰਨ ਲਈ ਉਤਸ਼ਾਹਿਤ ਕਰਦੀ ਹੈ। ਅਜਿਹੀ ਸੋਚ ਵਿਰੁੱਧ ਵੀ ਆਵਾਜ਼ ਉਠਣੀ ਚਾਹੀਦੀ ਹੈ। ਜਦ ਤਕ ਔਰਤ ਨੂੰ ਨੰਬਰ ਦੋ ਦਾ ਨਾਗਰਿਕ ਸਮਝਿਆ ਜਾਂਦਾ ਰਹੇਗਾ ਤੇ ਉਸ ਨੂੰ ਮਰਦਾਂ ਦੇ ਬਰਾਬਰ ਨਹੀਂ ਆਉਣ ਦਿੱਤਾ ਜਾਵੇਗਾ, ਤਦ ਤੱਕ ਅਬਾਦੀ ਦਾ ਅੱਧਾ ਹਿੱਸਾ ਗੁਲਾਮ ਹੀ ਬਣਿਆ ਰਹੇਗਾ।

ਅਜਿਹਾ ਵੀ ਨਹੀਂ ਕਿ ਕੁੱਝ ਹੋ ਨਹੀਂ ਸਕਦਾ। ਸੱਤ ਸਾਲ ਪਹਿਲਾਂ ਰਾਜਧਾਨੀ ਦਿੱਲੀ ਵਿਚ ਪੈਰਾ ਮੈਡੀਕਲ ਦੀ ਇੱਕ 23 ਸਾਲਾ ਵਿਦਿਆਰਥਣ ਨਾਲ ਚੱਲਦੀ ਬੱਸ ਵਿਚ ਸਮੂਹਿਕ ਬਲਾਤਕਾਰ ਕੀਤਾ ਗਿਆ ਸੀ। ਲੜਕੀ ਵੱਲੋਂ ਵਿਰੋਧ ਕਰਨ 'ਤੇ ਦਰਿੰਦਿਆਂ ਨੇ ਉਸ ਦੇ ਨਿੰਜੀ ਅੰਗ ਵਿਚ ਰਾਡ ਪਾ ਕੇ ਉਸ ਨੂੰ ਗੰਭੀਰ ਜ਼ਖ਼ਮੀ ਕਰ ਦਿੱਤਾ ਸੀ। ਆਪਣੀ ਹਵਸ ਪੂਰੀ ਕਰਨ ਤੋਂ ਬਾਅਦ ਦਰਿੰਦੇ ਉਸ ਨੂੰ ਸੁੰਨਸਾਨ ਜਗ੍ਹਾ ਉਤੇ ਸੜਕ ਕਿਨਾਰੇ ਸੁੱਟ ਗਏ ਸਨ। ਇਸ ਕਾਂਡ ਵਿਰੁੱਧ ਦੇਸ਼ ਭਰ ਵਿਚ ਜ਼ਬਰਦਸਤ ਰੋਹ ਉਠਿਆ ਸੀ। ਲੋਕ ਆਪ ਮੁਹਾਰੇ ਸੜਕਾਂ ਉਤੇ ਨਿਕਲ ਤੁਰੇ ਸਨ। ਸਰਕਾਰ ਹਰਕਤ ਵਿਚ ਆਈ ਤੇ ਲੜਕੀ ਨੂੰ ਬਿਹਤਰ ਇਲਾਜ ਲਈ ਸਿੰਗਾਪੁਰ ਲਿਜਾਇਆ ਗਿਆ, ਪਰ ਉਸ ਨੂੰ ਬਚਾਇਆ ਨਾ ਜਾ ਸਕਿਆ। ਇਸ ਤੋਂ ਬਾਅਦ ਦੇਸ਼ ਵਿਚ ਬਲਾਤਕਾਰ ਦੀਆਂ ਘਟਨਾਵਾਂ ਨੂੰ ਠੱਲ੍ਹ ਪਾਉਣ ਲਈ ਸੰਸਦ ਵੱਲੋਂ ਸਖ਼ਤ ਕਾਨੂੰਨ ਲਿਆਂਦਾ ਗਿਆ। ਫਾਸਟ ਟਰੈਕ ਅਦਾਲਤਾਂ ਬਣੀਆਂ, ਦੋਸ਼ੀਆਂ ਲਈ ਫਾਂਸੀ ਦੀ ਸਜ਼ਾ ਹੋਈ ਸੀ। ਪਰ ਇਸ ਦੇ ਬਾਵਜੂਦ ਵੀ 7 ਸਾਲ ਬਾਅਦ ਵੀ ਔਰਤਾਂ 'ਤੇ ਘਿਨਾਉਣੇ ਅਪਰਾਧ ਜਾਰੀ ਹਨ?

ਸਮੁੱਚੇ ਦੇਸ਼ ਵਿਚ ਔਰਤਾਂ 'ਤੇ ਅੱਤਿਆਚਾਰ ਉਨਾ ਚਿਰ ਬੰਦ ਨਹੀਂ ਹੋਣੇ ਜਦ ਤਕ ਅਪਰਾਧੀਆਂ ਨੂੰ ਸਮਾਜਿਕ ਸਜ਼ਾਵਾਂ ਨਹੀਂ ਦਿੱਤੀਆ ਜਾਂਦੀਆਂ। ਪਹਿਲਾਂ ਤਾਂ ਦੋਸ਼ੀਆਂ ਨੂੰ ਨਿਆਂਇਕ ਪ੍ਰਣਲੀ ਰਾਹੀਂ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਵੇ। ਫਿਰ ਉਨ੍ਹਾਂ ਦੀ ਜਾਇਦਾਦ ਜ਼ਬਤ ਕਰ ਕੇ ਪੀੜਤਾਂ ਨੂੰ ਦਿੱਤੀ ਜਾਵੇ। ਇੰਨਾ ਹੀ ਨਹੀਂ ਫਿਰ ਸਜ਼ਾ ਭੁਗਤ ਰਹੇ ਅਪਰਾਧੀਆਂ ਨੂੰ ਜੇਲ੍ਹਾਂ ਵਿਚੋਂ ਕੱਢ ਪਬਲਿਕ ਸਥਾਨ-ਆਮ ਚੌਕਾਂ, ਤਹਿਸੀਲ, ਕਚਹਿਰੀਆਂ, ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਬਿਰਧ, ਅਪਾਹਜ ਘਰਾਂ, ਹਸਪਤਾਲਾਂ 'ਚ ਲਿਜਾ ਕੇ ਆਮ ਲੋਕਾਂ ਸਾਹਮਣੇ ਉਨ੍ਹਾਂ ਦੇ ਕੀਤੇ ਗਏ ਅਪਰਾਧਾਂ ਤੇ ਮਿਲੀਆਂ ਸਜ਼ਾਵਾਂ ਬਾਰੇ ਦੱਸਿਆ ਜਾਵੇ। ਉਨ੍ਹਾਂ ਤੋਂ ਵਾਤਾਵਰਨ ਤੇ ਸਮਾਜ ਸੁਰੱਖਿਆ ਲਈ ਉੱਥੇ ਸਾਫ਼-ਸਫ਼ਾਈ ਦਾ ਕੰਮ ਕਰਵਾਇਆ ਜਾਵੇ। ਇਸ ਤਰ੍ਹਾਂ ਜਦ ਲੱਖਾਂ ਲੋਕ ਇਨ੍ਹਾਂ ਅਪਰਾਧੀਆਂ ਦੀ ਇਹ ਹਾਲਤ ਵੇਖਣਗੇ ਤਾਂ ਫਿਰ ਉਹ ਵੀ ਅਜਿਹੇ ਘਿਨਾਉਣੇ ਅਪਰਾਧ ਕਰਨ ਤੋਂ ਸੰਕੋਚ ਤਾਂ ਕਰਨਗੇ ਹੀ, ਸਗੋਂ ਘਰਾਂ, ਗਲੀ ਮੁਹੱਲਿਆਂ 'ਚ ਜਾ ਕੇ ਜਦ ਅਪਰਾਧੀਆਂ ਦੇ ਚਰਿਤਰ ਤੇ ਸਜਾਵਾਂ ਬਾਰੇ ਚਰਚਾ ਕਰਨਗੇ ਜਦ ਹੀ ਔਰਤਾਂ 'ਤੇ ਅੱਤਿਆਚਾਰਾਂ ਨੂੰ ਠੱਲ• ਪਵੇਗੀ।

# ਬੀਤੇ ਦੇ ਨਕਸ਼ਾਂ ਦੀ ਜ਼ਿਆਰਤ 'ਕੱਚੇ ਪੱਕੇ ਰਾਹ'

ਡਾ. ਗੁਰਬਖ਼ਸ਼ ਸਿੰਘ ਭੰਡਾਲ ਆਪਣੀ ਲਿਆਕਤ, ਲਿਖਤ, ਲਿਖਣ-ਲਗਾਤਾਰਤਾ ਕਾਰਨ ਪੰਜਾਬੀ ਸਾਹਿਤ ਦੇ ਸਫ਼ਰ 'ਚ ਉਸ ਮੁਕਾਮ 'ਤੇ ਆਣ ਢੁਕਾ ਹੈ ਜਿੱਥੇ ਪਹੁੰਚ ਕੇ ਲੇਖਕ ਜਾਂ ਲੇਖਕ ਦੀ ਲਿਖਤ ਬਾਰੇ ਲਿਖਣਾ ਕੋਈ ਮਾਅਨੇ ਨਹੀਂ ਰੱਖਦਾ। ਲੇਖਕ ਦੀ ਪ੍ਰਤਿਭਾ ਤੇ ਲਿਖਤ ਦੀ ਪ੍ਰਪੱਕਤਾ ਦੀ ਲੌਅ ਆਪਣੇ ਹਿੱਸੇ ਦਾ 'ਪ੍ਰਕਾਸ਼ ਚੱਕਰ' ਕਮਾਉਣ ਵਿਚ ਸਫਲ ਹੋ ਜਾਂਦੀ ਹੈ। ਫਿਰ ਵੀ ਕੁਝ ਰਚਨਾਵਾਂ



**ਸੁਰਿੰਦਰ ਸੋਹਲ**


ਅਜਿਹੀਆਂ ਹੁੰਦੀਆਂ ਨੇ ਜੋ ਪੜ੍ਹਨ ਵਾਲ਼ੇ ਨੂੰ ਕਿਸੇ ਦੂਜੇ ਲੇਖਕ ਦੀਆਂ ਨਹੀਂ ਜਾਪਦੀਆਂ, ਆਪਣੀਆਂ ਹੀ ਜਾਪਦੀਆਂ ਨੇ। ਆਪਣੀਆਂ ਜਾਪਦੀਆਂ ਲਿਖਤਾਂ ਬਾਰੇ ਗੱਲ ਕਰਨ ਲਈ ਮਨ ਮੱਲੋ-ਮੱਲੀ ਕਾਹਲ਼ਾ ਪੈ ਜਾਂਦਾ ਹੈ। 'ਕੱਚੇ ਪੱਕੇ ਰਾਹ' ਪੜ੍ਹਦਿਆਂ ਮੇਰੇ ਨਾਲ਼ ਵੀ ਇਉਂ ਹੀ ਵਾਪਰਿਆ, ਹਾਲਾਂਕਿ ਬੇਹੱਦ ਮਸਰੂਫ਼ੀਅਤ ਦੇ ਬਾਵਜੂਦ ਮੈਂ ਕਿਤਾਬਾਂ ਪੜ੍ਹਨੀਆਂ ਭਾਵੇਂ ਨਹੀਂ ਘਟਾਈਆਂ ਪਰ ਕਿਤਾਬਾਂ ਬਾਰੇ ਲਿਖਣਾ ਜ਼ਰੂਰ ਘਟ ਗਿਆ।

'ਕੱਚੇ ਪੱਕੇ ਰਾਹਾਂ' 'ਤੇ ਸਫ਼ਰ ਕਰਦਾ ਪਾਠਕ ਇਉਂ ਮਹਿਸੂਸ ਕਰਦਾ ਜਿਵੇਂ ਉਹ ਵੀ ਲੇਖਕ ਦੇ ਨਾਲ਼-ਨਾਲ਼ ਨਿੱਕੇ ਜਿਹੇ ਘਰ 'ਚੋਂ ਨਿਕਲ਼ਦਾ ਹੈ ਤੇ ਗੋਲ਼ ਧਰਤੀ 'ਤੇ ਤੁਰਦਾ-ਤੁਰਦਾ, ਘੁੰਮਦਾ-ਘੁੰਮਦਾ ਧਰਤੀ ਦੇ ਐਨ ਉਸ ਪਾਤਾਲ ਤੱਕ ਪਹੁੰਚ ਜਾਂਦਾ ਹੈ, ਜਿਸ ਬਾਰੇ ਖਿਆਲ ਕੀਤਾ ਜਾਂਦਾ ਕਿ ਉਥੇ ਬੰਦੇ ਸਿਰ-ਭਾਰ ਤੁਰਦੇ ਹੋਣਗੇ-

> ਪੈਰਾਂ ਵਿਚ
> ਸਫ਼ਰ ਨੇ ਅੰਗੜਾਈ ਭਰੀ
> ਮੰਜ਼ਿਲਾਂ
> ਪੈਰ ਚੁੰਮਣ ਲੱਗੀਆਂ

'ਕੱਚੇ ਪੱਕੇ ਰਾਹ' ਨਾ ਵਾਰਤਕ ਨਾ ਕਵਿਤਾ। ਇਹ ਵਾਰਤਕ ਵੀ ਹੈ ਤੇ ਕਵਿਤਾ ਵੀ। ਜਿਵੇਂ ਗੁਰਬਖ਼ਸ਼ ਸਿੰਘ ਭੰਡਾਲ ਬਾਰੇ ਫ਼ੈਸਲਾ ਕਰਨਾ ਔਖਾ ਕਿ ਉਹ ਵਾਰਤਕਕਾਰ ਕਿ ਕਵੀ, ਇਉਂ ਹੀ ਇਸ ਪੁਸਤਕ ਬਾਰੇ ਫ਼ੈਸਲਾ ਕਰਨਾ ਵੀ ਮੁਸ਼ਕਿਲ ਹੈ। ਉਂਝ ਵੀ ਭੰਡਾਲ ਹੋਰਾਂ ਦੀ ਵਾਰਤਕ ਨੂੰ ਕਵਿਤਾ ਨਾਲ਼ੋਂ ਵੱਖ ਕੀਤਾ ਹੀ ਨਹੀਂ ਜਾ ਸਕਦਾ। ਸੁਰਜੀਤ ਪਾਤਰ ਵੀ ਆਖਦਾ ਹੈ ਕਿ 'ਵਾਰਤਕ' ਸ਼ਬਦ ਵਿਚ ਵੀ 'ਕਵਿਤਾ' ਦੇ 'ਵ, ਤ, ਕ, ਾ' ਅੱਖਰ ਤੇ ਮਾਤਰਾ ਸ਼ਾਮਿਲ ਹਨ।

ਭੰਡਾਲ ਵਰਤਮਾਨ ਦੀ ਚੋਟੀ 'ਤੇ ਬੈਠਾ ਅਤੀਤ ਦੀਆਂ ਗਹਿਰਾਈਆਂ ਨੂੰ ਸੂਝ ਦੀ ਅੱਖ ਨਾਲ਼ ਨਿਹਾਰਦਾ, ਇਲਮ ਦੇ ਫ਼ੀਤੇ ਨਾਲ ਨਾਪਦਾ, ਫ਼ਿਕਰ ਦੇ ਤਰਾਜ਼ੂ ਨਾਲ਼ ਤੋਲਦਾ ਹੈ। ਇਹੀ ਵਜ੍ਹਾ ਹੈ ਕਿ ਉਸ ਦੀ ਲਿਖਤ ਸਮੇਂ ਦੀ ਬੰਦਿਸ਼ ਤੋਂ ਪਾਰ ਵਿਚਰਦੀ ਹੈ। ਉਹ ਕਦੋਂ ਅੰਤਰ ਧਿਆਨ ਹੋ ਕੇ ਵਰਤਮਾਨ 'ਚੋਂ ਅਤੀਤ ਦੀ ਗਹਿਰਾਈ 'ਚੁੱਭੀ ਮਾਰ ਦੇਵੇਗਾ ਪਾਠਕ ਨੂੰ ਪਤਾ ਹੀ ਨਹੀਂ ਲੱਗਦਾ। ਇਉਂ ਹੀ ਕਾਵਿਮਈ ਵਾਰਤਕ 'ਚ ਜੀਵਨ-ਗਾਥਾ ਸੁਣਾਉਂਦਾ-ਸੁਣਾਉਂਦਾ ਉਹ ਕਦੋਂ ਸੁਧੀ ਕਵਿਤਾ




ਦੇ ਸਰ 'ਚ ਉੱਤਰ ਜਾਂਦਾ ਹੈ, ਪਾਠਕ ਨੂੰ ਇਸ ਦਾ ਉਦੋਂ ਹੀ ਪਤਾ ਲੱਗਦਾ ਹੈ ਜਦੋਂ ਮਾਹੌਲ ਦੀ ਤਰਲਤਾ ਪਾਠਕ ਦੀਆਂ ਅੱਖਾਂ ਦੇ ਕੋਏ ਹਲਕੇ ਜਿਹੇ ਨਮ ਕਰ ਦਿੰਦੀ ਹੈ।

ਘਰ, ਮਾਂ, ਪਿਓ, ਪਿੰਡ, ਸਕੂਲ, ਸਕੂਲ ਮਾਸਟਰ, ਪਰਵਾਸ ਨਿਰਾ ਵਰਣਨ ਨਹੀਂ ਬਿਰਤਾਂਤ ਬਣ ਕੇ ਉੱਭਰਦੇ ਹਨ। ਪੜ੍ਹਨ ਵਾਲ਼ਾ ਇਸ ਬਿਰਤਾਂਤ 'ਚੋਂ ਆਪਣਾ ਘਰ, ਮਾਂ-ਪਿਓ, ਸਕੂਲ-ਮਾਸਟਰ, ਪਰਵਾਸ ਤਲਾਸ਼ਣ ਲੱਗ ਪੈਂਦਾ ਹੈ। ਸਵੈ-ਜੀਵਨੀ ਨੁਮਾ ਇਹ ਪੁਸਤਕ ਲੇਖਕ ਦੀ ਨਹੀਂ ਪਾਠਕ ਦੀ ਹੋ ਨਿੱਬੜਦੀ ਹੈ।

ਨੌਕਰੀਆਂ, ਕੱਚੀਆਂ ਨੌਕਰੀਆਂ, ਕੱਚੇ ਮੁਲਾਜ਼ਮਾਂ ਨਾਲ਼ ਮੈਨੇਜਮੈਂਟਾਂ ਦਾ ਧੱਕਾ ਜਿੱਥੇ ਪਾਠਕ-ਮਨ 'ਚ ਬੇਚੈਨੀ ਪੈਦਾ ਕਰਦਾ ਹੈ, ਓਥੇ 'ਕੋਈ ਹਰਿਆ ਬੂਟ ਰਹਿਓ ਰੀ' ਅਨੁਸਾਰ ਉਨ੍ਹਾਂ ਬੰਦਿਆਂ ਦੇ ਦਰਸ਼ਨ ਕਰ ਕੇ ਢਾਰਸ ਵੀ ਬੱਝਦੀ ਹੈ ਜਿਨ੍ਹਾਂ 'ਚ ਬੰਦਿਆਈ ਕੁੱਟ-ਕੁੱਟ ਕੇ ਭਰੀ ਹੋਈ ਹੈ। ਸੁਫ਼ਨਿਆਂ ਦੇ ਸ਼ਹਿਰ 'ਚ ਜਾ ਕੇ, ਮੰਜ਼ਿਲ ਪਾ ਕੇ ਵੀ ਲੇਖਕ ਧਰਤੀ ਨਾਲ਼ੋਂ ਆਪਣੇ ਪੈਰ ਨਹੀਂ ਛੱਡਦਾ। ਉਸ ਨੂੰ ਪਤਾ ਹੈ ਜਿਨ੍ਹਾਂ ਸਫਲਤਾ ਦੀਆਂ ਹਵਾਵਾਂ 'ਚ ਉਸ ਦੀਆਂ ਸਿਖਰਲੀਆਂ ਟਾਹਣੀਆਂ ਝੂਲ ਰਹੀਆਂ ਨੇ, ਉਸ ਦੀਆਂ ਜੜ੍ਹਾਂ ਉਨ੍ਹਾਂ ਚਰਾਂਦਾਂ 'ਚ ਗੱਡੀਆਂ ਹੋਈਆਂ ਨੇ ਜਿੱਥੋਂ ਉਸ ਨੇ ਜੀਵਨ ਦਾ ਸਫ਼ਰ ਸ਼ੁਰੂ ਕੀਤਾ ਸੀ-

'ਜਨਵਰੀ 2016 ਵਿਚ ਯੂਨੀਵਰਸਿਟੀ ਦਾ ਪਹਿਲਾ ਦਿਨ। ਕਮਰੇ ਵਿਚ ਦਾਖ਼ਲ ਹੁੰਦਿਆਂ ਹੀ ਅੱਖ ਭਰ ਆਈ। ਕਲਾਸ ਵਿਚ 60 ਗੋਰੇ ਵਿਦਿਆਰਥੀ। ਸੋਚਾਂ! ਕੁਦਰਤ ਤੇ ਮੇਰੇ ਮਾਪਿਆਂ ਦੀ ਇਹ ਕਰਤਾਰੀ ਇਨਾਇਤ ਹੈ। ਮੰਡ ਵਿਚ ਪਸ਼ੂ ਚਾਰਦੇ ਜੁਆਕ ਨੇ ਕਦੇ ਖ਼ਾਬ ਵਿਚ ਵੀ ਸੋਚਿਆ ਨਹੀਂ ਹੋਣਾ ਕਿ ਉਹ ਕਿਸੇ ਦਿਨ ਅਮਰੀਕਾ ਦੀ ਯੂਨੀਵਰਸਿਟੀ ਵਿਚ ਪੜ੍ਹਾਏਗਾ...।' (ਪੰਨਾ 130)

ਤੇ ਇਉਂ ਉਸ ਦੇ ਜ਼ਿਹਨ 'ਚੋਂ ਉਸ ਚੁਬਾਰੇ ਦਾ ਅਕਸ ਵੀ ਨਹੀਂ ਖੁਰਿਆ, ਜਿਸ ਦੀਆਂ ਬਾਰੀਆਂ ਥਾਣੀਂ ਉਸ ਨੂੰ ਤਾਜ਼ੀ ਹਵਾ ਹੀ ਨਹੀਂ ਸੀ ਆਉਂਦੀ, ਦਿਸਹੱਦਿਆਂ ਵੱਲੋਂ ਕਾਮਯਾਬੀ ਦੇ ਪੈਗ਼ਾਮ ਵੀ ਆਉਂਦੇ ਸਨ। ਉਹ ਚੁਬਾਰਾ ਉਸ ਲਈ ਮਹਿਜ਼ ਇੱਟਾਂ, ਸੀਮਿੰਟ, ਬੱਜਰੀ, ਸਰੀਏ ਆਦਿ ਦਾ ਬਣਿਆ ਚੁਬਾਰਾ ਨਹੀਂ ਮੁਕੱਦਸ ਜ਼ਿਆਰਤ-ਗਾਹ ਹੈ-

> ਚੁਬਾਰੇ ਨੂੰ ਲੱਗਦਾ ਹੈ
> ਕੰਧਾਂ 'ਤੇ ਮਾਰੀਆਂ ਲੀਕਾਂ ਦੀ ਖ਼ਾਮੋਸ਼ੀ 'ਚੋਂ
> ਬੀਤੇ ਦੇ ਨਕਸ਼ ਨਿਹਾਰਨ ਵਾਲ਼ੇ
> ਬਹੁਤ ਦੂਰ ਤੁਰ ਗਏ ਨੇ
> ਪਰ
> ਅਜਿਹਾ ਨਹੀਂ
> ਮਹਾਤਮੀ ਆਭਾ 'ਚ ਲੀਨ ਚੁਬਾਰੇ ਦੀ
> ਜ਼ਿਆਰਤ ਕਰਨ ਲਈ
> ਮੈਂ ਅਕਸਰ ਵਾਪਸ ਪਰਤਦਾ ਹਾਂ

'ਕੱਚੇ ਪੱਕੇ ਰਾਹ' 'ਤੇ ਤੁਰਦਿਆਂ ਇਹ ਅਹਿਸਾਸ ਮੇਰੇ 'ਤੇ ਤਾਰੀ ਰਿਹਾ ਕਿ ਇਸ ਵਿਚਲਾ ਗੁਰਬਖਸ਼ ਸਿੰਘ ਭੰਡਾਲ ਕੋਈ ਬਿਗਾਨਾ ਨਹੀਂ ਹੈ। ਉਸ ਦਾ ਅਕਸ ਮੇਰੇ ਨਾਲ਼ ਹੂਬਹੂ ਮਿਲ਼ਦਾ ਹੈ। ਇਹ ਕਿਸੇ ਹੋਰ ਦੀ ਗਾਥਾ ਨਹੀਂ ਮੇਰੀ ਗਾਥਾ ਹੈ। ਇਸ ਅਹਿਸਾਸ ਦੇ ਉਗਮਣ ਵਿਚ ਹੀ ਇਸ ਕਿਤਾਬ ਦੀ ਕਾਮਯਾਬੀ ਨਿਹਿਤ ਹੈ।

# ਦੁਨੀਆ ਦੀ ਸਭ ਤੋਂ ਤਕੜੀ ਔਰਤ ਲੀ ਵੈੱਨਵੈੱਨ

ਵਿਸ਼ਵ ਦੇ ਮਹਾਨ ਖਿਡਾਰੀ



ਪ੍ਰਿੰ. ਸਰਵਣ ਸਿੰਘ
ਫੋਨ: 647-785-1661
principalsarwansingh@gmail.com

ਲੀ ਵੈੱਨਵੈੱਨ 2021 ਤੋਂ ਵਿਸ਼ਵ ਦੀ ਸਭ ਤੋਂ ਤਕੜੀ ਵੇਟਲਿਫਟਰ ਹੈ। ਉਸ ਦਾ ਜਨਮ 5 ਮਾਰਚ 2000 ਨੂੰ ਚੀਨ ਵਿਚ ਹੋਇਆ। ਕਦੇ ਚੀਨ ਨੂੰ ਅਫੀਮੀਆਂ ਦਾ ਦੇਸ਼ ਕਿਹਾ ਜਾਂਦਾ ਸੀ ਪਰ ਪਿਛਲੇ ਤਿੰਨ ਚਾਰ ਦਹਾਕਿਆਂ ਤੋਂ ਖੇਡ ਜਗਤ ਵਿਚ ਵਿਸ਼ਵ ਦਾ ਸਭ ਤੋਂ ਤਕੜਾ ਮੁਲਕ ਮੰਨਿਆ ਜਾਂਦਾ ਹੈ। ਲੀ ਵੈੱਨਵੈੱਨ ਅਜੇ 24ਵੇਂ ਸਾਲ ਵਿਚ ਹੈ ਤੇ ਕਈ ਸਾਲ ਸਰਗਰਮ ਭਾਰਚੁਕਾਵੀ ਬਣੀ ਰਹਿ ਸਕਦੀ ਹੈ। ਆਸ ਹੈ ਉਹ ਆਪਣੇ ਵਿਸ਼ਵ ਰਿਕਾਰਡ ਹੋਰ ਵੀ ਨਵਿਆਵੇਗੀ। ਉਸ ਦਾ ਆਪਣਾ ਸਰੀਰਕ ਭਾਰ ਹੁਣ 150 ਕਿਲੋ ਅਤੇ ਕੱਦ 5 ਫੁੱਟ 10 ਇੰਚ ਹੈ। ਵੇਟਲਿਫਟਿੰਗ ਦੇ ਸਭ ਤੋਂ ਉਪਰਲੇ +87 ਕਿਲੋ ਵਜ਼ਨ ਵਰਗ ਵਿਚ ਉਸ ਨੇ 148 ਕਿਲੋ ਸਨੈਚ ਤੇ 187 ਕਿਲੋ ਦੀ ਕਲੀਨ ਐਂਡ ਜਰਕ ਨਾਲ ਕੁਲ 335 ਕਿਲੋ ਵਜ਼ਨ ਦੇ ਬਾਲੇ ਕੱਢੇ ਹਨ।

ਔਰਤ ਤੇ ਬੰਦੇ ਦੀ ਸਰੀਰਕ ਸ਼ਕਤੀ ਦਾ ਪਤਾ ਦੁਨੀਆ ਦੇ ਸਭ ਤੋਂ ਤਕੜੇ ਬੰਦੇ ਲਾਸ਼ਾ ਤਲਖਾਡਜ਼ੇ ਦੇ ਵਿਸ਼ਵ ਰਿਕਾਰਡ-ਸਨੈਚ 225 ਕਿਲੋ, ਜਰਕ 267 ਕਿਲੋ, ਕੁਲ 492 ਕਿਲੋ ਭਾਰ ਚੁੱਕਣ ਤੋਂ ਲੱਗ ਸਕਦਾ ਹੈ। ਔਰਤ 335 ਕਿਲੋ ਮਰਦ 492 ਕਿਲੋ। ਔਰਤ ਤੇ ਮਰਦ ਭਾਵ ਨਰ ਤੇ ਮਾਦੇ ਦੀ ਸਰੀਰਕ ਸ਼ਕਤੀ ਦਾ ਫਰਕ ਕੁਦਰਤ ਵੱਲੋਂ ਹੈ। ਇਸ ਲਈ ਇਹ ਬਹਿਸ ਕਰਨੀ ਫ਼ਜ਼ੂਲ ਹੈ ਕਿ ਔਰਤ ਤੇ ਮਰਦ ਹਰ ਖੇਤਰ ਵਿਚ ਬਰਾਬਰ ਹਨ। ਕੁਦਰਤ ਵੱਲੋਂ ਹੀ ਦੋਹਾਂ ਦੀਆਂ ਸਰੀਰਕ ਬਣਤਰਾਂ ਵਿਚ ਬੁਨਿਆਦੀ ਫਰਕ ਹੈ। ਬੱਚਿਆਂ ਦਾ ਜਣੇਪਾ ਮਾਦਾ ਕਰਦੀ ਹੈ, ਨਰ ਨਹੀਂ। ਦੁੱਧ ਮਾਦਾ ਚੁੰਘਾਉਂਦੀ ਹੈ, ਨਰ ਨਹੀਂ। ਹੱਕ ਹਕੂਕ ਤੇ ਹੈਸੀਅਤ ਵਿਚ ਦੋਵੇਂ ਬਰਾਬਰ ਹਨ। ਸਰੀਰਕ ਸਮਰੱਥਾ ਦੇ ਕੁਦਰਤੀ ਫਰਕ ਕਰਕੇ ਹੀ ਔਰਤਾਂ ਦੀਆਂ ਖੇਡਾਂ ਵੱਖ ਕਰਾਈਆਂ ਜਾਂਦੀਆਂ ਹਨ ਤੇ ਮਰਦਾਂ ਦੀਆਂ ਵੱਖ। ਭਾਵ ਔਰਤਾਂ ਦੀਆਂ ਔਰਤਾਂ ਵਿਰੁੱਧ ਤੇ ਮਰਦਾਂ ਦੀਆਂ ਮਰਦਾਂ ਵਿਰੁੱਧ। ਪਰਖਣ ਵਾਲੀ ਗੱਲ ਤਾਂ ਇਹ ਹੈ ਕਿ ਸਰੀਰਕ ਤਾਕਤ ਵਿਚ ਔਰਤ ਤੇ ਮਰਦ ਦੀ ਕਾਰਗੁਜ਼ਾਰੀ ਵਿਚ ਫਰਕ ਕਿੰਨਾ ਕੁ ਹੈ?

ਪੁਰਾਤਨ ਓਲੰਪਿਕ ਖੇਡਾਂ ਔਰਤਾਂ ਲਈ ਵੇਖਣੀਆਂ ਮਨ੍ਹਾਂ ਸਨ। ਉਲੰਘਣਾ ਦੀ ਸੂਰਤ ਵਿਚ ਲਾਗਲੀ ਪਹਾੜੀ ਦੀ ਦੰਦੀ ਤੋਂ ਖੱਡ ਵਿਚ ਸੁਟ ਕੇ ਮਾਰ ਮੁਕਾਉਣ ਦੀ ਸਜ਼ਾ ਲਾਗੂ ਸੀ। ਕੇਵਲ ਇੱਕੋ ਔਰਤ, ਧਾਰਮਿਕ ਦੇਵੀ ਦੀ ਹੈਸੀਅਤ ਵਿਚ ਓਲੰਪਿਕ ਖੇਡਾਂ ਵੇਖ ਸਕਦੀ ਸੀ। ਫਿਰ ਵੀ ਕਦੇ ਕਦਾਈਂ ਇਹ ਬੰਦਸ਼ ਟੁੱਟ ਜਾਂਦੀ। ਰੋਡ੍ਹਸ ਦੀ ਇੱਕ ਵਿਧਵਾ ਔਰਤ ਫੇਰਨੀਸ ਨੇ ਆਪਣੇ ਪੁੱਤਰ ਪਿਸੀਡੋਰਸ ਨੂੰ ਓਲੰਪਿਕ ਖੇਡਾਂ ਦੇ ਮੁੱਕੇਬਾਜ਼ੀ ਮੁਕਾਬਲੇ ਲਈ ਤਿਆਰ ਕੀਤਾ। ਫੇਰਨੀਸ ਦਾ ਪਿਤਾ ਡਿਆਗੋਰਸ ਤੇ ਉਸ ਦੇ ਭਰਾ ਓਲੰਪਿਕ ਚੈਂਪੀਅਨ ਰਹਿ ਚੁੱਕੇ ਸਨ। ਪਿਸੀਡੋਰਸ ਓਲੰਪਿਕ ਖੇਡਾਂ ਦੀ ਤਿਆਰੀ ਕਰ ਰਿਹਾ ਸੀ ਜਦੋਂ ਉਸ ਦੇ ਪਿਤਾ ਦੀ ਮ੍ਰਿਤੂ ਹੋ ਗਈ।

ਫੇਰਨੀਸ ਨੇ ਪੁੱਤਰ ਦੀ ਤਿਆਰੀ ਉਵੇਂ ਹੀ ਕਰਾਈ ਤੇ ਕੋਈ ਕਮੀ ਨਾ ਆਉਣ ਦਿੱਤੀ। ਓਲੰਪਿਕ ਖੇਡਾਂ ਸ਼ੁਰੂ ਹੋਈਆਂ ਤਾਂ ਮਾਂ ਤੋਂ ਪਿਛੇ ਨਾ ਰਹਿ ਹੋਇਆ। ਉਹ ਹੱਥੀਂ ਪਾਲੇ ਪੁੱਤ ਨੂੰ ਆਪਣੀ ਅੱਖੀਂ ਮੁਕਾਬਲਾ ਕਰਦਿਆਂ ਵੇਖਣਾ ਚਾਹੁੰਦੀ ਸੀ। ਬੰਦਿਆਂ ਵਾਲੇ ਭੇਸ ਵਿਚ ਉਹ ਸਟੇਡੀਅਮ ਅੰਦਰ ਪਹੁੰਚੀ। ਜਦੋਂ ਪਿਸੀਡੋਰਸ ਚੈਂਪੀਅਨ ਬਣਿਆ ਤਾਂ ਮਾਂ ਤੋਂ ਖੁਸ਼ੀ ਸੰਭਾਲੀ ਨਾ ਗਈ। ਉਸ ਨੇ ਭੱਜ ਕੇ ਆਪਣੇ ਜੇਤੂ ਪੁੱਤਰ ਨੂੰ ਜੱਫੀ ਜਾ ਪਾਈ। ਇੰਜ ਉਸ ਦਾ ਮਰਦਾਵਾਂ ਭੇਸ




ਲਹਿ ਗਿਆ। ਉਸ ਨੂੰ ਪਕੜ ਲਿਆ ਗਿਆ ਤੇ ਸਜ਼ਾ ਦੇਣ ਲਈ ਓਲਿੰਪੀਆ ਦੇ ਜੱਜਾਂ ਸਾਹਵੇਂ ਪੇਸ਼ ਕੀਤਾ ਗਿਆ। ਜੱਜਾਂ ਨੇ ਫੇਰਨੀਸ ਨੂੰ ਓਲੰਪਿਕ ਚੈਂਪੀਅਨਾਂ ਦੇ ਪਰਿਵਾਰ ਦੀ ਵਿਧਵਾ ਔਰਤ ਜਾਣ ਕੇ ਰਹਿਮ ਖਾਧਾ ਤੇ ਉਸ ਨੂੰ ਬਖਸ਼ ਦਿੱਤਾ ਪਰ ਅੱਗੋਂ ਪਹਿਰੇ ਹੋਰ ਸਖ਼ਤ ਕਰ ਦਿੱਤੇ ਤਾਂ ਜੋ ਕੋਈ ਹੋਰ ਔਰਤ ਮਰਦਾਵੇਂ ਭੇਸ ਵਿਚ ਵੀ ਖੇਡਾਂ ਨਾ ਵੇਖ ਸਕੇ। ਉਂਜ ਔਰਤਾਂ ਦੀਆਂ ਵੱਖਰੀਆਂ ਓਲੰਪਿਕ ਖੇਡਾਂ ਹੋਇਆ ਕਰਦੀਆਂ ਸਨ ਜੋ ਪੰਜ ਸਾਲਾਂ ਦੇ ਵਕਫ਼ੇ ਪਿੱਛੋਂ ਹੁੰਦੀਆਂ ਤੇ ਉਥੇ ਮੁਟਿਆਰਾਂ ਦੀ ਕੇਵਲ ਸੌ-ਫੁੱਟੀ ਦੌੜ ਦੇ ਮੁਕਾਬਲੇ ਹੁੰਦੇ।

1896 ਵਿਚ ਸ਼ੁਰੂ ਹੋਈਆਂ ਨਵੀਨ ਓਲੰਪਿਕ ਖੇਡਾਂ ਵਿਚ ਵੀ ਔਰਤਾਂ ਦੇ ਖੇਡ ਮੁਕਾਬਲੇ ਬੰਦਿਆਂ ਤੋਂ ਕਾਫੀ ਦੇਰ ਬਾਅਦ ਸ਼ੁਰੂ ਹੋਏ ਜੋ ਸਮੇਂ ਨਾਲ ਵਧਦੇ ਗਏ। ਅਧਿਕਾਰਤ ਤੌਰ 'ਤੇ ਔਰਤਾਂ ਦੀ ਪਾਵਰ ਲਿਫਟਿੰਗ ਦੇ ਮੁਕਾਬਲੇ 1978 ਤੋਂ ਤੇ ਵੇਟਲਿਫਟਿੰਗ ਦੇ ਮੁਕਾਬਲੇ 1987 ਤੋਂ ਸ਼ੁਰੂ ਹੋਏ। ਪਹਿਲਾਂ ਔਰਤਾਂ ਦੇ ਰਿਕਾਰਡ ਬੜੇ ਘੱਟ ਵਜ਼ਨ ਦੇ ਸਨ। ਪਰ 2012 ਦੀਆਂ ਓਲੰਪਿਕ ਖੇਡਾਂ 'ਚ ਰੂਸ ਦੀ ਤਤਿਆਨਾ ਕਸ਼ੀਰੀਨਾ ਨੇ ਸਨੈਚ ਦਾ ਓਲੰਪਿਕ ਰਿਕਾਰਡ 151 ਕਿਲੋ, ਚੀਨ ਦੀ ਜ਼ਹੂ ਲੱਲੂ ਨੇ ਜਰਕ ਦਾ ਰਿਕਾਰਡ 187 ਕਿਲੋ ਤੇ ਟੋਟਲ 333 ਕਿਲੋ ਦਾ ਵਿਸ਼ਵ ਰਿਕਾਰਡ ਰੱਖ ਦਿੱਤਾ। ਲੀ ਵੈੱਨਵੈੱਨ ਦਾ ਅਜੋਕਾ ਵਿਸ਼ਵ ਰਿਕਾਰਡ 335 ਕਿਲੋ ਤਤਿਆਨਾ ਤੋਂ 2 ਕਿਲੋ ਵੱਧ ਹੈ।

ਔਰਤਾਂ ਦਾ ਜਿਸਮਾਨੀ ਜ਼ੋਰ ਜਾਣਨ ਲਈ ਉਨ੍ਹਾਂ ਦੇ ਹੌਲੇ ਭਾਰੇ ਵਜ਼ਨ ਵਰਗਾਂ ਦੇ ਵਿਸ਼ਵ ਰਿਕਾਰਡਾਂ 'ਤੇ ਝਾਤ ਮਾਰਨੀ ਵਾਜਬ ਹੋਵੇਗੀ। 45 ਕਿਲੋ ਵਜ਼ਨ ਵਰਗ ਦੇ ਸਨੈਚ, ਜਰਕ, ਟੋਟਲ ਦੇ ਵਿਸ਼ਵ ਰਿਕਾਰਡ 85, 108, 191 ਕਿਲੋ ਹਨ। 49 ਕਿਲੋ ਵਰਗ ਦੇ 96, 124, 216 ਕਿਲੋ ਤੇ 55 ਕਿਲੋ ਵਰਗ ਦੇ 103, 139, 233 ਕਿਲੋ ਹਨ। 59 ਕਿਲੋ ਵਜ਼ਨ ਵਰਗ ਦੇ ਸਨੈਚ 111, ਜਰਕ 140, ਟੋਟਲ 247 ਕਿਲੋ ਹਨ। 64 ਕਿਲੋ ਵਰਗ ਦੇ 117, 146, 261 ਅਤੇ 71 ਕਿਲੋ ਵਰਗ ਦੇ 121, 153, 273 ਕਿਲੋ ਹਨ। 76 ਕਿਲੋ ਵਰਗ ਦੇ 124, 156, 278 ਕਿਲੋ ਹਨ। 81 ਕਿਲੋ ਵਰਗ ਦੇ 127, 161, 284 ਕਿਲੋ ਤੇ 87 ਕਿਲੋ ਵਰਗ ਦੇ 132, 164, 294 ਕਿਲੋ ਹਨ। ਸਭ ਤੋਂ ਭਾਰੇ ਵਜ਼ਨ ਵਰਗ +87 ਕਿਲੋ ਦੇ 148, 187, 335 ਕਿਲੋ ਹਨ। ਇੰਜ ਸਭ ਤੋਂ ਭਾਰੇ ਵਜ਼ਨ ਵਰਗ ਵਿਚ ਚੀਨ ਦੀ ਲੀ ਵੈੱਨਵੈੱਨ ਦੀ ਝੰਡੀ ਹੈ ਜਿਸ ਦਾ ਛੋਟਾ ਨਾਂ ਲੀ ਹੈ। ਰੂਸ ਦੀ ਕਸ਼ੀਰੀਨਾ ਤਤਿਆਨਾ ਦੇ ਨਾਂ ਵੀ 24 ਵਿਸ਼ਵ ਰਿਕਾਰਡ ਬੋਲਦੇ ਰਹੇ ਹਨ।

ਲੀ ਨੇ ਭਾਰ ਚੁੱਕਣ ਦੀਆਂ ਚੈਂਪੀਅਨਸ਼ਿਪਾਂ 'ਚ ਭਾਗ ਲੈਂਦਿਆਂ ਓਲੰਪਿਕ ਖੇਡਾਂ 'ਚੋਂ ਇਕ ਗੋਲਡ ਮੈਡਲ, ਵਿਸ਼ਵ ਚੈਂਪੀਅਨਸ਼ਿਪਾਂ 'ਚੋਂ ਦੋ ਗੋਲਡ ਮੈਡਲ, ਏਸ਼ੀਅਨ ਚੈਂਪੀਅਨਸ਼ਿਪਾਂ 'ਚੋਂ ਤਿੰਨ ਗੋਲਡ ਮੈਡਲ ਤੇ ਚੀਨ ਦੀਆਂ ਕੌਮੀ ਚੈਂਪੀਅਨਸ਼ਿਪਾਂ 'ਚੋਂ ਕਈ ਗੋਲਡ ਮੈਡਲ ਜਿੱਤੇ ਹਨ। ਉਸ ਨੇ 19 ਸਾਲ ਦੀ ਉਮਰੇ ਇੰਟਰਨੈਸ਼ਨਲ ਵੇਟਲਿਫਟਿੰਗ ਫੈਡਰੇਸ਼ਨ ਦੇ ਵਰਲਡ ਕੱਪ-2019 ਵਿਚ ਭਾਗ ਲੈਂਦਿਆਂ ਸਨੈਚ, ਜਰਕ ਤੇ ਟੋਟਲ ਤਿੰਨਾਂ ਈਵੈਂਟਾਂ ਵਿਚ ਹੀ ਜੂਨੀਅਰ ਵਰਲਡ ਰਿਕਰਾਡ ਰੱਖ ਦਿੱਤੇ ਸਨ। ਉਹ ਉਦੋਂ ਤੋਂ ਹੀ +87 ਵਜ਼ਨ ਵਰਗ ਵਿਚ ਭਾਗ ਲੈਂਦੀ ਆ ਰਹੀ ਹੈ। 2019 ਦੀ ਏਸ਼ਿਆਈ ਵੇਟਲਿਫਟਿੰਗ ਚੈਂਪੀਅਨਸ਼ਿਪ ਵਿਚ ਉਸ ਨੇ 147 ਕਿਲੋ ਦੀ ਸਨੈਚ ਲਾ ਕੇ ਨਵਾਂ ਵਿਸ਼ਵ ਰਿਕਾਰਡ ਰੱਖਿਆ ਸੀ ਤੇ ਤਿੰਨੇ ਲਿਫਟਾਂ ਦੇ ਗੋਲਡ ਮੈਡਲ ਜਿੱਤੇ ਸਨ। 2019 ਦੀ ਵਰਲਡ ਵੇਟਲਿਫਟਿੰਗ ਚੈਂਪੀਅਨਸ਼ਿਪ ਵਿਚ ਉਸ ਨੇ ਫਿਰ ਤਿੰਨੇ ਲਿਫਟਾਂ ਦੇ ਗੋਲਡ ਮੈਡਲ ਜਿੱਤੇ ਤੇ ਜਰਕ ਲਾਉਣ ਵਿਚ 186 ਕਿਲੋ ਦਾ ਨਵਾਂ ਵਿਸ਼ਵ ਰਿਕਾਰਡ ਰੱਖਿਆ। 2020 ਦੀ ਏਸ਼ੀਅਨ ਚੈਂਪੀਅਨਸ਼ਿਪ 'ਚ ਜਰਕ ਦਾ ਵਿਸ਼ਵ ਰਿਕਾਰਡ 187 ਕਿਲੋ ਕਰਦਿਆਂ ਟੋਟਲ 335 ਕਿਲੋ ਦਾ ਨਵਾਂ ਵਿਸ਼ਵ ਰਿਕਾਰਡ ਰੱਖ ਦਿੱਤਾ।

2020 ਦੀਆਂ ਓਲੰਪਿਕ ਖੇਡਾਂ, ਕੋਵਿਡ ਕਾਰਨ 2021 ਵਿਚ ਹੋਈਆਂ ਸਨ ਪਰ ਵੱਜਦੀਆਂ ਉਹ 2020 ਦੀਆਂ ਓਲੰਪਿਕਸ ਹੀ ਹਨ। ਉਥੇ ਲੀ ਪਹਿਲੀ ਵਾਰ ਓਲੰਪਿਕ ਖੇਡਾਂ 'ਚ ਭਾਗ ਲੈਣ ਗਈ ਸੀ। ਕੋਵਿਡ ਕਾਰਨ ਓਲੰਪਿਕ ਪਿੰਡ ਵਿਚ ਖਿਡਾਰੀਆਂ ਲਈ ਬੈੱਡ ਵੀ ਕਾਰਡ ਬੋਰਡ ਦੇ ਸਨ। ਲੀ ਦੇ 150 ਕਿਲੋ ਵਜ਼ਨ ਨੂੰ ਮੁੱਖ ਰੱਖਦਿਆਂ ਐਸਾ ਬੈੱਡ ਤਿਆਰ ਕੀਤਾ ਗਿਆ ਸੀ ਜੋ 200 ਕਿਲੋ ਤਕ ਭਾਰ ਸਹਾਰ ਸਕੇ। ਪਰ ਲੀ ਉਥੇ ਬੈੱਡ ਉੱਤੇ ਨਹੀਂ ਸੁੱਤੀ ਸਗੋਂ ਭੁੰਜੇ ਫਰਸ਼ 'ਤੇ ਸੁੱਤੀ। ਜਦੋਂ ਉਸ ਤੋਂ ਕਾਰਨ ਪੁੱਛਿਆ ਤਾਂ ਉਸ ਦਾ ਜਵਾਬ ਸੀ ਕਿ ਉਹ ਪਹਿਲਾਂ ਤੋਂ ਹੀ ਫਰਸ਼ 'ਤੇ ਸੌਣ ਗਿੱਝੀ ਹੈ।

9 ਫਰਵਰੀ 1978 ਦੀ ਜੰਮੀ ਨਿਊਜ਼ੀਲੈਂਡ ਦੀ ਤਜਰਬੇਕਾਰ ਭਾਰਚੁਕਾਵੀ ਲੌਰਲ ਹੱਬਾਰਡ ਨਾਲ ਉਹਦਾ ਸਖ਼ਤ ਮੁਕਾਬਲਾ ਸੀ। ਲੌਰਲ ਟਰਾਂਸਜੈਂਡਰ ਹੀਜੜਾ ਔਰਤ ਸੀ। ਪਹਿਲਾਂ ਉਹ ਹੀਜੜੇ ਮਰਦ ਵਜੋਂ ਮੁਕਾਬਲਿਆਂ 'ਚ ਭਾਗ ਲੈਂਦੀ ਸੀ ਪਰ ਟੋਕੀਓ 'ਚ ਉਸ ਨੂੰ ਹੀਜੜਾ ਔਰਤ ਵਜੋਂ ਭਾਰ ਚੁੱਕਣ ਦੇ ਮੁਕਾਬਲੇ 'ਚ ਭਾਗ ਲੈਣ ਦੀ ਆਗਿਆ ਮਿਲ ਗਈ ਸੀ। ਹੀਜੜੇ ਮਰਦ ਵਜੋਂ ਉਸ ਨੇ 135 ਕਿਲੋ ਸਨੈਚ, 179 ਕਿਲੋ ਜਰਕ, ਟੋਟਲ 300 ਕਿਲੋ ਵਜ਼ਨ 1998 ਵਿਚ ਹੀ ਚੁੱਕਿਆ ਹੋਇਆ ਸੀ। 2012 ਤੋਂ ਉਹ ਹੀਜੜਾ ਔਰਤ ਬਣ ਗਈ ਸੀ ਜਿਸ ਨੇ 132 ਕਿਲੋ ਦੇ ਜੁੱਸੇ ਨਾਲ 2017 ਦੇ ਆਸਟ੍ਰੇਲੀਅਨ ਓਪਨ ਮੁਕਾਬਲੇ ਵਿਚ 123 ਕਿਲੋ ਸਨੈਚ ਤੇ 145 ਕਿਲੋ ਜਰਕ ਨਾਲ ਕੁਲ 268 ਕਿਲੋ ਵਜ਼ਨ ਚੁੱਕਿਆ ਸੀ। ਇੰਜ ਉਹ ਪਹਿਲੀ ਹੀਜੜਾ ਔਰਤ ਹੈ ਜਿਸ ਨੇ ਭਾਰ ਚੁੱਕਣ ਦੇ ਅਧਿਕਾਰਿਤ ਮੁਕਾਬਲਿਆਂ 'ਚ ਭਾਗ ਲੈਣਾ ਸ਼ੁਰੂ ਕੀਤਾ। 2018 ਦੀਆਂ ਕਾਮਨਵੈਲਥ ਖੇਡਾਂ ਵਿਚੋਂ ਉਸ ਨੂੰ ਕੂਹਣੀ ਦੀ ਮੋਚ ਕਾਰਨ ਬਾਹਰ ਰਹਿਣਾ ਪਿਆ। 2019 ਦੀਆਂ ਪੈਸੀਫਿਕ ਖੇਡਾਂ ਵਿਚ ਉਹ ਦੋ ਗੋਲਡ ਮੈਡਲ ਜਿੱਤ ਗਈ ਸੀ। ਰੋਮਾ ਵਿਖੇ 2020 ਦਾ ਵਰਲਡ ਕੱਪ ਜਿੱਤ ਕੇ ਉਹ ਟੋਕੀਓ ਦੀਆਂ ਓਲੰਪਿਕ ਖੇਡਾਂ ਲਈ ਕੁਆਲੀਫਾਈ ਕਰ ਗਈ ਸੀ।

ਵਿਚ ਵਿਚਾਲੇ ਇਤਰਾਜ਼ ਵੀ ਹੁੰਦੇ ਰਹੇ ਕਿ ਪਹਿਲਾਂ ਉਹ ਹੀਜੜਾ ਮਰਦ ਬਣ ਕੇ ਮੁਕਾਬਲੇ 'ਚ ਉਤਰਦੀ ਸੀ ਫਿਰ ਉਸ ਨੂੰ ਹੀਜੜਾ ਔਰਤ ਬਣ ਕੇ ਮੁਕਾਬਲੇ 'ਚ ਕਿਉਂ ਉਤਰਨ ਦਿੱਤਾ ਜਾ ਰਿਹੈ? ਪਰ ਉਹ ਹੀਜੜਾ ਔਰਤ ਦੀਆਂ ਮੈਡੀਕਲ ਸ਼ਰਤਾਂ 'ਤੇ ਪੂਰੀ ਉਤਰਦੀ ਸੀ ਤੇ ਦੁਨੀਆ ਭਰ ਦੇ ਹੀਜੜੇ ਉਹਦੇ ਹਮੈਤੀ ਸਨ। 21 ਜੂਨ 2021 ਨੂੰ ਹੋਏ ਟੈਸਟ ਵਿਚ ਉਸ ਨੇ ਸਾਰੀਆਂ ਸ਼ਰਤਾਂ ਪੂਰੀਆਂ ਕਰ ਦਿੱਤੀਆਂ ਸਨ। ਉਂਜ ਵੀ ਉਹਦੀ ਉਮਰ 43 ਸਾਲ ਦੀ ਹੋ ਗਈ ਸੀ। ਉਸ ਦਾ ਪਿਤਾ ਡਿੱਕ ਹੱਬਾਰਡ ਔਕਲੈਂਡ ਸਿਟੀ ਦਾ ਮੇਅਰ ਸੀ ਤੇ 'ਹੱਬਾਰਡ ਫੂਡਜ਼' ਦਾ ਬਾਨੀ ਸੀ। ਉਸ ਨੇ ਉਪ੍ਰੇਸ਼ਨ ਕਰਵਾ ਕੇ ਆਪਣੇ ਹੀਜੜੇ ਪੁੱਤਰ ਨੂੰ ਹੀਜੜੀ ਧੀ ਬਣਾ ਲਿਆ ਸੀ।

ਟੋਕੀਓ ਓਲੰਪਿਕਸ ਵਿਚ ਹੱਬਾਰਡ ਤੇ ਲੀ ਦਾ ਮੁਕਾਬਲਾ ਵੇਖਣ ਲਈ ਆਮ ਨਾਲੋਂ ਤਿੰਨ ਗੁਣਾਂ ਦਰਸ਼ਕ ਜੁੜ ਗਏ ਸਨ। +87 ਦੇ ਫਾਈਨਲ ਮੁਕਾਬਲੇ ਵਾਲੀ ਰਾਤ ਕਿਆਸ ਅਰਾਈਆਂ ਸਿਖਰ 'ਤੇ ਸਨ। ਪਰ ਨਿਊਜ਼ੀਲੈਂਡ ਦੀ ਹੀਜੜਾ ਔਰਤ ਭਾਰ ਚੁੱਕਣ ਦੇ ਮੁੱਢਲੇ ਤਿੰਨੇ ਯਤਨ ਫੇਲ੍ਹ ਹੋ ਜਾਣ 'ਤੇ ਮੁਕਾਬਲੇ 'ਚੋਂ ਬਾਹਰ ਹੋ ਗਈ। ਵੱਡੀ ਗਿਣਤੀ 'ਚ ਆਏ ਦਰਸ਼ਕਾਂ ਦਾ ਸਾਰਾ ਉਤਸ਼ਾਹ ਮਾਰਿਆ ਗਿਆ ਤੇ ਉਹ ਹਾਲ 'ਚੋਂ ਨਿਕਲਣੇ ਸ਼ੁਰੂ ਹੋ ਗਏ। ਲੀ ਤੇ ਹੋਰ ਭਾਰਚੁਕਾਵੀਆਂ ਬਾਲੇ ਕੱਢਦੀਆਂ ਰਹੀਆਂ। ਆਖ਼ਰ ਲੀ ਵੈੱਨਵੈੱਨ 140 ਕਿਲੋ ਸਨੈਚ, 180 ਕਿਲੋ ਜਰਕ ਤੇ 320 ਕਿਲੋ ਟੋਟਲ ਦੇ ਨਵੇਂ ਓਲੰਪਿਕ ਰਿਕਾਰਡ ਨਾਲ ਗੋਲਡ ਮੈਡਲ ਜਿੱਤ ਗਈ। ਉਸ ਨੇ ਖ਼ੁਸ਼ੀ ਭਰੀ ਕਿਲਕਾਰੀ ਮਾਰੀ ਤਾਂ ਚੀਨੀ ਦਰਸ਼ਕਾਂ ਨੇ 'ਗੁੱਡ ਲੱਕ' ਨਾਲ ਹੁੰਗਾਰਾ ਭਰਿਆ। ਉਂਜ ਵੀ ਉਹ ਜਦੋਂ ਵੇਟ ਵੱਲ ਵਧਦੀ ਹੈ ਤਾਂ ਕਿਲਕਾਰੀ ਮਾਰ ਕੇ ਆਪਣੇ ਆਪ ਤੇ ਦਰਸ਼ਕਾਂ ਨੂੰ ਉਤੇਜਿਤ ਕਰਦੀ ਹੈ।

ਲੀ ਦਾ ਆਪਣਾ ਭਾਰ ਭਾਵੇਂ 150 ਕਿਲੋ ਹੈ ਪਰ ਉਸ ਦਾ ਕੋਚ ਵੂ ਮੀਜਿਨ ਸਿਰਫ਼ 56 ਕਿਲੋ ਦਾ ਹੀ ਹੈ ਜੋ 56 ਕਿਲੋ ਵਜ਼ਨ ਵਰਗ ਵਿਚ ਦੋ ਵਾਰ ਵਿਸ਼ਵ ਚੈਂਪੀਅਨ ਬਣਿਆ। ਏਥਨਜ਼-2004 ਦੀਆਂ ਓਲੰਪਿਕ ਖੇਡਾਂ 'ਚੋਂ ਉਸ ਨੇ ਚਾਂਦੀ ਦਾ ਤਗ਼ਮਾ ਜਿੱਤਿਆ। ਲੀ ਵੈੱਨਵੈੱਨ ਉਸ ਨੂੰ ਸਤਿਕਾਰ ਨਾਲ ਪਾਪਾ ਕਹਿੰਦੀ ਹੈ। ਜਦੋਂ ਉਹ ਓਲੰਪਿਕ ਚੈਂਪੀਅਨ ਬਣੀ ਤੇ ਉਸ ਦੇ ਫੋਟੋਗਰਾਫ ਲਹਿਣ ਲੱਗੇ ਤਾਂ ਲੀ ਨੇ ਕੋਚ ਪਾਪਾ ਨੂੰ ਆਪਣੇ ਕੋਲ ਸੱਦਿਆ। ਕੋਚ ਇਸ ਕਰਕੇ ਨਾ ਆਇਆ ਕਿ ਅੱਜ ਉਹਦੀ ਧੀ ਦਾ ਦਿਨ ਹੈ ਤੇ ਉਸ ਨੂੰ ਹੀ ਫੋਟੋ ਖਿਚਵਾਉਣੇ ਚਾਹੀਦੇ ਹਨ। ਪਰ ਉਸੇ ਵੇਲੇ ਲੀ ਆਪਣੇ ਕੋਚ ਕੋਲ ਗਈ ਤੇ ਉਸ ਨੂੰ ਕੁੱਛੜ ਚੁੱਕ ਕੇ ਸਟੇਜ 'ਤੇ ਲੈ ਆਈ। ਕੈਮਰੇ ਕਲਿਕ ਹੋਏ ਤੇ ਲੀ ਵੈੱਨਵੈੱਨ ਦੇ ਕੁੱਛੜ ਚੁੱਕੇ ਬਾਪ ਵਰਗੇ ਕੋਚ ਦੀ ਫੋਟੋ ਦੁਨੀਆ ਭਰ ਦੇ ਮੀਡੀਏ ਦਾ ਸ਼ਿੰਗਾਰ ਬਣੀ।

ਚੀਨ ਦਾ 29ਵਾਂ ਗੋਲਡ ਮੈਡਲ ਲੈਣ ਲਈ ਉਹ ਓਲੰਪਿਕ ਖੇਡਾਂ ਦੇ ਵਿਕਟਰੀ ਸਟੈਂਡ 'ਤੇ ਬੜੀ ਸ਼ਾਨ ਨਾਲ ਚੜ੍ਹੀ। ਉਹਦੇ ਸੱਜੇ ਖੱਬੇ ਗ੍ਰੇਟ ਬ੍ਰਿਟਨ ਦੀ ਐਮਿਲੀ ਕੈਂਪਬੈੱਲ ਤੇ ਅਮਰੀਕਾ ਦੀ ਸਾਰਾ ਰੋਬਲਜ਼ ਖੜ੍ਹੀਆਂ ਸਨ। ਤਦੇ ਚੀਨ ਦਾ ਕੌਮੀ ਤਰਾਨਾ ਵੱਜਣ ਲੱਗਾ ਤੇ ਲਾਲ ਪਰਚਮ ਉੱਚਾ ਹੋਣ ਲੱਗਾ। ਤਾੜੀਆਂ ਦੇ ਸ਼ੋਰ ਵਿਚ ਲੀ ਵੈੱਨਵੈੱਨ ਦੇ ਖ਼ੁਸ਼ੀ ਦੇ ਹੰਝੂ ਵਗਣ ਲੱਗੇ। ਫਰਸ਼ 'ਤੇ ਸੌਣ ਵਾਲੀ ਲੀ ਦਾ ਬੈੱਡ ਵਧਾਈਆਂ ਤੇ ਸ਼ੁਭ ਦੁਆਵਾਂ ਦੇ ਸੰਦੇਸ਼ਾਂ ਨਾਲ ਭਰਦਾ ਗਿਆ।

# ਮਿਸਾਲਾਂ ਚਾਰ ਸੁਣਿਉਂ ਬਰਖ਼ੁਰਦਾਰ !

ਮਿਸਾਲਾਂ ਹਨ ਚਾਰ, ਸੁਣਿਉਂ 'ਭਰਦਾਨ' ਬਰਖੁਰਦਾਰ!

ਸ਼ੁਰੂ ਵਿਚ ਥੋੜ੍ਹਾ ਜਿਹਾ ਨਿੱਜੀ ਵੇਰਵਾ ਇਸ ਕਰਕੇ ਦੇ ਰਿਹਾਂ ਕਿਉਂਕਿ ਅਜੋਕੇ 'ਬਾਦਲ ਦਲ' ਨੂੰ ਜੇ ਮੁੜ ਸ਼੍ਰੋਮਣੀ ਅਕਾਲੀ ਦਲ ਬਣਾਉਣ ਵਾਸਤੇ ਕੋਈ ਸਿਧਾਂਤਕ ਸਲਾਹ ਦੇਵੇ ਤਾਂ ਬਾਦਲ ਦਲੀਏ ਉਹਦੇ 'ਤੇ ਕਾਂਗਰਸੀ ਹੋਣ ਦਾ 'ਲੇਬਲ' ਝਟਪਟ ਚੇਪ ਦਿੰਦੇ ਹਨ!

ਮੈਂ ਓਸ ਕੱਟੜ ਅਕਾਲੀ ਬਾਪ ਦਾ ਪੁੱਤ ਹਾਂ ਜੋ ਮਾਸਟਰ ਤਾਰਾ ਸਿੰਘ ਹੁਰਾਂ ਦੇ ਸਮੇਂ ਅਕਾਲੀ ਦਲ ਦਾ ਨਵਾਂ ਸ਼ਹਿਰ ਤਹਿਸੀਲ ਤੋਂ 'ਡੈਲੀਗੇਟ' ਹੋਣ ਨਾਤੇ ਸ੍ਰੀ



ਤਰਲੋਚਨ ਸਿੰਘ 'ਦੁਪਾਲ ਪੁਰ'
ਫੋਨ: 1-408-915-1268

ਅੰਮ੍ਰਿਤਸਰ ਸਾਹਿਬ ਨੂੰ ਸਾਈਕਲ 'ਤੇ ਜਾਂਦਾ ਹੁੰਦਾ ਸੀ ਦਲ ਦੇ ਪ੍ਰਧਾਨ ਦੀ ਚੋਣ ਮੌਕੇ। ਜਮਾਂਦਰੂ ਅਕਾਲੀ ਹੋਣ ਨਾਤੇ ਮੈਂ ਸ਼੍ਰੋਮਣੀ ਕਮੇਟੀ ਦਾ ਮੈਂਬਰ ਵੀ ਰਿਹਾ ਹਾਂ! ਕਹਿਣ ਦਾ ਮਤਲਬ ਕਿ ਅਕਾਲੀ ਦਲ ਦਾ ਸ਼ੁੱਭਚਿੰਤਕ ਹਾਂ ਵਿਰੋਧੀ ਨਹੀਂ!

ਮਿਸਾਲ ਪਹਿਲੀ-ਮੇਰੇ ਬਾਪ ਵਰਗੇ ਹੀ ਅਕਾਲੀ ਇਕ ਬਜ਼ੁਰਗ ਦਾ ਬੇਟਾ ਮੇਰਾ ਦੋਸਤ ਹੈ। ਮੇਰੇ ਵਾਂਗ ਹੀ ਉਹ ਪੰਜਾਬ ਵਿਧਾਨ ਸਭਾ ਦੀ ਹੋਈ ਚੋਣ ਮੌਕੇ 'ਆਪ' ਦਾ ਹਮਾਇਤੀ ਸੀ! ਫੇਸ-ਬੁੱਕ 'ਤੇ ਪਾਈ ਇੱਕ ਪੋਸਟ ਵਿਚ ਉਸਨੇ ਲਿਖਿਆ ਕਿ ਜੇ ਸਵਰਗਾਂ 'ਚ ਗਏ ਮੇਰੇ ਬਾਪ ਨੂੰ ਪਤਾ ਲੱਗ ਜਾਵੇ ਕਿ ਮੈਂ ਅਕਾਲੀ ਦਲ ਦੇ ਖ਼ਿਲਾਫ ਹਾਂ, ਤਾਂ ਉਹ ਗੁੱਸੇ 'ਚ ਡਾਂਗ ਲੈ ਕੇ ਮੇਰੇ ਦੁਆਲ਼ੇ ਹੋ ਜਾਵੇ! ਪਰ ਜਦ ਉਹ ਦੇਖੇ ਕਿ ਹੁਣ ਅਕਾਲੀ ਦਲ 'ਕੀ ਤੋਂ ਕੀ' ਬਣਿਆ ਹੋਇਆ ਹੈ ਤਾਂ ਉਹ ਮੈਨੂੰ ਛੱਡ ਕੇ ਉਹੀ ਡਾਂਗ ਲੈ ਕੇ ਬਾਦਲ ਟੱਬਰ ਮਗਰ ਸਿੱਧਾ ਹੋ ਜਾਵੇ!

ਮਿਸਾਲ ਦੂਜੀ- ਜਦੋਂ ਮਨਪ੍ਰੀਤ ਸਿੰਘ




ਬਾਦਲ ਨਵੀਂ ਪਾਰਟੀ 'ਪੀ.ਪੀ.ਪੀ' ਬਣਾ ਕੇ ਪ੍ਰਵਾਸੀਆਂ ਦਾ ਸਹਿਯੋਗ ਲੈਣ ਹਿਤ ਅਮਰੀਕਾ ਗਿਆ ਤਾਂ ਉੱਥੇ ਨਿਊਯਾਰਕ ਵਿਖੇ ਇੱਕ ਪ੍ਰਭਾਵਸ਼ਾਲੀ ਇਕੱਠ ਵਿਚ ਉਸਨੇ ਆਪਣੀ ਪਾਰਟੀ ਦੇ ਏਜੰਡੇ ਬਾਰੇ ਸ਼ਾਨਦਾਰ ਲੈਕਚਰ ਦਿੱਤਾ। ਬਾਅਦ ਵਿਚ ਇੱਕ ਪੰਜਾਬੀ ਮੁੰਡਾ ਸਟੇਜ 'ਤੇ ਜਾ ਕੇ ਕਹਿੰਦਾ-'ਮਨਪ੍ਰੀਤ ਜੀ ਪੰਜਾਬ ਲਈ ਤੁਹਾਡਾ ਦਰਦ ਅਤੇ ਤੁਹਾਡੀਆਂ ਭਵਿੱਖੀ ਯੋਜਨਾਵਾਂ ਸੁਣ ਕੇ ਅਸੀਂ ਬੇਹੱਦ ਪ੍ਰਭਾਵਿਤ ਹੋਏ ਹਾਂ। ਤੁਹਾਡਾ ਏਜੰਡਾ ਸੁਣ ਕੇ ਤਾਂ ਅਸੀਂ ਬਾਗੋ-ਬਾਗ ਹੋ ਗਏ ਹਾਂ ਪਰ ਜਦ ਤੁਹਾਡੇ ਨਾਂ ਪਿੱਛੇ ਲੱਗੇ 'ਬਾਦਲ' ਸ਼ਬਦ ਵੱਲ ਨਜ਼ਰ ਜਾਂਦੀ ਹੈ ਤਾਂ ਉਦੇ ਈ ਸਾਡੇ ਦਿਲ ਨੂੰ ਡੋਬੂ ਪੈਣ ਲਗਦੇ ਹਨ! ਇਹ ਉਪ-ਨਾਮ ਸੁਣ ਕੇ ਸਾਨੂੰ ਝੁਣਝੁਣੀ ਛਿੜਦੀ ਐ!!

ਮਿਸਾਲ ਤੀਜੀ-ਇੱਕ ਸਮੇਂ ਸਵਰਗੀ ਜਥੇਦਾਰ ਜਗਦੇਵ ਸਿੰਘ ਤਲਵੰਡੀ ਅਕਾਲੀ ਦਲ ਦੀ ਪ੍ਰਧਾਨਗੀ ਦਾ ਅਹੁਦਾ ਨਹੀਂ ਸਨ ਛੱਡ ਰਹੇ। ਵੱਡੇ ਬਾਦਲ ਸੰਤ ਲੌਂਗੋਵਾਲ ਨੂੰ ਪ੍ਰਧਾਨ ਬਣਾਉਣਾ ਚਾਹੁੰਦੇ ਸਨ ਪਰ ਤਲਵੰਡੀ ਜੀ ਅਹੁਦੇ ਨਾਲ ਸੁਖਬੀਰ ਬਾਦਲ ਵਾਂਗ ਚਿੰਬੜੇ ਬੈਠੇ ਸਨ। ਉਦੋਂ ਬਜ਼ੁਰਗ ਬਾਦਲ ਨੇ ਤਲਵੰਡੀ ਹੁਰਾਂ ਨੂੰ ਟਿੱਚਰ ਕੀਤੀ ਸੀ ਅਖੇ ਤਲਵੰਡੀ ਸਾਬ੍ਹ ਜੇ ਤੁਹਾਥੋਂ ਪ੍ਰਧਾਨਗੀ ਛੱਡ ਨਹੀਂ ਹੁੰਦੀ ਤੁਹਾਨੂੰ ਇਹ ਏਨੀ ਹੀ ਪਿਆਰੀ ਲੱਗਦੀ ਐ ਤਾਂ ਤੁਹਾਡਾ ਨਾਂ ਹੀ 'ਭਰਧਾਨ ਸਿੰਘ' ਰੱਖ ਦੇਨੇ ਆਂ!

ਮਿਸਾਲ ਚੌਥੀ-ਗੁਰਬਾਣੀ ਵਿਚ ਵੀ ਇੱਕ ਅਜਿਹਾ ਸਲੋਕ ਆਉਂਦਾ ਹੈ (ਅਜਾ ਭੋਗੰਤ ਕੰਦ ਮੂਲੰ ਬਸੰਤੇ ਸਮੀਪਿ ਕੇਹਰਹ) ਭਾਵ ਕਿ ਕਸਾਈ ਦੇ ਵਿਹੜੇ ਵਿਚਲੇ ਖੁੰਡੇ ਨਾਲ ਬੰਨ੍ਹੀਂ ਹੋਈ ਬੱਕਰੀ ਨੂੰ ਭਾਵੇਂ ਕੰਦ ਮੂਲ਼ ਖਿਲ਼ਾਈ ਜਾਵੇ ਉਹਨੂੰ ਖਾਧੀ ਹੋਈ ਕੋਈ ਖੁਰਾਕ ਬਿਲਕੁਲ ਵੀ ਨਹੀਂ ਲਗਦੀ ਹੁੰਦੀ। ਸਗੋਂ ਉਹ ਦਿਨ-ਬ-ਦਿਨ ਸੁੱਕੀ ਹੀ ਜਾਂਦੀ ਐ! ਸੋ ਜੇ ਉਹਦਾ ਦੁੱਧ ਪੀਣਾ ਹੋਵੇ ਤਾਂ ਸਭ ਤੋਂ ਪਹਿਲਾਂ ਉਹਨੂੰ ਕਸਾਈ ਦੇ ਖੁੰਡੇ ਨਾਲ਼ੋਂ ਖੋਲ੍ਹਣਾ ਚਾਹੀਦਾ ਤਦੇ ਹੀ ਉਹ 'ਰਾਜੀ ਬਾਜੀ' ਤਕੜੀ ਹੋ ਕੇ ਦੁੱਧ ਦੇ ਸਕਦੀ ਹੈ!

# 1980 ਦੇ ਬਰਤਾਨੀਆ ਵਿਚ ਵਰਲਡ ਪੰਜਾਬੀ ਕਾਨਫਰੰਸ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਆਪਣੀ ਉਮਰ ਦੇ ਪਹਿਲੇ ਅੱਧ ਦੇ ਅੰਤਲੇ ਦਿਨਾਂ ਦੀ ਬਾਤ ਪਾਉਣ ਦਾ ਸਬੱਬ ਕਿਵੇਂ ਬਣਿਆ; ਇਹ ਗੱਲ ਤਾਂ ਫੇਰ ਕਰਦੇ ਹਾਂ ਪਹਿਲਾਂ ਇਹ ਦੱਸ ਦਿਆਂ ਕਿ ਉਦੋਂ ਮੇਰੀ ਮੁਫਤੋ ਮੁਫਤੀ ਬਰਤਾਨੀਆ ਜਾਣ ਦੀ ਵਿਧੀ ਕਿਵੇਂ ਬਣੀ। ਮੇਰੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਦੇ ਕਮਿਊਨੀਕੇਸ਼ਨ ਸੈਂਟਰ ਦਾ ਮੁਖੀ ਹੁੰਦਿਆਂ 1979 ਵਿਚ ਅਮਰੀਕੀ ਕਿਸਾਨਾਂ ਦਾ ਇਕ ਟੋਲਾ ਹਰੀ ਕਰਾਂਤੀ ਦੇ ਰੰਗ ਵੇਖਣ ਯੂਨੀਵਰਸਿਟੀ ਆਇਆ ਸੀ। ਟੋਲੇ ਦੇ ਪਬਲਿਕ ਰਿਲੇਸ਼ਨ ਦੀ ਜ਼ਿੰਮੇਵਾਰੀ ਮਾਰਕਸ ਫਰੈਂਡਾ ਨਾਂ ਦਾ ਵਿਅਕਤੀ ਨਿਭਾ ਰਿਹਾ ਸੀ। ਉਸਦੀ ਮੇਰੇ ਨਾਲ ਚੰਗੀ ਸਾਂਝ ਪੈ ਗਈ। ਏਨੀ ਜ਼ਿਆਦਾ ਕਿ ਉਸਨੇ ਵਾਪਸ ਜਾ ਕੇ ਅਮਰੀਕਾ ਦੀ ਏਸ਼ੀਆ ਸੋਸਾਇਟੀ ਵਲੋਂ ਮੇਰੇ ਲਈ ਅਮਰੀਕਾ ਦੀ ਤ੍ਰੈ-ਸਪਤਾਹਕ ਯਾਤਰਾ ਦਾ ਸੱਦਾ ਮੈਨੂੰ ਭਿਜਵਾ ਦਿੱਤਾ। ਮੇਰੇ ਰਿਸ਼ਤੇਦਾਰਾਂ ਤੇ ਦੂਜੇ ਜਾਣਕਾਰਾਂ ਨੂੰ ਪਤਾ ਲੱਗਿਆ ਤਾਂ ਉਨ੍ਹਾਂ ਦੇ ਸੱਦਿਆਂ ਨੇ ਮੇਰਾ ਬੋਝਾ ਭਰ ਦਿੱਤਾ। ਨਤੀਜੇ ਵਜੋਂ ਮੈਂ 1980 ਵਿਚ ਡੇਢ ਮਹੀਨਾ ਅਮਰੀਕਨਾਂ ਦੀ ਮੇਜ਼ਬਾਨੀ ਮਾਣੀ। ਮੈਂ ਜਿੱਥੇ ਜਾਣਾ ਹੁੰਦਾ ਮੇਰੀ ਟਿਕਟ ਉਸ ਹੋਟਲ ਵਿਚ ਪਹੁੰਚ ਜਾਂਦੀ ਜਿੱਥੇ ਮੈਂ ਠਹਿਰਨਾ ਹੁੰਦਾ ਸੀ। ਉਸ ਫੇਰੀ ਵਿਚ ਮੇਰਾ ਓਕਲੋਹਾਮਾ ਇਲਾਕੇ ਦੇ ਰੈੱਡ-ਇੰਡੀਅਨਜ਼ ਦੀ ਮਹਿਮਾਨ-ਨਿਵਾਜ਼ੀ ਮਾਨਣਾ ਵੀ ਸ਼ਾਮਲ ਸੀ। ਉਨ੍ਹਾਂ ਦੀ ਡਾਈਨਿੰਗ ਟੇਬਲ ਉੱਤੇ ਬੈਠ ਕੇ ਉਨ੍ਹਾਂ ਨਾਲ ਭੋਜਨ ਕਰਨਾ ਮੈਨੂੰ ਕਦੀ ਨਹੀਂ ਭੁੱਲਣਾ। ਖਾਸ ਕਰਕੇ ਖਾਣਾ ਸ਼ੁਰੂ ਕਰਨ ਤੋਂ ਪਹਿਲਾਂ ਕੀਤੀ ਗਈ ਉਨ੍ਹਾਂ ਦੀ ਅਰਦਾਸ ਸਾਡੇ ਵਡੇਰਿਆਂ ਵਲੋਂ ਕੀਤੀ ਹੇਠ ਲਿਖੀ ਅਰਦਾਸ ਨਾਲ ਮਿਲਦੀ ਜੁਲਦੀ ਸੀ।

ਦਦਾ ਦਾਤਾ ਏਕੁ ਹੈ ਸਭ ਕਉ ਦੇਵਨਹਾਰ
ਦੇਂਦੇ ਤੋਟਿ ਨ ਆਵਈ ਅਗਨਤ ਭਰੇ ਭੰਡਾਰ॥

ਪੁੱਛਣ 'ਤੇ ਪਤਾ ਲੱਗਿਆ ਕਿ ਭਾਵ ਇਹੀਓ ਸੀ ਤੇ ਬੋਲੀ ਵੱਖਰੀ ਸੀ। ਦੱਸਣ ਦਾ ਭਾਵ ਇਹ ਕਿ ਮੈਨੂੰ ਬਰਤਾਨੀਆ ਵਾਸਤੇ ਵਿਦਾ ਕਰਨ ਵਾਲੇ ਰੈੱਡ-ਇੰਡੀਅਨਜ਼ ਸਨ। ਉਨ੍ਹਾਂ ਦਾ ਤੋਰਿਆ ਮੈਂ 2 ਜੂਨ 1980 ਨੂੰ ਆਰੰਭ ਹੋਣ ਵਾਲੀ ਕਾਨਫਰੰਸ ਲਈ ਵੇਲੇ ਸਿਰ ਲੰਡਨ ਪਹੁੰਚ ਗਿਆ ਸਾਂ। ਮੁਫਤੋ-ਮੁਫਤੀ। ਉਦੋਂ ਬਰਤਾਨੀਆ ਵਾਸੀਆਂ ਲਈ ਅਸੀਂ ਨਵੇਂ ਸਾਂ ਤੇ ਸਾਡੇ ਲਈ ਉਹ ਅੱਸੀਆਂ ਨੂੰ ਢੁਕੇ ਸੰਤ ਸਿੰਘ ਸੇਖੋਂ ਤੇ ਸੋਹਣ ਸਿੰਘ ਜੋਸ਼ ਨੇ ਇਸ ਤੋਂ ਪਹਿਲਾਂ ਬਰਤਾਨੀਆ ਨਹੀਂ ਸੀ ਵੇਖਿਆ। ਜਸਵੰਤ ਸਿੰਘ ਕੰਵਲ ਤੇ ਹਰਿਭਜਨ ਸਿੰਘ ਨੇ ਵੀ ਨਹੀਂ। ਜੋਸ਼ ਹੋਰਾਂ ਦੇ ਕਾਮਰੇਡ ਚੇਲੇ ਅਤੇ ਸੇਖੋਂ, ਹਰਿਭਜਨ ਸਿੰਘ ਤੇ ਦਲੀਪ ਕੌਰ ਟਿਵਾਣਾ ਦੇ ਰਹਿ ਚੁੱਕੇ ਵਿਦਿਆਰਥੀ ਚਾਅ ਨਾਲ ਮਿਲ ਰਹੇ ਸਨ।

ਪੂਰੇ ਦੋ ਹਫਤੇ ਗਿਣੇ ਮਿੱਥੇ ਸਥਾਨ ਉੱਤੇ 50-55 ਸੀਟਾਂ ਵਾਲੀ ਬੱਸ ਉਡੀਕ ਰਹੀ ਹੁੰਦੀ ਜਿੱਥੇ ਵਲਾਇਤੀ ਮੇਜ਼ਬਾਨ ਆਪੋ ਆਪਣੇ ਮਹਿਮਾਨਾਂ ਨੂੰ ਸਮੇਂ ਸਿਰ ਪਹੁੰਚਾ ਦਿੰਦੇ। ਬਰਤਾਨੀਆ ਵਿਚ ਹਰ ਕਿਸੇ ਨੇ ਆਪਣੇ ਦਰ ਦਰਵਾਜ਼ੇ ਆਪਣੀ ਪਸੰਦ ਦੇ ਮਹਿਮਾਨਾਂ ਲਈ ਖੋਲ੍ਹ ਛੱਡੇ ਸਨ। ਮੈਨੂੰ ਸੰਤ ਸਿੰਘ ਸੇਖੋਂ ਆਪਣੇ ਨਾਲ ਰੱਖਦੇ ਜਿਵੇਂ ਮੈਂ ਉਨ੍ਹਾਂ ਦਾ ਬਾਡੀਗਾਰਡ ਹੋਵਾਂ। ਸਾਨੂੰ ਦੋਨਾਂ ਨੂੰ ਸ਼ਿਵਚਰਨ ਗਿੱਲ ਨੇ ਦਬੋਚ ਲਿਆ ਸੀ ਭਾਵੇਂ ਅਵਤਾਰ ਜੰਡਿਆਲਵੀ ਤੇ ਅਜੀਤ ਸਤਕੁਮਰਾ ਵੀ ਹਰ ਥਾਂ ਹਾਜ਼ਰ-ਨਾਜ਼ਰ ਰਹਿੰਦੇ ਸਨ।

ਪਹਿਲੇ ਦਿਨ ਦੀ ਜਾਣ-ਪਛਾਣ ਤੋਂ ਪਿੱਛੋਂ ਸੱਤ ਜੂਨ ਦਾ ਪ੍ਰੋਗਰਾਮ ਲੰਡਨ ਦੇ ਰਾਮਗੜ੍ਹੀਆ ਹਾਲ ਵਿਚ ਸੀ ਤੇ ਅੱਠ ਜੂਨ ਦਾ ਸਾਊਥਾਲ ਦੇ ਸੁਕੈਲੇਟਨ ਕਾਊਂਸਲ ਹਾਲ ਵਿਚ। ਉਸ ਤੋਂ ਅਗਲੇ ਦਿਨ ਅਸੀਂ ਲੰਡਨ ਯੂਨੀਵਰਸਿਟੀ ਦੇ ਸਕੂਲ ਆਫ' ਓਰੀਐਂਟਲ ਐਂਡ ਅਫਰੀਕਨ ਸਟੱਡੀਜ਼ ਦੇ ਮਹਿਮਾਨ ਸਾਂ। ਬਰਮਿੰਘਮ ਵਿਚ ਸਾਡੇ ਸਵਾਗਤ ਲਈ ਉਥੋਂ ਦਾ ਲਾਰਡ ਮੇਅਰ ਪਹੁੰਚਿਆ ਹੋਇਆ ਸੀ ਜਿਹੜਾ ਟਾਊਨ ਹਾਲ ਤੋਂ ਰਵੀਦਾਸੀਆਂ ਦੇ ਗੁਰਦਵਾਰੇ ਵਿਖੇ ਲੰਗਰ ਛਕਣ ਤੱਕ ਸਾਡੇ ਨਾਲ ਰਿਹਾ।

ਮੈਂ ਦੱਸ ਚੁੱਕਾ ਹਾਂ ਕਿ ਹਰ ਸ਼ਹਿਰ ਵਿਚ ਦਿਨ ਵੇਲੇ ਸੈਮੀਨਾਰ ਤੇ ਵਿਚਾਰ ਵਟਾਂਦਰਾ ਹੁੰਦਾ ਤੇ ਸ਼ਾਮ ਨੂੰ ਸਭਿਆਚਾਰਕ ਪ੍ਰੋਗਰਾਮ ਜਾਂ ਕਵੀ ਦਰਬਾਰ।

ਮਾਨਚੈਸਟਰ ਦੀ ਫੇਰੀ ਸਮੇਂ ਸੈਮੀਨਾਰ ਦਾ ਵਿਸ਼ਾ ਸੂਫੀਆਨਾ ਕਲਾਮ ਸੀ ਤੇ ਸਥਾਨ ਉਥੋਂ ਦੀ ਮਸਜਿਦ। ਇਸਦੇ ਪ੍ਰਬੰਧਕ ਤੇ ਬੁਲਾਰੇ ਮੌਲਵੀਨੁਮਾ ਵਿਦਵਾਨ ਸਨ। ਉਨ੍ਹਾਂ ਨੇ ਆਪਣੀ ਗੱਲ ਖਤਮ ਕੀਤੀ ਤਾਂ ਸਾਡੇ ਵਿਚੋਂ ਵੀ ਕਿਸੇ ਤੋਂ ਟਿੱਪਣੀ ਮੰਗੀ ਸੀ ਡਾ. ਹਰਿਭਜਨ ਸਿੰਘ ਨੂੰ ਬੋਲਣ ਲਈ ਕਿਹਾ ਤਾਂ ਉਸਨੇ ਵਧੀਆ ਉਚਾਰਨ ਵਾਲੀ ਉਰਦੂ ਵਿਚ ਸਮੇਟਦਿਆਂ ਅਦਬ-ਅਦਾਬ ਨਾਲ ਸੂਫੀਆਨਾ ਕਲਾਮ ਤੇ ਸੂਫੀ ਮੱਤ ਦੇ ਅਜਿਹੇ ਨੁਕਤੇ ਪੇਸ਼ ਕੀਤੇ ਕਿ ਸਾਰੇ ਅਸ਼-ਅਸ਼ ਕਰ ਉਠੇ। ਮੌਲਵੀਨੁਮਾ ਬੁਲਾਰੇ ਸਭ ਤੋਂ ਵੱਧ।

ਆਕਸਫੋਰਡ ਯੂਨੀਵਰਸਿਟੀ ਵਾਲੇ ਪ੍ਰੋਗਰਾਮ ਦੀ ਮੇਜ਼ਬਾਨੀ ਪ੍ਰੋਫੈਸਰ ਡੀਮੈਂਟ ਨੇ ਕੀਤੀ ਜਿਸਨੇ ਇਹ ਵੀ ਮੰਨਿਆ ਕਿ ਭਾਰਤ ਤੇ ਪਾਕਿਸਤਾਨ ਵਾਲੇ ਮਹਿਮਾਨ ਅੰਗਰੇਜ਼ੀ ਭਾਸ਼ਾ, ਸਾਹਿਤ ਤੇ ਸਭਿਆਚਾਰ ਬਾਰੇ ਬਰਤਾਨੀਆ ਦੀ ਯਾਤਰਾ ਵੀ ਕਰਦੇ ਰਹੇ ਤੇ ਆਦਾਨ-ਪ੍ਰਦਾਨ ਵੀ।

ਮੇਰੇ ਵੱਲੋਂ ਇਹ ਦੱਸਣਾ ਰਹਿ ਗਿਆ ਕਿ 2024 ਵਿਚ ਮੈਨੂੰ 1980 ਦਾ ਬਰਤਾਨੀਆ ਕਿਵੇਂ ਚੇਤੇ ਆਇਆ। ਇਸਦਾ ਕਾਰਨ ਦੋ ਗੱਲਾਂ ਬਣੀਆਂ। ਲਿਖਤੀ ਚਿੱਠੀਆਂ ਨੂੰ ਖਾ ਕੇ ਡਕਾਰ ਮਾਰਨ ਵਾਲੇ ਮੋਬਾਈਲਾਂ ਦੇ ਜੁੱਗ ਵਿੱਚ ਵਲਾਇਤੋਂ ਆਇਆ ਰਣਜੀਤ ਧੀਰ ਦਾ ਨਵੇਂ ਸਾਲ ਦੀ ਵਧਾਈ ਵਾਲਾ ਹੱਥੀਂ ਲਿਖਿਆ ਕਾਰਡ ਤੇ ਸਾਬਕਾ ਦੂਰਦਰਸ਼ਨ ਅਧਿਕਾਰੀ ਹਰਬੰਸ ਸਿੰਘ ਸੋਢੀ ਦੇ ਹੱਥ ਭੇਜਿਆ ਮੇਰੇ ਉਸ ਚਚੇਰੇ ਭਰਾ ਦਾ ਪਾਰਕਰ ਪੈਨ ਜਿਸਨੂੰ ਮੈਂ ਅੱਜ ਤੱਕ ਕਦੀ ਨਹੀਂ ਮਿਲਿਆ। ਧੀਰ 1980 ਵਾਲੀ ਵਰਲਡ ਪੰਜਾਬੀ ਕਾਨਫਰੰਸ ਦੇ ਕਰਤੇ ਧਰਤਿਆਂ ਵਿਚੋਂ ਪ੍ਰਮੁੱਖ ਸੀ ਅਤੇ ਰਣਜੀਤ ਸਿੰਘ ਨਾਮੀ ਮੇਰੇ ਚਾਚੇ ਦਾ ਪੁੱਤ 35-40 ਸਾਲ ਤੋਂ ਉਥੋਂ ਦਾ ਵਸਨੀਕ ਹੈ ਜਿਹੜਾ ਕਿਸੇ ਵੇਲੇ ਉਥੇ ਜਾ ਕੇ ਇੱਕ ਵਾਰ ਵੀ ਆਪਣੇ ਜੱਦੀ ਪੁਸ਼ਤੀ ਪਿੰਡ ਨਹੀਂ ਆਇਆ। ਉਹ ਮੇਰੇ ਜਾਣੂ ਹਰਬੰਸ ਸੋਢੀ ਨੂੰ ਕਿਵੇਂ ਤੇ ਕਿੱਥੇ ਮਿਲਿਆ ਤਾਂ ਲੰਮੀ ਕਹਾਣੀ ਹੈ ਪਰ ਉਹਦੇ ਵੱਲੋਂ ਮੇਰੇ ਲਈ ਪਾਰਕਰ ਪੈਨ ਦਾ ਤੁਹਫਾ ਭੇਜਣਾ ਆਪਣੇ ਤਾਏ ਦੇ ਪੁੱਤ ਨੂੰ ਨਿਵਾਜਣਾ ਹੈ। ਇਹ ਜਾਣ ਕੇ ਹੈਰਾਨ ਨਾ ਹੋਣਾ ਕਿ ਏਸ ਵਰ੍ਹੇ ਮੋਬਾਈਲ ਉੱਤੇ ਨਵੇਂ ਸਾਲ ਦੇ ਸੁੱਖ ਸੁਨੇਹੇ ਤਾਂ ਬੜੇ ਆਏ ਪਰ ਲਿਖਤੀ ਕਾਰਡ ਭੇਜਣ ਵਾਲਾ ਰਣਜੀਤ ਧੀਰ ਤੋਂ ਬਿਨਾ ਹੋਰ ਕੋਈ ਨਹੀਂ।

### ਜਨਵਰੀ 1957 ਦੀ ਨਵੀਂ ਦਿੱਲੀ

ਇਸ ਮਹੀਨੇ ਦੀ ਠੰਢ ਤੇ ਧੁੰਦ ਨੇ ਮੈਨੂੰ 1957 ਦੀ ਜਨਵਰੀ ਚੇਤੇ ਕਰਵਾ ਦਿੱਤੀ ਹੈ। ਮੈਂ ਇਨ੍ਹਾਂ ਦਿਨਾਂ ਵਿਚ ਭਾਰਤੀ ਖੇਤੀਬਾੜੀ ਖੋਜ ਕਾਂਊਸਲ, ਨਵੀਂ ਦਿੱਲੀ ਵਿਚ ਸਬ-ਐਡੀਟਰ (ਪੰਜਾਬੀ) ਦਾ ਕੰਮ ਸੰਭਾਲਿਆ ਸੀ। ਭਾਰਤ ਦੀਆਂ ਕੁੱਝ ਹੋਰ ਭਾਸ਼ਾਵਾਂ ਦੇ ਸਬ-ਐਡੀਟਰ ਵੀ 8-10 ਦਿਨ ਅੱਗੇ ਪਿੱਛੇ ਮੇਰੇ ਵਾਲੇ ਕਮਰੇ ਵਿਚ ਆ ਬੈਠੇ ਸਨ। ਤਾਮਿਲ ਦੇ ਮੁਥੂਸਵਾਮੀ, ਤੈਲੰਗੂ ਦੇ ਰਾਮਚੰਦਰ ਰਾਓ, ਮਰਾਠੀ ਦੇ ਵੀਰੇਂਦਰ ਅਢੀਆ, ਬੰਗਾਲੀ ਦੇ ਸ਼ਨਿੰਦਰ ਪਾਂਡੇ, ਕੇਰਲ ਦੀ ਰਾਧਾ ਮੈਨਨ, ਸਿੰਧੀ ਦੇ ਲਾਲ ਕਰਮਚੰਦਾਨੀ ਤੇ ਉਰਦੂ ਦੇ ਗੋਪੀ ਚੰਦ ਨਾਰੰਗ ਸਭਨਾਂ ਨੇ ਇੱਕ ਵੱਡੇ ਹਾਲ ਕਮਰੇ ਵਿਚ ਬੈਠਣਾ ਸੀ ਜਿੱਥੇ ਅੰਗਰੇਜ਼ੀ ਵਾਲਾ ਐਸ ਕੇ ਭਟਨਾਗਰ ਤੇ ਹਿੰਦੀ ਵਾਲਾ ਬ੍ਰਜੇਸ਼ ਭਾਟੀਆ ਪਹਿਲਾਂ ਹੀ ਬਿਰਾਜਮਾਨ ਸਨ। ਖੂਬੀ ਇਹ ਕਿ ਸਾਡੇ ਸਾਰਿਆਂ ਵਿਚੋਂ ਕੋਈ ਕਿਸੇ ਦਾ ਬੌਸ ਭਾਵ ਅਫਸਰ ਨਹੀਂ ਸੀ। ਅਸੀਂ ਸਾਰੇ ਇੱਕ ਦੂਜੇ ਦੇ ਸਹਿਕਰਮੀ ਸਾਂ। ਗੋਪੀ ਚੰਦ ਨਾਰੰਗ ਆਪਣੀ ਡਾਕਟਰੇਟ ਦੀ ਤਿਆਰੀ ਕਰ ਰਿਹਾ ਸੀ ਤੇ ਉਹਦੇ ਕੋਲ ਦਫਤਰੀ ਕੰਮ ਲਈ ਸਮੇਂ ਦੀ ਘਾਟ ਸੀ। ਉਹ ਪੰਜਾਬੀ ਬੋਲਦਾ ਤੇ ਸਮਝਦਾ ਸੀ। ਕੁਰਸੀ ਲਿਆ ਕੇ ਮੇਰੇ ਕੋਲ ਆ ਬਹਿੰਦਾ ਤੇ ਮੈਂ ਜੋ ਕੁਝ ਵੀ ਪੰਜਾਬੀ ਭਾਸ਼ਾ ਵਿਚ ਲਿਖਿਆ ਹੁੰਦਾ ਮੇਰੇ ਕੋਲੋਂ ਸੁਣ ਕੇ ਉਰਦੂ ਵਿਚ ਲਿਖ ਲੈਂਦਾ।

ਅੱਜ ਦੇ ਦਿਨ ਇਹ ਸਭ ਕੁਝ ਚੇਤੇ ਕਰਨ ਦਾ ਵੱਡਾ ਕਾਰਨ ਤਾਂ ਇਹ ਹੈ ਕਿ ਮੈਂ, ਨਾਰੰਗ, ਭਾਟੀਆ ਤੇ ਕਰਮਚੰਦਾਨੀ ਦਿੱਲੀ ਦੇ ਪੌਣ ਪਾਣੀ ਤੋਂ ਜਾਣੂ ਸਾਂ। ਬਾਕੀ ਸੂਬਿਆਂ ਵਾਲੇ, ਕੇਵਲ ਸੂਤੀ ਕੱਪੜੇ ਦੀਆਂ ਟੀ ਸ਼ਰਟਾਂ, ਸਾੜੀਆਂ ਤੇ ਬਲਾਊਜ਼ ਲੈ ਕੇ ਆਏ ਸਨ। ਮੈਂ ਉਨ੍ਹਾਂ ਨੂੰ ਕਨਾਟ ਪਲੇਸ ਦੇ ਨੇੜੇ ਵਾਲੇ ਕਾਫੀ ਹਾਊਸ ਵਿਚ ਲਿਜਾ ਕੇ ਗਰਮਾ-ਗਰਮ ਕਾਫੀ ਪਿਲਾਈ ਤੇ ਰੇੜ੍ਹੀ ਮਾਰਕਿਟ ਤੋਂ ਬਣਦੇ ਸਰਦੇ ਗਰਮ ਸਵੈਟਰ, ਸ਼ਾਲ ਤੇ ਲੋਈਆਂ ਖਰੀਦਵਾਈਆਂ। ਵੱਡੀ ਗੱਲ ਇਹ ਕਿ ਅਸੀਂ ਸਾਰਿਆ ਨੇ ਹਰ ਇੱਕ ਤੋਂ ਉਸਦੀ ਮਾਤ ਭੂਮੀ ਦੀ ਰਹਿਣੀ ਸਹਿਣੀ ਤੇ ਸਭਿਆਚਾਰ ਬਾਰੇ ਜਾਣਿਆਂ। ਮਹੀਨਾ ਖੰਡ ਦੇ ਸਮੇਂ ਵਿਚ ਅਸੀਂ ਸਾਰੇ ਪੂਰੇ ਭਾਰਤ ਦੇ ਸਮਾਜਿਕ ਸਭਿਆਚਾਰ ਦੇ ਜਾਣੂ ਹੋ ਗਏ। ਅੱਜ ਤੱਕ ਹਾਂ।

**ਅੰਤਿਕਾ**
(ਮੁਹੰਮਦ ਇਕਬਾਲ)
ਸਾਰੇ ਜਹਾਂ ਸੇ ਅੱਛਾ ਹਿੰਦੁਸਤਾਨ ਹਮਾਰਾ
ਹਮ ਬੁਲਬੁਲੇ ਹੈਂ ਇਸਕੀ ਯੇਹ ਗੁਲਸਿਤਾਂ ਹਮਾਰਾ।

# ਵਿਣੁ ਨਾਵੈ ਹੋਰੁ ਧਨੁ ਨਾਹੀ (ਗੁਰੂ ਨਾਨਕ) (1)

'ਜਪੁ' ਬਾਣੀ ਦੀ ਅੰਤਲੀ ਪਉੜੀ ਹੈ 'ਜਤੁ ਪਾਹਾਰਾ ਧੀਰਜੁ ਸੁਨਿਆਰ' ਏਸ ਸ਼ਬਦ ਨੇ ਦੱਸਿਆ ਕਿ ਬਾਬੇ ਨਾਨਕ ਨੇ ਸਿੱਕੇ ਘੜਨ ਵਾਲੀ ਟਕਸਾਲ ਦੇ ਉਲਟ ਸ਼ਬਦ ਟਕਸਾਲ ਲਾਈ। ਸ਼ਬਦ ਟਕਸਾਲ ਲਾਉਣ ਦੀ ਲੋੜ ਕਿਉਂ ਪਈ, ਟਕਸਾਲਾਂ ਕਿਉਂ ਲੱਗੀਆਂ? ਸਿੱਕੇ ਘੜਨ ਦੀ ਲੋੜ ਕਿਉਂ ਪਈ? ਟਕਸਾਲਾਂ ਵਿਚ ਘੜੀਜੇ ਸਿੱਕਿਆਂ ਨੇ ਕੀ ਰੋਗ ਦਿੱਤਾ ਇਨਸਾਨਾਂ ਨੂੰ। ਟਕਸਾਲਾਂ ਦੇ ਘੜੀਜੇ ਟਕੇ, ਸਿੱਕੇ, ਧਨ ਅਖਵਾਏ। ਇਨਸਾਨ ਦੀ ਹੋਂਦ ਨੂੰ ਟਕੇ ਤੇ ਸਿੱਕਿਆਂ ਦੇ ਵਿਹਾਰੀ ਧਨ ਨੇ ਇੰਝ ਬੰਨ੍ਹਿਆ ਤੇ ਇਨਸਾਨ ਨੂੰ ਆਪਣਾ ਆਪਾ ਵਿਸਰ ਗਿਆ। ਅਜੋਕੇ ਸਮੇਂ ਵਿਚ ਧਨ ਦੇ ਵਿਸਰੇ ਅਰਥ ਨਜ਼ਮ ਜੀ ਨੇ 49 ਜੇਲ੍ਹ ਰੋਡ, ਲਾਹੌਰ, ਪਾਕਿਸਤਾਨ 'ਤੇ ਹੋਣ ਵਾਲੀ ਸੰਗਤ ਨੂੰ ਵਰਤਾਏ। ਧਨ ਹੈ ਕੀ? ਵਾਹ ਵਾਹ, ਸਲਾਹੁਣਾ, ਦੁੱਧ, ਫਲਣ, ਪੈਦਾ ਕਰਨ, ਔਰਤ, ਰੂਹ, ਸਰੀਰ, ਦੇਹ, ਜਿਸਮ, ਦੇਹਲ ਹੋਂਦ, ਸੋਨਾ, ਚਾਂਦੀ, ਢੋਰ ਡੰਗਰ, ਮਾਲ ਮਨਾਲ, ਆਲ ਔਲਾਦ। ਕੁਦਰਤ ਧਨਵਾਨ ਏ। ਧਨ ਦਾਨ ਕਰਨਹਾਰ, ਧਨ ਵਾਲਾ ਧਨਵਾਨ ਹੁੰਦਾ ਏ। ਕੁਦਰਤ ਦਾਨ ਦੀ ਸਲਾਹੁਣਾ 'ਵਾਹ' ਵੀ ਧਨ ਏ। ਦੁੱਧ ਵੀ ਧਨ ਏ ਤੇ ਦੁੱਧ ਉਪਜਾਵਨ ਹਾਰ ਨਾਰ ਤੇ ਪਸ਼ੂ ਵੀ ਧਨ ਹੋਏ। ਬੰਦੇ ਦੀ ਹੋਂਦ ਵੀ ਧਨ ਏ। ਏਸ ਕੁਦਰਤੀ ਧਨ ਉੱਪਰ ਬੰਦੇ ਦੀ ਮਾਲਕੀ ਨੇ ਧਨ ਦੇ ਅਰਥ ਵਟਾਏ। ਖੋਹ-ਖਸ ਤੇ ਜ਼ੋਰ ਦੇ ਸਿਰ 'ਤੇ ਹੋਰਾਂ ਦੀ ਕੀਤੀ ਆਪਣੇ ਕੋਲ ਜੋੜਨ ਵਾਲਾ ਧਨਵਾਨ ਅਖਵਾਇਆ। ਧਨ ਕਮਾਵਣ ਦਾ ਆਹਰ ਧੰਦਾ ਹੋਇਆ। ਜੀਵਨ ਦਾ ਅਸਲ ਧੰਦਾ ਤਾਂ ਸੂੰਨ ਇਨਸਾਨ ਦੀ ਸਿਆਣ ਤੇ ਇਕਾਈ ਦੀ ਸਮਝ ਹੈ ਜਿਸ ਤੋਂ ਕੁੱਲ ਜਹਾਨ ਬਣਿਆ ਤੇ ਲਗਾਤਾਰ ਬਣਦਾ ਏ ਪਿਆ। ਆਪਣੀ ਵੱਖਰੀ ਹੋਂਦ ਵਿਚ ਕੁੱਲ ਤੱਤ ਦਾ ਸੁਮੇਲ ਈ ਧਨ ਏ।

ਤੁਧੁ ਆਪੇ ਜਗਤੁ ਉਪਾਇ ਕੈ ਤੁਧੁ ਆਪੇ ਧੰਧੈ ਲਾਇਆ॥ (ਰਾਗ ਮਾਝ ਵਾਰ, ਮ:1, ਪੰਨਾ 138-139 ਗ੍ਰੰਥ ਸਾਹਿਬ)

ਧਨ ਦੀ ਗੱਲ ਹਰ ਵਾਰੇ ਹੁੰਦੀ ਆਈ ਏ। ਸਿਆਣੇ ਸਦਾ ਤੋਂ ਵਿਹਾਰੀ ਧਨ ਦੀ ਨਿੰਦਿਆ ਕਰੇਂਦੇ ਆਏ ਨੇ। ਏਸ ਵਿਹਾਰੀ ਧਨ ਨੇ ਕੁਦਰਤ ਤੋਂ ਦਾਨ ਹੋਏ ਅਸਲ ਧਨ ਨੂੰ ਉਹਲੇ ਕਰ ਛੱਡਿਆ। 'ਧਨ' ਦੇ ਲਫਜ਼ ਵਿਚ ਧੀ, ਦੁੱਧ, ਦੂਹਣ, ਵੀ ਸ਼ਾਮਿਲ ਨੇਂ। ਕਰਨਹਾਰ ਦੀ ਕਰਨੀ, ਧਰਤ ਦੀ ਕਰਨੀ ਤੇ ਜਣੀ ਦੀ ਕਰਨੀ ਸਭ ਦੀ ਉਪਜ ਧਨ ਈ ਤਾਂ ਹੈ। ਧਨ ਦੀ ਰਮਜ਼ ਪੜਚੋਲ ਨਜ਼ਮ ਜੀ ਦੀ ਕਿਤਾਬ ''ਆਹੀਆਂ ਵਿਚੋਂ ਨਾਹੀਆਂ'' ਵਿਚ ਵੇਖੀ ਜਾ ਸਕਦੀ ਹੈ। ਕਰਨਹਾਰ ਦੀ ਕਰਨੀ ਜਦੋਂ ਸਾਂਭਣਹਾਰ ਦੇ ਕਬਜ਼ੇ ਹੇਠ ਆਈ ਤਾਂ ਜੀਵਨ ਵਸੀਲੇ ਵੀ ਮਾਲਕੀ ਦੀ ਕੈਦ ਵਿਚ ਹੋ ਗਏ।

''ਜਦ ਉਪਜ ਧਨ ਬਣੀ, ਉਪਜ ਦੇ ਵਸੀਲੇ (ਧਰਤੀ, ਜਣੀ ਦਾ ਸਰੀਰ, ਕਰਨਹਾਰ ਦੀ ਸਕਤ) ਮਾਲਕੀ ਦੀ ਬਾਂਧ ਵਿਚ ਬੱਝ ਕੇ ਧਨ ਨਾਲ ਤੁਲੇ ਤਾਂ ਉਪਜ ਸੁਆਦ, ਉਪਜ ਰਾਹੀਂ ਮਿਲਾਪ ਸੁਆਦ, ਮੱਲ ਹਾਬੜੇ ਨਾਲ ਵੱਟ ਗਿਆ। ਤਨ ਛੋਹ ਦੀ ਥਾਂ ਧਨ ਮਿਧਨੀ ਨੇ ਲੈ ਲਈ।''

(ਆਹੀਆਂ ਵਿਚੋਂ ਨਾਹੀਆਂ। ਸ 184)

ਉਪਜ ਤਾਂ ਖੁੱਲ੍ਹ ਏ, ਆਜ਼ਾਦੀ। ਧਰਤੀ ਅੰਨ ਉਪਜਾਵੇ, ਜਣੀ ਬਾਲ ਜਮਾਏ ਯਾਂ ਕਰਨਹਾਰ ਵਸਤ ਘੜੇ ਸਭ ਕੁਦਰਤ ਦਾ ਦਾਨ ਏ। ਰਾਸਵਾਲੀ ਨੇ ਆਜ਼ਾਦ ਧਰਤ ਨੂੰ ਵੇਚ ਵੰਡ ਕੇ ਮਾਲਕੀਆਂ ਬਣਾਈਆਂ ਤੇ ਕਿਰਤੀ ਕਿਸਾਨ ਨੂੰ ਆਪਣਾ ਗੁਲਾਮ ਕੀਤਾ। ਜਣੀ ਦਾ ਜੰਮਿਆ ਬਾਲ ਜਣੇ ਦੀ ਮੱਲ ਬਣਿਆ। ਪੋਰਹੇਤ ਦੀ ਕਰਨੀ ਮਾਲਿਕ ਦੇ ਹੱਥੋਂ ਮੋਹਰ ਲਵਾ ਕੇ ਮੰਡੀ ਪਈ ਵਿਕੀ। ਇਹ ਸਾਰੇ ਕੰਮ ਜੋ ਜੀਵਨ ਦਾ ਸੁਆਦ ਆਹੇ ਜਦੋਂ ਗੁਲਾਮ ਹੋਏ ਤਾਂ ਜੀਵਨ ਦੀ ਕੂੜ ਬਣ ਗਏ। ਜੀਵਨ ਦੀ ਬੇਸਵਾਦੀ ਦਾ ਰੋਗ ਉਤਨਾ ਈ ਪੁਰਾਣਾ ਏ ਜਿਤਨਾ ਮੱਲਵਾਨੀ ਦਾ ਸੁਆਦ। ਮੱਲਵਾਨੀ ਦੀ ਨੀਂਹ ਏ ''ਧਨ'' ਤੇ ਧਨ ਉੱਤੇ ਕਬਜ਼ਾ। ਆਓ ਵੇਖੀਏ ਪੰਜਾਬੀ ਸ਼ਿਅਰ ਰੀਤ ਧਨ ਬਾਰੇ ਕੀ ਦੱਸੇਂਦੀ ਏ, ਫਰੀਦ ਜੀ ਤੋਂ ਗੱਲ ਸ਼ੁਰੂ ਕਰਨੇ ਆਂ ਫੇਰ ਭਗਤ ਕਬੀਰ ਜੀ ਦੀ ਬਾਣੀ ਤੇ ਬਾਬੇ ਨਾਨਕ ਦੇ ਸ਼ਬਦ ''ਧਨ'' ਬਾਰੇ ਵਿਚਾਰ ਸਾਂਝ ਕਰ ਵੇਖਣੇ ਹਾਂ। ਬਾਬਾ ਫਰੀਦ ਦਾ ਦੋਹੜਾ ਪੜ੍ਹਿਆ, ਸੁਣਿਆ, ਗਾਵਿਆ ਜਾਂਦਾ ਏ:

ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ ॥
ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ ॥

ਸਾਡੀ ਆਮ ਰੀਤਲ ਤੇ ਵਿਹਾਰੀ ਪੜ੍ਹਤ ਦੇ ਵਿਚ ਇਹੀ ਸਮਝ ਬਣੀ ਏਸ ਦੋਹੜੇ ਦੀ। ਜੋ ਮੌਤ ਦਾ ਇੱਕ ਵੇਲਾ ਮਿਥਿਆ ਹੋਇਆ ਏ, ਜਿਸ ਵੇਲੇ ਉਹ ਆ ਜਾਂਦਾ ਏ ਤੇ ਉਸ ਵੇਲੇ ਮੌਤ ਦਾ ਫਰਿਸ਼ਤਾ ਸਾਹਮਣੇ ਆਉਂਦਾ ਏ ਤੇ ਬੰਦੇ ਦੀ ਜਾਨ ਕੱਢ ਕੇ ਲੈ ਜਾਂਦਾ ਏ। ਜੇ ਗੱਲ ਇਤਨੀ ਹੀ ਸੀ ਤੇ ਬਾਬੇ ਫਰੀਦ ਨੂੰ ਇਹ ਦੋਹੜਾ ਰਚਣ ਦੀ ਲੋੜ ਨਹੀਂ ਸੀ। ਇਹ ਗੱਲ ਤਾਂ ਸਭ ਨੂੰ ਪਤਾ ਹੈ ਕਿ ਜੋ ਜੰਮਿਆ ਏ ਉਸ ਮਰਨਾ ਵੀ ਏ। ਜੋ ਆਇਆ ਏ ਉਸ ਜਾਣਾ ਵੀ ਏ। ਅੱਜ ਦੇ ਦਿਨ ਤੱਕ ਕੋਈ ਹੋਂਦ ਕੋਈ ਵਜੂਦ ਅਜਿਹਾ ਨਹੀਂ ਜੋ ਏਸ ਧਰਤੀ 'ਤੇ ਬੈਠਾ ਰਿਹਾ ਹੋਵੇ। ਫੇਰ ਫਰੀਦ ਜੀ ਨੇ ਇਹ ਦੋਹੜਾ ਕਿਉਂ ਰਚਿਆ? ਪੁੱਛ ਬਣ ਗਈ, ਕਿਤਨੇ ਈ ਵਰ੍ਹੇ ਏਸ ਪੁੱਛ ਸਾਡੇ ਨਾਲ ਪੰਧ ਕੀਤਾ ਪਰ ਵਲਦਾ (ਜਵਾਬ) ਨਾ ਲੱਭਾ। 2019 ਵਿਚ ਬਾਬੇ ਨਾਨਕ ਦੇ ਪੰਜ ਸੌ ਪੰਜਾਵੇਂ ਗੁਰਪੁਰਬ ਉੱਪਰ ਬਾਬੇ ਨਾਨਕ ਬਾਰੇ ਨਜ਼ਮ ਜੀ ਦੀਆਂ ਲਿਖਤਾਂ ਵਿਚੋਂ ਇਕ ਚੋਣ ਛਾਪਣ ਦਾ ਆਹਰ ਕੀਤਾ। ਇਹ ਚੋਣ ''ਨਾਨਕ ਪਾਂਧੀ ਅਜੋਕੇ ਪੈਰ'' ਦੇ ਸਿਰਨਾਵੇਂ ਹੇਠ ਛਪੀ। ਕਿਤਾਬ ਦੀ ਮੁੱਢਲੀ ਗੱਲ ਲਿਖਣ ਬੈਠੇ ਤੇ ਬਾਬੇ ਫਰੀਦ ਜੀ ਦਾ ਇਹ ਦੋਹੜਾ ਸਾਹਮਣੇ ਆ ਖਲੋਤਾ। ''ਅਖੇ ਮੈਂ ਇਹਦੇ ਵਿਚ ਆਂ, ਲਿਖ ਮੈਨੂੰ ਵੀ'' ਪੁੱਛਿਆ ਕਿ ਲਿਖਣਾ ਕੀ ਏ? ਅਸੀਂ ਜੀਵਨ ਦੀ ਗੱਲ ਕਰਨੇ ਆਂ ਤੂੰ ਮੌਤ ਦੀ ਗੱਲ ਕਰਦਾ ਐਂ। ਦੋਹੜੇ ਆਖਿਆ ਤੂੰ ਸੁਣੀ ਸੁਣਾਈ ਗੱਲ ਕਰਦੀ ਐਂ ਪਈ। ਮੈਂ ਤੇ ਮੌਤ ਦੀ ਗੱਲ ਕੀਤੀ ਹੀ ਨਹੀਂ। ਮੌਤ ਦੀ ਗੱਲ ਤਾਂ ਉਹ ਕਰੇ ਜਿਹੜਾ ਮਰਿਆ ਹੋਵੇ। ਫਰੀਦ ਤੇ ਜਿਉਂਦਾ ਏ ਪਿਆ। ਜਿਹਨੇ ਮੌਤ ਵੇਖੀ ਹੀ ਨਹੀਂ ਉਹ ਮੌਤ ਦੀ ਗੱਲ ਕਿਵੇਂ ਕਰ ਸਕਦਾ ਏ? ਦੋਹੜੇ ਦੀ ਏਸ ਗੱਲ ਨਾਲ ਚਿੰਤਾ ਬਣ ਖਲੋਤੀ ਸੋ ਦੋਹੜੇ ਨੂੰ ਵਿਚਾਰਿਆ। ਦੋਹੜੇ ਨੇ ਆਪ ਦੱਸਿਆ ''ਧਨ'' ਨੂੰ ਤਾਂ ਸਮਝ, ਕਿ ''ਧਨ'' ਕੀ ਏ? ਗੱਲ ''ਧਨ'' ਦੇ ਨਾਲ ''ਵਰਨ'' ਦੀ ਹੁੰਦੀ ਪਈ ਏ, ਨਿਰੀ ਸਵਾਣੀ ਦੀ ਨਹੀਂ। ਜੇ ਨਿਰੀ ਤ੍ਰੀਮਤ ਦੀ ਗੱਲ ਹੈ, ਨਾਰ ਯਾ ਜਣੀ ਦੇ ਮਰਨ ਦੀ ਗੱਲ ਹੈ ਤੇ ਕੀ ਜਣੇ ਨੇ ਨਹੀਂ ਮਰਨਾ? ਕੀ ਜਣਾ ਸਦਾ ਦਾ ਜੀਵਨ ਜਿਉਂਦਾ ਏ? ਜੀਵਨ ਨੂੰ ਇੱਕ ਕਰ ਕੇ ਵੇਖਣ ਤੇ ਸਮਝਣ ਵਾਲਾ ਬਾਬਾ ਫਰੀਦ ਨਰ ਨਾਰ ਨੂੰ ਦੂਈ ਵਿਚ ਕਿਵੇਂ ਵੰਡ ਸਕਦਾ ਏ?

ਗੱਲ ''ਧਨ'' ਦੀ ਹੈ। ''ਧਨ'' ਜੋ ਬੱਝੀ ਹੋਈ ਸ਼ੈਅ ਵੇ, ਜਦੋਂ ਉਹਦੇ ਨਾਲ ਕੋਈ ਵਰਦਾ (ਵਿਆਹਿਆ) ਏ ਤਾਂ ਉਹਦਾ ਵੇਲਾ ਮਿਥਿਆ ਜਾਂਦਾ ਏ। ਫਰੀਦ ਧਨ ਨਾਲ ਨਹੀਂ ਵਰਿਆ ਸੋ ਫਰੀਦ ਜਿਉਂਦਾ ਏ ਪਿਆ। ਫਰੀਦ ਕੋਲ ਬਾਦਸ਼ਾਹਾਂ ਦੇ ਫੁਰਮਾਣ ਆਏ, ਪਿੰਡਾਂ ਦੀਆਂ ਮੁਆਫੀਆਂ (ਮੁਆਫੀਆਂ ਦਾ ਮਤਲਬ ਕਿਸੇ ਨੂੰ ਕੋਈ ਵਸਤ, ਜਾਗੀਰ ਬਖਸ਼ ਦੇਣਾ) ਦੇ ਫੁਰਮਾਣ ਆਏ ਪਰ ਫਰੀਦ ਨੇ ਮੋੜ ਦਿੱਤੇ, ਆਖਿਆ ਇਹ ਲੈ ਜਾਓ। ਇਨ੍ਹਾਂ ਦੇ ਚਾਹੁਣ ਵਾਲੇ ਹੋਰ ਬਹੁਤ ਨੇਂ, ਸਾਨੂੰ ਇਹ ਨਹੀਂ ਲੋੜੀਂਦਾ। ਸਾਡੀ ਲੋੜ ਤਾਂ ਜੀਅ ਜੀਅ ਦਾ ਸੰਗ ਏ, ਹਰ ਇੱਕ ਦੇ ਨਾਲ ਪਿਆਰ ਏ। ਜੀਅ ਦਾ ਜੀਅ ਨਾਲ ਸੰਗ ਤੁੱਟਾ ਧਨ ਦੇ ਮੱਲ ਬਣਨ ਪਾਰੋਂ, ਸੋ ਰਚਿਆ ਈ:

ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ॥
ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ॥

ਜਿਸ ਦਿਨ ਹਸਤੀ ਧਨ ਦੇ ਨਾਲ ਬੱਝ ਗਈ, ਧਨ ਦੀ ਕੈਦੀ ਹੋਈ, ਯਾ ਧਨ ਦੇ ਨਾਲ ਵਿਆਹੀ ਗਈ (ਇੰਝ ਰਾਸਵਾਲ ਵਿਹਾਰ ਵਿਚ ਕੈਦ ਤੇ ਵਿਆਹ ਇਕੋ ਰੰਗ ਈ ਨੇਂ) ਸਮਝੋ ਮਰ ਗਈ। ਜਦੋਂ ਹੋਂਦ ਨੇ ਧਨ ਨੂੰ ਚੁਣ ਲਿਆ, ਹੋਂਦ ਦਾ ਵੇਲਾ ਮਿਥਿਆ ਗਿਆ ਤਾਂ ਹੋਂਦ ਮੁੱਕੀ ਸਮਝੋ। ਕੀ ਧਨ ਵਾਲਾ ਜਿਉਂਦਾ ਰਹਿ ਸਕਦਾ ਏ? ਜੇ ਧਨ ਦੇ ਵਿਚ ਇਤਨਾ ਜ਼ੋਰ ਏ ਤੇ ਫੇਰ ਧਨ ਨਵੀਂ ਹਯਾਤੀ ਜੰਮੇ ਵੀ ਤੇ ਜਿਹੜੀ ਜੰਮੀ ਏ ਉਹਨੂੰ ਮਰਨ ਵੀ ਨਾ ਦੇਵੇ ਤਾਂ ਤੇ ਮੰਨੀਏ ਧਨ ਦਾ ਜ਼ੋਰ ਏ। ਧਨ ਦੀ ਇਹ ਬੱਝੀ ਸ਼ਕਲ ਕਰਨਹਾਰਾਂ ਦੀ ਕਰਨੀ ਦਾ ਮੁੱਲ ਏ। ਆਮ ਕਾਮਿਆਂ, ਸੇਪੀਆਂ, ਰਾਹਕਾਂ, ਵਾਹਿਕਾਂ, ਕਸਬਿਆਂ ਦੀ ਕਰਨੀ ਏ। ਨਿਮਾਣਿਆਂ ਹੱਥਾਂ ਦੀ ਕੀਤੀ ਮਿਹਨਤ ਏ। ਮਿਹਨਤੀਆਂ ਦੀ ਮਿਹਨਤ ਖੋਹਣ ਦਾ ਤੇ ਮਿਹਨਤ ਦਾ ਰੂਪ ਬਦਲ ਕੇ ਆਪਣੇ ਕੋਲ ਸਾਂਭਣ ਕੀਤੇ ਈ ਟਕਸਾਲਾਂ ਲਾਈਆਂ ਗਈਆਂ। ਕੁਦਰਤ ਦਾ ਬਣਾਇਆ ਧਨ ਸੋਨਾ ਚਾਂਦੀ ਪਿੱਤਲ ਦਾ ਮੁੱਲ ਵੀ ਧਨਵਾਨਾਂ ਨੇ ਮਿਥਿਆ। ਕਿਹੜੀ ਧਾਤ ਮਹਿੰਗੀ ਤੇ ਕਿਹੜੀ ਸਸਤੀ ਹੋਸੀ। ਘੱਟ ਲੱਭਣ ਵਾਲੀ ਮਹਿੰਗੀ ਤੇ ਬਹੁਤੀ ਲੱਭਣ ਵਾਲੀ ਸਸਤੀ। ਇਨ੍ਹਾਂ ਧਾਤਾਂ ਦੇ ਟਕਸਾਲਾਂ ਵਿਚ ਜਾ ਕੇ ਟਕੇ ਤੇ ਸਿੱਕੇ ਬਣਦੇ ਨੇਂ ਜੋ ਕਰਨਹਾਰ ਦੀ ਕਰਨੀ ਦਾ ਮੁੱਲ ਘੱਟ ਪਾ ਕੇ ਵਾਧੂ ਲਾਹਾ ਧਨਵਾਨਾਂ ਦੇ ਖਾਤੇ ਚੜ੍ਹਦਾ ਏ। ਸ਼ਾਹੀ ਖਜ਼ਾਨੇ ਭਰਦੇ ਨੇਂ, ਇਸੇ ਧਨ ਦੇ ਜ਼ੋਰ 'ਤੇ ਮਹਿਲ ਬਣਦੇ ਨੇਂ, ਫੌਜ ਤੇ ਪੁਲਸ ਦੀ ਭਰਤੀ ਹੋਂਦੀ ਏ। ਜੇ ਜੀਅ ਦਾ ਜੀਅ ਦੇ ਨਾਲ ਸੰਗ ਹੈ, ਹਰ ਇੱਕ ਦਾ ਆਪਸ ਵਿਚ ਪ੍ਰੇਮ ਪਿਆਰ ਹੈ, ਕੋਈ ਲੜਾਈ ਨਹੀਂ ਏ ਤੇ ਫੌਜ ਪੁਲਸ ਦੀ ਲੋੜ ਕੀਹਨੂੰ ਏ? ਜੇ ਆਪਸ ਵਿਚ ਕੋਈ ਵੈਰ-ਵਿਰੋਧ, ਕ੍ਰੋਧ ਤੇ ਮੁਕਾਬਲੇਬਾਜ਼ੀ ਨਹੀਂ ਤਾਂ ਅਦਾਲਤਾਂ ਕਚਹਿਰੀਆਂ ਦੀ ਲੋੜ ਨਹੀਂ ਏ। ਜੇ ਕਿਸੇ ਦੀ ਕੋਈ ਮੱਲ ਹੀ ਨਹੀਂ, ਕੁੱਝ ਜੋੜਿਆ ਈ ਨਹੀਂ ਤਾਂ ਚੋਰੀ ਦਾ ਡਰ ਵੀ ਨਹੀਂ ਏ। ਜੇ ਰਾਸਵਾਲ ਵਿਹਾਰ ਚੋਰ ਨਾ ਹੋਵੇ ਤਾਂ ਪੁਲਸ ਦੀ ਲੋੜ ਵੀ ਨਹੀਂ ਏ। ਪੁਲਸਾਂ, ਫੌਜਾਂ, ਅਦਾਲਤਾਂ, ਕਚਹਿਰੀਆਂ ਸਭ ਰਾਸਵਾਲ ਵਿਹਾਰ ਦੀ ਚੋਰੀ ਕੱਜਣ ਕੀਤੇ ਨੇਂ। ਚੋਰੀ ਹੈ ਮਿਹਨਤ ਦੀ, ਕਸ਼ਟ ਦੀ, ਘਾਲ ਦੀ। ਕਰਨਹਾਰ ਦੀ ਕਰਨੀ ਖੋਹ ਕੇ ਉਸ ਕਰਨੀ ਦਾ ਰੂਪ ਵਟਾ ਕੇ, ਟਕਾ ਸਿੱਕਾ ਬਣਾ ਕੇ ਆਪਣੇ ਬੈਂਕ ਭਰਨ ਦੀ। ਐਸੇ ਜੋੜੇ ਧਨ ਨੇ ਮਿੱਲਾਂ, ਫੈਕਟਰੀਆਂ ਕਾਰਖਾਨੇ ਲਵਾਏ ਤੇ ਲਾਹਾ ਹੋਰ ਧਨ ਹੋ ਜੁੜਿਆ। ਜਿਤਨਾ ਲਾਹਾ ਵਧਿਆ ਉਤਨਾ ਧਨ ਜੁੜਦਾ ਗਿਆ ਤੇ ਰੱਜਣ ਵਾਲੇ ਦੀ ਭੁੱਖ ਉਤਨੀ ਵਧਦੀ ਗਈ। ਸੋ ਸਾਰਾ ਨਿਜ਼ਾਮ ਧਨ ਉੱਤੇ ਟੁਰਦਾ ਏ ਪਿਆ। ਧਨ ਨੇ ਦੱਸਿਆ ਕਿ ਕੌਣ ਉਚਾ ਏ ਤੇ ਕੌਣ ਨੀਵਾਂ ਏ? ਕੌਣ ਵੱਡਾ ਏ ਤੇ ਕੌਣ ਛੋਟਾ ਏ? ਧਨ ਨੇ ਬੋਲੀ ਬਦਲੀ, ਧਨ ਨੇ ਮੇਲਬੰਦੀ (ਕਲਾਸ ਸੁਸਾਇਟੀ) ਬਣਾਈ। ਧਨ ਨੇ ਜੀਅ ਨੂੰ ਜੀਅ ਕੰਨੋਂ ਵਿਜੋਗਿਆ ਤੇ ਧਨ ਦੇ ਨਾਲ ਜੋੜਿਆ। ਪਰ ਜੇ ਧਨ ਦੇ ਵਿਚੋਂ ਸਭ ਕੁੱਝ ਲੱਭ ਜਾਂਦਾ ਤਾਂ ਧਨਵਾਨ ਖੁਸ਼ ਹੁੰਦਾ, ਉਹ ਖੁਸ਼ ਕਿਉਂ ਨਹੀਂ? ਕਿਉਂਕਿ ਪਤਾ ਏ, ਕਿਨ੍ਹਾਂ ਕਿਨ੍ਹਾਂ ਤੋਂ ਖੋਹਿਆ ਏ, ਤੇ ਖੋਹ ਕੇ ਜੋੜਿਆ ਏ, ਔਰ ਜਿਹੜੇ ਜਿਹੜੇ ਢੰਗਾਂ ਨਾਲ ਜੋੜਿਆ ਏ ਉਸ ਦਾ ਧਨ ਜੋੜਨ ਵਾਲੇ ਨੂੰ ਆਪਣੇ ਅੰਦਰ ਪੂਰਾ ਪੂਰਾ ਚਾਨਣ ਵੀ ਏ। ਧਨ ਦੀ ਏਸ ਬੱਝੀ ਸ਼ਕਲ ਨੇ ਇੰਜ ਕਮਲਾ ਕੀਤਾ ਮਨੁੱਖ ਨੂੰ ਓਸ ਦੇ ਚਿੱਤ ਚੇਤੇ ਵਿਚੋਂ ਧਨ ਦਾ ਅਸਲ ਰੂਪ ਈ ਅਲੋਪ ਹੋ ਗਿਆ। ਨਜ਼ਮ ਜੀ 'ਧਨ' ਬਾਰੇ ਲਿਖਦੇ ਨੇਂ:

''ਧਨ ਨੂੰ ਹੱਥ ਵੱਸ ਕਰਨ ਦੀ ਨਿੱਤ ਵਧਣਹਾਰ ਭੁੱਖ, ਧਨ ਨੂੰ ਅਪਣਾ ਅੰਗ ਬਣਾਉਣ ਦੀ, ਧਨ ਨਾਲ ਧਨ ਹੋ ਵੰਝਣ ਦੀ ਲੱਤ ਯਾ ਰੋਗ ਤਦ ਬਣੀ ਏ ਜਦ ਵਾਹੀ ਦੀ ਕਮਾਈ ਮਾਲਕੀ ਵਾਲੇ ਧਿਗਾਣ ਰਾਹੀਂ ਹਾਕਮਾਂ ਦੇ ਹੱਥ ਵਿਚ ਇਕੱਠੀ ਥਈ ਏ''। (ਆਹੀਆਂ ਵਿਚੋਂ ਨਾਹੀਆਂ। ਸ 184)

ਹੀਰ ਕਹਾਣੀ ਨਾਰ ਦੀ ਆਪ ਸਿਆਣ ਦੀ ਅਕਥ ਕਹਾਣੀ ਏ। ਆਪਣੀ ਹੋਂਦ ਨੂੰ ਧਨ ਬਣਨ ਤੋਂ ਇਨਕਾਰ ਦੀ ਕੱਥ। ਨਜ਼ਮ ਹੀਰ ਬਾਰੇ ਲਿਖਿਆ ਏ:

''ਹੀਰ ਦੀ ਪੂਰੀ ਕਹਾਣੀ ਵਿਚ ਅਸੀਂ ਵੇਖਣੇ ਆਂ ਹੀਰ ਕਿਵੇਂ ਆਪਣੇ ਸਰੀਰ ਨੂੰ ਰਾਠ ਧਨ ਨਹੀਂ ਬਣਨ ਦਿੰਦੀ ਤੇ ਮਿਹਨਤੀ ਜਣੇ ਜਣੀਆਂ ਦੇ ਸਾਂਝੇ ਉਪਜਾਏ ਰਿਜ਼ਕ ਨੂੰ ਰਮਜ਼ ਬਣੀਂਦੀ ਏ ਆਪਣੀ ਮਿਲਾਪ ਸਕਤ ਦੀ। (ਚਾਕ ਦੀ ਚੂਰੀਓਂ ਜੋਗੀ ਦੇ ਚੀਣੇ ਤਾਈਂ ਇਕ ਮਹੀਨ ਕੇਰਾ ਹੈ ਇਨ੍ਹਾਂ ਰਮਜ਼ਾਂ ਦਾ) ਪਰ ਇਹ ਏਸੇ ਪਾਰੋਂ ਹੈ ਜੋ ਹੀਰ ਦੀ ਕਹਾਣੀ ਹੈ ਈ ਉਪਜ ਨੂੰ ਧਨ ਬਣਨ ਤੋਂ ਵਰਜਣ ਦੀ ਕਹਾਣੀ। ਧਨ ਬਣੀ ਉਪਜ ਨੂੰ ਮੁੜ ਕਰਨਹਾਰ ਦਾ ਤੱਤ ਸੱਤ ਬਣਾਉਣ ਦੀ, ਲੋੜ ਨੂੰ ਲੋਭ ਦੀ ਢਾਲ ਵਿਚੋਂ ਗਾਲ ਨਿਤਾਰਨ ਦੀ, ਲੋੜ ਦੀ ਕੰਡ ਤੋਂ ਲੋਭ ਦਾ ਛਾਂਟਾ ਹਟਾਵਨ ਦੀ ਕਹਾਣੀ। ਪਰ ਇਹ ਕਹਾਣੀ ਉੱਸਰੀ ਏ ਵਾਰ ਦੀ ਓਸ ਪੜਤ ਸਿਰ ਜਿਹੜੀ ਮਿਹਨਤੀਆਂ ਤੇ ਮਾਲਕਾਂ ਦੇ ਅਸਲ ਕਸਾਕੋਂ ਅੱਖ ਨਹੀਂ ਚੁਰਾਂਦੀ, ਮਿਹਨਤ ਮਾਲਕੀ ਕਿਵੇਂ ਬਣਦੀ ਏ ਇਹ ਪੜ੍ਹਨੋਂ ਪੜ੍ਹਾਵਨੋ ਨਹੀਂ ਟਲਦੀ।'' (ਆਹੀਆਂ ਵਿਚੋਂ ਨਾਹੀਆਂ। ਸ 184) ਚਲਦਾ

**-ਡਾ. ਆਸਮਾ ਕਾਦਰੀ**

# 1984: ਜਦੋਂ ਉਹ ਸਿੱਖਾਂ ਲਈ ਆਏ

***ਪਿਛਲੇ ਅੰਕ ਵਿਚ ਅਸੀਂ 'ਕਲਾ ਪਰਿਕਰਮਾ' ਵਿਚ ਕੈਨੇਡਾ ਵੱਸਦੇ ਪੱਤਰਕਾਰ ਗੁਰਪ੍ਰੀਤ ਸਿੰਘ ਦੇ ਹਾਲੀ ਹੀ ਵਿਚ ਛਪੇ ਦੋ-ਭਾਸ਼ੀ ਕਿਤਾਬਚੇ '1984: ਜਦੋਂ ਉਹ ਸਿੱਖਾਂ ਲਈ ਆਏ' ਬਾਰੇ ਛਾਪਿਆ ਸੀ। ਬਹੁਤ ਸਾਰੇ ਪਾਠਕਾਂ ਨੇ ਇਸ ਕਿਤਾਬਚੇ ਲਈ ਦਿਲਚਸਪੀ ਦਿਖਾਈ। ਇਸੇ ਕਰ ਕੇ ਅਸੀਂ ਇਸ ਕਿਤਾਬਚੇ ਵਿਚ ਦਰਜ ਸਮੁੱਚਾ ਲੇਖ ਆਪਣੇ ਸੁਘੜ ਪਾਠਕਾਂ ਨਾਲ ਸਾਂਝਾ ਕਰ ਰਹੇ ਹਾਂ। ਇਸ ਲਿਖਤ ਦਾ ਅੰਗਰੇਜ਼ੀ ਤੋਂ ਅਨੁਵਾਦ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ।***

2018 ਦੀਆਂ ਗਰਮੀਆਂ ਦਾ ਸਮਾਂ ਸੀ ਜਦੋਂ ਮੈਂ ਆਪਣੇ ਪਰਿਵਾਰ ਨਾਲ ਬਰਲਿਨ (ਜਰਮਨੀ) ਘੁੰਮਣ ਗਿਆ। ਇਸ ਦੀ ਇਕ ਵਜ੍ਹਾ ਸਰਬਨਾਸ਼ ਦੇ ਇਤਿਹਾਸ ਨੂੰ ਜਾਨਣ ਦੀ ਮੇਰੀ ਉਤਸੁਕਤਾ ਸੀ ਜੋ ਮੈਨੂੰ ਉਥੇ ਖਿੱਚ ਕੇ ਲੈ ਗਈ। ਇਕ ਦਿਨ ਅਸੀਂ ਫਰੈਂਕਫਰਟ ਤੋਂ ਉਸ ਸ਼ਹਿਰ ਗਏ ਜਿੱਥੇ ਅਸੀਂ ਯੂਰਪ 'ਚ ਆਪਣੀ ਛੁੱਟੀਆਂ ਦੇ ਪਹਿਲੇ ਪੜਾਅ ਲਈ ਰੁਕੇ ਸੀ, ਮੈਂ ਮਾਰਟਿਨ ਨਿਮੋਲਰ ਨਾਲ ਸਬੰਧਿਤ ਕੋਈ ਇਤਿਹਾਸਕ ਸਥਾਨ ਲੱਭਣਾ ਸ਼ੁਰੂ ਕਰ ਦਿੱਤਾ।

ਸਾਡੀ ਖੁਸ਼ਕਿਸਮਤੀ ਇਹ ਸੀ ਕਿ ਉਸ ਦਾ ਘਰ ਉਸ ਜਗ੍ਹਾ ਤੋਂ ਦੂਰ ਨਹੀਂ ਸੀ ਜਿੱਥੇ ਅਸੀਂ ਰਹਿਣ ਲਈ ਟਿਕਾਣਾ ਲਿਆ ਸੀ। ਇੰਟਰਨੈੱਟ ਦੀ ਮਦਦ ਨਾਲ ਉਸ ਸਥਾਨ ਦਾ ਪਤਾ ਲਗਾਉਣ ਤੋਂ ਬਾਅਦ ਮੈਂ ਉੱਥੇ ਗਿਆ ਪਰ



ਇਹ ਦੇਖ ਕੇ ਨਿਰਾਸ਼ਾ ਹੋਈ ਕਿ ਅਜਾਇਬ ਘਰ ਬਣਾ ਦਿੱਤੇ ਜਾਣ ਕਾਰਨ ਉਹ ਇਮਾਰਤ ਕਿਸੇ ਤਰ੍ਹਾਂ ਦੀ ਉਸਾਰੀ ਲਈ ਬੰਦ ਕਰ ਦਿੱਤੀ ਗਈ ਸੀ।

**ਗੁਰਪ੍ਰੀਤ ਸਿੰਘ**
**ਫੋਨ: +1-778-862-2454**

ਉੱਥੇ ਸਾਰੇ ਚਿੰਨ੍ਹ ਜਰਮਨ ਵਿਚ ਸਨ ਅਤੇ ਇਹ ਭਾਸ਼ਾ ਮੇਰੇ ਲਈ ਓਪਰੀ ਸੀ। ਵੈਬਸਾਈਟ ਉੱਪਰ ਜੋ ਫੋਨ ਨੰਬਰ ਦਿੱਤਾ ਗਿਆ ਸੀ, ਉਸ ਉੱਪਰ ਵੀ ਕੋਈ ਜਵਾਬ ਨਹੀਂ ਆ ਰਿਹਾ ਸੀ।

ਨਿਮੋਲਰ ਦੀ ਕਹਾਣੀ ਮੈਨੂੰ ਹਮੇਸ਼ਾ ਖਿੱਚ ਪਾਉਂਦੀ ਰਹੀ ਹੈ। ਧਰਮ ਸ਼ਾਸਤਰੀ ਅਤੇ ਪਾਦਰੀ ਨਿਮੋਲਰ ਆਪਣੀ ਇਸ ਕਾਵਿਕ ਟੂਕ ਲਈ ਮਸ਼ਹੂਰ ਹਨ; "ਪਹਿਲਾਂ ਉਹ ਸਮਾਜਵਾਦੀਆਂ ਲਈ ਆਏ, ਤੇ ਮੈਂ ਨਹੀਂ ਬੋਲਿਆ - ਕਿਉਂਕਿ ਮੈਂ ਸਮਾਜਵਾਦੀ ਨਹੀਂ ਸੀ। ਫਿਰ ਉਹ ਟਰੇਡ ਯੂਨੀਅਨਿਸਟਾਂ ਲਈ ਆਏ, ਤੇ ਮੈਂ ਨਹੀਂ ਬੋਲਿਆ - ਕਿਉਂਕਿ ਮੈਂ ਟਰੇਡ ਯੂਨੀਅਨਿਸਟ ਨਹੀਂ ਸੀ। ਫਿਰ ਉਹ ਯਹੂਦੀਆਂ ਲਈ ਆਏ, ਮੈਂ ਫਿਰ ਵੀ ਨਹੀਂ ਬੋਲਿਆ - ਕਿਉਂਕਿ ਮੈਂ ਯਹੂਦੀ ਨਹੀਂ ਸੀ। ਫਿਰ ਉਹ ਮੇਰੇ ਲਈ ਆਏ - ਤੇ ਉਦੋਂ ਕੋਈ ਨਹੀਂ ਸੀ ਬਚਿਆ ਜੋ ਮੇਰੇ ਲਈ ਬੋਲਦਾ।"

ਅਡੋਲਫ ਹਿਟਲਰ ਅਤੇ ਨਾਜ਼ੀਆਂ ਦਾ ਆਲੋਚਕ ਹੋਣ ਕਰ ਕੇ ਉਸਨੂੰ ਕਈ ਸਾਲ ਤਸੀਹਾ ਕੈਂਪਾਂ ਵਿਚ ਗੁਜ਼ਾਰਨੇ ਪਏ ਜਿਸ ਵਿਚ ਬਰਲਿਨ ਦੇ ਨੇੜੇ ਜ਼ਕਸਿਨਹੌਜੇਨ ਦਾ ਤਸੀਹਾ ਕੈਂਪ ਵੀ ਸ਼ਾਮਲ ਸੀ ਜਿੱਥੇ ਅਸੀਂ ਇਕ ਦਿਨ ਦੀ ਯਾਤਰਾ ਲਈ ਗਏ ਸੀ।

ਪਹਿਲਾਂ ਨਿਮੋਲਰ ਹਿਟਲਰ ਦਾ ਹਮਾਇਤੀ ਸੀ ਜੋ ਉਸ ਤੋਂ ਉਦੋਂ ਵੱਖ ਹੋ ਗਿਆ ਸੀ ਜਦੋਂ ਨਾਜ਼ੀਆਂ ਨੇ ਚਰਚਾਂ ਉੱਪਰ ਕੰਟਰੋਲ ਕਰਨਾ ਸ਼ੁਰੂ ਕਰ ਦਿੱਤਾ। ਚਰਚਾਂ ਦੇ ਨਾਜ਼ੀਕਰਨ ਦੇ ਉਸ ਦੇ ਵਿਰੋਧ ਨੇ ਹੀ ਉਸ ਨੂੰ ਸਟੇਟ ਦਾ ਦੁਸ਼ਮਣ ਬਣਾ ਦਿੱਤਾ। ਉਸ ਤੋਂ ਬਾਅਦ ਨਿਮੋਲਰ ਨੇ ਕਦੇ ਪਿੱਛੇ ਮੁੜ ਕੇ ਨਹੀਂ ਦੇਖਿਆ ਅਤੇ ਉਹ ਦੁਨੀਆ ਭਰ ਵਿਚ ਮਨੁੱਖੀ ਹੱਕਾਂ ਦੇ ਰਾਖਿਆਂ ਲਈ ਚਿੰਨ੍ਹ ਬਣ ਗਿਆ। ਉਸ ਦੀ ਕਾਇਆਪਲਟੀ ਸੱਚਮੁੱਚ ਉਸ ਦੀਆਂ ਪ੍ਰਸਿੱਧ ਕਵਿਤਾਵਾਂ ਵਿਚ ਪ੍ਰਗਟ ਕੀਤੀਆਂ ਉਸ ਦੀਆਂ ਭਾਵਨਾਵਾਂ ਨੂੰ ਦਰਸਾਉਂਦੀ ਹੈ ਜਿਸ ਨੂੰ ਨਾਗਰਿਕ ਅਧਿਕਾਰਾਂ ਦੇ ਕਾਰਕੁਨਾਂ ਹੁਣ ਵੀ ਅਕਸਰ ਆਪਣੇ ਨਾਲ ਜੋੜਦੇ ਹਨ।

ਇਤਫ਼ਾਕ ਨਾਲ ਨਿਮੋਲਰ 1984 ਵਿਚ ਚਲਾਣਾ ਕਰ ਗਏ ਜੋ ਭਾਰਤ ਵਿਚ ਸਿੱਖਾਂ ਲਈ ਇਤਿਹਾਸ ਦੀ ਦਿਸ਼ਾ ਬਦਲ ਦੇਣ ਵਾਲਾ ਸਾਲ ਸੀ।

ਇਹ ਉਹ ਸਮਾਂ ਸੀ ਜਦੋਂ ਪੰਜਾਬ ਦੇ ਸਿੱਖ ਆਪਣੀ ਧਾਰਮਿਕ ਆਜ਼ਾਦੀ ਅਤੇ ਰਾਜਨੀਤਕ ਖੁਦਮੁਖਤਾਰੀ ਦੀ ਰਾਖੀ ਲਈ ਵਧੇਰੇ ਅਧਿਕਾਰਾਂ ਲਈ ਲੜ ਰਹੇ ਸਨ। ਉਨ੍ਹਾਂ ਦਾ ਅੰਦੋਲਨ ਭਾਵੇਂ ਕਾਫੀ ਹੱਦ ਤੱਕ ਸ਼ਾਂਤਮਈ ਰਿਹਾ ਪਰ ਹਿੰਦੂ ਬਹੁਗਿਣਤੀ ਵਾਲੇ ਭਾਰਤ ਦਾ ਦੋ ਪ੍ਰਤੀਸ਼ਤ ਇਨ੍ਹਾਂ ਲੋਕਾਂ (ਸਿੱਖਾਂ) ਨੂੰ ਆਪਣੇ ਆਪ ਨੂੰ ਧਰਮ ਨਿਰਪੱਖ ਕਹਿਣ ਵਾਲੀ ਕਾਂਗਰਸ ਸਰਕਾਰ ਵੱਲੋਂ ਗ਼ਲਤ ਤਰੀਕੇ ਨਾਲ ਨਿਸ਼ਾਨਾ ਬਣਾਇਆ ਗਿਆ। ਇਹ ਹਿੰਦੂਆਂ ਦੀ ਪਾਲਾਬੰਦੀ ਕਰ ਕੇ ਆ ਰਹੀਆਂ ਆਮ ਚੋਣਾਂ ਜਿੱਤਣ ਲਈ ਰਾਸ਼ਟਰੀ ਏਕਤਾ ਦੇ ਨਾਂ ਹੇਠ ਕੀਤਾ ਗਿਆ। ਮਾਡਰੇਟ ਸਿੱਖ ਲੀਡਰਸ਼ਿਪ ਵੱਲੋਂ ਚਲਾਈ ਕਿਸੇ ਵੀ ਮੁਹਿੰਮ ਨੂੰ ਮੁੱਖ ਧਾਰਾ ਮੀਡੀਆ ਵਿਚ ਜਾਂ ਤਾਂ ਨਜ਼ਰਅੰਦਾਜ਼ ਕੀਤਾ ਗਿਆ ਜਾਂ ਵੱਖਵਾਦੀ ਵਜੋਂ ਬਦਨਾਮ ਕੀਤਾ ਗਿਆ। ਇੱਥੋਂ ਤੱਕ ਇਲਜ਼ਾਮ ਵੀ ਲੱਗੇ ਕਿ ਸਿੱਖ ਲਹਿਰ ਨੂੰ ਕਮਜ਼ੋਰ ਕਰਨ ਅਤੇ ਬਹੁਗਿਣਤੀ ਨੂੰ ਖ਼ੁਸ਼ ਕਰਨ ਲਈ ਸਿੱਖ ਭਾਈਚਾਰਾ ਦਾ ਪਿੱਛਾ ਕਰਨ ਲਈ ਢੁਕਵੇਂ ਹਾਲਾਤ ਪੈਦਾ ਕਰਨ ਵਾਸਤੇ ਗੁਪਤ ਰੂਪ ਵਿਚ ਸਮਾਨੰਤਰ ਖਾੜਕੂ ਲੀਡਰਸ਼ਿਪ ਦੀ ਸਰਪ੍ਰਸਤੀ ਕੀਤੀ।

ਉਸ ਸਮੇਂ ਦੇ ਸਟੇਟ ਦੇ ਕੰਟਰੋਲ ਵਾਲੇ ਮੀਡੀਆ ਅਤੇ ਦਰਬਾਰੀ ਪੱਤਰਕਾਰਾਂ ਦੋਹਾਂ ਨੇ ਅੰਮ੍ਰਿਤਸਰ ਦੇ ਦਰਬਾਰ ਸਾਹਿਬ ਕੰਪਲੈਕਸ ਦੇ ਅੰਦਰਲੇ ਕੁਝ ਲੋਕਾਂ ਉੱਪਰ ਕਾਤਲ ਦਸਤਿਆਂ ਕੋਲੋਂ ਹਿੰਦੂਆਂ ਖਾੜਕੂਆਂ ਦੇ ਸਿਆਸੀ ਆਲੋਚਕਾਂ ਦੇ ਕਤਲ ਕਰਾਉਣ ਦੇ ਇਲਜ਼ਾਮ ਲਗਾਏ। ਠੀਕ 40 ਸਾਲ ਪਹਿਲਾਂ ਜੂਨ 1984 ਵਿਚ ਭਾਰਤੀ ਫ਼ੌਜ ਨੇ ਸਿੱਖਾਂ ਦੇ ਸਭ ਤੋਂ ਪਾਵਨ ਅਸਥਾਨ ਦਰਬਾਰ ਸਾਹਿਬ ਕੰਪਲੈਕਸ ਉੱਤੇ ਹਮਲਾ ਕੀਤਾ ਸੀ ਤਾਂ ਜੋ ਇਸ ਧਾਰਮਿਕ ਸਥਾਨ ਦੇ ਅੰਦਰ ਲੁਕੇ ਹੋਏ ਮੁੱਠੀ ਭਰ ਬਾਗ਼ੀਆਂ ਨਾਲ ਨਜਿੱਠਿਆ ਜਾ ਸਕੇ। ਇਸ ਮੰਦਭਾਗੀ ਫ਼ੌਜੀ ਕਾਰਵਾਈ ਨੇ ਬਹੁਤ ਸਾਰੇ ਬੇਕਸੂਰ ਸ਼ਰਧਾਲੂਆਂ ਦੀ ਜਾਨ ਲੈ ਲਈ ਅਤੇ ਮਹੱਤਵਪੂਰਨ ਇਤਿਹਾਸਕ ਇਮਾਰਤਾਂ ਤਬਾਹ ਕਰ ਦਿੱਤੀਆਂ।

ਖਾੜਕੂਆਂ ਨੂੰ ਗੱਲਬਾਤ, ਘੇਰਾਬੰਦੀ ਜਾਂ ਪਾਣੀ ਅਤੇ ਬਿਜਲੀ ਸਪਲਾਈ ਬੰਦ ਕਰ ਕੇ ਆਤਮ-ਸਮਰਪਣ ਕਰਾਉਣ ਦੇ ਹੋਰ ਸਾਰੇ ਬਦਲ ਇਸਤੇਮਾਲ ਨਹੀਂ ਕੀਤੇ ਗਏ ਤਾਂ ਕਿ ਇਹ ਇਕ ਸਮੂਹ ਦੇ ਲੋਕਾਂ ਉੱਪਰ ਸ਼ਾਨਦਾਰ ਜਿੱਤ ਵਾਂਗ ਨਜ਼ਰ ਆਵੇ। ਇਸ ਖ਼ੂਨ-ਖਰਾਬੇ ਦਾ ਅੰਜਾਮ ਪੰਜ ਮਹੀਨੇ ਬਾਅਦ ਤੱਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਸਿੱਖ ਅੰਗ ਰੱਖਿਅਕਾਂ ਦੁਆਰਾ ਉਸ ਦੇ ਕਤਲ ਵਿਚ 'ਚ ਹੋਇਆ ਜੋ ਅੰਮ੍ਰਿਤਸਰ ਦੀਆਂ ਘਟਨਾਵਾਂ ਤੋਂ ਗੁੱਸੇ 'ਚ ਸਨ।

ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਕਾਂਗਰਸ ਪਾਰਟੀ ਨੇ ਪੂਰੇ ਭਾਰਤ ਵਿਚ ਸਿੱਖਾਂ ਦਾ ਕਤਲੇਆਮ ਕਰਵਾਇਆ। ਇਕੱਲੀ ਨਵੀਂ ਦਿੱਲੀ ਵਿਚ ਹੀ ਪੁਲਿਸ ਦੀ ਮਦਦ ਨਾਲ ਭੀੜਾਂ ਵੱਲੋਂ 3000 ਦੇ ਕਰੀਬ ਸਿੱਖਾਂ ਦਾ ਕਤਲੇਆਮ ਕੀਤਾ ਗਿਆ। ਇੰਦਰਾ ਦੇ ਪੁੱਤਰ ਰਾਜੀਵ ਜਿਸ ਬਾਰੇ ਬਹੁਤ ਸਾਰੇ ਲੋਕਾਂ ਦਾ ਮੰਨਣਾ ਹੈ ਕਿ ਉਸ ਦੀ ਕਤਲੇਆਮ ਵਿਚ ਮਿਲੀ ਭੁਗਤ ਸੀ, ਨੇ ਸਿੱਖ ਵਿਰੋਧੀ ਲਹਿਰ 'ਤੇ ਸਵਾਰ ਹੋ ਕੇ ਅਗਲੀਆਂ ਚੋਣਾਂ 'ਚ ਵੱਡੇ ਫਤਵੇ ਨਾਲ ਜਿੱਤ ਹਾਸਲ ਕੀਤੀ। ਪ੍ਰਧਾਨ ਮੰਤਰੀ ਬਣਦਿਆਂ ਉਸ ਨੇ ਇਕ ਖ਼ਾਸ ਭਾਈਚਾਰੇ ਨੂੰ ਨਿਸ਼ਾਨਾ ਬਣਾਉਣ ਪਿੱਛੇ ਸੱਤਾਧਾਰੀ ਪਾਰਟੀ ਦੇ ਅਸਲ ਇਰਾਦਿਆਂ ਬਾਰੇ ਕੋਈ ਸ਼ੱਕ ਨਹੀਂ ਰਹਿਣ ਦਿੱਤਾ।

ਉਂਝ, ਵਿਸ਼ੇਸ਼ ਅਧਿਕਾਰ ਪ੍ਰਾਪਤ ਬਹੁਗਿਣਤੀ ਅਜਿਹੇ ਘੋਰ ਜਬਰ-ਜ਼ੁਲਮ ਪ੍ਰਤੀ ਉਦਾਸੀਨ ਬਣੀ ਰਹੀ। ਇੱਥੋਂ ਤੱਕ ਕਿ ਅਖੌਤੀ ਉਦਾਰਵਾਦੀ ਵੀ ਕਾਂਗਰਸ ਨੂੰ ਪਵਿੱਤਰ ਗਊ ਦੇ ਰੂਪ ਵਿਚ ਦੇਖਦੇ ਹਨ ਅਤੇ ਅਜੇ ਵੀ ਇਸੇ ਤਰ੍ਹਾਂ ਸਮਝਦੇ ਹਨ। ਉਨ੍ਹਾਂ ਨੇ ਸਿੱਖਾਂ ਦੇ ਦੁੱਖ-ਤਕਲੀਫ਼ਾਂ ਨੂੰ ਬਹੁਤ ਸਹਿਜੇ ਹੀ ਨਜ਼ਰਅੰਦਾਜ਼ ਕਰ ਦਿੱਤਾ।




*ਪੱਤਰਕਾਰ ਗੁਰਪ੍ਰੀਤ ਸਿੰਘ ਦੇ ਦੋ-ਭਾਸ਼ੀ ਕਿਤਾਬਚੇ '1984: ਜਦੋਂ ਉਹ ਸਿੱਖਾਂ ਲਈ ਆਏ' ਦਾ ਮੁਖੜਾ।*

ਇਕ ਦੁਖੀ ਘੱਟਗਿਣਤੀ ਦੇ ਹੱਕ 'ਚ ਖੜ੍ਹਨ ਜਾਂ ਉਨ੍ਹਾਂ ਦੇ ਦੁੱਖ ਨੂੰ ਦੂਰ ਕਰਨ ਲਈ ਕੋਈ ਸਾਰਥਕ ਕੰਮ ਕਰਨ ਦੀ ਬਜਾਇ ਇਹ ਉਦਾਰਵਾਦੀ ਕਾਂਗਰਸ ਪਾਰਟੀ ਦੇ ਇਕਪਾਸੜ ਪ੍ਰਚਾਰ ਦੇ ਵਹਿਣ 'ਚ ਵਹਿ ਗਏ। ਇਹ ਦਸਤਾਵੇਜ਼ੀ ਰੂਪ 'ਚ ਬਖ਼ੂਬੀ ਦਰਜ ਹੈ ਕਿ ਹਿੰਦੂ ਰਾਸ਼ਟਰਵਾਦੀ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਹਮਾਇਤੀਆਂ ਨੇ ਵੀ ਸਿੱਖ ਭਾਈਚਾਰੇ ਦੇ ਦੁੱਖਾਂ ਦਾ ਸੁਆਦ ਲਿਆ। ਉਨ੍ਹਾਂ ਵਿਚੋਂ ਕੁਝ ਨੇ ਕਾਂਗਰਸ ਸਰਕਾਰ ਦੀਆਂ ਕਾਰਵਾਈਆਂ ਨੂੰ ਖੁੱਲ੍ਹੇਆਮ ਜਾਇਜ਼ ਠਹਿਰਾਇਆ ਜਦੋਂਕਿ ਹੋਰ ਕਤਲੇਆਮ ਵਿਚ ਸ਼ਾਮਿਲ ਹੋਏ। ਇਹ ਦੱਸਦਾ ਹੈ ਕਿ 1984 ਵਿਚ ਕਾਂਗਰਸ ਭਾਰੀ ਬਹੁਮਤ ਨਾਲ ਕਿਉਂ ਕਾਂਗਰਸ ਜਿੱਤੀ ਸੀ। ਭਾਜਪਾ ਨੂੰ ਸੰਸਦ ਵਿਚ ਸਿਰਫ਼ ਦੋ ਸੀਟਾਂ ਮਿਲੀਆਂ ਸਨ ਜਦੋਂਕਿ ਕਾਂਗਰਸ ਨੂੰ 400 ਤੋਂ ਵੱਧ ਸੀਟਾਂ ਮਿਲੀਆਂ ਸਨ।

ਹੁਣ ਫਰਵਰੀ 2002 ਦੀ ਗੱਲ ਕਰਦੇ ਹਾਂ ਜਦੋਂ ਗੁਜਰਾਤ ਨੇ ਤੱਤਕਾਲੀ ਮੁੱਖ ਮੰਤਰੀ ਨਰਿੰਦਰ ਮੋਦੀ ਦੀ ਨਿਗਰਾਨੀ ਹੇਠ ਮੁਸਲਮਾਨਾਂ ਦਾ ਸਭ ਤੋਂ ਘਿਨਾਉਣਾ ਕਤਲੇਆਮ ਦੇਖਣ 'ਚ ਆਇਆ। ਹਿੰਦੂ ਕਾਰ ਸੇਵਕਾਂ ਨੂੰ ਲੈ ਕੇ ਜਾ ਰਹੀ ਰੇਲਗੱਡੀ ਨੂੰ ਅੱਗ ਲੱਗਣ ਤੋਂ ਬਾਅਦ ਜਿਸ ਨਾਲ 50 ਤੋਂ ਵੱਧ ਯਾਤਰੀ ਮਾਰੇ ਗਏ ਸਨ, ਗੁਜਰਾਤ ਰਾਜ ਵਿਚ ਭਾਜਪਾ ਦੇ ਕਾਰਕੁਨਾਂ ਦੀ ਅਗਵਾਈ ਵਾਲੀਆਂ ਭੀੜਾਂ ਨੇ ਹਜ਼ਾਰਾਂ ਮੁਸਲਮਾਨਾਂ ਦਾ ਕਤਲੇਆਮ ਕੀਤਾ।

ਮੋਦੀ ਜੋ ਹੁਣ ਭਾਰਤ ਦਾ ਪ੍ਰਧਾਨ ਮੰਤਰੀ ਹੈ ਅਤੇ ਭਾਰੀ ਬਹੁਗਿਣਤੀ ਤਹਿਤ ਨਵੀਂ ਦਿੱਲੀ ਵਿਚ ਭਾਜਪਾ ਸਰਕਾਰ ਚਲਾ ਰਿਹਾ ਹੈ, ਨੇ 2002 ਦੇ ਗੋਧਰਾ ਕਾਂਡ ਦਾ ਇਲਜ਼ਾਮ ਇਸਲਾਮੀ ਕੱਟੜਪੰਥੀਆਂ ਉੱਪਰ ਲਾ ਕੇ ਹਿੰਦੂਆਂ ਨੂੰ ਮੁਸਲਮਾਨਾਂ ਨੂੰ ਮਾਰਨ ਲਈ ਉਕਸਾਇਆ ਸੀ। ਹਾਲਾਂਕਿ ਮੋਦੀ ਉੱਪਰ ਕਾਨੂੰਨੀ ਤੌਰ 'ਤੇ ਕਦੇ ਦੋਸ਼ ਨਹੀਂ ਲਗਾਇਆ ਗਿਆ ਪਰ ਕਤਲੇਆਮ ਤੋਂ ਜ਼ਿੰਦਾ ਬਚੇ ਲੋਕ ਉਸ ਦੀ ਮਿਲੀਭੁਗਤ ਦਾ ਦੋਸ਼ ਲਗਾਉਂਦੇ ਆ ਰਹੇ ਹਨ। ਇਸ ਹਿੰਸਾ ਦਾ ਪੈਟਰਨ ਵੀ 1984 ਦੀ ਹਿੰਸਾ ਵਾਲਾ ਸੀ। ਇਸ ਤੋਂ ਬਾਅਦ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਮੋਦੀ ਹੋਰ ਜ਼ਿਆਦਾ ਸੀਟਾਂ ਲੈ ਕੇ ਦੁਬਾਰਾ ਚੁਣਿਆ ਗਿਆ। ਇਸ ਨਾਲ ਉਸ ਨੂੰ ਭਾਜਪਾ ਦੇ ਹੋਰ ਆਗੂਆਂ ਤੋਂ ਅੱਗੇ ਨਿਕਲਣ ਦਾ ਲਾਹਾ ਮਿਲਿਆ ਅਤੇ ਹੌਲੀ ਹੌਲੀ ਇਸ ਨੇ ਮੋਦੀ ਨੂੰ 2014 ਦੀਆਂ ਸੰਸਦੀ ਚੋਣਾਂ ਵਿਚ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਇਕ ਸੰਭਾਵੀ ਉਮੀਦਵਾਰ ਬਣਾ ਦਿੱਤਾ, ਭਾਵੇਂ ਕਿ ਉਦੋਂ ਤੱਕ ਉਹ ਗੁਜਰਾਤ ਵਿਚ ਆਪਣਾ ਰਾਜ ਬਰਕਰਾਰ ਰੱਖ ਸਕਿਆ ਸੀ।

ਇਸ ਦੌਰਾਨ, ਭਾਜਪਾ ਸੱਤਾ ਉੱਪਰ ਕਾਬਜ਼ ਹੋਣਾ ਯਕੀਨੀ ਬਣਾਉਣ ਲਈ ਆਪਣੀ ਫੁੱਟ ਪਾਊ ਰਾਜਨੀਤੀ ਵਿਚ ਜੀ ਜਾਨ ਨਾਲ ਜੁਟੀ ਰਹੀ। 2008 ਵਿਚ ਇਕ ਇਸਾਈ ਵਿਰੋਧੀ ਕਤਲੇਆਮ ਨੇ ਪੂਰਬੀ ਰਾਜ ਉੜੀਸਾ ਨੂੰ ਝੰਜੋੜ ਦਿੱਤਾ ਜਿੱਥੇ ਵਿਵਾਦਪੂਰਨ ਹਿੰਦੂ ਪ੍ਰਚਾਰਕ ਨੂੰ ਮਾਓਵਾਦੀ ਬਾਗ਼ੀਆਂ ਨੇ ਮਾਰ ਦਿੱਤਾ ਸੀ ਪਰ ਭਾਜਪਾ ਦੇ ਹਮਾਇਤੀ ਤਾਂ ਇਸ ਮੌਕੇ ਦੀ ਭਾਲ 'ਚ ਸਨ ਕਿ ਕਬਾਇਲੀ ਭਾਈਚਾਰੇ ਵਿਚ ਕੰਮ ਕਰ ਰਹੇ ਇਸਾਈ ਮਿਸ਼ਨਰੀਆਂ ਨੂੰ ਉਨ੍ਹਾਂ ਦੇ ਕੰਮ ਦਾ ਸਬਕ ਸਿਖਾਉਣ ਹੈ। ਸੋ, ਉਪਰੋਕਤ ਕਤਲ ਦੇ ਦੋਸ਼ੀ ਇਸਾਈਆਂ ਨੂੰ ਠਹਿਰਾਇਆ ਗਿਆ। ਭਾਜਪਾ ਹਮੇਸ਼ਾ ਇਸਾਈ ਮਿਸ਼ਨਰੀਆਂ ਉੱਪਰ ਹਿੰਦੂਆਂ ਦਾ ਧਰਮ ਧੋਖੇ ਨਾਲ ਬਦਲਣ ਦਾ ਦੋਸ਼ ਲਗਾਉਂਦੀ ਰਹੀ ਹੈ, ਹਾਲਾਂਕਿ ਭਾਰਤ ਦੀਆਂ ਪਰੰਪਰਾਗਤ ਧਰਮ ਨਿਰਪੱਖ ਰਵਾਇਤਾਂ ਲੋਕਾਂ ਨੂੰ ਆਪਣਾ ਧਰਮ ਬਦਲਣ ਦੀ ਇਜਾਜ਼ਤ ਦਿੰਦੀਆਂ ਹਨ।

ਅਸਲੀਅਤ ਇਹ ਹੈ ਕਿ ਭਾਰਤ ਦੇ ਜ਼ਿਆਦਾਤਰ ਗ਼ਰੀਬ ਅਤੇ ਹਾਸ਼ੀਏ 'ਤੇ ਧੱਕੇ ਹਿੱਸੇ, ਖ਼ਾਸ ਕਰ ਕੇ ਦਲਿਤ (ਅਖੌਤੀ ਅਛੂਤ) ਅਤੇ ਆਦਿਵਾਸੀ (ਮੂਲਵਾਸੀ ਲੋਕ) ਅਕਸਰ ਹੀ ਹਿੰਦੂ ਸਮਾਜ ਅੰਦਰਲੇ ਜਾਤ ਆਧਾਰਿਤ ਜ਼ੁਲਮਾਂ ਤੋਂ ਬਚਣ ਲਈ ਆਪਣੀ ਇੱਛਾ ਨਾਲ ਇਸਾਈ ਬਣ ਜਾਂਦੇ ਹਨ। ਇਨ੍ਹਾਂ ਸਾਰੇ ਸਾਲਾਂ 'ਚ ਬਹੁਗਿਣਤੀਵਾਦੀ ਹਮਾਇਤ ਤੋਂ ਉਤਸ਼ਾਹਤ ਹੋਈ ਭਾਜਪਾ ਨੂੰ ਭਲੀ ਪ੍ਰਕਾਰ ਪਤਾ ਸੀ ਕਿ ਉਹ ਕੀ ਕਰ ਰਹੇ ਹਨ। ਪਹਿਲਾਂ 2014 'ਚ ਅਤੇ ਫਿਰ 2019 'ਚ ਮੋਦੀ ਦੀ ਸ਼ਾਨਦਾਰ ਜਿੱਤ ਯਕੀਨੀ ਬਣਾਉਣ ਲਈ ਉਹ ਕਾਫ਼ੀ ਮਾਤਰਾ 'ਚ ਵੋਟਾਂ ਹਾਸਲ ਕਰਨ ਦੇ ਯੋਗ ਹੋ ਗਏ। ਖ਼ਾਸ ਤੌਰ 'ਤੇ, ਦੂਜੀ ਚੋਣ 'ਚ ਮੋਦੀ ਦੀ ਹਾਰ ਨਹੀਂ ਹੋਈ, ਭਾਵੇਂ ਉਸ ਦੇ ਰਾਜ 'ਚ ਧਾਰਮਿਕ ਘੱਟ ਗਿਣਤੀਆਂ ਅਤੇ ਰਾਜਨੀਤਕ ਅਸਹਿਮਤੀ ਰੱਖਣ ਵਾਲੇ ਲੋਕਾਂ ਉੱਪਰ ਹਮਲਿਆਂ 'ਚ ਵਾਧਾ ਹੋਇਆ ਸੀ।

ਬਰਲਿਨ ਵਿਚ ਵਾਪਸ ਆ ਕੇ ਮੈਂ ਸੋਚ ਰਿਹਾ ਸੀ ਕਿ 1984 ਤੋਂ ਬਾਅਦ ਭਾਰਤੀ ਸਮਾਜ ਕਿੱਧਰ ਤੁਰ ਗਿਆ ਹੈ। ਜਰਮਨੀ ਦੀ ਰਾਜਧਾਨੀ ਵਿਚ ਅਸੀਂ ਸ਼ਾਇਦ ਹੀ ਨਾਜ਼ੀ ਯੁੱਗ ਦੀ ਕਿਸੇ ਰਹਿੰਦ-ਖੂੰਹਦ ਦਾ ਜਸ਼ਨ ਮਨਾਇਆ ਜਾਂਦਾ ਦੇਖਿਆ ਹੋਵੇ, ਜਦੋਂਕਿ ਭਾਰਤ ਵੰਨ-ਸਵੰਨਤਾ ਦੇ ਵੱਡੇ-ਵੱਡੇ ਦਾਅਵਿਆਂ ਦੇ ਬਾਵਜੂਦ ਪਿੱਛੇ ਵੱਲ ਨੂੰ ਪਰਤ ਗਿਆ ਹੈ। ਦਰਅਸਲ, ਭਾਰਤ ਵਿਚ ਨਾਜ਼ੀ ਮੁੱਖ ਧਾਰਾ ਬਣ ਗਏ ਹਨ ਅਤੇ ਇਸਦੇ ਨਾਗਰਿਕਾਂ ਵਿਚ ਰਹਿੰਦੇ ਹਨ। ਇਹ ਪੜ੍ਹ-ਸੁਣ ਕੇ ਕਿਸੇ ਨੂੰ ਹੈਰਾਨੀ ਨਹੀਂ ਹੋਣੀ ਚਾਹੀਦੀ ਕਿਉਂਕਿ ਹਿੰਦੂ ਸਰਵਉੱਚਤਾਵਾਦੀ ਸੱਭਿਆਚਾਰਕ ਸੰਗਠਨ ਰਾਸ਼ਟਰੀ ਸਵੈਮ ਸੇਵਕ ਸੰਘ (ਆਰ.ਐੱਸ.ਐੱਸ.) ਦੇ ਸੰਸਥਾਪਕਾਂ ਜਿਸ ਦਾ ਭਾਜਪਾ ਇਕ ਹਿੱਸਾ ਹੈ, ਨੇ ਇਕ ਸਮੇਂ ਹਿਟਲਰ ਦੀ ਤਾਰੀਫ਼ ਕੀਤੀ ਸੀ ਅਤੇ ਯਹੂਦੀ ਸਰਬਨਾਸ਼ ਨੂੰ ਜਾਇਜ਼ ਠਹਿਰਾਇਆ ਸੀ।

ਨਾਜ਼ੀਵਾਦ ਤੋਂ ਪ੍ਰੇਰਿਤ ਹੋ ਕੇ ਉਹ ਸੋਸ਼ਲ ਇੰਜੀਨੀਅਰਿੰਗ ਦੁਆਰਾ ਭਾਰਤ ਨੂੰ ਹਿੰਦੂ ਧਰਮਤੰਤਰੀ ਰਾਜ 'ਚ ਬਦਲਣ ਦੀ ਕੋਸ਼ਿਸ਼ 'ਚ ਸਾਲਾਂ ਤੱਕ ਲੱਗੇ ਰਹੇ। ਜੇਕਰ ਹੋਰ ਲੋਕ 1984 ਵਿਚ ਸਿੱਖਾਂ ਦੇ ਹੱਕ 'ਚ ਖੜ੍ਹੇ ਹੁੰਦੇ ਤਾਂ ਸਮਕਾਲੀ ਭਾਰਤ ਦੀ ਤਕਦੀਰ ਵੱਖਰੀ ਹੋਣੀ ਸੀ। ਕਾਸ਼! ਅੱਜ ਨਿਮੋਲਰ ਜ਼ਿੰਦਾ ਹੁੰਦਾ ਅਤੇ ਅੱਜ ਜੋ ਇੱਥੇ ਹੋ ਰਿਹਾ ਹੈ ਉਸ ਨੂੰ ਆਪਣੇ ਤਜਰਬੇ ਨਾਲ ਜੋੜ ਕੇ ਦੇਖਦਾ ਅਤੇ ਸਾਡਾ ਸਭ ਦਾ ਮਾਰਗ ਦਰਸ਼ਨ ਕਰਦਾ।

ਭਾਰਤ ਵਿਚ ਇਕ-ਇਕ ਕਰ ਕੇ ਘੱਟ-ਗਿਣਤੀਆਂ ਉੱਪਰ ਬੇਖ਼ੌਫ਼ ਹੋ ਕੇ ਹਮਲੇ ਕੀਤੇ ਗਏ ਹਨ ਜਿਸ ਨੇ ਮੋਦੀ ਲਈ ਅਜਿਹੇ ਦੇਸ਼ ਉੱਪਰ ਰਾਜ ਕਰਨ ਦਾ ਰਾਹ ਪੱਧਰਾ ਕੀਤਾ ਜਿੱਥੇ ਮੁਸਲਮਾਨਾਂ ਅਤੇ ਇਸਾਈਆਂ ਨੂੰ ਦੂਜੇ ਦਰਜੇ ਦੇ ਨਾਗਰਿਕ ਬਣਾ ਦਿੱਤਾ ਗਿਆ ਹੈ। ਇਸ ਦੌਰਾਨ ਸਿੱਖਾਂ ਨੂੰ ਧੱਕੇ ਨਾਲ ਹਿੰਦੂ ਰਾਜਨੀਤਕ ਸਮੂਹ ਵਿਚ ਸਮੋ ਲਏ ਜਾਣ ਦੀ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।


ਆਰ.ਐੱਸ.ਐੱਸ. ਨੇ ਕਦੇ ਵੀ ਸਿੱਖਾਂ ਦੀ ਵੱਖਰੀ ਪਛਾਣ ਨੂੰ ਸਵੀਕਾਰ ਨਹੀਂ ਕੀਤਾ ਅਤੇ ਉਨ੍ਹਾਂ ਨੂੰ ਜ਼ੋਰਦਾਰ ਤਰੀਕੇ ਨਾਲ ਹਿੰਦੂ ਸਮੂਹ ਦਾ ਹਿੱਸਾ ਹੀ ਮੰਨਿਆ ਹੈ। ਇਸੇ ਚੀਜ਼ ਨੇ 1980 ਦੇ ਦਹਾਕੇ 'ਚ ਸਿੱਖਾਂ ਵਿਚ ਬੇਚੈਨੀ ਪੈਦਾ ਕੀਤੀ ਸੀ ਜਿਸ ਕਾਰਨ ਕੁਝ ਲੋਕਾਂ ਨੇ ਹਥਿਆਰ ਚੁੱਕ ਲਏ ਸਨ। ਦਲਿਤ ਅਤੇ ਆਦਿਵਾਸੀ ਜੋ ਸਦੀਆਂ ਤੋਂ ਢਾਂਚਾਗਤ ਵਿਤਕਰਾ ਸਹਿ ਰਹੇ ਹਨ, ਹਿੰਦੂਕਰਨ ਕੀਤੇ ਭਾਰਤ ਵਿਚ ਹੋਰ ਵੀ ਨਿਤਾਣੇ ਹੋ ਗਏ ਹਨ। ਇਨ੍ਹਾਂ ਹਾਲਾਤ ਵਿਚ, ਭਾਰੂ ਸਮਾਜ ਦੇ ਅੰਦਰਲੀ ਕੋਈ ਵਾਜਬ ਜਾਂ ਉਦਾਰਵਾਦੀ ਹਿੰਦੂ ਆਵਾਜ਼ ਵੀ ਸੁਰੱਖਿਅਤ ਨਹੀਂ ਹੈ। ਜਿਹੜੇ ਲੋਕ ਮੋਦੀ ਜਾਂ ਆਰ.ਐੱਸ.ਐੱਸ. ਨੂੰ ਸਵਾਲ ਕਰਨ ਦਾ ਜੇਰਾ ਕਰਦੇ ਹਨ, ਉਨ੍ਹਾਂ ਦਾ ਸਫ਼ਾਇਆ ਕੀਤੇ ਜਾਣ ਦਾ ਖ਼ਤਰਾ ਹੈ ਜਾਂ ਝੂਠੇ ਦੋਸ਼ਾਂ ਤਹਿਤ ਜੇਲ੍ਹਾਂ ਵਿਚ ਸੁੱਟੇ ਜਾਣ ਦਾ ਖ਼ਤਰਾ ਹੈ।

ਹੁਣ ਨਿਮੋਲਰ ਦੀ ਵਿਰਾਸਤ ਤੋਂ ਕੁਝ ਸਬਕ ਸਿੱਖਣ ਦਾ ਸਮਾਂ ਹੈ। ਜੇ ਇਸ ਤੋਂ ਸਾਡੇ ਕੁਝ ਸਿੱਖਣ ਲਈ ਹੈ ਤਾਂ ਉਹ ਇਹ ਹੈ ਕਿ ਇਸ ਤੋਂ ਪਹਿਲਾਂ ਕਿ ਦੇਰ ਹੋ ਜਾਵੇ ਸਾਰਿਆਂ ਨੂੰ ਹਰ ਕਿਸੇ ਦੇ ਲਈ ਇਕਜੁੱਟ ਹੋ ਕੇ ਲੜਨਾ ਚਾਹੀਦਾ ਹੈ ਅਤੇ ਦੂਜਿਆਂ ਨੂੰ ਬਘਿਆੜਾਂ ਦੇ ਰਹਿਮ 'ਤੇ ਨਹੀਂ ਛੱਡ ਦੇਣਾ ਚਾਹੀਦਾ।










*ਗੁਰਪ੍ਰੀਤ ਸਿੰਘ ਵੱਲੋਂ ਕੱਢੇ ਜਾਂਦੇ ਮਹੀਨੇਵਾਰ ਆਨਲਾਈਨ ਪਰਚੇ 'ਰੈਡੀਕਲ ਦੇਸੀ' ਦੇ ਇਕ ਅੰਕ ਦਾ ਮੁਖੜਾ, ਪ੍ਰੋ. ਜੀ.ਐੱਨ. ਸਾਈਬਾਬਾ ਦੀ ਰਿਹਾਈ ਲਈ ਕੀਤੇ ਰੋਸ ਵਿਖਾਵੇ ਵਿਚ ਹਿੱਸਾ ਲੈਂਦਿਆਂ ਅਤੇ (ਐਨ ਸੱਜੇ) ਮੇਵਾ ਸਿੰਘ ਲੋਪੋਕੇ ਬਾਰੇ ਲਿਖੀ ਕਿਤਾਬ ਦਾ ਟਾਈਟਲ।*

# ਕ੍ਰਾਂਤੀਕਾਰੀ ਨੂੰ ਦੇਸ਼ ਧ੍ਰੋਹੀ ਕਿਵੇਂ ਬਣਾਇਆ...

## ਪਾਰਲੀਮੈਂਟ ਸਮੋਕ ਬੰਬ ਕਾਂਡ: ਨੀਲਮ ਆਜ਼ਾਦ ਦੀ ਕਹਾਣੀ

***ਨੀਲਮ ਆਜ਼ਾਦ 13 ਦਸੰਬਰ ਨੂੰ ਨਵੇਂ ਸੰਸਦ ਭਵਨ 'ਚ ਸੁਰੱਖਿਆ ਉਲੰਘਣਾ ਦੇ ਮਾਮਲੇ 'ਚ ਯੂ.ਏ.ਪੀ.ਏ. ਤਹਿਤ ਗ੍ਰਿਫ਼ਤਾਰ ਕੀਤੇ ਨੌਜਵਾਨਾਂ 'ਚੋਂ ਇਕ ਹੈ। ਇਨ੍ਹਾਂ ਵਿਚੋਂ ਦੋ ਨੌਜਵਾਨਾਂ ਨੇ ਸੰਸਦ ਕੰਪਲੈਕਸ ਅੰਦਰ ਧੂੰਏਂ ਵਾਲੇ ਬੰਬ ਸੁੱਟੇ ਸਨ ਅਤੇ ਮਹਿੰਗਾਈ, ਬੇਰੁਜ਼ਗਾਰੀ ਅਤੇ ਮਨੀਪੁਰ ਦੇ ਹਾਲਾਤ ਉੱਪਰ ਨਾਅਰੇ ਲਾਏ ਸਨ। ਜਦੋਂ ਨੌਜਵਾਨ ਸੰਸਦ ਕੰਪਲੈਕਸ ਵਿਚ ਸਮੋਕ ਬੰਬ ਸੁੱਟ ਰਹੇ ਸਨ ਤਾਂ ਨੀਲਮ ਆਜ਼ਾਦ ਸੰਸਦ ਕੰਪਲੈਕਸ ਦੇ ਬਾਹਰ 'ਤਾਨਾਸ਼ਾਹੀ ਨਹੀਂ ਚੱਲੇਗੀ', 'ਭਾਰਤ ਮਾਤਾ ਦੀ ਜੈ' ਅਤੇ 'ਜੈ ਭੀਮ, ਜੈ ਭਾਰਤ' ਦੇ ਨਾਅਰੇ ਲਗਾ ਰਹੀ ਸੀ।***



**ਸ਼ਿਵ ਇੰਦਰ ਸਿੰਘ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਜੀਂਦ ਜ਼ਿਲ੍ਹੇ ਦੇ ਪਿੰਡ ਘਾਸੋ ਖੁਰਦ ਦੇ ਬਾਲਮੀਕੀ ਚੌਪਾਲ ਵਿਚ ਲਾਇਬ੍ਰੇਰੀ ਹੈ ਜੋ ਪਹਿਲੀ ਨਜ਼ਰੇ ਟਿਊਸ਼ਨ ਸੈਂਟਰ ਜਾਪਦੀ ਹੈ। ਕੁਰਸੀਆਂ ਲਗਾਈਆਂ ਹੋਈਆਂ ਸਨ ਅਤੇ ਮੇਜ਼ਾਂ ਉੱਤੇ ਧੂੜ ਜੰਮੀ ਹੋਈ ਸੀ। ਇਕ ਕੰਧ ਉੱਪਰ ਬੈਨਰ ਸੀ ਜਿਸ 'ਤੇ ਲਿਖਿਆ ਸੀ: 'ਪ੍ਰਗਤੀਸ਼ੀਲ ਪੁਸਤਕਾਲਿਆ'। ਬੈਨਰ ਦੇ ਇਕ ਪਾਸੇ ਮੋਟੇ ਅੱਖਰਾਂ 'ਚ ਲਿਖਿਆ ਸੀ: 'ਯੁਵਾ ਸੋਚ, ਯੁਵਾ ਜੋਸ਼' ਅਤੇ ਦੂਜੇ ਪਾਸੇ ਅੰਬੇਡਕਰ, ਸਾਵਿਤਰੀ ਬਾਈ ਫੂਲੇ ਅਤੇ ਭਗਤ ਸਿੰਘ ਦੀਆਂ ਤਸਵੀਰਾਂ ਸਨ। ਮੇਜ਼ਾਂ ਉੱਪਰ ਸਾਵਿਤਰੀ ਬਾਈ ਫੂਲੇ ਦੀ ਜੀਵਨੀ, ਭਾਰਤੀ ਕਲਾ ਅਤੇ ਸੱਭਿਆਚਾਰ 'ਤੇ ਲਿਖੀ ਕਿਤਾਬ 'ਬਾਂਗਰ ਉਤਸਵ 2023, ਉਚਾਨਾ ਏਕ ਨਜ਼ਰ', 'ਵਿਸ਼ਵ ਇਤਿਹਾਸ ਕੇ ਕੁਛ ਵਿਸ਼ੇ' ਤੇ ਹੋਰ ਕਿਤਾਬਾਂ ਖਿੱਲਰੀਆਂ ਹੋਈਆਂ ਸਨ।

ਪਿੰਡ ਦੀ ਇਹ ਲਾਇਬ੍ਰੇਰੀ ਨੀਲਮ ਆਜ਼ਾਦ ਨੇ ਬਣਾਈ ਹੈ ਜੋ 13 ਦਸੰਬਰ ਨੂੰ ਨਵੇਂ ਸੰਸਦ ਭਵਨ 'ਚ ਸੁਰੱਖਿਆ ਉਲੰਘਣਾ ਦੇ ਮਾਮਲੇ 'ਚ ਯੂ.ਏ.ਪੀ.ਏ. ਤਹਿਤ ਗ੍ਰਿਫ਼ਤਾਰ ਕੀਤੇ ਨੌਜਵਾਨਾਂ 'ਚੋਂ ਇਕ ਹੈ। ਇਨ੍ਹਾਂ 'ਚੋਂ ਦੋ ਨੌਜਵਾਨਾਂ ਨੇ ਸੰਸਦ ਕੰਪਲੈਕਸ 'ਚ ਧੂੰਏਂ ਵਾਲੇ ਬੰਬ ਸੁੱਟੇ ਸਨ ਅਤੇ ਮਹਿੰਗਾਈ, ਬੇਰੁਜ਼ਗਾਰੀ ਅਤੇ ਮਨੀਪੁਰ ਦੇ ਹਾਲਾਤ ਉੱਪਰ ਨਾਅਰੇ ਲਾਏ ਸਨ। ਜਦੋਂ ਨੌਜਵਾਨ ਸੰਸਦ ਕੰਪਲੈਕਸ ਵਿਚ ਸਮੋਕ ਬੰਬ ਸੁੱਟ ਰਹੇ ਸਨ ਤਾਂ ਨੀਲਮ ਆਜ਼ਾਦ ਸੰਸਦ ਕੰਪਲੈਕਸ ਦੇ ਬਾਹਰ 'ਤਾਨਾਸ਼ਾਹੀ ਨਹੀਂ ਚੱਲੇਗੀ', 'ਭਾਰਤ ਮਾਤਾ ਦੀ ਜੈ' ਅਤੇ 'ਜੈ ਭੀਮ, ਜੈ ਭਾਰਤ' ਦੇ ਨਾਅਰੇ ਲਗਾ ਰਹੀ ਸੀ।

ਨੀਲਮ ਆਜ਼ਾਦ ਦੀ ਕਹਾਣੀ ਜਾਣਨ ਲਈ ਮੈਂ ਉਸ ਦੇ ਪਿੰਡ ਘਾਸੋ ਖੁਰਦ ਪਹੁੰਚਿਆ। ਰੇਲਵੇ ਸਟੇਸ਼ਨ 'ਤੇ ਉਤਰ ਕੇ ਜਦੋਂ ਮੈਂ 25 ਕੁ ਸਾਲ ਦੇ ਇਕ ਨੌਜਵਾਨ ਨੂੰ ਨੀਲਮ ਦੇ ਘਰ ਦਾ ਰਸਤਾ ਪੁੱਛਿਆ ਤਾਂ ਉਸ ਨੇ ਕਿਹਾ, "ਸਾਹਮਣੇ ਵਾਲੀ ਸੜਕ 'ਤੇ ਤੁਰਦੇ ਜਾਓ। ਫਿਰ ਅੱਧੇ ਕਿਲੋਮੀਟਰ ਬਾਅਦ ਪਿੰਡ ਦੇ ਅੰਦਰ ਜਾ ਕੇ ਕਿਸੇ ਤੋਂ ਵੀ ਉਨ੍ਹਾਂ ਦਾ ਪਤਾ ਪੁੱਛ ਲੈਣਾ।"

ਪਿੰਡ ਦੇ 70 ਸਾਲਾ ਫੂਲ ਸਿੰਘ ਨੇ ਮੈਨੂੰ ਜ਼ੋਰ ਦੇ ਕੇ ਕਿਹਾ, "ਸਾਡੀ ਨੀਲਮ ਆਤੰਕਵਾਦੀ ਨਹੀਂ, ਉਹ ਦੇਸ਼ ਭਗਤ ਹੈ। ਉਸ ਨੇ ਹਮੇਸ਼ਾ ਇਲਾਕੇ ਦੇ ਗ਼ਰੀਬ ਮਜ਼ਦੂਰਾਂ ਦੇ ਮੁੱਦੇ ਉਠਾਏ ਹਨ। ਉਸ ਨੇ ਕੋਈ ਗ਼ਲਤ ਕੰਮ ਨਹੀਂ ਕੀਤਾ। ਗ਼ਲਤ ਤਾਂ ਮੋਦੀ ਸਰਕਾਰ ਹੈ ਜਿਸ ਨੇ ਮਹਿੰਗਾਈ ਅਤੇ ਬੇਰੁਜ਼ਗਾਰੀ ਪੈਦਾ ਕੀਤੀ ਹੈ।"

ਨੀਲਮ ਅਤਿ ਪਿੱਛੜੀ ਘੁਮਿਆਰ ਜਾਤੀ 'ਚੋਂ ਹੈ। ਉਸ ਦੇ ਪਿਤਾ ਕੋਰ ਸਿੰਘ ਹਲਵਾਈ ਹਨ ਜੋ ਵਿਆਹਾਂ ਅਤੇ ਹੋਰ ਸਮਾਗਮਾਂ ਵਿਚ ਮਠਿਆਈਆਂ ਬਣਾਉਂਦੇ ਹਨ। ਨੀਲਮ ਦੇ ਭਾਈ ਰਾਮਨਿਵਾਸ ਅਤੇ ਕੁਲਦੀਪ ਦੁੱਧ ਦਾ ਕੰਮ ਕਰਦੇ ਹਨ।

ਨੀਲਮ ਦੇ ਇਰਾਦਿਆਂ ਤੋਂ ਪਰਿਵਾਰ ਬੇਖ਼ਬਰ ਸੀ। ਉਹ 11 ਦਸੰਬਰ ਨੂੰ ਇਹ ਕਹਿ ਕੇ ਘਰੋਂ ਗਈ ਸੀ ਕਿ ਉਹ ਹਿਸਾਰ ਜਾ ਰਹੀ ਹੈ। ਵੱਡੇ ਭਾਈ ਕੁਲਦੀਪ ਨੇ ਇਸ ਦੀ ਖ਼ਬਰ ਟੀ.ਵੀ. 'ਤੇ ਦੇਖ ਕੇ ਪਰਿਵਾਰ ਨੂੰ ਫੋਨ 'ਤੇ ਦੱਸੀ ਸੀ। ਰਾਮਨਿਵਾਸ ਦੱਸਦਾ ਹੈ ਕਿ ਨੀਲਮ ਨੇ ਘਾਸੋ ਖੁਰਦ ਅਤੇ ਹੋਰ ਆਸ-ਪਾਸ ਦੇ ਪਿੰਡਾਂ ਵਿਚ ਮਗਨਰੇਗਾ ਮਜ਼ਦੂਰਾਂ ਦੇ ਮਸਲੇ ਉਠਾਏ ਅਤੇ ਉਨ੍ਹਾਂ ਨੂੰ ਕੰਮ ਦਿਵਾਇਆ, ਔਰਤਾਂ ਨੂੰ ਮੇਟ ਬਣਵਾਇਆ। ਨੀਲਮ ਕਿਸਾਨ ਅੰਦੋਲਨ ਵਿਚ ਵੀ ਬਹੁਤ ਸਰਗਰਮ ਰਹੀ ਅਤੇ ਕੁਸ਼ਤੀ ਖਿਡਾਰੀਆਂ ਦੇ ਅੰਦੋਲਨ ਵਿਚ ਵੀ ਵੱਧ-ਚੜ੍ਹ ਕੇ ਹਿੱਸਾ ਲਿਆ।

ਸਾਧਾਰਨ ਜਿਹੇ ਮਕਾਨ ਦੀ ਪਹਿਲੀ ਮੰਜ਼ਿਲ 'ਤੇ ਬਣੇ ਦੋ ਕਮਰਿਆਂ ਵਿਚੋਂ ਇਕ ਨੀਲਮ ਦਾ ਹੈ। ਉਸ ਦੇ ਕਮਰੇ ਵਿਚ ਭਗਤ ਸਿੰਘ, ਬੀ.ਆਰ. ਅੰਬੇਡਕਰ, ਸਾਬਕਾ ਰਾਸ਼ਟਰਪਤੀ ਏ.ਪੀ.ਜੇ. ਅਬਦੁਲ ਕਲਾਮ ਦੀਆਂ ਫੋਟੋਆਂ ਅਤੇ ਦੁਨੀਆ ਦੇ ਨਕਸ਼ੇ ਲੱਗੇ ਹੋਏ ਹਨ। ਪਰਿਵਾਰ ਵਾਲੇ ਦੱਸਦੇ ਹਨ ਕਿ ਨੀਲਮ ਦੀ ਗ੍ਰਿਫ਼ਤਾਰੀ ਤੋਂ ਬਾਅਦ ਪੁਲੀਸ ਨੇ ਦੋ ਵਾਰ ਘਰ ਛਾਪਾ ਮਾਰਿਆ ਅਤੇ ਨੀਲਮ ਦੇ ਕਮਰੇ 'ਚੋਂ ਕਈ ਕਿਤਾਬਾਂ, ਡਾਇਰੀ ਅਤੇ ਹੋਰ



ਦਸਤਾਵੇਜ਼ ਲੈ ਗਏ। ਦੂਜੇ ਕਮਰੇ 'ਚ ਮੰਜੇ 'ਤੇ ਨੀਲਮ ਦੀ 57 ਸਾਲਾ ਮਾਂ ਸਰਸਵਤੀ ਦੇਵੀ ਬੈਠੀ ਸੀ। ਉਸ ਨੇ ਮੈਨੂੰ ਕਿਹਾ, "ਪੁੱਤ, ਜ਼ਿਆਦਾ ਗੱਲ ਤਾਂ ਤੁਸੀਂ ਮੇਰੇ ਇਸ ਪੁੱਤਰ ਨਾਲ ਹੀ ਕਰ ਲੈਣਾ ਪਰ ਮੈਂ ਤੁਹਾਨੂੰ ਇੰਨਾ ਦੱਸ ਦਿੰਦੀ ਹਾਂ ਕਿ ਮੇਰੀ ਧੀ ਨੇ ਕੋਈ ਗ਼ਲਤ ਕੰਮ ਨਹੀਂ ਕੀਤਾ ਅਤੇ ਨਾ ਹੀ ਉਸ ਦਾ ਕੋਈ ਗ਼ਲਤ ਇਰਾਦਾ ਸੀ। ਜੇਕਰ ਉਨ੍ਹਾਂ ਦਾ ਇਰਾਦਾ ਗ਼ਲਤ ਹੁੰਦਾ ਤਾਂ ਉਹ ਖ਼ਤਰਨਾਕ ਹਥਿਆਰ ਲੈ ਕੇ ਜਾਂਦੇ। ਨੀਲਮ ਤਾਂ ਉੱਥੇ ਨਾਅਰੇ ਲਗਾ ਰਹੀ ਸੀ। ਕੀ ਨਾਅਰੇ ਲਾਉਣਾ ਵੀ ਗੁਨਾਹ ਹੈ?" ਮਾਂ ਸਰਸਵਤੀ ਨੇ ਦੱਸਿਆ ਕਿ ਨੀਲਮ ਨੂੰ ਬਚਪਨ ਤੋਂ ਹੀ ਪੜ੍ਹਨ ਦਾ ਸ਼ੌਕ ਸੀ ਅਤੇ ਉਹ ਉਨ੍ਹਾਂ ਦੇ ਸਾਰੇ ਬੱਚਿਆਂ 'ਚੋਂ ਸਭ ਤੋਂ ਹੁਸ਼ਿਆਰ ਹੈ।

ਪਿੰਡ ਦੇ ਸਕੂਲ ਤੋਂ ਅੱਠਵੀਂ ਜਮਾਤ ਪਾਸ ਕਰਨ ਤੋਂ ਬਾਅਦ ਨੌਵੀਂ ਜਮਾਤ ਤੋਂ ਬੀ.ਏ. ਤੱਕ ਦੀ ਪੜ੍ਹਾਈ ਨੀਲਮ ਨੇ ਨੇੜਲੇ ਗੈਂਡਾ ਖੇੜਾ ਦੇ ਗੁਰੂਕੁਲ ਤੋਂ ਕੀਤੀ। ਉਸ ਨੇ ਬੀ.ਐੱਡ., ਐੱਮ.ਐੱਡ., ਸੀ.ਟੀ.ਈ.ਟੀ., ਐੱਮ.ਫਿਲ ਅਤੇ ਨੈੱਟ ਦੇ ਇਮਤਿਹਾਨ ਪਾਸ ਕੀਤੇ ਹੋਏ ਹਨ। ਮਾਤਾ ਜੀ ਦਾ ਕਹਿਣਾ ਸੀ ਕਿ ਐਨਾ ਪੜ੍ਹ ਕੇ ਵੀ ਉਸ ਨੂੰ ਰੁਜ਼ਗਾਰ ਨਹੀਂ ਮਿਲਿਆ ਤਾਂ ਇਸ ਵਿਚ ਸਰਕਾਰ ਦਾ ਵੀ ਤਾਂ ਕਸੂਰ ਹੈ। ਉਸ ਨੇ ਕਿਹਾ, "ਜੇ ਉਸ ਨੂੰ ਰੁਜ਼ਗਾਰ ਮਿਲਿਆ ਹੁੰਦਾ ਤਾਂ ਉਹ ਅਜਿਹਾ ਕਿਉਂ ਕਰਦੀ? ਉਸ ਨੇ ਉੱਥੇ ਬੇਰੁਜ਼ਗਾਰੀ ਦਾ ਮੁੱਦਾ ਹੀ ਤਾਂ ਉਠਾਇਆ ਸੀ।"

ਨੀਲਮ ਤਿੰਨ ਵਾਰ ਭਾਰਤੀ ਸਿਵਲ ਸੇਵਾ ਪ੍ਰੀਖਿਆ 'ਚ ਬੈਠੀ ਪਰ ਸਫਲ ਨਹੀਂ ਹੋ ਸਕੀ। ਉਸ ਦੇ ਮਾਤਾ ਜੀ ਨੇ ਦੱਸਿਆ ਕਿ 2015 'ਚ ਨੀਲਮ ਘਰ ਦੀ ਪਹਿਲੀ ਮੰਜ਼ਿਲ ਦੀ ਪੌੜੀ ਤੋਂ ਡਿੱਗ ਪਈ ਸੀ ਜਿਸ ਨਾਲ ਉਸ ਦੀ ਰੀੜ੍ਹ ਦੀ ਹੱਡੀ 'ਤੇ ਸੱਟ ਲੱਗ ਗਈ ਸੀ। ਤਿੰਨ ਸਾਲ ਉਹ ਮੰਜੇ 'ਤੇ ਪਈ ਰਹੀ ਪਰ ਪੜ੍ਹਾਈ ਨਹੀਂ ਛੱਡੀ।

ਜਦੋਂ ਨੀਲਮ ਦੇ ਮਾਤਾ ਜੀ ਨੂੰ ਪੁੱਛਿਆ ਕਿ ਉਹ ਨੀਲਮ ਦੇ ਸਮਾਜਿਕ ਕੰਮਾਂ ਨੂੰ ਕਿਵੇਂ ਦੇਖਦੇ ਹਨ ਤਾਂ ਉਨ੍ਹਾਂ ਦਾ ਕਹਿਣਾ ਸੀ, "ਮੈਂ ਉਸ ਨੂੰ ਕਹਿੰਦੀ, ਪੁੱਤ ਕਿਉਂ ਲੋਕਾਂ ਦੇ ਕੰਮਾਂ ਵਿਚ ਉਲਝੀ ਰਹਿੰਦੀ ਹੈਂ? ਤੂੰ ਵਿਆਹ ਕਰਾ ਕੇ ਖ਼ੁਸ਼ੀ-ਖ਼ੁਸ਼ੀ ਘਰ ਵਸਾ ਲੈ ਤਾਂ ਉਹ ਜਵਾਬ ਦਿੰਦੀ ਕਿ ਮਾਂ ਵਿਆਹੇ ਹੋਇਆਂ ਦੇ ਹਾਲਾਤ ਦੇਖ ਕੇ ਤਾਂ ਮੈਂ ਖ਼ੁਦ ਪ੍ਰੇਸ਼ਾਨ ਹਾਂ। ਇਸ ਲਈ ਮੇਰਾ ਵਿਆਹ ਕਰਵਾਉਣ ਨੂੰ ਜੀਅ ਨਹੀਂ ਕਰਦਾ। ਦੂਜੀ ਗੱਲ, ਮਾਂ, ਇਹ ਲੋਕ ਬੇਗਾਨੇ ਨਹੀਂ ਹਨ, ਇਹ ਆਪਣੇ ਪਿੰਡ, ਆਪਣੇ ਦੇਸ਼ ਦੇ ਲੋਕ ਹਨ ਜਿਨ੍ਹਾਂ ਦੇ ਮੁੱਦੇ ਮੈਂ ਉਠਾਉਂਦੀ ਹਾਂ। ਇਹ ਮੇਰਾ ਫਰਜ਼ ਹੈ।"

ਨੀਲਮ ਦੇ ਭਾਈ ਰਾਮਨਿਵਾਸ ਨੇ ਦੱਸਿਆ ਕਿ ਨੀਲਮ ਤਿੰਨ-ਚਾਰ ਸਾਲਾਂ ਤੋਂ ਸਮਾਜਿਕ ਕਾਰਜਾਂ ਵਿਚ ਲੱਗੀ ਹੋਈ ਸੀ। ਕਿਸਾਨ ਅੰਦੋਲਨ ਨੇ ਉਸ ਨੂੰ ਹੋਰ ਵੀ ਊਰਜਾ ਦਿੱਤੀ। ਉਹ ਗ਼ਰੀਬਾਂ, ਮਜ਼ਦੂਰਾਂ ਅਤੇ ਦਲਿਤਾਂ ਦੇ ਮੁੱਦਿਆਂ ਨੂੰ ਲੈ ਕੇ ਹੋਰ ਵੀ ਸਰਗਰਮ ਹੋ ਗਈ। ਸ਼ੁਰੂ 'ਚ ਪਿੰਡ ਦੇ ਲੋਕ, ਖ਼ਾਸ ਕਰ ਕੇ ਅਨੁਸੂਚਿਤ ਅਤੇ ਪਿਛੜੀ ਸ਼੍ਰੇਣੀ ਦੇ ਲੋਕ ਆਪਣੀ ਸਮੱਸਿਆ ਲੈ ਕੇ ਨੀਲਮ ਕੋਲ ਆਉਂਦੇ ਸਨ ਕਿਉਂਕਿ ਨੀਲਮ ਇਸ ਸਮਾਜ ਵਿਚ ਸਭ ਤੋਂ ਵੱਧ ਪੜ੍ਹੀ-ਲਿਖੀ ਸੀ।

ਰਾਮਨਿਵਾਸ ਨੂੰ ਆਪਣੀ ਭੈਣ ਅਤੇ ਉਸ ਦੇ ਸਾਥੀਆਂ ਵੱਲੋਂ ਸੰਸਦ ਵਿਚ ਕੀਤੀ ਗਈ ਕਾਰਵਾਈ ਗ਼ਲਤ ਨਹੀਂ ਲੱਗਦੀ। ਉਹ ਕਹਿੰਦਾ ਹੈ, "ਉਨ੍ਹਾਂ ਦਾ ਕੋਈ ਗ਼ਲਤ ਇਰਾਦਾ ਨਹੀਂ ਸੀ, ਇਸ ਲਈ ਉਹ ਧੂੰਏਂ ਵਾਲੇ ਪਟਾਕੇ ਲੈ ਕੇ ਗਏ। ਉਹ ਭਾਜਪਾ ਦੇ ਸੰਸਦ ਮੈਂਬਰ ਦੇ ਪਾਸ ਉੱਪਰ ਅੰਦਰ ਗਏ ਸਨ। ਜੇਕਰ ਇਹ ਇੰਨੀ ਵੱਡੀ ਸੁਰੱਖਿਆ ਕੁਤਾਹੀ ਹੈ ਤਾਂ ਕਾਰਵਾਈ ਭਾਜਪਾ ਦੇ ਸੰਸਦ ਮੈਂਬਰ ਵਿਰੁੱਧ ਹੋਣੀ ਚਾਹੀਦੀ ਹੈ। ਨੈਤਿਕ ਆਧਾਰ 'ਤੇ ਜ਼ਿੰਮੇਵਾਰੀ ਲੈਂਦੇ ਹੋਏ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਵੀ ਅਸਤੀਫ਼ਾ ਦੇਣਾ ਚਾਹੀਦਾ ਹੈ। ਸਿਰਫ਼ ਇਨ੍ਹਾਂ ਨੌਜਵਾਨਾਂ 'ਤੇ ਹੀ ਸੰਗੀਨ ਧਾਰਾਵਾਂ ਕਿਉਂ ਲੱਗਣ?"

***ਕਾਪੜੋ ਕਲਾਂ ਪਿੰਡ 'ਚ ਜਦੋਂ ਬੰਧੂਆ ਮਜ਼ਦੂਰ ਦਾ ਕਤਲ ਕਰ ਕੇ ਲਾਸ਼ ਸੜਕ ਉੱਪਰ ਸੁੱਟ ਦਿੱਤੀ ਗਈ ਤਾਂ ਪਰਿਵਾਰ ਨੂੰ ਇਨਸਾਫ਼ ਦਿਵਾਉਣ ਲਈ ਨੀਲਮ ਨੇ ਵੀ ਅੰਦੋਲਨ ਕੀਤਾ। ਨੀਲਮ ਅਤੇ ਉਸ ਮਜ਼ਦੂਰ ਪਰਿਵਾਰ ਉਪਰ ਲਾਠੀਚਾਰਜ ਕੀਤਾ ਗਿਆ। ਇਸੇ ਤਰ੍ਹਾਂ ਤਕਰੀਬਨ ਦੋ ਸਾਲ ਪਹਿਲਾਂ ਧਮਤਾਨ ਸਾਹਿਬ ਪਿੰਡ ਵਿਖੇ ਇਕ ਮਜ਼ਦੂਰ ਦਾ ਬਿਜਲੀ ਦਾ ਬਿੱਲ ਇਕ ਲੱਖ ਰੁਪਏ ਆ ਗਿਆ ਸੀ। ਇਸ ਸਦਮੇ ਕਾਰਨ ਮਜ਼ਦੂਰ ਨੇ ਖ਼ੁਦਕੁਸ਼ੀ ਕਰ ਲਈ ਸੀ। ਉਸ ਦੀ ਪਤਨੀ ਪਹਿਲਾਂ ਹੀ ਮਰ ਚੁੱਕੀ ਸੀ। ਉਸ ਮਜ਼ਦੂਰ ਦਾ ਇਕ ਬੱਚਾ ਸੀ, ਉਸ ਨੂੰ ਇਨਸਾਫ਼ ਦਿਵਾਉਣ ਲਈ ਜੋ ਸੰਘਰਸ਼ ਹੋਇਆ, ਨੀਲਮ ਨੇ ਉਸ ਵਿਚ ਵਧ-ਚੜ੍ਹ ਕੇ ਹਿੱਸਾ ਲਿਆ।***

ਨੀਲਮ ਨੇ ਪਹਿਲਾਂ ਇਕ ਬ੍ਰਾਹਮਣ ਦੇ ਘਰ ਲਾਇਬ੍ਰੇਰੀ ਖੋਲ੍ਹੀ ਸੀ ਪਰ ਬ੍ਰਾਹਮਣਾਂ ਨੇ ਉਸ ਲਾਇਬ੍ਰੇਰੀ ਵਿਚ ਲਗਾਈਆਂ ਬਾਬਾ ਸਾਹਿਬ ਅੰਬੇਡਕਰ ਅਤੇ ਸਾਵਿਤਰੀ ਬਾਈ ਫੂਲੇ ਦੀਆਂ ਤਸਵੀਰਾਂ ਉੱਪਰ ਅਪਮਾਨਜਨਕ ਟਿੱਪਣੀਆਂ ਕੀਤੀਆਂ ਜਿਸ ਨੂੰ ਨੀਲਮ ਬਰਦਾਸ਼ਤ ਨਾ ਕਰ ਸਕੀ ਅਤੇ ਉਹ ਲਾਇਬ੍ਰੇਰੀ ਆਪਣੇ ਘਰ ਲੈ ਆਈ। ਹੁਣ ਇਹ ਲਾਇਬ੍ਰੇਰੀ ਪਿੰਡ ਦੇ ਬਾਲਮੀਕੀ ਚੌਪਾਲ ਦੇ ਕਮਰੇ ਵਿਚ ਹੈ। ਨੀਲਮ ਇਸ ਲਾਇਬ੍ਰੇਰੀ ਵਿਚ ਗ਼ਰੀਬ ਬੱਚਿਆਂ ਨੂੰ ਮੁਫ਼ਤ ਪੜ੍ਹਾਉਂਦੀ ਸੀ। ਇਸ ਤੋਂ ਇਲਾਵਾ ਉਹ ਗੀਤ-ਸੰਗੀਤ ਅਤੇ ਬੱਚਿਆਂ ਦੀਆਂ ਗਤੀਵਿਧੀਆਂ ਵੀ ਕਰਵਾਉਂਦੀ ਸੀ। ਲਾਇਬ੍ਰੇਰੀ ਵਿਚ ਅਤੇ ਪਿੰਡ ਪੱਧਰ 'ਤੇ ਵੀ ਉਹ 15 ਅਗਸਤ, 26 ਜਨਵਰੀ, ਭਗਤ ਸਿੰਘ, ਅੰਬੇਡਕਰ ਅਤੇ ਸਾਵਿਤਰੀ ਬਾਈ ਫੂਲੇ ਦੇ ਦਿਨ ਮਨਾਉਂਦੀ ਸੀ। ਇਨ੍ਹਾਂ ਪ੍ਰੋਗਰਾਮਾਂ ਵਿਚ ਪਿੰਡ ਵਾਸੀ, ਖ਼ਾਸ ਕਰ ਕੇ ਦਲਿਤ, ਮਜ਼ਦੂਰ ਅਤੇ ਪਿਛੜੇ ਸਮਾਜ ਦੇ ਲੋਕ ਵੱਧ ਚੜ੍ਹ ਕੇ ਹਿੱਸਾ ਲੈਂਦੇ ਸਨ।

ਲਾਇਬ੍ਰੇਰੀ ਬਾਰੇ ਮੈਨੂੰ ਨੀਲਮ ਦੇ ਇਕ ਮਜ਼ਦੂਰ ਸਾਥੀ ਨੇ ਦੱਸਿਆ ਕਿ ਉੱਥੇ ਰੱਖੇ ਬੈਂਚ, ਕੁਰਸੀਆਂ ਅਤੇ ਕਿਤਾਬਾਂ ਪਿੰਡ ਵਾਸੀਆਂ ਤੋਂ ਚੰਦਾ ਇਕੱਠਾ ਕਰ ਕੇ ਖ਼ਰੀਦੀਆਂ ਹਨ ਅਤੇ ਕੁਝ ਕਿਤਾਬਾਂ ਲੋਕਾਂ ਤੇ ਸੰਸਥਾਵਾਂ ਨੇ ਭੇਟ ਕੀਤੀਆਂ ਹਨ।

ਲਾਇਬ੍ਰੇਰੀ ਵਿਚ ਬਾਕਾਇਦਗੀ ਨਾਲ ਆਉਂਦੇ ਪਿੰਡ ਦੇ 18 ਸਾਲਾ ਸਮੀਰ ਨੇ ਮੈਨੂੰ ਦੱਸਿਆ, "ਨੀਲਮ ਭੂਆ ਜੀ ਸਾਨੂੰ ਇੱਥੇ ਸਾਡੇ ਸਿਲੇਬਸ ਦੇ ਵਿਸ਼ਿਆਂ ਤੋਂ ਇਲਾਵਾ ਸਾਹਿਤ ਅਤੇ ਸਾਡੀ ਰੁਚੀ ਅਨੁਸਾਰ ਕੰਮ ਕਰਨ ਲਈ ਪ੍ਰੇਰਦੇ ਸਨ। ਅਸੀਂ ਇੱਥੇ ਆਪਣੇ ਦੇਸ਼ ਦੇ ਮਹਾਨ ਨੇਤਾਵਾਂ ਦੇ ਦਿਨ ਵੀ ਮਨਾਉਂਦੇ ਸੀ।"

ਰਾਮਨਿਵਾਸ ਨੇ ਮਗਨਰੇਗਾ ਵਰਕਰਾਂ ਵਿਚ ਨੀਲਮ ਦੇ ਕੰਮ ਦਾ ਜ਼ਿਕਰ ਕਰਦੇ ਹੋਏ ਦੱਸਿਆ, "ਸਾਡੇ ਪਿੰਡ ਵਿਚ ਪਹਿਲਾਂ ਜੋ ਮਗਨਰੇਗਾ ਮੇਟ ਸੀ, ਉਹ ਬ੍ਰਾਹਮਣ ਜਾਤੀ ਦਾ ਸੀ। ਉਸ ਦੇ ਹੁੰਦਿਆਂ ਮਗਨਰੇਗਾ ਵਿਚ ਵੱਡੀਆਂ ਗੜਬੜਾਂ ਹੁੰਦੀਆਂ ਸਨ। ਮਜ਼ਦੂਰਾਂ ਦੇ ਖ਼ਾਤਿਆਂ ਵਿਚ ਪੈਸੇ ਨਹੀਂ ਆਉਂਦੇ ਸਨ। ਉਨ੍ਹਾਂ ਨੂੰ ਕੰਮ ਨਹੀਂ ਮਿਲਦਾ ਸੀ ਅਤੇ ਦਿਹਾੜੀ ਕੱਟ ਲਈ ਜਾਂਦੀ ਸੀ। ਪੰਡਿਤ ਜੀ ਦੇ ਨਜ਼ਦੀਕੀ ਲੋਕ ਜੋ ਮਜ਼ਦੂਰ ਵੀ ਨਹੀਂ ਸਨ, ਉਨ੍ਹਾਂ ਦੀ ਕਾਗਜ਼ਾਂ 'ਚ ਹਾਜ਼ਰੀ ਲਗਾ ਕੇ ਉਨ੍ਹਾਂ ਦੇ ਖ਼ਾਤਿਆਂ 'ਚ ਪੈਸੇ ਪਾ ਦਿੱਤੇ ਜਾਂਦੇ ਸਨ। ਨੀਲਮ ਨੇ ਇਹ ਮੁੱਦਾ ਜ਼ੋਰ-ਸ਼ੋਰ ਨਾਲ ਉਠਾਇਆ ਅਤੇ ਪਿੰਡ ਦੇ ਮਜ਼ਦੂਰਾਂ ਨੂੰ ਜਥੇਬੰਦ ਕੀਤਾ।"

ਨੀਲਮ ਦੀ ਇਸ ਸਰਗਰਮੀ ਤੋਂ ਨਾਰਾਜ਼ ਉੱਚ ਜਾਤੀ ਵਾਲਿਆਂ ਨੇ ਉਸ ਉੱਪਰ ਪਿੱਛੇ ਹਟਣ ਲਈ ਦਬਾਅ ਪਾਇਆ। ਉਹ ਆ ਕੇ ਉਸ ਦੇ ਪਿਤਾ ਨੂੰ ਧਮਕਾਉਂਦੇ ਕਿ ਆਪਣੀ ਧੀ ਨੂੰ ਸਮਝਾਓ ਪਰ ਨੀਲਮ ਪਿੱਛੇ ਨਹੀਂ ਹਟੀ। ਉਸ ਮੇਟ ਵਿਰੁੱਧ ਕਿਸੇ ਨੇ ਸੀ.ਐੱਮ. ਵਿੰਡੋ ਵਿਚ ਸ਼ਿਕਾਇਤ ਕੀਤੀ ਜਿਸ ਕਾਰਨ ਉਹ ਮੇਟ ਆਪਣੇ ਆਪ ਪਿੱਛੇ ਹਟ ਗਿਆ। ਉਸ ਤੋਂ ਬਾਅਦ ਨੀਲਮ ਨੇ ਘਾਸੋ ਖੁਰਦ ਅਤੇ ਘਾਸੋ ਕਲਾਂ ਦੇ ਦਲਿਤ ਮਰਦਾਂ ਦੇ ਨਾਲ ਹੀ ਔਰਤਾਂ ਨੂੰ ਵੀ ਮਗਨਰੇਗਾ ਵਿਚ ਮੇਟ ਬਣਾਇਆ। ਇਨ੍ਹਾਂ ਪਿੰਡਾਂ ਵਿਚ ਕਿਸੇ ਨੂੰ ਇਸ ਗੱਲ ਦਾ ਗਿਆਨ ਨਹੀਂ ਸੀ ਕਿ ਮਗਨਰੇਗਾ ਵਿਚ ਕੋਈ ਔਰਤ ਵੀ ਮੇਟ ਬਣ ਸਕਦੀ ਹੈ। ਮਗਨਰੇਗਾ ਮਜ਼ਦੂਰਾਂ ਨੂੰ ਉਨ੍ਹਾਂ ਦੇ ਹੱਕਾਂ ਪ੍ਰਤੀ ਨੀਲਮ ਨੇ ਹੀ ਜਾਗਰੂਕ ਕੀਤਾ।" ਨੀਲਮ ਨੇ ਆਪਣੇ ਪਿੰਡ ਤੋਂ ਇਲਾਵਾ ਨੇੜਲੇ ਪਿੰਡਾਂ ਘਾਸੋ ਕਲਾਂ, ਦਾਬੜੀ ਕਲਾਂ, ਸਫਾ ਖੇੜੀ, ਤਾਰਖਾ, ਕਰਸਿੰਦੂ, ਖਗਰਪੁਰਾ ਅਤੇ ਹੋਰ ਪਿੰਡਾਂ 'ਚ ਵੀ ਮਨਰੇਗਾ ਮਜ਼ਦੂਰਾਂ ਦੇ ਹੱਕਾਂ ਲਈ ਸੰਘਰਸ਼ ਕੀਤਾ ਅਤੇ ਉਨ੍ਹਾਂ ਨੂੰ ਹੱਕਾਂ ਪ੍ਰਤੀ ਜਾਗਰੂਕ ਕੀਤਾ।"

ਘਾਸੋ ਖੁਰਦ ਦੀ ਪਹਿਲੀ ਮਨਰੇਗਾ ਔਰਤ ਮੇਟ ਮੋਨੀਆ ਨੇ ਮੈਨੂੰ ਦੱਸਿਆ, "ਮੇਟ ਬਣ ਕੇ ਮੇਰੇ ਅੰਦਰ ਆਤਮ-ਵਿਸ਼ਵਾਸ ਵਧਿਆ। ਮੇਰੇ ਅੰਦਰ ਘਰ ਤੋਂ ਬਾਹਰ ਨਿਕਲ ਕੇ ਚਾਰ ਬੰਦਿਆਂ ਨਾਲ ਗੱਲ ਕਰਨ ਦੀ ਹਿੰਮਤ ਆਈ ਹੈ। ਮੈਂ ਅਤੇ ਪਿੰਡ ਦੀਆਂ ਹੋਰ ਮਗਨਰੇਗਾ ਮਜ਼ਦੂਰ ਔਰਤਾਂ ਨੂੰ ਆਪਣੇ ਹੱਕਾਂ ਬਾਰੇ ਪਤਾ ਲੱਗਿਆ ਹੈ। ਹੁਣ ਕੋਈ ਸਾਡੀ ਦਿਹਾੜੀ ਨਹੀਂ ਮਾਰ ਸਕਦਾ। ਮੈਨੂੰ ਲੋਕਾਂ ਨਾਲ ਗੱਲ ਕਰਨੀ ਆ ਗਈ ਹੈ।" ਮੋਨੀਆ ਨੇ ਹੱਸਦਿਆਂ ਕਿਹਾ, "ਇਸੇ ਆਤਮ-ਵਿਸ਼ਵਾਸ ਕਾਰਨ ਹੀ ਮੈਂ ਤੁਹਾਡੇ ਨਾਲ ਬਿਨਾਂ ਘੁੰਡ ਕੱਢੇ ਗੱਲ ਕਰ ਰਹੀ ਹਾਂ। ਇਹ ਸਭ ਸਾਡੀ ਭੈਣ ਨੀਲਮ ਕਰ ਕੇ ਹੀ ਹੋ ਸਕਿਆ।" ਮੋਨੀਆ ਨੇ ਦੱਸਿਆ, "ਨੀਲਮ ਪਿੰਡ ਦੀਆਂ ਔਰਤਾਂ ਨੂੰ ਹੋਰ ਅੰਦੋਲਨਾਂ 'ਚ ਵੀ ਲੈ ਕੇ ਜਾਂਦੀ ਸੀ। ਉਸ ਨੇ ਕੁਝ ਵੀ ਗ਼ਲਤ ਨਹੀਂ ਕੀਤਾ; ਮੈਨੂੰ ਯਕੀਨ ਹੈ ਕਿ ਉਹ ਬਹੁਤ ਛੇਤੀ ਸਾਡੇ ਦਰਮਿਆਨ ਵਾਪਸ ਆ ਜਾਵੇਗੀ।"

ਪਿੰਡ ਦੀ ਬਜ਼ੁਰਗ ਮਗਨਰੇਗਾ ਮਜ਼ਦੂਰ ਸੰਤਰੋ ਦੇਵੀ ਨੇ ਦੱਸਿਆ ਕਿ ਪਹਿਲਾਂ ਮੇਟ ਨੇ ਉਨ੍ਹਾਂ ਦੀਆਂ ਕਿੰਨੀਆਂ ਦਿਹਾੜੀਆਂ ਮਾਰ ਲਈਆਂ ਸਨ। ਉਸ ਨੇ ਦੱਸਿਆ, "ਜਦੋਂ ਤੋਂ ਮੇਟ ਦਾ ਅਧਿਕਾਰ ਸਾਡੇ ਗ਼ਰੀਬ ਲੋਕਾਂ ਕੋਲ ਆਇਆ ਹੈ, ਮੈਨੂੰ ਮੇਰੇ ਪੈਸੇ ਮਿਲ ਜਾਂਦੇ ਹਨ।"

ਕਈ ਪ੍ਰਦਰਸ਼ਨਾਂ ਅਤੇ ਅੰਦੋਲਨਾਂ ਵਿਚ ਨੀਲਮ ਦੇ ਨਾਲ ਰਹੇ ਪਿੰਡ ਦੇ ਮਜ਼ਦੂਰ ਵਰਿੰਦਰ ਸਿੰਘ ਨੇ ਦੱਸਿਆ, "ਮੈਂ ਗ਼ਰੀਬ ਦਲਿਤ ਪਰਿਵਾਰ ਤੋਂ ਹਾਂ। ਮਗਨਰੇਗਾ ਯੂਨੀਅਨ ਵਿਚ ਕੰਮ ਕਰਦਾ ਹਾਂ। ਨੀਲਮ ਬਹਾਦਰ ਇਨਕਲਾਬੀ ਕੁੜੀ ਹੈ। ਨੀਲਮ ਦੀ ਬਦੌਲਤ ਸਾਨੂੰ ਮਗਨਰੇਗਾ ਦਾ ਰੁਕਿਆ ਹੋਇਆ ਕੰਮ ਮਿਲਿਆ ਹੈ।" ਵਰਿੰਦਰ ਸਿੰਘ ਨੇ ਦੱਸਿਆ ਕਿ ਨੀਲਮ ਨੇ ਉਸ ਵਰਗੇ ਬਹੁਤ ਸਾਰੇ ਲੋਕਾਂ ਨੂੰ ਜਥੇਬੰਦ ਕੀਤਾ। ਇਸ ਕਾਰਨ ਪਿੰਡ ਦੇ ਬ੍ਰਾਹਮਣਾਂ ਨੇ ਉਸ ਦਾ ਵਿਰੋਧ ਵੀ ਕੀਤਾ ਸੀ। ਸ਼ੁਰੂ 'ਚ ਤਾਂ ਲੜਕੀ ਹੋਣ ਕਾਰਨ ਉਸ ਨੂੰ ਪਿੰਡ 'ਚ ਹੀ ਬਹੁਤ ਸਾਰੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ। ਲੋਕ ਉਸ ਨੂੰ ਗੰਦੀ ਨਜ਼ਰ ਨਾਲ ਦੇਖਦੇ ਸਨ। ਕਈਆਂ ਨੂੰ ਉਸ ਦਾ ਗ਼ਰੀਬ ਮਜ਼ਦੂਰਾਂ ਨਾਲ ਖੜ੍ਹੇ ਹੋਣਾ ਚੁੱਭਦਾ ਸੀ। ਇੱਥੋਂ ਤੱਕ ਕਿ ਨੇੜਲੇ ਪਿੰਡ ਘਾਸੋ ਕਲਾਂ ਵਿਚ ਉਸ ਨੂੰ ਗੱਡੀ ਹੇਠਾਂ ਕੁਚਲਣ ਦੀ ਕੋਸ਼ਿਸ਼ ਵੀ ਕੀਤੀ ਗਈ। ਉਸ ਘਟਨਾ ਤੋਂ ਬਾਅਦ ਉਹ ਜਦੋਂ ਵੀ ਕਿਤੇ ਜਾਂਦੀ ਸੀ ਤਾਂ ਅਨੁਸੂਚਿਤ ਅਤੇ ਪਿਛੜੀ ਜਾਤੀ ਦੇ ਚਾਰ-ਪੰਜ ਬੰਦੇ ਉਸ ਦੇ ਨਾਲ ਜ਼ਰੂਰ ਜਾਂਦੇ ਸਨ। ਨੀਲਮ ਦੇ ਸਾਥੀਆਂ ਨੂੰ ਅਹਿਸਾਸ ਸੀ ਕਿ ਜੇ ਉਸ ਨੂੰ ਕੁਝ ਹੋ ਗਿਆ

***(ਬਾਕੀ ਅਗਲੇ ਸਫੇ 'ਤੇ)***

# ਸਮਾਜਿਕ ਕਦਰਾਂ ਦੇ ਬਦਲਦੇ ਪ੍ਰਸੰਗ

**ਸੰਸਾਰੀਕਰਨ ਨੇ ਸਾਨੂੰ ਕਿਸੇ ਇਕ ਪੱਖ ਤੋਂ ਹੀ ਪ੍ਰਭਾਵਿਤ ਨਹੀਂ ਕੀਤਾ, ਸਮੁੱਚਤਾ ਵਿਚ ਇਸ ਦਾ ਅਸਰ ਦੇਖਿਆ ਜਾ ਸਕਦਾ ਹੈ। ਡਾਲਰਾਂ ਪਾਊਂਡਾਂ ਦੇ ਨਾਲ ਹੀ ਸਾਡੇ ਕੋਲ ਉਨ੍ਹਾਂ ਧਰਤੀਆਂ ਦੀ ਤੋਰ ਵੀ ਪਹੁੰਚ ਚੁੱਕੀ ਹੈ। ਅਜੋਕੇ ਮਨੁੱਖ ਦੀ ਸੋਚ ਵਿਚ ਹਵਾਈ ਜਹਾਜ਼ ਦੀ ਗਤੀ ਤੋਂ ਵੀ ਵਧੇਰੇ ਗਤੀਸ਼ੀਲਤਾ ਅਨੁਭਵ ਕੀਤੀ ਜਾ ਸਕਦੀ ਹੈ। ਧਰਤੀ ਦੀ ਥਾਵੇਂ ਹੁਣ ਅਸਮਾਨ ਵੱਲ ਵਧੇਰੇ ਤੱਕਣ ਦੀ ਲਾਲਸਾ ਕੇਵਲ ਵਿਗਿਆਨੀਆਂ ਤੱਕ ਹੀ ਸੀਮਤ ਨਹੀਂ ਹੈ, ਇਹ ਪੂਰੀ ਮਨੁੱਖੀ ਸੋਚ ਵਿਚ ਸ਼ਾਮਲ ਹੋ ਗਈ ਹੈ। ਬੱਚਿਆਂ ਵਾਸਤੇ ਹੁਣ 'ਚੰਦਾ ਮਾਮਾ ਦੂਰ' ਦਾ ਸੰਕਲਪ ਟੁੱਟ ਕੇ ਧਰਤੀ ਦਾ ਇਕ ਟੁਕੜਾ ਬਣ ਗਿਆ ਹੈ।**

ਸਮਾਜ ਦੀ ਵਰਤਮਾਨ ਤੋਰ ਦੀ ਗੱਲ ਕਰਨ ਤੋਂ ਪਹਿਲਾਂ ਸਾਨੂੰ ਬਦਲਦੇ ਸਮਾਜਿਕ ਹਾਲਾਤ ਦੀ ਗੱਲ ਕਰਨੀ ਪਵੇਗੀ। ਇਸ ਧਰਤੀ ਦੇ ਸਾਰੇ ਦੇਸ਼ ਹੁਣ ਪਿੰਡ ਵਿਚ ਤਬਦੀਲ ਹੋ ਚੁੱਕੇ ਹਨ। ਸੱਤ ਸਮੁੰਦਰੋਂ ਪਾਰ ਦਾ ਪੰਜਾਬੀ ਵਾਕੰਸ਼ ਹੁਣ ਹਵਾਈ ਸਫ਼ਰ ਦੀ ਕੁਝ ਹੀ ਪਲਾਂ ਵਿਚ ਮੁੱਕਣ ਵਾਲੀ ਵਾਟ ਵਿਚ ਬਦਲ ਗਿਆ ਹੈ। ਹੁਣ ਆਪਣਿਆਂ ਨੂੰ ਉਡੀਕਦਿਆਂ ਦੀਆਂ ਅੱਖਾਂ ਪੱਕਦੀਆਂ ਨਹੀਂ ਸਗੋਂ ਇਹ ਵਾਟ ਤਾਂ ਅੱਖ ਝਪਕਦਿਆਂ ਹੀ ਬਦਲੇ ਹੋਏ ਵਾਤਾਵਰਨ ਵਿਚ ਆਣ ਪਹੁੰਚਣ ਵਾਲੀ ਬਣ ਗਈ ਹੈ। ਕੈਨੇਡਾ, ਅਮਰੀਕਾ, ਇੰਗਲੈਂਡ, ਆਸਟਰੇਲੀਆ, ਨਿਊਜ਼ੀਲੈਂਡ ਆਦਿ ਬੈਠੇ ਸਕੇ-ਸਬੰਧੀ ਥੋੜ੍ਹੇ



ਜਿਹੇ ਵੱਧ ਪੈਸੇ ਖਰਚ ਕੇ ਆਪਣਿਆਂ ਦੀ ਖੁਸ਼ੀ ਗ਼ਮੀ ਵਿਚ ਸ਼ਰੀਕ ਹੋ ਸਕਦੇ ਹਨ। ਇਕ ਤੋਂ ਦੂਸਰੇ ਥਾਂ ਆਉਂਦੇ ਜਾਂਦੇ ਲੋਕ ਬੜਾ ਕੁਝ ਪੱਲੇ ਵੀ ਬੰਨ੍ਹ ਲਿਆਉਂਦੇ/

**ਗੁਰਦੀਪ ਢੁੱਡੀ**
**ਫੋਨ: +91-95010-20731**

ਲਿਜਾਂਦੇ ਹਨ। ਇਹ ਮਨੁੱਖੀ ਵਿਹਾਰ ਦਾ ਸਭ ਤੋਂ ਉੱਤਮ ਗੁਣ ਹੈ ਕਿ ਉਹ ਜੇ ਕਿਤੇ ਆਉਂਦਾ ਜਾਂਦਾ ਹੈ ਤਾਂ ਕਦੇ ਵੀ ਇਕੱਲਾ ਨਹੀਂ ਹੁੰਦਾ ਸਗੋਂ ਬੜਾ ਕੁਝ ਉਸ ਦੇ ਸਾਥ ਤੁਰਦਾ ਹੈ। ਇਸ 'ਬੜੇ ਕੁਝ' ਵਿਚ ਸਾਰਾ ਕੁਝ ਅੱਖਾਂ ਦੇਖਦੀਆਂ ਨਹੀਂ ਸਗੋਂ ਇਸ ਵਿਚ ਕੁਝ ਅਦਿੱਖ ਵੀ ਹੁੰਦਾ ਹੈ। ਇਹ ਪੋਟਲੀਆਂ ਬੰਦੇ ਨੂੰ ਆਪਣੇ ਅਤੀਤ ਨਾਲ ਬੰਨ੍ਹਣ ਦਾ ਭੁਲੇਖਾ ਪਾਉਂਦੀਆਂ ਰਹਿੰਦੀਆਂ ਹਨ। ਫਿਰ ਇਹ ਕੁਦਰਤੀ ਵਰਤਾਰਾ ਹੈ ਕਿ ਇਹ ਪੋਟਲੀ ਜਿੱਥੇ ਜਾਂਦੀ ਹੈ, ਉੱਥੇ ਕੁਝ ਆਪਣੇ ਵਿਚੋਂ ਛੱਡਦੀ ਹੈ ਅਤੇ ਕੁਝ ਆਪਣੇ ਨਾਲ ਜੋੜਦੀ ਹੈ। ਇੱਥੇ ਬੜਾ ਕੁਝ ਰਲ਼ਗੱਡ ਹੋ ਜਾਂਦਾ ਹੈ। ਮਨੁੱਖਾਂ ਦੇ ਆਪਸੀ ਸੰਵਾਦ ਵਾਲੀ ਭਾਸ਼ਾ ਦੀ ਸ਼ੁੱਧਤਾ ਘਟਦੀ ਮਹਿਸੂਸ ਕੀਤੀ ਜਾ ਸਕਦੀ ਹੈ ਜਾਂ ਕਹੀਏ ਉਸ ਦੀ ਮੌਲਿਕਤਾ ਗੁਆਚਿਆਂ ਵਰਗੀ ਹੋ ਜਾਂਦੀ ਹੈ। ਉਂਝ ਵੀ ਭਾਸ਼ਾ ਵਿਚ ਲਚਕੀਲਾਪਣ ਹੋਰ ਕਿਸੇ ਵੀ ਵਰਤਾਰੇ ਨਾਲੋਂ ਵਧੇਰੇ ਹੁੰਦਾ ਹੈ। ਇਸੇ ਤਰ੍ਹਾਂ ਜੀਵਨ ਜਾਚ ਦੇ ਹੋਰ ਪੱਖਾਂ ਵਿਚ ਸੁਭਾਵਿਕ ਤਬਦੀਲੀਆਂ ਅਨੁਭਵ ਕੀਤੀਆਂ ਜਾ ਸਕਦੀਆਂ ਹਨ। ਮਨੁੱਖੀ ਵਿਹਾਰ ਦਾ ਤਬਦੀਲ ਹੋਣਾ ਇੰਨਾ ਸਹਿਜ ਹੁੰਦਾ ਹੈ ਕਿ ਸਭ ਕੁਝ ਅਚੇਤ ਹੀ ਹੁੰਦਾ ਰਹਿੰਦਾ ਹੈ।

ਇਸ ਨਾਲੋਂ ਵੀ ਜ਼ਿਆਦਾ ਜਾਣਨ ਸਮਝਣ ਵਾਲੀ ਗੱਲ ਹੋਰ ਵੀ ਹੈ। ਸਿੱਖਿਆ ਸਾਡੀ ਬੁਨਿਆਦੀ ਲੋੜ ਬਣ ਗਈ ਹੈ ਅਤੇ ਇਸ ਦਾ ਵਸੀਹ ਪਸਾਰਾ ਹੋਇਆ ਹੈ। ਸਿੱਖਿਆ ਦੇ ਇਸ ਫ਼ੈਲਾਓ ਵਿਚ ਸੂਚਨਾ ਅਤੇ ਤਕਨਾਲੋਜੀ ਦੇ ਸੰਦਾਂ ਨੇ ਵੱਡਾ ਰੋਲ ਅਦਾ ਕੀਤਾ ਹੈ। ਜੇ ਇਹ ਕਹੀਏ ਕਿ ਵਿਦਿਆ ਦੇ ਇਸ ਪਸਾਰੇ ਨੇ ਸਾਡੀ ਪੂਰੀ ਜੀਵਨ ਜਾਚ ਨੂੰ ਹੀ ਪ੍ਰਭਾਵਿਤ ਕੀਤਾ ਹੈ ਤਾਂ ਇਸ ਵਿਚ ਕੋਈ ਸ਼ੱਕ ਨਹੀਂ। ਮਨੁੱਖ ਦਾ ਅੱਧਾ ਅੰਗ



ਜਿਹੜਾ ਸਹੀ ਅਰਥਾਂ ਵਿਚ ਸੱਭਿਆਚਾਰ ਦਾ ਸਿਰਜਕ ਹੈ, ਇਸ ਨੂੰ ਵਿਕਸਤ ਹੋਣ ਦੇ ਅਵਸਰ ਤੇ ਅੰਤਾਂ ਦੀਆਂ ਵਲਗਣਾਂ ਆਇਦ ਕੀਤੀਆਂ ਹੋਈਆਂ ਸਨ। ਇਹ ਵਲਗਣਾਂ ਪ੍ਰਤੱਖ ਅਤੇ ਅਪ੍ਰਤੱਖ, ਦੋਨੇ ਤਰ੍ਹਾਂ ਦੀਆਂ ਹਨ।

ਸਿੱਖਿਆ ਦੇ ਫ਼ੈਲਾਓ ਨੇ ਇਸ ਦੂਸਰੇ ਅੰਗ ਦੀਆਂ ਵਲਗਣਾਂ ਨੂੰ ਕੁਝ ਹੀ ਸਮੇਂ ਵਿਚ ਚਕਨਾਚੂਰ ਕਰ ਦਿੱਤਾ ਹੈ। ਅੱਜ ਔਰਤ ਕੁੜੀ-ਚਿੜੀ ਨਾ ਰਹਿ ਕੇ ਮੁਕਾਬਲੇ ਵਿਚ ਮੁੰਡਿਆਂ/ਮਰਦਾਂ ਨੂੰ ਦੂਸਰਾ ਅੰਗ ਬਣਾਉਣ ਲਈ ਪੁਲਾਂਘਾਂ ਪੁੱਟ ਰਹੀ ਹੈ। ਗੁਰੂਆਂ, ਪੀਰਾਂ-ਫ਼ਕੀਰਾਂ, ਚਿੰਤਕਾਂ ਦੁਆਰਾ ਜਿਸ ਔਰਤ ਨੂੰ ਬਰਾਬਰ ਦਾ ਦਰਜਾ ਦੇਣ ਦਾ ਹੋਕਾ ਦੇਣ ਦੇ ਬਾਵਜੂਦ ਸਮਾਜ ਨੇ ਦੂਜੇ ਦਰਜੇ 'ਤੇ ਹੀ ਰੱਖਿਆ ਹੋਇਆ ਸੀ, ਉਸ ਔਰਤ ਨੇ ਸਿੱਖਿਆ ਦੇ ਇਸ ਪਸਾਰੇ ਸਦਕਾ ਦੋਇਮ ਤੋਂ ਪ੍ਰਥਮ ਵੱਲ ਆਪਣੇ ਕਦਮ ਵਧਾ ਲਏ ਹਨ। 'ਉੱਠ ਬਹੂ ਤੂੰ ਥੱਕੀ, ਤੂੰ ਵੇਲਣੇ ਮੈਂ ਚੱਕੀ' ਵਾਲੀ ਅਖਉਤ ਨੂੰ ਅੱਜ ਉਸ ਨੇ ਵਿਸਾਰ ਦਿੱਤਾ ਹੈ। ਘਰ ਤੋਂ ਬਾਹਰ ਉਹ ਅੰਬਰੀਂ ਉਡਾਰੀਆਂ ਭਰਦੀ ਆਮ ਹੀ ਦੇਖੀ ਜਾ ਸਕਦੀ ਹੈ। ਮਾਂ/ਸੱਸ ਅੱਜ ਬਾਖ਼ੂਬੀ ਜਾਣਦੀ ਸਮਝਦੀ ਹੈ ਕਿ ਪੁੱਤਰ ਅਤੇ ਧੀ, ਪੁੱਤ ਅਤੇ ਨੂੰਹ ਦੀ ਖ਼ੁਰਾਕ ਅਤੇ ਸਿੱਖਿਆ ਦੀ ਲੋੜ ਇੱਕੋ ਜਿਹੀ ਹੈ। ਧੀ ਦਾ ਪਾਲਣ ਪੋਸ਼ਣ ਅੱਜ ਬਿਗਾਨਾ ਧਨ ਸਮਝ ਕੇ ਨਹੀਂ ਕੀਤਾ ਜਾਂਦਾ। ਕੁੜੀਆਂ ਲਈ ਸਿਰ 'ਤੇ ਚੁੰਨੀ ਲੈਣਾ ਅੱਜ ਇੱਜ਼ਤ ਦਾ ਪ੍ਰਤੀਕ ਨਹੀਂ ਰਹਿ ਗਿਆ। 'ਲੱਜਾ' ਵਰਤਮਾਨ ਸਮੇਂ ਵਿਚ ਉਸ ਦਾ ਗਹਿਣਾ ਨਹੀਂ ਸਗੋਂ ਇਸ ਲੱਜਾ ਦੇ ਨਾਮ 'ਤੇ ਲਾਈਆਂ ਪਾਬੰਦੀਆਂ ਨੂੰ ਵਗਾਹ ਕੇ ਮਾਰਨਾ ਹੁਣ ਵਿਕਾਸ ਦੀ ਗਤੀ ਦਾ ਚਿੰਨ੍ਹ ਬਣ ਗਿਆ ਹੈ। 'ਵਿਦਿਆ ਪੜ੍ਹਾ ਦੇ ਬਾਬਲਾ ਭਾਵੇਂ ਦੇਈਂ ਨਾ ਦਾਜ ਵਿਚ ਗਹਿਣੇ' ਅੱਜ ਤੋਂ ਕੁਝ ਸਾਲ ਪਹਿਲਾਂ ਸਿਰਜਿਆ ਗੀਤ ਅਜੋਕੇ ਸਮੇਂ ਵਿਚ ਗਹਿਣਿਆਂ ਦੀ ਪਰਿਭਾਸ਼ਾ ਸਿਰਜ ਰਿਹਾ ਹੈ।

ਅਜੋਕਾ ਨੌਜਵਾਨ ਪੜ੍ਹ ਲਿਖ ਕੇ ਕਮਾਊ ਵੀ ਹੁੰਦਾ ਹੈ ਅਤੇ ਉਹ ਆਪਣੀਆਂ ਜੜ੍ਹਾਂ ਨਵੀਂ ਕਰਮਭੂਮੀ ਵਿਚ ਲਾਉਂਦਾ ਹੋਇਆ ਝਿਜਕਦਾ ਨਹੀਂ। ਉਹ ਪਿਤਾ ਪੁਰਖੀ ਧੰਦਾ ਵਿਸਰ ਕੇ ਆਪਣੇ ਹਮਉਮਰਾਂ ਵਾਲੇ ਕਰਮ ਕਰਦਾ ਹੋਇਆ ਮੁਕਾਬਲੇਬਾਜ਼ੀ ਵਿਚ ਸ਼ਰੀਕ ਹੁੰਦਾ ਹੈ। 'ਲਾਮਾਂ' ਨੂੰ ਕਮਾਈ ਕਰਨ ਨਹੀਂ ਜਾਇਆ ਜਾਂਦਾ ਸਗੋਂ ਅਜੋਕੀ ਪੀੜ੍ਹੀ ਪਰਵਾਸ ਕਰਨ ਨੂੰ ਸੁਭਾਵਿਕ ਪ੍ਰਕਿਰਿਆ ਸਮਝ ਕੇ ਅਪਣਾ ਰਹੀ ਹੈ। ਇਹ ਪਰਵਾਸ ਜ਼ਰੂਰੀ ਨਹੀਂ ਵਿਦੇਸ਼ ਵਿਚ ਹੋਵੇ ਸਗੋਂ ਇਹ ਆਪਣੀ ਧਰਤੀ 'ਤੇ ਵੀ ਹੁੰਦਾ ਹੈ। ਸਾਡੇ ਦੇਸ਼ ਦੇ ਆਈਟੀ ਦੇ ਹੱਬ ਵਜੋਂ ਜਾਣੇ ਜਾਂਦੇ ਬੰਗਲੌਰ, ਗੁੜਗਾਉਂ, ਮੁੰਬਈ, ਦਿੱਲੀ, ਹੈਦਰਾਬਾਦ ਆਦਿ ਵਰਗੇ ਸ਼ਹਿਰ ਨੌਜਵਾਨਾਂ ਦੀ ਪਹਿਲੀ ਪਸੰਦ ਬਣ ਰਹੇ ਹਨ। ਕਦੇ ਨੌਜਵਾਨ ਆਪਣੇ ਮਾਪਿਆਂ ਕੋਲ ਰਹਿੰਦੇ ਹੁੰਦੇ ਸਨ ਅਤੇ ਅੱਜ ਮਾਪੇ 'ਆਪਣੀ ਜਨਮ ਅਤੇ ਕਰਮ ਭੂਮੀ' ਛੱਡ ਕੇ ਆਪਣੀ ਔਲ਼ਾਦ ਕੋਲ ਜਾਂਦੇ ਹਨ। ਇਹ ਭਿੰਨ ਗੱਲ ਹੈ ਕਿ ਮਾਪੇ ਪਹਿਲੀਆਂ ਵਿਚ ਭਟਕਿਆਂ ਵਰਗੇ ਜਾਪਦੇ ਹਨ ਅਤੇ ਕਦੇ ਇਧਰ ਕਦੇ ਉਧਰ ਆਉਂਦੇ ਜਾਂਦੇ ਹਨ ਅਤੇ ਫਿਰ 'ਆਪਣੇ ਘਰ' ਜਾਂ ਫਿਰ 'ਆਪਣੇ ਪੁੱਤਰ ਧੀ ਦੇ ਘਰ' ਰਹਿੰਦੇ ਹੋਏ 'ਬਿਰਧ ਆਸ਼ਰਮ' ਵਿਚ ਰਹਿਣ ਵਾਂਗ ਮਹਿਸੂਸ ਕਰਦੇ ਹਨ। ਬੜੀ ਵਾਰੀ ਨੌਜਵਾਨਾਂ ਦੀ 'ਮਸ਼ੀਨੀ ਜ਼ਿੰਦਗੀ' ਦੀ ਉਹ ਨੁਕਤਾਚੀਨੀ ਕਰਦੇ ਹੋਏ ਰੁਲ਼-ਖੁਲ਼ ਕੇ ਦਿਨ ਕਟੀ ਕਰਦੇ ਹਨ। ਉਹ ਇਹ ਭੁੱਲ ਜਾਂਦੇ ਹਨ ਕਿ ਮਸ਼ੀਨਾਂ ਕੇਵਲ ਪੈਸਾ ਹੀ ਨਹੀਂ ਦਿੰਦੀਆਂ ਹਨ ਸਗੋਂ ਉਹ ਆਪਣੇ ਵਰਤਣ ਵਾਲਿਆਂ ਨੂੰ ਆਪਣੇ ਵਰਗੀ ਹੀ ਜ਼ਿੰਦਗੀ ਜਿਊਣ ਲਾ ਦਿੰਦੀਆਂ ਹਨ। ਇਹ ਵੀ ਉਨ੍ਹਾਂ ਨੂੰ ਵਿਸਰ ਗਿਆ ਹੁੰਦਾ ਹੈ ਕਿ ਪਹਿਲੀਆਂ ਵਿਚ ਮਿਲੇ ਹੋਏ ਪੈਕੇਜ ਨੂੰ ਜਿਨ੍ਹਾਂ ਮਾਪਿਆਂ ਨੇ ਬੜਾ ਹੁੱਬ ਕੇ ਲੋਕਾਂ ਨੂੰ ਦੱਸਿਆ ਹੁੰਦਾ ਹੈ, ਅੱਜ ਉਹ ਉਸੇ ਪੈਕੇਜ ਦੇ ਹੱਥੋਂ ਹੀ ਤੰਗ ਆਏ ਹੋਏ ਜਾਪਦੇ ਹਨ।

ਯਾਦ ਰੱਖਣ ਵਾਲੀ ਗੱਲ ਹੈ ਕਿ ਬੋਤਾ ਸਿੰਘ, ਪਿੱਪਲ ਸਿੰਘ, ਕਿੱਕਰ ਸਿੰਘ, ਬੋਹੜ ਸਿੰਘ ਵਰਗੇ ਨਾਵਾਂ ਦੀ ਥਾਂ ਆਕਾਸ਼ ਸਿੰਘ, ਜਰਮਨਜੀਤ ਸਿੰਘ ਵਰਗੇ ਨਾਂ ਤਾਂ ਮਾਪਿਆਂ ਨੇ ਹੀ ਬੱਚਿਆਂ ਨੂੰ ਦਿੱਤੇ ਸਨ। ਉਂਝ ਵੀ, ਕਿਧਰੇ ਨਾ ਕਿਧਰੇ ਮਾਪਿਆਂ ਦੇ ਸੁਫ਼ਨਿਆਂ ਵਿਚ ਧਰਤੀ ਨਾਲ ਜੁੜਨ ਦੀ ਚਾਹਤ ਦੀ ਥਾਂ ਆਪਣੇ ਬੱਚਿਆਂ ਵਾਸਤੇ ਅੰਬਰੀਂ ਉਡਾਰੀਆਂ ਬਾਰੇ ਚਿਤਵਿਆ ਹੋਇਆ ਸੀ।

ਸੰਸਾਰੀਕਰਨ ਨੇ ਸਾਨੂੰ ਕਿਸੇ ਇਕ ਪੱਖ ਤੋਂ ਹੀ ਪ੍ਰਭਾਵਿਤ ਨਹੀਂ ਕੀਤਾ, ਸਮੁੱਚਤਾ ਵਿਚ ਇਸ ਦਾ ਅਸਰ ਦੇਖਿਆ ਜਾ ਸਕਦਾ ਹੈ। ਡਾਲਰਾਂ ਪਾਊਂਡਾਂ ਦੇ ਨਾਲ ਹੀ ਸਾਡੇ ਕੋਲ ਉਨ੍ਹਾਂ ਧਰਤੀਆਂ ਦੀ ਤੋਰ ਵੀ ਪਹੁੰਚ ਚੁੱਕੀ ਹੈ। ਅਜੋਕੇ ਮਨੁੱਖ ਦੀ ਸੋਚ ਵਿਚ ਹਵਾਈ ਜਹਾਜ਼ ਦੀ ਗਤੀ ਤੋਂ ਵੀ ਵਧੇਰੇ ਗਤੀਸ਼ੀਲਤਾ ਅਨੁਭਵ ਕੀਤੀ ਜਾ ਸਕਦੀ ਹੈ। ਧਰਤੀ ਦੀ ਥਾਵੇਂ ਹੁਣ ਅਸਮਾਨ ਵੱਲ ਵਧੇਰੇ ਤੱਕਣ ਦੀ ਲਾਲਸਾ ਕੇਵਲ ਵਿਗਿਆਨੀਆਂ ਤੱਕ ਹੀ ਸੀਮਤ ਨਹੀਂ ਹੈ, ਇਹ ਪੂਰੀ ਮਨੁੱਖੀ ਸੋਚ ਵਿਚ ਸ਼ਾਮਲ ਹੋ ਗਈ ਹੈ। ਬੱਚਿਆਂ ਵਾਸਤੇ ਹੁਣ 'ਚੰਦਾ ਮਾਮਾ ਦੂਰ' ਦਾ ਸੰਕਲਪ ਟੁੱਟ ਕੇ ਧਰਤੀ ਦਾ ਇਕ ਟੁਕੜਾ ਬਣ ਗਿਆ ਹੈ। 'ਚੰਦ ਚੜ੍ਹਿਆ ਅਸਾਂ ਨਹੀਂਓਂ ਦੇਖਣਾ, ਤੇਰੀ ਮਾਂ ਨੂੰ ਮੱਥਾ ਨਹੀਂਓਂ ਟੇਕਣਾ' ਦੇ ਲੋਕ ਬੋਲਾਂ ਨੂੰ ਸਿੱਖਿਆ ਦੇ ਪਸਾਰ ਨੇ ਹੁਣ ਪੂਰਾ ਕੀਤਾ ਹੈ। ਖੇਤੀ ਦੇ ਮਸ਼ੀਨੀਕਰਨ ਅਤੇ ਨਵੀਨੀਕਰਨ ਸਦਕਾ ਕਿਸਾਨੀ ਨਾਲ ਵਾਬਸਤਾ ਲੋਕਾਂ ਦੀ ਸੋਚ ਹੀ ਬਦਲ ਗਈ ਹੈ। ਧਰਤੀ (ਵਾਹੀਯੋਗ ਜ਼ਮੀਨ) ਹੁਣ ਮਾਂ ਨਹੀਂ ਸਗੋਂ ਇਹ ਉਤਪਾਦਕਤਾ ਦੇ ਸ੍ਰੋਤ ਵਿਚ ਬਦਲ ਗਈ ਹੈ। ਮਾਲ ਮਾਰਕੀਟ ਅਤੇ ਬਾਜ਼ਾਰ ਨੇ 'ਹੱਟੀਆਂ ਭੱਠੀਆਂ 'ਤੇ ਮਿਲਣੋਂ ਰਹਿ ਗਏ' ਦੀ ਗੱਲ ਸਾਡੇ ਸਨਮੁੱਖ ਕੀਤੀ ਹੈ।

ਦੂਜੇ ਪਾਸੇ ਮੋਬਾਈਲ ਫੋਨ ਅਤੇ ਇੰਟਰਨੈੱਟ ਨੇ ਹਰ ਤਰ੍ਹਾਂ ਦੀਆਂ ਦੂਰੀਆਂ ਘਟਾ ਦਿੱਤੀਆਂ ਹਨ। ਘਰਾਂ ਦੀ ਚਾਰਦੀਵਾਰੀ ਹੁਣ ਸਮਾਪਤੀ ਵੱਲ ਵਧ ਰਹੀ ਹੈ। ਰਹਿਣ-ਸਹਿਣ ਅਤੇ ਖਾਣ-ਪੀਣ ਆਪਣੇ ਮੂਲ ਨੂੰ ਤਿਆਗਦੇ ਹੋਣ ਦਾ ਅਹਿਸਾਸ ਕਰਵਾ ਰਹੇ ਹਨ। ਆਪਣੀ ਭਾਸ਼ਾ ਅਤੇ ਹੋਰ ਸੱਭਿਆਚਾਰਕ ਅੰਗਾਂ ਵਿਚ ਸਹੀ ਅਰਥਾਂ ਵਿਚ ਹੁਣ ਬਦਲਾਓ ਆ ਰਿਹਾ ਹੈ। ਸਮਾਜਿਕ ਕਦਰਾਂ ਕੀਮਤਾਂ ਨੂੰ ਨਵ-ਪਰਿਭਾਸ਼ਤ ਕੀਤਾ ਜਾ ਰਿਹਾ ਹੈ। ਇਸ ਵਿਚ ਭਾਵੇਂ ਕੋਈ ਸ਼ੱਕ ਨਹੀਂ ਕਿ ਦਰਖ਼ਤ ਦੇ ਆਪਣੀਆਂ ਜੜ੍ਹਾਂ ਨਾ ਛੱਡਣ ਵਾਂਗ ਮਨੁੱਖ ਵੀ ਆਪਣੀਆਂ ਜੜ੍ਹਾਂ ਦਾ ਤਿਆਗ ਨਹੀਂ ਕਰਦਾ ਪਰ ਇਹ ਨਵੀਂ ਥਾਂ 'ਤੇ ਛੇਤੀ ਹੀ ਆਪਣੀਆਂ ਜੜ੍ਹਾਂ ਲਾਉਣਾ ਸਿੱਖ ਗਿਆ ਹੈ। ਮਨੁੱਖੀ ਵਿਹਾਰ ਨੇ ਸਮੁੱਚਤਾ ਵਿਚ ਕਦਰਾਂ ਕੀਮਤਾਂ ਦਾ ਨਵ-ਨਿਰਮਾਣ ਕੀਤਾ ਹੈ। ਅੱਜ ਨਾਲੋਂ ਭਲਕ ਕਾਹ਼ਲਾ ਹੁੰਦਾ ਜਾਂਦਾ ਹੈ।

---

# ਕ੍ਰਾਂਤੀਕਾਰੀ ਨੂੰ ਦੇਸ਼ ਧ੍ਰੋਹੀ ਕਿਵੇਂ ਬਣਾਇਆ...

*(ਪਿਛਲੇ ਸਫੇ ਦੀ ਬਾਕੀ)*

ਤਾਂ ਉਨ੍ਹਾਂ ਦੀ ਆਵਾਜ਼ ਕੌਣ ਉਠਾਏਗਾ।

ਕਾਪੜੋ ਕਲਾਂ ਪਿੰਡ 'ਚ ਜਦੋਂ ਬੰਧੂਆ ਮਜ਼ਦੂਰ ਦਾ ਕਤਲ ਕਰ ਕੇ ਲਾਸ਼ ਸੜਕ ਉੱਪਰ ਸੁੱਟ ਦਿੱਤੀ ਗਈ ਤਾਂ ਪਰਿਵਾਰ ਨੂੰ ਇਨਸਾਫ਼ ਦਿਵਾਉਣ ਲਈ ਨੀਲਮ ਨੇ ਵੀ ਅੰਦੋਲਨ ਕੀਤਾ। ਨੀਲਮ ਅਤੇ ਉਸ ਮਜ਼ਦੂਰ ਪਰਿਵਾਰ ਉਪਰ ਲਾਠੀਚਾਰਜ ਕੀਤਾ ਗਿਆ। ਇਸੇ ਤਰ੍ਹਾਂ ਤਕਰੀਬਨ ਦੋ ਸਾਲ ਪਹਿਲਾਂ ਧਮਤਾਨ ਸਾਹਿਬ ਪਿੰਡ ਵਿਖੇ ਇਕ ਮਜ਼ਦੂਰ ਦਾ ਬਿਜਲੀ ਦਾ ਬਿੱਲ ਇਕ ਲੱਖ ਰੁਪਏ ਆ ਗਿਆ ਸੀ। ਇਸ ਸਦਮੇ ਕਾਰਨ ਮਜ਼ਦੂਰ ਨੇ ਖ਼ੁਦਕੁਸ਼ੀ ਕਰ ਲਈ ਸੀ। ਉਸ ਦੀ ਪਤਨੀ ਪਹਿਲਾਂ ਹੀ ਮਰ ਚੁੱਕੀ ਸੀ। ਉਸ ਮਜ਼ਦੂਰ ਦਾ ਇਕ ਬੱਚਾ ਸੀ, ਉਸ ਨੂੰ ਇਨਸਾਫ਼ ਦਿਵਾਉਣ ਲਈ ਜੋ ਸੰਘਰਸ਼ ਹੋਇਆ, ਨੀਲਮ ਨੇ ਉਸ ਵਿਚ ਵਧ-ਚੜ੍ਹ ਕੇ ਹਿੱਸਾ ਲਿਆ।

ਵਰਿੰਦਰ ਨੇ ਦੱਸਿਆ ਕਿ ਨੀਲਮ ਦਾ ਪਿੰਡ ਦੇ ਦਲਿਤਾਂ ਅਤੇ ਪਛੜੇ ਵਰਗਾਂ ਵਿਚ ਵੱਡਾ ਆਧਾਰ ਹੋਣ ਕਾਰਨ ਕਿਸਾਨ ਆਗੂ ਨੀਲਮ ਕੋਲ ਆਏ ਸਨ ਤਾਂ ਜੋ ਅੰਦੋਲਨ ਨੂੰ ਦਲਿਤਾਂ ਅਤੇ ਮਜ਼ਦੂਰਾਂ ਦੀ ਹਮਾਇਤ ਮਿਲ ਸਕੇ। ਨੀਲਮ ਪਿੰਡ ਦੇ ਦਲਿਤਾਂ ਅਤੇ ਮਜ਼ਦੂਰਾਂ ਨੂੰ ਅੰਦੋਲਨ ਵਿਚ ਲੈ ਕੇ ਗਈ। ਉਹ ਪਹਿਲਵਾਨ ਖਿਡਾਰੀਆਂ ਦੀ ਹਮਾਇਤ 'ਚ ਆਪਣੇ ਮਜ਼ਦੂਰ ਸਾਥੀਆਂ ਨਾਲ ਜੰਤਰ ਮੰਤਰ ਦਿੱਲੀ ਵੀ ਗਈ ਅਤੇ ਇਕ ਵਾਰ ਗ੍ਰਿਫ਼ਤਾਰੀ ਵੀ ਦਿੱਤੀ। ਵਰਿੰਦਰ ਸਿੰਘ ਦਾ ਕਹਿਣਾ ਹੈ ਕਿ ਪਿੰਡ ਵਿਚ ਬ੍ਰਾਹਮਣਾਂ ਨੂੰ ਛੱਡ ਕੇ ਹਰ ਕੋਈ ਨੀਲਮ ਦੇ ਹੱਕ ਵਿਚ ਆਵਾਜ਼ ਬੁਲੰਦ ਕਰ ਰਿਹਾ ਹੈ। ਕਿਸਾਨ ਆਗੂਆਂ ਦੇ ਹਮਾਇਤ 'ਚ ਆਉਣ ਤੋਂ ਬਾਅਦ ਪਿੰਡ ਦੇ ਜਾਟ ਵੀ ਨੀਲਮ ਅਤੇ ਉਸ ਦੇ ਸਾਥੀਆਂ ਦੀ ਹਮਾਇਤ 'ਚ ਆ ਗਏ ਹਨ। ਕਈ ਕਿਸਾਨ, ਮਜ਼ਦੂਰ, ਜਨਤਕ ਜਥੇਬੰਦੀਆਂ ਅਤੇ ਖਾਪ ਪੰਚਾਇਤਾਂ ਨੀਲਮ ਆਜ਼ਾਦ ਅਤੇ ਉਸ ਦੇ ਸਾਥੀਆਂ ਦੀ ਹਮਾਇਤ 'ਚ ਅੱਗੇ ਆਈਆਂ ਹਨ। ਪੰਜਾਬ ਦੀ ਸਭ ਤੋਂ ਵੱਡੀ ਕਿਸਾਨ ਜਥੇਬੰਦੀ ਭਾਰਤੀ ਕਿਸਾਨ ਯੂਨੀਅਨ (ਏਕਤਾ)-ਉਗਰਾਹਾਂ) ਜਿਸ ਦੀਆਂ ਹਰਿਆਣਾ ਵਿਚ ਵੀ ਕੁਝ ਇਕਾਈਆਂ ਹਨ, ਨੇ ਨੀਲਮ ਅਤੇ ਉਸ ਦੇ ਸਾਥੀਆਂ ਦੀ ਰਿਹਾਈ ਦੀ ਮੰਗ ਕਰਦੇ ਹੋਏ ਪਿਛਲੇ 18 ਦਸੰਬਰ ਨੂੰ ਨੀਲਮ ਦੇ ਪਿੰਡ ਘਾਸੋ ਖ਼ੁਰਦ ਵਿਚ ਰੈਲੀ ਕੀਤੀ। ਇਸ ਤੋਂ ਬਾਅਦ ਸੰਯੁਕਤ ਕਿਸਾਨ ਮੋਰਚਾ ਨੇ ਵੀ ਨੀਲਮ ਅਤੇ ਉਸ ਦੇ ਸਾਥੀਆਂ ਉੱਪਰ ਲਗਾਇਆ ਯੂ.ਏ.ਪੀ.ਏ. ਹਟਾਉਣ ਦੀ ਮੰਗ ਕੀਤੀ ਹੈ। ਪਿਛਲੇ 27 ਦਸੰਬਰ ਨੂੰ ਕਈ ਸਮਾਜਿਕ ਜਥੇਬੰਦੀਆਂ ਨੇ ਮਿਲ ਕੇ ਉਨ੍ਹਾਂ ਦੀ ਗ੍ਰਿਫ਼ਤਾਰੀ ਅਤੇ ਉਨ੍ਹਾਂ ਵਿਰੁੱਧ ਲਗਾਈਆਂ ਗਈਆਂ ਗੰਭੀਰ ਧਾਰਾਵਾਂ ਦੇ ਖ਼ਿਲਾਫ਼ ਰੋਸ ਪ੍ਰਗਟਾਇਆ ਹੈ। 29 ਦਸੰਬਰ ਨੂੰ ਨਰਵਾਣਾ ਵਿਚ ਕਈ ਸਮਾਜਿਕ ਜਥੇਬੰਦੀਆਂ ਨੇ ਵੱਡੀ ਗਿਣਤੀ ਵਿਚ ਇਕਜੁੱਟ ਹੋ ਕੇ ਨੀਲਮ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ ਹੈ।

ਨੀਲਮ ਦੇ ਪਿੰਡ ਤੋਂ ਹੀ ਭਾਰਤੀ ਕਿਸਾਨ ਯੂਨੀਅਨ (ਏਕਤਾ)-ਉਗਰਾਹਾਂ ਦੇ ਆਗੂ ਮਹਾਵੀਰ ਘਾਸੋ ਨੇ ਦੱਸਿਆ, "ਨੀਲਮ ਸਾਡੇ ਪਿੰਡ ਦੀ ਪੜ੍ਹੀ-ਲਿਖੀ ਅਤੇ ਲੋਕਾਂ ਲਈ ਸੰਘਰਸ਼ ਕਰਨ ਵਾਲੀ ਲੜਕੀ ਹੈ। ਨੌਜਵਾਨਾਂ ਵੱਲੋਂ ਬੋਲੇ ਕੰਨਾਂ ਨੂੰ ਸੁਣਾਉਣ ਲਈ ਚੁੱਕਿਆ ਗਿਆ ਇਹ ਕਦਮ ਜਾਇਜ਼ ਵਿਰੋਧ ਦਾ ਪ੍ਰਗਟਾਵਾ ਹੈ। ਇਕ ਸਮੇਂ ਇਹ ਕਦਮ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੇ ਵੀ ਚੁੱਕਿਆ ਸੀ।"

ਪੰਜਾਬ ਦੇ ਮਨੁੱਖੀ ਅਧਿਕਾਰ ਕਾਰਕੁਨ, ਲੇਖਕ ਅਤੇ ਸ਼ਹੀਦ ਭਗਤ ਸਿੰਘ ਦੇ ਭਾਣਜੇ ਪ੍ਰੋਫੈਸਰ ਜਗਮੋਹਨ ਸਿੰਘ ਨੇ ਫੋਨ 'ਤੇ ਦੱਸਿਆ ਕਿ 8 ਅਪਰੈਲ 1983 ਨੂੰ ਕੇਂਦਰੀ ਅਸੈਂਬਲੀ ਬੰਬ ਕਾਂਡ ਦੀ ਵਰ੍ਹੇਗੰਢ ਮੌਕੇ ਉਨ੍ਹਾਂ ਦੀ ਮਾਤਾ ਅਤੇ ਭਗਤ ਸਿੰਘ ਦੀ ਭੈਣ ਬੀਬੀ ਅਮਰ ਕੌਰ ਨੇ ਉਸ ਸਮੇਂ ਲੋਕ ਸਭਾ ਵਿਚ ਪਾਸ ਕੀਤੇ ਲੋਕ ਵਿਰੋਧੀ ਕਾਨੂੰਨ ਵਿਰੁੱਧ ਦਰਸ਼ਕ ਗੈਲਰੀ ਤੋਂ ਪਰਚੇ ਸੁੱਟੇ ਸਨ ਪਰ ਉਨ੍ਹਾਂ ਉੱਪਰ ਕੋਈ ਮੁਕੱਦਮਾ ਨਹੀਂ ਚਲਾਇਆ ਗਿਆ ਸੀ।

ਪਰਿਵਾਰ ਦਾ ਕਹਿਣਾ ਸੀ ਕਿ ਨੀਲਮ ਦਾ ਕਿਸੇ ਜਥੇਬੰਦੀ ਨਾਲ ਸਬੰਧ ਨਹੀਂ। ਨੀਲਮ ਦੀ ਗ੍ਰਿਫ਼ਤਾਰੀ ਤੋਂ ਬਾਅਦ ਉਸ ਦੇ ਭਾਈ ਨੇ ਉਸ ਨੂੰ ਦਿੱਲੀ ਵਿਚ ਸਿਰਫ਼ ਇਕ ਵਾਰ ਦੇਖਿਆ ਸੀ। ਪਰਿਵਾਰ ਦਾ ਕਹਿਣਾ ਹੈ ਕਿ ਪੁਲਿਸ ਨੇ ਅਜੇ ਤੱਕ ਉਨ੍ਹਾਂ ਨੂੰ ਐੱਫ.ਆਈ.ਆਰ. ਦੀ ਕਾਪੀ ਨਹੀਂ ਦਿੱਤੀ ਹੈ। ਦੂਜੇ ਪਾਸੇ, ਦਿੱਲੀ ਪੁਲਿਸ ਨੇ ਨੀਲਮ ਅਤੇ ਉਸ ਦੇ ਸਾਥੀਆਂ ਦਾ ਪੋਲੀਗ੍ਰਾਫ ਟੈਸਟ ਕਰਵਾਉਣ ਲਈ ਅਦਾਲਤ ਤੱਕ ਪਹੁੰਚ ਕੀਤੀ ਹੈ।

ਕੀ ਨੀਲਮ ਕਾਂਗਰਸ ਪਾਰਟੀ ਦੀ ਹਮਾਇਤੀ ਰਹੀ ਹੈ ਜਿਵੇਂ ਭਾਜਪਾ ਦੇ ਕੁਝ ਆਗੂ ਪ੍ਰਚਾਰ ਕਰ ਰਹੇ ਹਨ? ਮੇਰੇ ਇਸ ਸਵਾਲ ਦੇ ਜਵਾਬ ਵਿਚ ਰਾਮਨਿਵਾਸ ਨੇ ਕਿਹਾ, "ਭਾਜਪਾ ਵਾਲੇ ਇਕ ਕਿਸਾਨ ਧਰਨੇ ਵਿਚ ਨੀਲਮ ਦੇ ਭਾਸ਼ਣ ਨੂੰ ਤੋੜ-ਮਰੋੜ ਕੇ ਪੇਸ਼ ਕਰ ਰਹੇ ਹਨ। ਦਰਅਸਲ, ਉਸ ਧਰਨੇ ਵਿਚ ਨੀਲਮ ਇਹ ਕਹਿ ਰਹੀ ਹੈ ਕਿ ਮੋਦੀ ਸਰਕਾਰ ਵੱਡੀ ਤਾਨਾਸ਼ਾਹ ਹੈ, ਇਹ ਕਿਸੇ ਦੀ ਨਹੀਂ ਸੁਣਦੀ: ਨਾ ਕਿਸਾਨ ਦੀ, ਨਾ ਮਜ਼ਦੂਰ ਦੀ, ਨਾ ਮੁਲਾਜ਼ਮ ਦੀ। ਇਸ ਤੋਂ ਚੰਗੀਆਂ ਤਾਂ ਕਾਂਗਰਸ, ਲੋਕ ਦਲ ਆਦਿ ਦੀਆਂ ਪਿਛਲੀਆਂ ਸਰਕਾਰਾਂ ਸਨ। ਉਸ ਨੇ ਸਿਰਫ ਇਹੀ ਕਿਹਾ ਸੀ।"

ਜਦੋਂ ਰਾਮਨਿਵਾਸ ਨੂੰ ਪੁੱਛਿਆ ਕਿ ਪਰਿਵਾਰ ਨੂੰ ਅੱਜ ਕੱਲ੍ਹ ਕਿਹੋ ਜਿਹੀਆਂ ਮੁਸ਼ਕਿਲਾਂ ਆ ਰਹੀਆਂ ਹਨ ਤਾਂ ਉਹ ਬੋਲੇ, "ਅਸੀਂ ਤਾਂ ਨੀਲਮ ਦੇ ਨਾਲ ਹਾਂ। ਪਿੰਡ ਵਿਚ ਵੀ 80 ਫੀਸਦੀ ਲੋਕ ਸਾਡੇ ਨਾਲ ਹਨ। ਮੇਰੇ ਪਿਤਾ ਦੀ ਕਹਾਣੀ ਥੋੜ੍ਹੀ ਵੱਖਰੀ ਹੈ। ਜਦੋਂ ਸਵਰਨ ਜਾਤੀ ਵਾਲੇ ਨੀਲਮ ਬਾਰੇ ਸ਼ਿਕਾਇਤਾਂ ਲੈ ਕੇ ਪਿਤਾ ਜੀ ਕੋਲ ਆਉਂਦੇ ਸਨ ਤਾਂ ਉਹ ਨੀਲਮ ਉੱਪਰ ਗੁੱਸੇ ਹੋ ਜਾਂਦੇ ਸਨ। ਉਹ ਨੀਲਮ ਦੀਆਂ ਗਤੀਵਿਧੀਆਂ ਤੋਂ ਬਹੁਤੇ ਖ਼ੁਸ਼ ਨਹੀਂ ਸਨ। ਨੀਲਮ ਵੀ ਪਿੱਛੇ ਹਟਣ ਵਾਲੀ ਨਹੀਂ ਸੀ। ਫਿਰ ਅਸੀਂ ਇਸ ਝਗੜੇ ਨੂੰ ਰੁਟੀਨ ਮੰਨ ਲਿਆ।" ਜਦੋਂ ਮੈਂ ਰਾਮ ਨਿਵਾਸ ਅਤੇ ਨੀਲਮ ਦੇ ਮਾਤਾ ਜੀ ਸਰਸਵਤੀ ਨਾਲ ਗੱਲਾਂ ਕਰ ਰਿਹਾ ਸੀ ਤਾਂ ਨੀਲਮ ਦੇ ਪਿਤਾ ਦੋ ਵਾਰ ਕਮਰੇ ਵਿਚ ਆਏ ਅਤੇ ਬਿਨਾਂ ਕੁਝ ਕਹੇ ਅਲਮਾਰੀ ਵਿਚੋਂ ਕੁਝ ਲੈ ਕੇ ਚਲੇ ਗਏ। ਰਾਮਨਿਵਾਸ ਨੇ ਅੱਗੇ ਕਿਹਾ, "ਇਨ੍ਹਾਂ ਦਿਨਾਂ 'ਚ ਮੀਡੀਆ ਵਿਚ ਜੋ ਕੁਝ ਚੱਲ ਰਿਹਾ ਹੈ ਅਤੇ ਸਵਰਨ ਜਾਤੀ ਦੇ ਲੋਕ ਜੋ ਗੱਲਾਂ ਕਰ ਰਹੇ ਹਨ, ਉਸ ਤੋਂ ਪਿਤਾ ਜੀ ਪ੍ਰੇਸ਼ਾਨ ਹਨ।"

ਕਹਾਣੀ

# ਪਛਤਾਵੇ ਦੀ ਅੱਗ



ਲਾਜ ਨੀਲਮ ਸੈਣੀ

ਪਿਛਲੇ ਮਹੀਨੇ ਤੋਂ ਮੇਰੇ ਪੈਰ ਧਰਤੀ 'ਤੇ ਨਹੀਂ ਲੱਗ ਰਹੇ। ਇਸ ਤਰ੍ਹਾਂ ਮਹਿਸੂਸ ਹੋ ਰਿਹਾ, ਜਿਵੇਂ ਮੈਂ ਅਕਾਸ਼ ਵਿਚ ਉੱਚਾ ਉਡ ਰਿਹਾ ਹੋਵਾਂ। ਨਵੀਂ ਇਲੈਕਟ੍ਰਾਨਿਕ ਸਪਲਾਈ ਦੀ ਕੰਪਨੀ ਖੋਲ੍ਹੀ ਹੈ। ਜੁਲਾਈ ਦੇ ਪਹਿਲੇ ਹਫ਼ਤੇ ਲੋਨ ਅਪਰੂਵ ਹੋ ਗਿਆ। ਵੇਅਰ ਹਾਊਸ ਦੀ ਲੀਜ਼ ਵੀ ਅਸਾਨੀ 'ਨਾ ਮਿਲ ਗਈ।

ਸੈਨ ਫਰਾਂਸਿਸਕੋ ਵਿਚ ਕੁਦਰਤ ਦੀ ਗੋਦ 'ਚ ਸਮੁੰਦਰ ਦੇ ਕਿਨਾਰੇ ਰੁੱਖਾਂ ਵਿਚਕਾਰ ਘਿਰਿਆ ਚਾਰ ਬੈੱਡ ਰੂਮ ਦਾ ਘਰ, ਸ਼ਾਨਦਾਰ ਕਾਰਾਂ ਤੇ ਹੁਣ ਕੰਪਨੀ। ਹਰ ਪਲ ਉਸ ਸਿਰਜਣਹਾਰੇ ਦਾ ਸ਼ੁਕਰਾਨਾ ਕਰਦਾ ਹਾਂ...।

ਮੈਂ ਆਪਣੀ ਹਮਸਫ਼ਰ ਪ੍ਰੀਤ ਨਾਲ ਲਾਸ ਏਂਜਲਸ ਕੰਪਨੀ ਦੇ ਸਿਲਸਿਲੇ ਵਿਚ ਆਇਆ ਹੋਇਆਂ। ਸ਼ਾਮ ਦੇ ਚਾਰ ਵੱਜੇ ਨੇ। ਮੈਂ ਮੀਟਿੰਗ ਖ਼ਤਮ ਕਰਕੇ ਹੋਟਲ ਵਿਚ ਆ ਗਿਆਂ। ਪ੍ਰੀਤ ਪਹਿਲਾਂ ਹੀ ਤਿਆਰ ਹੋਈ ਬੈਠੀ ਏ। ਉਸਨੂੰ ਹਲਕੇ ਬਦਾਮੀ ਟਾਪ ਦੇ ਨਾਲ ਮੈਚ ਕਰਦਾ ਸਕਾਰਫ਼ ਪੂਰਾ ਜਚ ਰਿਹੈ। ਕਮਰੇ 'ਚ ਵੜਦੇ ਹੀ ਉਸਦੀ ਇਕੋ ਮੁਸਕਾਨ ਨਾਲ, ਮੇਰੀ ਰੂਹ ਕਲੀਆਂ ਵਾਂਗ ਖਿੜ ਗਈ...।

"ਜਲਦੀ ਤਿਆਰ ਹੋ ਕੇ ਆ ਜਾਓ। ਤੁਆਡੇ ਕੱਪੜੇ ਪ੍ਰੈੱਸ ਹੋ ਕੇ ਆ ਗਏ।"

"ਜੋ ਹੁਕਮ!" ਮੈਂ ਹੱਸਦਾ ਹੋਇਆ ਸਿੱਧਾ ਸ਼ਾਵਰ ਲੈਣ ਤੁਰ ਪਿਆ ਹਾਂ...।

ਅਸੀਂ ਦੋਵੇਂ ਇਕ ਦੂਜੇ ਦਾ ਹੱਥ ਫੜੀ ਟਹਿਲਦੇ ਹੋਏ ਬੀਅਰ ਬਾਰ ਵੱਲ ਆ ਗਏ ਹਾਂ। ਮੈਂ ਆਪਣੇ ਲਈ ਵਿਸਕੀ ਤੇ ਪ੍ਰੀਤ ਨੇ ਵਾਈਨ ਆਰਡਰ ਕਰ ਦਿੱਤੀ ਆ। ਹੱਥ ਵਿਚ ਵਿਸਕੀ ਦਾ ਗਲਾਸ ਫੜੀ ਆਪਣੀਆਂ ਅੱਖਾਂ 'ਚ ਪਿਆਰ ਭਰ ਕੇ ਪ੍ਰੀਤ ਦੇ ਚਿਹਰੇ ਨੂੰ ਆਪਣੇ ਖੱਬੇ ਹੱਥ ਦੀ ਉਂਗਲ ਨਾਲ ਛੋਹਿਐ...।

"ਕੀ ਗੱਲ ਬੜੇ ਰੁਮਾਂਟਿਕ ਲੱਗ ਰਹੇ ਓ ...?"

"ਇਸ ਤਰਫ਼ ਚਿਤਰੇਗੀ ਤੂੰ ਰੰਗਾਂ ਦੀ ਪੀਂਘ ਉਸ ਤਰਫ਼ ਰੰਗਾਂ 'ਚ ਖੁਰ ਜਾਵਾਂਗਾ ਮੈਂ।"

"ਵਾਹ! ਇਹ ਸ਼ਿਅਰ ਤਾਂ ਨਵਾਂ ਲੱਗਦਾ।"

"ਹਾਂ! ਤੇਰੇ ਪਿਆਰ ਤੇ ਸਾਥ ਦਾ ਅਸਰ।" ਆਖਦੇ ਹੀ ਮੈਂ ਜੇਬ ਵਿਚੋਂ ਪੈੱਨ ਕੱਢ ਕੇ ਨੈਪਕਿਨ 'ਤੇ ਸ਼ਿਅਰ ਲਿਖਣਾ ਸ਼ੁਰੂ ਕੀਤੈ।

"ਤਾਂ ਫਿਰ ਚਲੋ! ਇਸ ਸ਼ਿਅਰ ਦੇ ਨਾਂ 'ਤੇ ਡਾਂਸ ਕਰੀਏ।"

"ਚਲੋ ਜੀ, ਮੈਂ ਤਾਂ ਪਹਿਲਾਂ ਈ ਮੂਡ ਬਣਾਈ ਬੈਠਾਂ।"

ਡਾਂਸ ਕਰਨ ਤੋਂ ਬਾਅਦ ਡਿਨਰ ਕਰਕੇ ਅਸੀਂ ਹੋਟਲ ਵੱਲ ਤੁਰ ਪਏ ਹਾਂ...।

ਹੋਟਲ ਪਹੁੰਚਦੇ ਈ ਫ਼ੇਸ ਬੁੱਕ 'ਮੈਸੰਜਰ' 'ਤੇ ਹੱਥ ਲੱਗ ਗਿਐ। ਗੁਰਦਾਸ ਮਾਨ ਦਾ ਗੀਤ ਚੱਲ ਰਿਹਾ, "ਆਪਣਾ ਪੰਜਾਬ ਹੋਵੇ, ਘਰ ਦੀ ਸ਼ਰਾਬ ਹੋਵੇ..."

ਮੈਨੂੰ ਬੀਬੀ ਦੇ ਹੱਥ ਦਾ ਸਰ੍ਹੋਂ ਦਾ ਸਾਗ, ਮੱਕੀ ਦੀ ਰੋਟੀ ਤੇ ਭਾਪਾ ਜੀ ਦੀ ਘਰ ਦੀ ਕੱਢੀ ਹੋਈ ਸ਼ਰਾਬ ਯਾਦ ਆ ਰਹੀ। ਪਤਾ ਨਹੀਂ ਕਿਉਂ ਮਨ ਉਦਾਸੀ ਦੇ ਆਲਮ ਵੱਲ ਤੁਰ ਪਿਐ...? ਮੈਂ ਨਾਈਟ ਸੂਟ ਪਾ ਕੇ ਬੈੱਡ 'ਤੇ ਪਏ ਸਿਰਾਹਣੇ ਉੱਪਰ ਸਿਰ ਰੱਖ ਕੇ ਅੱਖਾਂ ਬੰਦ ਕਰ ਲਈਆਂ ਨੇ। ਮੇਰੀਆਂ ਅੱਖਾਂ ਜ਼ਬਰਦਸਤੀ ਮੀਟ ਹੋਈ ਜਾਂਦੀਆਂ। ਮੈਨੂੰ ਜਿਵੇਂ ਸੁਪਨਾ ਆ ਰਿਹਾ-

'ਪ੍ਰੀਤ ਆ ਕੇ ਮੇਰੇ ਕੋਲ ਬੈਠ ਗਈ ਆ। ਮੇਰਾ ਦਿਲ ਰੁਮਾਂਚਿਤ ਹੋਇਆ ਗੀਤ ਵਿਚਲੀਆਂ ਸਤਰਾਂ 'ਅੱਧ ਸੁੱਤੇ ਦੀਆਂ ਲੱਤਾਂ ਚੁੜੇ ਵਾਲੀ ਨੱਪੀ ਜਾਵੇ' ਵਾਲੀ ਫੀਲਿੰਗ ਲੈਣੀ ਚਾਹ ਰਿਹਾ। ਮੈਂ ਉਸਦੀ ਬਾਂਹ ਫੜ ਕੇ ਖਿੱਚਿਐ। ਉਸਨੇ ਸ਼ਰਮਾ ਕੇ ਆਪਣਾ ਸਿਰ ਮੇਰੀ ਛਾਤੀ 'ਤੇ ਰੱਖ ਦਿੱਤਾ। ਮੈਂ ਨਸ਼ੇ ਦੀ ਲੋਰ ਵਿਚ ਉਸਦੇ ਵਾਲਾਂ ਵਿਚ ਆਪਣੇ ਹੱਥਾਂ ਦੀ ਕੰਘੀ ਕਰਦੇ ਹੋਏ ਜੰਨਤ ਦਾ ਨਜ਼ਾਰਾ ਮਾਣ ਰਿਹਾਂ...। "ਹਾ-ਹਾ-ਹਾ! ਬਾਹਰ ਬੀਬੀ ਨੇ ਆਵਾਜ਼ ਮਾਰੀ ਏ। ਜਲਦੀ ਛੱਡੋ ਮੈਨੂੰ...।" ਪ੍ਰੀਤ ਆਪਣੀ ਬਾਂਹ ਛੁਡਾ ਕੇ ਪੰਜੇਬਾਂ ਛਣਕਾਉਂਦੀ ਵਿਹੜੇ ਵੱਲ ਭੱਜ ਗਈ ਏ। ਬੀਬੀ ਰਸੋਈ 'ਚ ਰੰਗਲੀ ਪੀੜ੍ਹੀ 'ਤੇ ਬੈਠੀ ਸਾਗ ਘੋਟ ਰਹੀ ਆ। ਦਾਰ ਜੀ ਘਰ ਦੇ ਵਿਹੜੇ 'ਚ ਚਿੱਟਾ ਕੁੜਤਾ-ਪਜਾਮਾ ਪਾਈ ਬੈਠੇ ਨੇ। ਉਨ੍ਹਾਂ ਦੀ ਐਨਕ ਵਾਲੀ ਡੱਬੀ ਮੇਜ਼ 'ਤੇ ਪਈ ਏ। ਮੈਂ ਉਨ੍ਹਾਂ ਦੇ ਸਾਹਮਣੇ ਰੱਖੀ ਕੁਰਸੀ 'ਤੇ ਆ ਬੈਠਾਂ। "ਜਗਦੀਪ! ਸਾਗ ਬਣ ਗਿਆ।" ਬੀਬੀ ਨੇ ਮੈਨੂੰ ਆਵਾਜ਼ ਮਾਰੀ ਏ। ਮੈਂ ਰਸੋਈ ਵੱਲ ਜਾਣ ਲਈ ਅਹੁਲਿਆ ਹੀ ਹਾਂ ਕਿ ਮੇਰੇ ਫੋਨ ਦੀ ਘੰਟੀ ਵੱਜੀ ਏ...।

ਹੈਂ! ਇਹ ਸੁਪਨਾ ਸੀ ਕਿ ਹਕੀਕਤ? ਅਮਰੀਕਨ ਕੁੜੀ ਕਿੱਥੇ ਲੱਤਾਂ ਘੁੱਟ ਸਕਦੀ? ਮੈਂ ਡੌਰ-ਭੌਰ ਹੋਇਆ ਆਸੇ-ਪਾਸੇ ਦੇਖਦਾਂ। ਮੇਰਾ ਫੋਨ ਤਾਂ ਸੱਚਮੁਚ ਵੱਜ ਰਿਹਾ। ਮੈਂ ਅੱਧ-ਸੁੱਤੀ ਅਵਸਥਾ 'ਚ ਫੋਨ ਚੁੱਕਦਾ ਹਾਂ-

"ਹੈਲੋ!"

"ਹੈਲੋ! ਜਗਦੀਪ! ਮੈਂ ਜਗਦੀਸ਼ ਬੋਲਦਾਂ।"

"ਹੈਲੋ! ਭਾਅ ਜੀ! ਕੀ ਹਾਲ ਨੇ?"

"ਮੈਂ ਤਾਂ ਠੀਕ ਆਂ ਜਗਦੀਪ! ਦਾਰ ਜੀ ਜ਼ਰਾ ਢਿੱਲੇ ਹੋ ਗਏ। ਮੈਂ ਏਨ੍ਹਾਂ ਨੂੰ ਫੋਨ ਦਿਨਾਂ। ਆਹ ਲੈ ਆਪ ਗੱਲ ਕਰ ਲਾ...।"

"ਹੈਲੋ! ਦਾਰ ਜੀ! ਇਕ ਦਮ ਕੀ ਗੱਲ ਹੋ ਗਈ?"

"ਗੱਲ ਕੀ ਹੋਣੀ ਜੁਆਨਾ! ਸਾਹ ਦੀ ਤਕਲੀਫ਼ ਵਧ ਗਈ।"

"ਦਾਰ ਜੀ! ਹੌਸਲਾ ਰੱਖੋ। ਘਬਰਾਉਣਾ ਨ੍ਹੀਂ। ਮੈਂ ਭਾਅ ਜੀ ਨੂੰ ਕਹਿਨਾ ਪੀ ਜੀ ਆਈ ਚੰਡੀਗੜ੍ਹ ਲੈ ਕੇ ਜਾਣ, ਪੈਸੇ ਦੀ ਪ੍ਰਵਾਹ ਨ੍ਹੀਂ ਕਰਨੀ।"

"ਉਹ ਤਾਂ ਠੀਕ ਆ ਪੁੱਤਰਾ ਪਰ ਤੁਆਨੂੰ ਮਿਲਣ ਨੂੰ ਬਹੁਤ ਚਿੱਤ ਕਰਦਾ।"

"ਦਾਰ ਜੀ ਕੋਈ ਗੱਲ ਨ੍ਹੀਂ, ਮੈਂ ਪ੍ਰੀਤ 'ਨਾ ਸਲਾਹ ਕਰਕੇ ਦੋ ਕੁ ਹਫ਼ਤੇ ਲਈ ਆਊਂਗਾ।"

"ਤੂੰ ਵੀ ਹੱਦ ਕਰਦਾਂ ਬਰਖ਼ੁਰਦਾਰ? ...'ਕੱਲਾ ਨਾ ਆਈਂ, ਸਾਰਿਆਂ ਨੂੰ ਲਿਆਈਂ। ਮੇਰਾ ਚਿੱਤ ਓਦਰਦਾ ਸਭ ਨੂੰ ਮਿਲਣ ਨੂੰ। ਹਾਏ ਓਏ ਰੱਬਾ!" ਦਾਰ ਜੀ ਤੇ ਦਰਦ ਨਾਲ ਕਰਾਹ ਰਹੇ ਨੇ।

"ਦਾਰ ਜੀ! ਪਹਿਲੀ ਗੱਲ ਤਾਂ ਇਹ ਬਈ ਤੁਸੀਂ ਅਰਾਮ ਕਰੋ। ਚਿੰਤਾ ਨ੍ਹੀਂ ਕਰਨੀ। ਤੁਸੀਂ ਠੀਕ ਹੋ ਜਾਣਾਂ। ਅਸੀਂ ਸਾਰੇ ਈ ਆਮਾਂਗੇ।"

"ਹਾਂ ਜੀ! ਠੀਕ ਆ, ਤੁਸੀਂ ਮਿਲ ਈ ਆਓ। ਦਾਰ ਜੀ ਤੇ ਬੀਬੀ ਜੀ ਹਰ ਵਾਰੀ ਮਿਲ ਜਾਓ-ਮਿਲ ਜਾਓ ਕਹਿੰਦੇ ਰਹਿੰਦੇ। ਮੈਂ ਇਥੇ ਤੁਹਾਡਾ ਸਾਰਾ ਕਾਰੋਬਾਰ ਦੇਖ ਲਊਂਗੀ।"

"ਪ੍ਰੀਤ! ਕਾਸ਼ ਦਾਰ ਜੀ ਸਮਝ ਸਕਦੇ। ਮੇਰੇ ਲਈ ਨ੍ਹਾਂ ਕਰਨਾ ਨਾ ਮੁਮਕਿਨ ਹੋ ਗਿਆ। ਬਿਮਾਰ ਬਾਪ ਨੂੰ ਕਿੱਦਾਂ ਕਹਾਂ ਕਿ ਅਜੇ ਕੰਪਨੀ ਨਮੀ ਖੋਲ੍ਹੀ? ਤੁਆਨੂੰ ਸਭ ਨੂੰ 'ਕੱਲੇ ਛੱਡ ਕੇ ਜਾਣਾ ਵੀ ਔਖਾ ਲੱਗਦਾ।"

"ਜਗਦੀਪ!... ਪਰ ਇਸ ਵਕਤ ਦਾਰ ਜੀ ਨੂੰ ਤੁਆਡੀ 'ਜਾਦਾ ਲੋੜ ਆ। ਸਾਡੀ ਚਿੰਤਾ ਨਾ ਕਰੋ। ਮੈਂ ਸਵੇਰੇ ਇੰਟਰਨੈਟ 'ਤੇ ਟਿਕਟ ਚੈੱਕ ਕਰੂੰਗੀ। ਤੁਸੀਂ ਹੁਣ ਸੌਂ ਜਾਓ। ਸਵੇਰੇ ਮੀਟਿੰਗ ਵੀ ਆ।"

...ਪਰ ਮੇਰੀ ਨੀਂਦ ਤਾਂ ਖੰਭ ਲਾ ਕੇ ਉਡ ਗਈ ਆ...। ਆਪਣਾ ਧਿਆਨ ਬਦਲਣ ਲਈ 'ਮੋਮ ਦੇ ਲੋਕ' ਗ਼ਜ਼ਲ ਸੰਗ੍ਰਹਿ ਦੇ ਕੁਝ ਵਰਕੇ ਫੋਲਣੇ ਸ਼ੁਰੂ ਕੀਤੇ ਨੇ। ਸਵੇਰ ਹੁੰਦੇ ਹੀ ਅਲਾਰਮ ਨੇ ਆਪਣੀ ਡਿਊਟੀ ਨਿਭਾਅ ਦਿੱਤੀ ਏ। ਮੈਂ ਨਾਸ਼ਤਾ ਕੀਤੇ ਬਿਨਾਂ ਹੀ ਮੀਟਿੰਗ ਲਈ ਤੁਰ ਪਿਆ ਹਾਂ...।

ਮੀਟਿੰਗ ਸ਼ੁਰੂ ਹੋ ਗਈ ਏ। ਬੇਚੈਨੀ ਦੀ ਵਜ੍ਹਾ ਕਰਕੇ ਸਿਰ ਦਰਦ ਨਾਲ ਜਕੜ ਹੋ ਰਿਹੈ। ਮੀਟਿੰਗ ਕੌਫ਼ੀ ਦੇ ਸਹਾਰੇ ਹੀ ਖ਼ਤਮ ਕੀਤੀ। ਪੈਰ ਘੜੀਸਦਾ ਵਾਪਸ ਹੋਟਲ ਪਹੁੰਚ ਗਿਆਂ। ਪ੍ਰੀਤ ਨੇ ਅੱਗੇ ਵਧ ਕੇ ਮੈਨੂੰ ਸਹਾਰਾ ਦਿੰਦੇ ਕਿਹੈ, "ਜਗਦੀਪ ਟਿਕਟ ਮਿਲ ਗਈ। ਮੈਨੂੰ ਪਤਾ ਤੁਆਨੂੰ ਦਾਰ ਜੀ ਦੀ ਬਹੁਤ ਚਿੰਤਾ ਪਰ ਏਦਾਂ ਢੇਰੀ ਢਾਹਿਆਂ ਨ੍ਹੀਂ ਸਰਨਾ...।"

"ਪ੍ਰੀਤ! ਮੇਰੀ ਸਿਹਤ ਠੀਕ ਨ੍ਹੀਂ। ਜੇ ਤੂੰ ਕੁਝ ਖਾਣਾਂ ਤਾਂ ਥੋੜ੍ਹਾ ਰੁਕ ਲੈਨੇ ਆਂ, ਨਹੀਂ ਤਾਂ ਵਾਪਸ ਚਲੀਏ।"

"ਭੁੱਖ ਤਾਂ ਮੈਨੂੰ ਵੀ ਨ੍ਹੀਂ ਲੱਗੀ। ਚੱਲੋ ਵਾਪਸ ਈ ਚੱਲਦੇ ਆਂ। ਰਸਤੇ 'ਚ ਕਿਤੇ ਰੁਕ ਲਮਾਂਗੇ। ਤੁਆਡੇ ਜਾਣ ਦੀ ਤਿਆਰੀ ਵੀ ਤਾਂ ਕਰਨੀ ਹੋਈ।"

ਪ੍ਰੀਤ ਨੇ ਸਮਾਨ ਚੁੱਕ ਕੇ ਬੈਗ 'ਚ ਪਾਉਣਾ ਸ਼ੁਰੂ ਕਰ ਦਿੱਤਾ। ਮੇਰਾ ਮਨ ਉਚਾਟ ਹੋ ਰਿਹਾ। ਅੱਜ ਪਹਿਲੀ ਵਾਰੀ ਇਸ ਬਿਗਾਨੇ ਮੁਲਕ ਵਿਚ ਆਪਣੇ ਆਪ ਨੂੰ ਅਜਨਬੀ ਮਹਿਸੂਸ ਕਰ ਰਿਹਾਂ। ਸੱਚਮੁਚ ਇਹ ਪਰਦੇਸ ਮੈਨੂੰ ਬਿਗਾਨੇ ਬਿਰਖ ਜਿਹਾ ਲੱਗ ਰਿਹਾ। ਮੇਰੇ ਦਿਲ ਦੇ ਸਮੁੰਦਰ ਵਿਚ ਚੀਸਾਂ ਦਾ ਜਵਾਰਭਾਟਾ ਉਠ ਰਿਹਾ। ਮੈਂ ਟੇਬਲ ਤੋਂ ਡਾਇਰੀ ਚੁੱਕ ਕੇ ਪ੍ਰੀਤ ਨੂੰ ਫੜਾਉਣ ਦੀ ਬਜਾਏ ਆਪਣੀ ਮਨੋ ਅਵਸਥਾ ਪੇਪਰ 'ਤੇ ਉਕਰਦਾ ਹਾਂ-

ਬਿਗਾਨੇ ਬਿਰਖ ਦੀ ਛਾਂ ਹੇਠ ਕਮਲਿਆ ਬਹਿ ਕੇ

ਕਦੇ ਤੂੰ ਸੋਚਿਆ ਵੀ ਏ ਕੀ ਹੋਂਦ ਹੈ ਤੇਰੀ?

ਮੇਰੀ ਜੇਬ 'ਚ ਪਿਆ ਫੋਨ ਵੱਜ ਰਿਹਾ। ਮੈਂ ਪੈੱਨ ਟੇਬਲ 'ਤੇ ਰੱਖਦੇ ਹੋਏ, ਫੋਨ ਚੁੱਕਿਐ, "ਹੈਲੋ! ਜਗਦੀਪ!"

"ਹੈਲੋ! ਭਾਅ ਜੀ, ਸਭ ਠੀਕ ਤਾਂ ਹੈ ਨਾ?"

"ਜਗਦੀਪ! ਦਾ-ਅ-ਰ ਜੀ...।"

"ਭਾਅ ਜੀ? ਦਾ-ਅ-ਰ ਜੀ ਕੀ ਗੱਲ ਹੋਈ?"

"ਦਾਰ ਜੀ ਸਾਨੂੰ ਛੱਡ ਕੇ ਚਲੇ ਗਏ, ਜਗਦੀਪ।"



"ਨਹੀਂ! ਤੁਸੀਂ ਕੀ ਕਹਿ ਰਹੇ ਓ? ਚੰਗੀ ਤਰ੍ਹਾਂ ਚੈੱਕ ਵੀ ਕੀਤਾ?"

ਪ੍ਰੀਤ ਅਗਾਂਹ ਵਧ ਕੇ ਸਪੀਕਰ ਆਨ ਕਰਦੇ ਬੋਲੀ ਹੈ, "ਭਾਅ ਜੀ ਓਹ ਮਾਈ ਗਾਡ! ਯਕੀਨ ਨ੍ਹੀਂ ਆ ਰਿਹਾ। ਕਲ੍ਹ ਥੋੜ੍ਹੀ ਤਕਲੀਫ਼ ਤਾਂ ਹੈਗੀ ਸੀ ਪਰ ਚੰਗੀਆਂ ਭਲੀਆਂ ਗੱਲਾਂ ਕਰਦੇ ਸੀ।"

"ਪ੍ਰੀਤ! ਦਾਰ ਜੀ ਦੇ ਦਰਦ ਬਹੁਤ ਵਧ ਗਈ। ਅਸੀਂ ਫਟਾਫਟ ਪੀ ਜੀ ਆਈ ਚੰਡੀਗੜ੍ਹ ਪਹੁੰਚੇ। ਉਹ ਤਾਂ ਅਜੇ ਬਲੱਡ ਟੈਸਟ ਈ ਕਰਨ ਲੱਗੇ ਸੀ ਕਿ ਦਾਰ ਜੀ ਨੂੰ ਹਾਰਟ ਅਟੈਕ ਆ ਗਿਆ। ਬੱਸ ਸਵਾਸਾਂ ਦੀ ਪੂੰਜੀ ਖ਼ਤਮ ਹੋ ਗਈ।" ਭਾਅ ਜੀ ਭਾਵੁਕ ਹੋ ਗਏ ਆ।

"ਹਾਏ ਰੱਬਾ! ਭਾਅ ਜੀ ਮੈਂ ਤਾਂ ਕਲ੍ਹ ਐਮਰਜੈਂਸੀ ਟਿਕਟ ਵੀ ਲੈ ਲਈ। ਅੱਜ ਰਾਤ ਦੇ ਵਜੇ ਦੀ ਫਲਾਈਟ ਆ।"

"ਪ੍ਰੀਤ! ਦਾਰ ਜੀ ਦਾ ਕਿਤੇ ਜਾਣ ਨੂੰ ਜੀਅ ਕਰਦਾ ਸੀ? ਆਖ਼ਰੀ ਸਮੇਂ ਵੀ ਜਗਦੀਪ ਨੂੰ 'ਵਾਜ਼ ਮਾਰ ਕੇ...।"

"ਦਾਰ ਜੀ! ਏਡੀ ਕਰੜੀ ਸਜ਼ਾ? ਨਹੀਂ! ਨਹੀਂ! ਨਹੀਂ!" ਮੈਂ ਬੇਵਸੀ ਦੇ ਹਟਕੋਰੇ ਭਰ ਰਿਹਾਂ।

"ਪ੍ਰੀਤ ਇਹਦਾ ਧਿਆਨ ਰੱਖ, ਮੈਂ ਫਿਰ ਫੋਨ ਕਰਾਂਗਾ।"

"ਭਾਅ ਜੀ! ਚੰਗਾ ਮੈਂ ਇਨ੍ਹਾਂ ਨੂੰ ਰਾਤ ਨੂੰ ਜਹਾਜ਼ ਚੜ੍ਹਾ ਦਿਆਂਗੀ। ਤੁਸੀਂ ਆਪਣਾ, ਬੀਬੀ ਦਾ ਤੇ ਹੋਰ ਸਭ ਦਾ ਧਿਆਨ ਰੱਖਣਾ...।"

ਮੈਂ ਘਰ ਪਹੁੰਚ ਕੇ ਗ਼ਮਾਂ ਦੀ ਚਾਦਰ ਤਾਣ ਕੇ ਬੈੱਡ 'ਤੇ ਪੈ ਗਿਆ ਹਾਂ। ਅੱਜ ਰਾਤ ਮੁੱਕਣ 'ਚ ਹੀ ਨਹੀਂ ਆ ਰਹੀ। ਮੈਨੂੰ ਲੱਗ ਰਿਹੈ ਜਿਵੇਂ ਮੇਰਾ ਬਦਨ ਅੱਗ ਦੀਆਂ ਲਾਟਾਂ ਦੇ ਸੇਕ ਨਾਲ ਝੁਲਸ ਰਿਹਾ ਹੋਵੇ। ਮੈਂ ਪਛਤਾਵੇ ਦੀ ਅੱਗ ਵਿਚ ਸੜ ਰਿਹਾਂ। ਪਹਿਲਾਂ ਕਿਉਂ ਨ੍ਹੀਂ ਗਿਆ? ਦਾਰ ਜੀ ਮੇਰੇ ਤਰਲੇ ਕੱਢਦੇ ਹੀ ਚਲੇ ਗਏ। ਮੇਰੇ ਸਿਰ 'ਤੇ ਤਾਂ ਅਮਰੀਕਾ ਦਾ ਤੇ ਡਾਲਰਾਂ ਦਾ ਭੂਤ ਸਵਾਰ ਸੀ। ਘਰ ਦੀ ਗਰੀਬੀ ਜੋ ਧੋਣੀ ਸੀ। ਕੀ ਡਾਲਰਾਂ 'ਨਾ ਮੋਏ ਬਾਪ ਨੂੰ ਜਿਉਂਦਾ ਕਰ ਸਕਾਂਗਾ? ਮੇਰੀਆਂ ਅੱਖਾਂ ਵਿਚੋਂ ਹੰਝੂਆਂ ਦੀਆਂ ਘਰਾਲਾਂ ਵਗ ਤੁਰੀਆਂ ਨੇ...।

********

ਦੋ ਦਿਨਾਂ ਦਾ ਸਫ਼ਰ ਤੈਅ ਕਰਕੇ ਪੰਜਾਬ ਪਹੁੰਚ ਗਿਆ ਹਾਂ। ਪਛਤਾਵੇ ਦੇ ਅਟੈਚੀ ਚੁੱਕੀ ਅੰਮ੍ਰਿਤਸਰ ਏਅਰਪੋਰਟ ਤੋਂ ਟੈਕਸੀ ਕਰ ਲਈ ਹੈ। ਟੈਕਸੀ ਤਾਂ ਤੁਰ ਪਈ ਹੈ ਪਰ ਮੇਰੀ ਸੋਚ ਦੇ ਪੈਰ ਯਾਦਾਂ ਦੀਆਂ ਬੇੜੀਆਂ ਨੇ ਜਕੜ ਲਏ ਨੇ...। ਮੈਂ ਬਾਹਰ ਤੱਕਦਾ ਹਾਂ। ਮੱਠੀ-ਮੱਠੀ ਭੂਰ ਨਾਲ ਤਾਕੀ ਦਾ ਸ਼ੀਸ਼ਾ ਗਿੱਲਾ ਹੋ ਗਿਆ। ਮੇਰੀਆਂ ਅੱਖਾਂ ਵੀ ਤਾਕੀ ਦੇ ਸ਼ੀਸ਼ਿਆਂ ਵਾਂਗ ਗਿੱਲੀਆਂ ਨੇ। ਮੇਰੇ ਜ਼ਿਹਨ 'ਚ ਵਿਲਕ ਰਹੀ ਬੀਬੀ ਦਾ ਝੁਰੜੀਆਂ ਭਰਿਆ ਚਿਹਰਾ ਘੁੰਮ ਰਿਹਾ। ਆਪਣੇ ਮਨ ਨੂੰ ਸ਼ਾਂਤ ਕਰਨ ਲਈ, ਡਾਇਰੀ ਦੇ ਪੰਨੇ ਖੋਲ੍ਹਦਾ ਹਾਂ-

ਉਹ ਬਲਦੀ ਜੋਤ, ਆਥਣ ਦਾ ਸਮਾਂ, ਮਾਂ ਦੀ ਇਬਾਦਤ,

ਸਫ਼ਰ ਵਿਚ ਯਾਦ ਮੈਨੂੰ ਘਰ ਦੀ ਮੁੜ-ਮੁੜ ਆ ਰਹੀ ਏ।

ਮੈਂ ਡੌਰ-ਭੌਰ ਹੋਇਆ ਆਸੇ-ਪਾਸੇ ਦੇਖ ਰਿਹਾਂ। ਸਭ ਕੁਝ ਅਚਾਨਕ ਹੀ ਤਾਂ ਬਦਲ ਗਿਆ...।

ਮੈਂ ਪਿੱਛੇ ਮੁੜ ਕੇ ਕਿਉਂ ਨ੍ਹੀਂ ਦੇਖਿਆ? ਮਾਂ ਨੂੰ ਕਿਹੜਾ ਮੂੰਹ ਦਿਖਾਊਂਗਾ? ਦਾਰ ਜੀ ਮੈਨੂੰ ਮਿਲਣ ਲਈ ਤਰਸਦੇ ਹੀ ਚਲੇ ਜਾਣਗੇ। ਇਹ ਤਾਂ ਮੈਂ ਸੋਚਿਆ ਵੀ ਨਹੀਂ ਸੀ। ਮੈਂ ਪੱਥਰ ਬਣਦਾ ਜਾ ਰਿਹਾਂ। ਫੋਨ 'ਤੇ ਪ੍ਰੀਤ ਦਾ ਟੈਕਸਟ ਮੈਸੇਜ ਆ ਰਿਹਾ-

'ਕਿੱਥੇ ਕੁ ਪਹੁੰਚੇ?'

'ਬੱਸ ਘਰ ਪਹੁੰਚਣ ਹੀ ਵਾਲਾ ਹਾਂ। ਤੂੰ ਆਪਣਾ ਤੇ ਬੱਚਿਆਂ ਦਾ ਧਿਆਨ ਰੱਖੀਂ?'

'ਤੁਸੀਂ ਵੀ ਆਪਣਾ ਤੇ ਬੀਬੀ ਦਾ ਪੂਰਾ ਧਿਆਨ ਰੱਖਣਾ...।'

ਮੈਨੂੰ ਉਹ ਦਿਨ ਯਾਦ ਆ ਰਿਹੈ, ਜਦੋਂ ਮੈਂ ਪਹਿਲੀ ਵਾਰੀ ਅਮਰੀਕਾ ਗਿਆ ਸੀ। ਦਾਰ ਜੀ ਤੇ ਬੀਬੀ ਜੀ ਦੋਵੇਂ ਮੈਨੂੰ ਜਹਾਜ਼ ਚੜ੍ਹਾਉਣ ਦਿੱਲੀ ਆਏ ਸਨ। ਮੈਂ ਤਾਂ ਅਮਰੀਕਾ ਦੇ ਚਾਅ ਵਿਚ, ਏਅਰ ਪੋਰਟ 'ਤੇ ਹਿਰਨਾਂ ਵਾਂਗ ਚੁੰਗੀਆਂ ਭਰਦਾ ਜਾ ਰਿਹਾ ਸੀ। ਬਾਹਰੋਂ ਆਉਣ ਵਾਲੇ ਲੋਕਾਂ ਦੀ ਦਿੱਖ ਹੀ ਵੱਖਰੀ ਸੀ। ਸਭ ਸੋਨੇ ਨਾਲ ਲੱਦੇ ਆ ਰਹੇ ਸਨ। ਗਲਾਂ ਵਿਚ ਚੈਨਾਂ ਅਤੇ ਬਾਹਾਂ ਵਿਚ ਕੜੇ ਪਏ ਹੋਏ ਸਨ। ਅੱਖਾਂ 'ਤੇ ਕਾਲੀਆਂ ਐਨਕਾਂ ਤਾਂ ਮੈਂ ਵੀ ਲਾਈਆਂ ਹੋਈਆਂ ਸੀ। ਉਨ੍ਹਾਂ ਨੂੰ ਹੀ ਅਗਾਂਹ-ਪਿਛਾਂਹ ਕਰੀ ਜਾ ਰਿਹਾ ਸੀ। ਚਿੱਟੀ ਸ਼ਰਟ ਨਾਲ ਲਗਾਈ ਹੋਈ ਮੈਰੂਨ ਟਾਈ ਮੈਨੂੰ ਪੂਰੀ ਫੱਬ ਰਹੀ ਸੀ। ਸਿਰ 'ਤੇ ਕਾਲੇ ਸੰਘਣੇ ਵਾਲਾਂ ਦਾ ਸਟਾਈਲ ਵੀ ਕਿਸੇ ਫਿਲਮੀ ਹੀਰੋ ਨਾਲੋਂ ਘੱਟ ਨਹੀਂ ਸੀ। ਮੇਰਾ ਚਾਅ ਉਛਾਲੇ ਖਾ ਰਿਹਾ ਸੀ। ਸਾਫ਼-ਸੁਥਰੇ ਮੁਲਕ ਵਿਚ ਜਾ ਕੇ ਜ਼ਿੰਦਗੀ ਦੀਆਂ ਮੌਜਾਂ ਮਾਣਨਾ ਕੋਈ ਮਾੜੀ-ਮੋਟੀ ਗੱਲ ਥੋੜ੍ਹੀ ਸੀ। ਜਹਾਜ਼ ਚੜ੍ਹਨ ਤੋਂ ਪ੍ਰੀਤ ਨੂੰ ਮਿਲਣ ਦੀ ਵੀ ਬਹੁਤ ਕਾਹਲੀ ਸੀ। ਏਅਰਪੋਰਟ ਦੇ ਅੰਦਰ ਜਾਣ ਲੱਗੇ ਨੇ ਪਿੱਛੇ ਮੁੜ ਕੇ ਦੇਖਿਆ ਤਾਂ ਬੀਬੀ ਇਕ ਥੰਮ੍ਹ ਦੇ ਓਹਲੇ ਹੋ ਕੇ ਚੁੰਨੀ ਨਾਲ ਆਪਣੀਆਂ ਅੱਖਾਂ ਪੂੰਝ ਰਹੀ ਸੀ।

"ਬੀਬੀ ਤੂੰ ਕਿਉਂ ਰੋਣ ਲੱਗ ਪਈ...?"

"ਨਾ ਤੂੰ ਖ਼ੁਸ਼ ਹੋ! ਤੇਰਾ ਪੁੱਤ ਜਹਾਜ਼ੇ ਚੜ੍ਹਨ ਲੱਗਾ। ਐਵੇਂ ਕਿਉਂ ਡੁਸਕਣ ਡਹਿ ਪਈ?" ਦਾਰ ਜੀ ਨੇ ਬੀਬੀ ਨੂੰ ਮਿੱਠੀ ਜਿਹੀ ਝਿੜਕ ਮਾਰਦੇ ਹੋਏ ਮੈਨੂੰ ਕਿਹਾ ਸੀ, "ਜਗਦੀਪ! ਚੱਲ ਪੁੱਤ ਤੂੰ ਜਾਹ ਅੰਦਰ ਤੇ ਚੜ੍ਹ ਜਹਾਜ਼ੇ...।"

"ਉਹ ਦੇਖੀਂ ਬੀਬੀ, ਕਿਤੇ ਮੇਰਾ ਜਹਾਜ਼ ਈ ਨਾ ਲੰਘਾ ਦੇਈਂ!" ਮਾਹੌਲ ਬਦਲਣ ਲਈ ਆਖਦੇ ਹੋਏ ਮੈਂ ਏਅਰਪੋਰਟ ਅੰਦਰ ਚਲਾ ਗਿਆ ਸੀ...।

ਅਮਰੀਕਾ ਪਹੁੰਚਦੇ ਪਹਿਲਾਂ-ਪਹਿਲ ਤਾਂ ਚਮਕ-ਦਮਕ ਨਾਲ ਚੁੰਧਿਆ ਗਿਆ। ਬਰਕਲੇ ਯੂਨੀਵਰਸਿਟੀ ਤੋਂ ਇੰਜੀਨੀਅਰਿੰਗ ਦੀ ਡਿਗਰੀ ਲਈ। ਡਿਗਰੀ ਦਾ ਚਾਅ। ਕੰਮ ਦੀ ਖ਼ੁਸ਼ੀ। ਪ੍ਰੀਤ ਨਰਸ ਲੱਗੀ ਹੋਈ ਸੀ...।

ਚਾਰ-ਪੰਜ ਸਾਲਾਂ ਵਿਚ ਹੀ ਭਾਪਾ ਜੀ ਨੂੰ ਡਾਲਰਾਂ ਨਾਲ ਮਾਲੋ-ਮਾਲ ਕਰ ਦਿੱਤਾ। ਘਰ ਦੀ ਗਰੀਬੀ ਧੋ ਦਿੱਤੀ। ਪਿੰਡ ਨਵੀਂ ਕੋਠੀ ਵੀ ਬਣਾ ਦਿੱਤੀ। ਟੈਂਕੀ ਦੇ ਉੱਪਰ ਜਹਾਜ਼ ਵੀ ਸਭ ਤੋਂ ਪਹਿਲਾਂ ਸਾਡੀ ਕੋਠੀ 'ਤੇ ਲੱਗਾ...।

ਦਾਰ ਜੀ ਤੇ ਬੀਬੀ ਨੇ ਭਤੀਜੇ ਦੀ ਲੋਹੜੀ 'ਤੇ ਬੁਲਾਇਆ ਪਰ ਮੈਂ ਡਾਲਰਾਂ ਦੇ ਪਿੱਛੇ ਦੌੜਾ ਰਿਹਾ। ਬੀਬੀ ਤੇ ਦਾਰ ਜੀ ਹਰ ਵਾਰ ਮਿਲਣ ਨੂੰ ਕਹਿੰਦੇ। ਮੈਂ ਟਾਲਦਾ ਰਹਿੰਦਾ। ਬੀਬੀ ਦੀ ਬਾਂਹ ਟੁੱਟਣ ਵੇਲੇ ਵੀ ਮੈਂ ਬੱਚਿਆਂ ਦੀ ਪੜ੍ਹਾਈ ਦਾ ਬਹਾਨਾ ਮਾਰਿਆ...। ਦਾਦੀ ਮਰੀ 'ਤੇ ਵੀ ਪੈਸੇ ਭੇਜ ਦਿੱਤੇ ਪਰ ਆਪ ਨਾ ਗਿਆ। ਭੂਆ ਦੇ ਪੁੱਤ ਦਾ ਵਿਆਹ ਹੋਇਆ। ਜਾਣ ਲਈ ਮਨ ਬਣਾਇਆ ਤੇ ਇਰਾਦਾ ਬਦਲ ਲਿਆ। ਕਿਤੇ ਇਕ ਵਾਰੀ ਜਾ ਕੇ ਮਿਲ ਆਉਂਦਾ... ਮੈਂ ਤਾਂ ਅਮਰੀਕਾ ਦਾ ਹੋ ਕੇ ਰਹਿ ਗਿਆ ਸੀ। ਤਨ-ਮਨ ਬੇਚੈਨ ਹੋਣ ਦੇ ਬਾਵਜੂਦ ਮੇਰੀ ਸੋਚ ਯਾਦਾਂ ਦੀ ਪਗਡੰਡੀ 'ਤੇ ਸਹਿਜੇ-ਸਹਿਜੇ ਤੁਰੀ ਜਾ ਰਹੀ ਏ...।

ਮੇਰੀ ਬੀਬੀ ਅਮਰੀਕਾ ਦੇ ਰਿਸ਼ਤੇ ਨੂੰ ਲੈ ਕੇ ਦੁਬਿਧਾ ਵਿਚ ਸੀ। ਜਦੋਂ ਮੇਰੀ ਚਚੇਰੀ ਭੈਣ ਦੀ ਸਹੇਲੀ ਨਿੰਦੀ ਨੇ ਪ੍ਰੀਤ ਦੇ ਰਿਸ਼ਤੇ ਦੀ ਗੱਲ ਤੋਰੀ ਤਾਂ ਬੀਬੀ ਪਹਿਲਾਂ ਤਾਂ ਖ਼ੁਸ਼ ਹੋ ਗਈ ਸੀ ਤੇ ਫਿਰ ਕੁਮਲਾ ਕੇ ਬੋਲੀ ਸੀ, "ਅਸੀਂ ਨ੍ਹੀਂ ਜਗਦੀਪ ਨੂੰ ਬਾਰ੍ਹ ਭੇਜਣਾ। ਮੇਰਾ ਲਾਲ ਤਾਂ ਕਦੇ ਦੋ ਦਿਨ ਤੋਂ ਵੱਧ ਨਾਨਕੇ ਨ੍ਹੀਂ ਰਿਆ। ਪਰਦੇਸਾਂ 'ਚ 'ਕੱਲਾ ਕਿਮੇਂ?"

ਮੈਨੂੰ ਬਾਹਰ ਜਾਣ ਦਾ ਬਹੁਤ ਚਾਅ ਸੀ। ਮੈਂ ਬੀਬੀ ਨੂੰ ਮਨਾ ਲਿਆ। ਮੇਰੀ ਦਲੀਲ ਵਿਚ ਦਮ ਵੀ ਸੀ। ਉਸ ਦਿਨ ਪੂਰੇ ਵਿਸ਼ਵਾਸ ਨਾਲ ਕਿਹਾ ਸੀ, "ਬੀਬੀ ਜੀ ਆਹ ਨਾਨਕੇ ਤਾਂ ਦੋ ਮੀਲ ਦੂਰ ਨੇ। ਪਤਾ ਈ ਹੁੰਦਾ ਕਿ ਫੇਰ ਆ 'ਜਾਂਗੇ। ਅਮਰੀਕਾ ਜਾ ਕੇ ਤਾਂ ਰਹਿ ਈ ਲਊਂਗਾ। ਏਥੇ ਸਾਡੇ ਕੋਲ ਹੈ ਵੀ ਕੀ? ਆਹ ਪੰਜ-ਛੇ ਖੇਤਾਂ 'ਚ ਖੇਤੀ ਕਰਕੇ ਮਸਾਂ ਘਰ ਦਾ ਗੁਜ਼ਾਰਾ ਈ ਚੱਲਦਾ। ਸਾਰਾ ਦਿਨ ਮਿੱਟੀ 'ਨਾ ਮਿੱਟੀ ਹੋਣਾ ਪੈਂਦਾ। ਗੰਦੇ-ਮੰਦੇ ਕੱਪੜੇ ਪਾ ਕੇ ਰਹਿਣਾ। ਨਾਲੇ ਏਥੇ ਕਿਹੜਾ ਨੌਕਰੀ ਧਰੀ ਪਈ? ਨੌਕਰੀ ਲਈ ਨੋਟਾਂ ਦੀਆਂ ਥਈਆਂ ਤੇ ਤਕੜੀ ਸਿਫ਼ਾਰਸ਼ ਚਾਹੀਦੀ। ਮੇਤੋਂ ਨ੍ਹੀਂ ਦੇਖ ਹੁੰਦੀਆਂ ਦਾਰ ਜੀ ਦੇ ਪੈਰਾਂ ਦੀਆਂ ਪਾਟੀਆਂ ਬਿਆਈਆਂ।"

ਦਾਰ ਜੀ ਨੇ ਵੀ ਮੇਰੀ ਹਾਮੀ ਭਰੀ ਸੀ, "ਭਲੀਏ ਲੋਕੇ! ਕੁੜੀ ਵੀ ਚੰਗੀ। ਘਰ ਵੀ ਚੰਗਾ। ਘਰ ਦੀ ਜੂਨ ਸੁਧਰ ਜਾਊ। ਇਥੇ ਤਾਂ ਦੋਨੋਂ ਭਰਾ ਐਮੇ ਚਾਰ ਸਿਆੜਾਂ ਪਿੱਛੇ ਸ਼ਰੀਕ ਬਣ ਕੇ ਭਿੜਦੇ ਫਿਰਨਗੇ। ਤੂੰ ਤਾਂ ਸ਼ੁਕਰ ਮਨਾ ਪਈ ਉਨ੍ਹਾਂ ਆਪ ਰਿਸ਼ਤੇ ਦੀ ਗੱਲ ਤੋਰੀ ਆ। ਉਹ ਵੀ ਏਸ ਕਰਕੇ ਪਈ ਆਪਣਾ ਪੁੱਤ ਸੁਹਣਾ ਗੱਭਰੂ ਤੇ ਪੜ੍ਹਿਆ-ਲਿਖਿਆ। ਨਹੀਂ ਤਾਂ ਬਾਹਰੋਂ ਆਈਆਂ ਕੁੜੀਆਂ ਮਗਰ ਰਿਸ਼ਤਿਆਂ ਦੀ 'ਲੈਨ ਹੁੰਦੀ ਆ।"

"ਮਖਿਆ ਜੀ! ਮੇਰਾ ਮਨ ਨ੍ਹੀਂ ਮੰਨਦਾ। ਸੁਣਿਆਂ ਕੁੜੀ ਦਾ ਰੰਗ ਪੱਕਾ ਤੇ ਮੇਰਾ ਲਾਲ ਹੱਥ ਲਾਇਆਂ ਮੈਲ਼ਾ ਹੁੰਦਾ...।"

"ਉਹ ਸੁਧਰਾਵਾਂਏ! ਕਿਹੜੇ ਚੱਕਰਾਂ 'ਚ ਪੈ ਗਈ। ਰੰਗ ਤਾਂ ਦੋ ਈ ਹੁੰਦੇ ਆ। ਨਾਲੇ ਰੂਪ ਕਿਤੇ ਧੋ-ਧੋ ਕੇ ਪੀਣਾ?"

"ਲੈ ਬੀਬੀ! ਛੱਡ ਨਖੋਚਾਂ। ਚੇਤੇ ਕਰ ਆੜ੍ਹਤੀਆਂ ਤੋਂ ਕਿੰਨੇ ਵਿਆਜੂ ਫੜੇ? ਏਥੇ ਰਿਹਾ ਤਾਂ ਸਾਰੀ ਉਮਰ ਵਿਆਜ ਈ ਨ੍ਹੀਂ ਚੁਕਾ ਹੋਣਾ।"

ਸਭ ਦੇ ਜ਼ੋਰ ਪਾਉਣ ਤੋਂ ਬਾਅਦ ਬੀਬੀ ਮੰਨ ਗਈ। ਦਾਰ ਜੀ ਬਹੁਤ ਖ਼ੁਸ਼ ਸਨ। ਬੀਬੀ ਖ਼ੁਸ਼ ਵੀ ਸੀ ਤੇ ਉਦਾਸ ਵੀ ਸੀ।

ਡਰਾਈਵਰ ਨੇ ਜ਼ੋਰ ਨਾਲ ਬ੍ਰੇਕ ਲਗਾਈ ਹੈ। ਜ਼ੋਰ ਨਾਲ ਝਟਕਾ ਲੱਗਿਆ। ਮੈਂ ਬਾਹਰ ਦੇਖਦਾਂ। ਘਰ ਆ ਵੀ ਗਿਆ...।

ਮੈਂ ਗੇਟ ਲੰਘ ਕੇ ਅੰਦਰ ਆ ਗਿਆਂ। ਸੱਜੇ

***(ਬਾਕੀ ਅਗਲੇ ਸਫੇ 'ਤੇ)***

# ਖੇਤੀ ਖੇਤਰ ਪ੍ਰਤੀ ਸਰਕਾਰ ਦੀ ਉਪਰਾਮਤਾ- ਚਿੰਤਾਜਨਕ

ਭਾਰਤ ਵਿਚ ਖੇਤੀ ਉਤਪਾਦਨ 'ਚ ਲਗਾਤਾਰ ਵਾਧਾ ਹੋਇਆ ਹੈ। ਪਰ ਯੂ.ਐਨ.ਓ. ਦੀ ਇੱਕ ਰਿਪੋਰਟ ਦੱਸਦੀ ਹੈ ਕਿ ਭਾਰਤ ਦੇ 20 ਕਰੋੜ ਤੋਂ ਜ਼ਿਆਦਾ ਲੋਕ ਕੁਪੋਸ਼ਣ ਦਾ ਸ਼ਿਕਾਰ ਹਨ। 97 ਕਰੋੜ ਤੋਂ ਜ਼ਿਆਦਾ ਲੋਕਾਂ ਨੂੰ ਸੰਤੁਲਿਤ ਭੋਜਨ ਨਹੀਂ ਮਿਲ ਰਿਹਾ। ਬੀਜਾਂ, ਖਾਦਾਂ, ਬਿਜਲੀ ਅਤੇ ਪਾਣੀ ਜਿਹੇ ਖੇਤੀ ਉਤਪਾਦਕਾਂ ਉਤੇ ਸਬਸਿਡੀ ਮਿਲਣ ਦੇ ਬਾਵਜੂਦ, ਵੱਡੀ ਗਿਣਤੀ ਕਿਸਾਨ ਲਗਾਤਾਰ ਸੰਕਟ ਵਿਚ ਹਨ। ਉਹ ਖੁਦਕੁਸ਼ੀ ਕਰ ਰਹੇ ਹਨ ਜਾਂ ਅੰਦੋਲਨ ਦੇ ਰਾਹ 'ਤੇ ਹਨ।



ਜਿਵੇਂ ਕਿ ਉਮੀਦ ਸੀ ਕਿ ਖੇਤੀ ਦੇ ਬੁਰੇ ਦੌਰ ਵਿਚ ਕੇਂਦਰ ਦੀ ਸਰਕਾਰ ਦੇਸ਼ ਦੇ ਬਜਟ ਵਿਚ ਖੇਤੀ ਸੁਧਾਰ ਲਈ ਨਵੇਂ ਢੰਗ-ਤਰੀਕੇ, ਪ੍ਰਾਵਧਾਨ ਅਪਨਾਏਗੀ, ਪਰ ਖੇਤੀ ਖੇਤਰ ਦਾ ਬਜਟ

**ਗੁਰਮੀਤ ਸਿੰਘ ਪਲਾਹੀ**
**ਫੋਨ: 98158-02070**

2022-23 ਦੇ 1.33 ਲੱਖ ਕਰੋੜ ਦੇ ਮੁਕਾਬਲੇ ਘਟਾ ਕੇ 2023-24 'ਚ 1.25 ਲੱਖ ਕਰ ਦਿੱਤਾ ਗਿਆ। ਸਾਲ 2021-22 ਵਿਚ ਖੇਤੀ ਖੇਤਰ ਦਾ ਬਜਟ ਦੇਸ਼ ਦੇ ਬਜਟ ਦਾ 3.78 ਫੀਸਦੀ ਸੀ, ਜੋ 2022-23 ਵਿਚ 3.36 ਫੀਸਦੀ ਅਤੇ 2023-24 ਦੇ ਬਜਟ 'ਚ 2.78 ਫੀਸਦੀ ਰਹਿ ਗਿਆ ਹੈ।

ਪਿਛਲੇ ਕੁਝ ਦਹਾਕਿਆਂ 'ਚ ਭਾਰਤ ਦੀ ਆਰਥਿਕ ਦਸ਼ਾ ਅਤੇ ਨੀਤੀਆਂ 'ਚ ਤਬਦੀਲੀ ਹੋਈ ਹੈ। ਭਾਰਤੀ ਹਾਕਮ, ਅੰਤਰਰਾਸ਼ਟਰੀ ਦਬਾਅ ਅਧੀਨ ਖੇਤੀ ਖੇਤਰ ਤੋਂ ਮੁੱਖ ਮੋੜ ਰਹੇ ਹਨ। ਦੇਸ਼ ਦੀ ਜੀਡੀਪੀ (ਸਕਲ ਘਰੇਲੂ ਉਤਪਾਦਨ) ਵਿਚ ਖੇਤੀ ਦੀ 1947 ਵਿਚ ਹਿੱਸੇਦਾਰੀ 60 ਫੀਸਦੀ ਤੋਂ ਘਟ ਕੇ ਪਿਛਲੇ ਸਾਲ 15 ਫੀਸਦੀ ਰਹਿ ਗਈ ਹੈ। ਇਹ ਇੱਕ ਵੱਡੀ ਤਬਦੀਲੀ ਦਾ ਪ੍ਰਤੀਕ ਹੈ। ਅਸਲ 'ਚ ਇਹ ਦੇਸ਼ ਦੀ ਆਰਥਿਕ ਅਸਥਿਰਤਾ ਵਿਖਾਉਂਦਾ ਹੈ।

ਪਿਛਲੇ ਕੁਝ ਦਹਾਕਿਆਂ ਦੌਰਾਨ ਖੇਤੀ ਖੇਤਰ ਵਿਚ ਵਾਧਾ ਅਸਥਿਰ ਰਿਹਾ ਹੈ। 2005-06 ਵਿਚ ਜਿਥੇ ਇਹ ਦਰ 5.8 ਫੀਸਦੀ ਸੀ, ਉਹ 2009-10 ਵਿਚ 0.4 ਫੀਸਦੀ ਅਤੇ 2014-15 ਵਿਚ 0.2 ਫੀਸਦੀ ਸੀ। ਇਹ ਅੰਕੜਾ ਦੇਸ਼ ਦੀ ਆਰਥਿਕ ਰੂਪ-ਰੇਖਾ ਨੂੰ ਆਕਾਰ ਦੇਣ ਵਿਚ ਖੇਤੀ ਖੇਤਰ ਦੀ ਘਟਦੀ ਭੂਮਿਕਾ ਦੀ ਇੱਕ ਸਪੱਸ਼ਟ ਕਹਾਣੀ ਪੇਸ਼ ਕਰਦਾ ਹੈ।

ਇਹ ਬਦਲਾਅ ਆਖ਼ਰ ਕਿਉਂ ਹੈ? ਦੇਸ਼ ਵਿਚ ਉਦਯੋਗੀਕਰਨ ਅਤੇ ਸ਼ਹਿਰੀਕਰਨ ਵਧ ਰਿਹਾ ਹੈ। ਜਿਉਂ-ਜਿਉਂ ਰਾਸ਼ਟਰ ਨੇ ਉਦਯੋਗਿਕ ਵਿਕਾਸ ਨੂੰ ਅਪਨਾਇਆ ਅਤੇ ਸ਼ਹਿਰੀ ਕੇਂਦਰਾਂ ਦਾ ਉਵੇਂ-ਉਵੇਂ ਵਾਧਾ ਹੋਇਆ। ਖੇਤੀ ਦਾ ਮਹੱਤਵ ਘਟਿਆ। ਅੱਜ ਪਿੰਡ, ਸ਼ਹਿਰ ਦੀਆਂ ਬਸਤੀਆਂ ਬਣ ਕੇ ਰਹਿ ਗਏ ਹਨ। ਜਿਉਂ-ਜਿਉਂ ਖੇਤੀ ਦਾ ਵਿਕਾਸ 'ਚ ਹਿੱਸਾ ਘਟਦਾ ਹੈ, ਤਿਵੇਂ-ਤਿਵੇਂ ਸ਼ਹਿਰੀ-ਪੇਂਡੂ ਅੰਤਰ ਵਧਦਾ ਜਾਂਦਾ ਹੈ।

ਦੇਸ਼ ਦੇ ਇਹੋ ਜਿਹੇ ਦੌਰ 'ਚ ਇੱਕ ਇਹੋ ਜਿਹਾ ਸਮਾਂ ਆਇਆਂ ਜਦੋਂ ਦੇਸ਼ ਨੂੰ ਵਿਦੇਸ਼ ਤੋਂ ਅਨਾਜ ਮੰਗਵਾਉਣਾ ਪਿਆ। ਲੇਕਿਨ 1960 ਦੇ ਦਹਾਕੇ 'ਚ ਹਰੀ ਕ੍ਰਾਂਤੀ ਬਾਅਦ ਕਣਕ ਅਤੇ ਚਾਵਲ ਦੇ ਉਤਪਾਦਨ 'ਚ ਜ਼ਬਰਦਸਤ ਵਾਧਾ ਹੋਇਆ। 2015-16 ਤੱਕ ਦੇਸ਼ ਦੇ ਕੁੱਲ ਖਾਧ ਉਤਪਾਦਨ ਵਿਚ ਕਣਕ ਅਤੇ ਚਾਵਲ ਦੀ ਹਿੱਸੇਦਾਰੀ 78 ਫੀਸਦੀ ਹੋ ਗਈ। ਪਰ ਉਤਪਾਦਨ ਦੇ ਉੱਚ ਪੱਧਰਾਂ ਦੇ ਬਾਵਜੂਦ ਭਾਰਤ 'ਚ ਹੋਰ ਵੱਡੇ ਉਤਪਾਦਕ ਦੇਸ਼ਾਂ ਦੇ ਮੁਕਾਬਲੇ ਖੇਤੀ ਉਪਜ ਘੱਟ ਹੈ।

1950-51 'ਚ ਖਾਧ ਪਦਾਰਥਾਂ ਦੀ ਉਪਜ 'ਚ ਚਾਰ ਗੁਣਾ ਵਾਧਾ ਹੋਇਆ। 2014-15 ਦੇ ਦੌਰਾਨ ਇਹ 2017 ਕਿਲੋ ਪ੍ਰਤੀ ਹੈਕਟੇਅਰ ਸੀ, ਜਦਕਿ 2021 ਵਿਚ ਇਹ 2394 ਕਿਲੋ ਪ੍ਰਤੀ ਹੈਕਟੇਅਰ ਅੰਦਾਜ਼ਨ ਹੋ ਗਈ। ਪਰ ਹੋਰ ਦੇਸ਼ਾਂ ਦੀ ਤੁਲਨਾ ਭਾਰਤ ਵਿਚ ਅੰਨ ਉਤਪਾਦਨ ਦਾ ਵਾਧਾ ਬਹੁਤ ਘੱਟ ਹੈ। ਉਦਾਹਰਨ ਵਜੋਂ 1981 'ਚ ਚਾਵਲਾਂ ਦੀ ਫਸਲ ਦੀ ਉਪਜ ਬ੍ਰਾਜ਼ੀਲ ਵਿਚ 1981 'ਚ 1.3 ਟਨ ਪ੍ਰਤੀ ਹੈਕਟੇਅਰ ਸੀ ਜੋ 2011 'ਚ ਵਧ ਕੇ 4.9 ਟਨ ਪ੍ਰਤੀ ਹੈਕਟੇਅਰ ਹੋ ਗਈ। ਭਾਰਤ ਵਿਚ 2000-01 ਵਿਚ ਉਪਜ 1.9 ਟਨ ਪ੍ਰਤੀ ਹੈਕਟੇਅਰ ਅਤੇ 2021-22 'ਚ 2.8 ਟਨ ਪ੍ਰਤੀ ਹੈਕਟੇਅਰ ਤੱਕ ਪਹੁੰਚਿਆ। ਪਰ ਇਹ ਹਾਲੀ ਵੀ ਵਿਸ਼ਵ ਔਸਤ ਤੋਂ ਘੱਟ ਹੈ। ਜੋ ਕਿ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ। ਇਸੇ ਦੌਰਾਨ ਚੀਨ ਵਿਚ ਚਾਵਲ ਦੀ ਉਤਪਾਦਨ 4.3 ਟਨ ਪ੍ਰਤੀ ਹੈਕਟੇਅਰ ਤੋਂ ਵਧ ਕੇ 6.7 ਟਨ ਪ੍ਰਤੀ ਹੈਕਟੇਅਰ ਹੋ ਗਈ ਹੈ।

ਇੱਕ ਰਿਪੋਰਟ ਦੱਸਦੀ ਹੈ ਕਿ 2050 ਤੱਕ ਇਸ ਸੰਸਾਰ ਉਤੇ ਦਸ ਅਰਬ ਲੋਕ ਹੋਣਗੇ। ਭਾਰਤ ਦੀ ਆਬਾਦੀ ਇਸ ਸਮੇਂ ਚੀਨ ਨੂੰ ਪਛਾੜ ਕੇ ਪਹਿਲੇ ਨੰਬਰ 'ਤੇ ਪੁੱਜ ਚੁੱਕੀ ਹੈ ਅਤੇ ਇਸ ਆਬਾਦੀ 'ਚ ਲਗਾਤਾਰ ਵਾਧਾ ਹੋ ਰਿਹਾ ਹੈ। ਇਹੋ ਜਿਹੇ 'ਚ ਅਨਾਜ ਦੀ ਲੋੜ ਵਧੇਗੀ ਅਤੇ ਇੱਕ ਅਨੁਮਾਨ ਅਨੁਸਾਰ ਹੁਣ ਨਾਲੋਂ 50 ਫੀਸਦੀ ਵੱਧ ਅਨਾਜ, ਖਾਧ ਪਦਾਰਥ ਲੋੜੀਂਦੇ ਹੋਣਗੇ। ਦੇਸ਼ ਵਿਚ ਪਹਿਲਾਂ ਹੀ ਖੇਤੀ ਯੋਗ ਜ਼ਮੀਨ ਦੀ ਕਮੀ ਹੈ। ਹੋਰ ਜ਼ਮੀਨ ਪ੍ਰਾਪਤੀ ਲਈ ਜੰਗਲਾਂ ਦੀ ਕਟਾਈ ਹੋਏਗੀ। ਪਹਿਲਾਂ ਹੀ ਸੜਕੀ ਨਿਰਮਾਣ ਅਤੇ ਹੋਰ ਯੋਜਨਾਵਾਂ ਖੇਤੀ ਖੇਤਰ ਦੀਆਂ ਜ਼ਮੀਨਾਂ ਹਥਿਆ ਰਹੀਆਂ ਹਨ। ਸਿੱਟੇ ਵਜੋਂ ਇਕ ਅਸੰਤੁਲਨ ਪੈਦਾ ਹੋ ਰਿਹਾ ਹੈ। ਇਸ ਅਸੰਤੁਲਨ ਨਾਲ ਤਾਪਮਾਨ ਤਾਂ ਵਧੇਗਾ ਹੀ, ਫਸਲਾਂ ਦੀ ਪੈਦਾਵਾਰ 'ਚ ਵੀ ਖਤਰਾ ਹੋਏਗਾ। ਚੁਣੌਤੀਆਂ ਵਧਣਗੀਆਂ। ਭੁੱਖਮਰੀ ਦੀ ਸੰਭਾਵਨਾ ਵਧ ਸਕਦੀ ਹੈ।

ਅੱਜ ਭਾਰਤ ਵਿਚ ਖੇਤੀ ਖੇਤਰ 'ਚ ਸੁਸਤੀ ਹੈ। ਦੇਸ਼ 'ਚ ਮੌਸਮ ਅਨਿਯਮਤ ਹੈ। ਸਿੰਚਾਈ ਸੁਵਿਧਾਵਾਂ ਦੀ ਕਮੀ ਹੈ। ਖੇਤੀ ਉਤੇ ਉਤਪਾਦਨ ਲਾਗਤ ਵਧ ਰਹੀ ਹੈ। ਫਸਲ ਦਾ ਘੱਟੋ-ਘੱਟ ਮੁੱਲ ਕਿਸਾਨ ਨੂੰ ਨਹੀਂ ਮਿਲ ਰਿਹਾ। ਕਿਸਾਨਾਂ 'ਤੇ ਕਰਜ਼ਾ ਵਧ ਰਿਹਾ ਹੈ। ਸਰਕਾਰ ਦੇ ਸਾਰੇ ਦਾਅਵਿਆਂ ਦੇ ਬਾਵਜੂਦ ਫਸਲ ਪਰਵਹਿਨ ਅਤੇ ਭੰਡਾਰਨ ਦੀਆਂ ਸੁਵਿਧਾਵਾਂ ਦੀ ਥੁੜ੍ਹ ਹੈ। ਇਨ੍ਹਾਂ ਘਾਟਾਂ ਦੇ ਕਾਰਨ ਫਸਲ ਕਟਾਈ ਦੇ ਬਾਅਦ, ਕਿਸਾਨਾਂ ਨੂੰ ਸਥਾਨਕ ਵਪਾਰੀਆਂ ਅਤੇ ਵਿਚੋਲਿਆਂ ਵੱਲ ਘੱਟ ਮੁੱਲ ਉਤੇ ਆਪਣੀ ਫਸਲ ਵੇਚਣ ਲਈ ਮਜਬੂਰ ਹੋਣਾ ਪੈਂਦਾ ਹੈ। ਇਸ ਨਾਲ ਕਿਸਾਨਾਂ ਦਾ ਹੀ ਨੁਕਸਾਨ ਨਹੀਂ ਹੁੰਦਾ, ਸਗੋਂ ਉਸ ਖੇਤਰ ਦੀਆਂ ਸਾਰੀਆਂ ਵਿਕਾਸ ਯੋਜਨਾਵਾਂ ਪ੍ਰਭਾਵਿਤ ਹੁੰਦੀਆਂ ਹਨ।

ਖੇਤੀ ਖੇਤਰ ਸੰਕਟ 'ਚ ਹੈ। ਇਹ ਭਾਰਤ ਵਰਗੇ ਵਿਕਾਸ ਕਰ ਰਹੇ ਦੇਸ਼ ਦੀਆਂ ਆਰਥਿਕ ਔਕੜਾਂ ਹੋਰ ਵਧਾ ਸਕਦਾ ਹੈ। ਖੇਤੀ ਸੰਕਟ 'ਚੋਂ ਦੇਸ਼ ਨੂੰ ਉਭਾਰਨ ਅਤੇ ਜੀਡੀਪੀ 'ਚ ਖੇਤੀ ਖੇਤਰ ਦੀ ਹਿੱਸੇਦਾਰੀ ਵਧਾਉਣ ਲਈ ਸਰਕਾਰ ਨੂੰ ਮਜ਼ਬੂਤ ਇਰਾਦੇ ਨਾਲ ਕੰਮ ਕਰਨ ਦੀ ਲੋੜ ਹੈ ਨਾ ਕਿ ਪਿੱਠ ਵਿਖਾਉਣ ਦੀ। ਕਰੋਨਾ ਕਾਲ ਸਮੇਂ ਖੇਤੀ ਅਤੇ ਪਿੰਡ ਹੀ ਸਧਾਰਨ, ਗਰੀਬ, ਲੋਕਾਂ ਦੀ ਪਿੱਠ 'ਤੇ ਖੜਿਆ ਸੀ ਅਤੇ ਸ਼ਹਿਰਾਂ 'ਚ ਵਸਦੇ ਲੱਖਾਂ ਮਜ਼ਦੂਰ ਜਦੋਂ ਪਿੰਡ ਵੱਲ ਹਿਜ਼ਰਤ ਕਰ ਕੇ ਗਏ ਸਨ ਤਾਂ ਭੁੱਖੇ ਨਹੀਂ ਸਨ ਮਰੇ, ਜਦਕਿ ਸ਼ਹਿਰਾਂ 'ਚ ਉਸ ਸਮੇਂ ਲੋਕਾਂ ਦੀ ਭੁੱਖੇ ਮਰਨ ਦੀ ਨੌਬਤ ਆ ਗਈ ਸੀ।

ਇਸ ਵਿਚ ਦੋ ਰਾਵਾਂ ਨਹੀਂ ਹਨ ਕਿ ਵਿਸ਼ਵ ਇੱਕ ਪਿੰਡ ਬਣਨ ਦੇ ਦੌਰ 'ਚ ਆਧੁਨਿਕੀਕਰਨ ਵੱਲ ਵਧਿਆ ਹੈ, ਇਸਦਾ ਦੇਸ਼ ਨੂੰ ਲਾਭ ਵੀ ਹੋਇਆ ਹੈ। ਪਰ ਇਸ ਦੌਰ 'ਚ ਖੇਤੀ ਦੀ ਸਥਿਰਤਾ ਉਤੇ ਸਵਾਲ ਉੱਠੇ ਹਨ। ਇਸ ਸਮੇਂ ਤਕਨੀਕੀ ਤਰੱਕੀ ਅਤੇ ਵਾਤਾਵਰਨ ਸਬੰਧੀ ਤਬਦੀਲੀਆਂ ਦੀਆਂ ਚਿੰਤਾਵਾਂ ਦੇ ਵਿਚਕਾਰ ਸੰਤੁਲਨ ਬਣਾਉਣਾ ਮਹੱਤਵਪੂਰਨ ਹੈ।

ਵਿਸ਼ਵ ਪੱਧਰ ਉਤੇ ਨਿੱਜੀਕਰਨ ਨੀਤੀਆਂ ਦੇ ਵਾਧੇ ਅਤੇ ਧੰਨ ਕੁਬੇਰਾਂ ਵਲੋਂ ਸਭੋ ਕੁਝ ਸਮੇਤ ਸਿਆਸਤ, ਵਪਾਰ ਹੜੱਪਣ ਦੇ ਦੌਰ 'ਚ ਲੋਕ-ਹਿਤੈਸ਼ੀ ਕਲਿਆਣਕਾਰੀ ਸਰਕਾਰਾਂ ਦਾ ਫ਼ਰਜ਼ ਬਣਦਾ ਸੀ ਕਿ ਉਹ ਖੇਤੀ ਸਮੇਤ ਕੁਦਰਤੀ ਸੋਮਿਆਂ ਦੀ ਰਾਖੀ ਲਈ ਦ੍ਰਿੜ ਸੰਕਲਪ ਹੋਵੇ ਅਤੇ ਨੀਤੀਆਂ ਬਣਾਏ, ਕਿਉਂਕਿ ਖੇਤੀ, ਜ਼ਰਖੇਜ ਜ਼ਮੀਨ, ਜੰਗਲ, ਮਨੁੱਖ ਦਾ ਇਸ ਧਰਤੀ ਉਤੇ ਜੀਊਣ ਦਾ ਆਧਾਰ ਹਨ। ਪਰ ਇਸ ਸਬੰਧ 'ਚ ਸਰਕਾਰਾਂ ਵਲੋਂ ਉਪਰਾਮਤਾ ਦਿਖਾਈ ਗਈ।

ਸਰਕਾਰ ਵਲੋਂ ਬਜਟ ਵਿਚ ਖੇਤੀ ਨੂੰ ਪਹਿਲ ਦਿੱਤੀ ਜਾਣੀ

*(ਬਾਕੀ ਸਫਾ 30 'ਤੇ)*

## ਪਛਤਾਵੇ ਦੀ ਅੱਗ

*(ਪਿਛਲੇ ਸਫੇ ਦੀ ਬਾਕੀ)*

ਪਾਸੇ ਵੱਲ ਦੇਖਦਾਂ, ਵਿਹੜੇ ਵਿਚ ਫੂੜ੍ਹੀ ਵਿਛੀ ਹੋਈ ਹੈ। ਪਿੰਡ ਦੇ ਕੁਝ ਲੋਕ ਅਫ਼ਸੋਸ ਲਈ ਬੈਠੇ ਹੋਏ ਨੇ। ਭਾਅ ਜੀ ਮੈਨੂੰ ਦੇਖਕੇ ਖੜ੍ਹੇ ਹੋ ਗਏ। ਉਨ੍ਹਾਂ ਮੈਨੂੰ ਘੁੱਟ ਕੇ ਜੱਫੀ ਪਾ ਲਈ ਆ। ਮੇਰੇ ਸਬਰ ਦਾ ਬੰਨ੍ਹ ਟੁੱਟ ਗਿਐ। ਮੇਰੇ ਹੰਝੂਆਂ ਨਾਲ਼ ਭਾਅ ਜੀ ਦੀ ਕਮੀਜ਼ ਭਿੱਜ ਗਈ ਹੈ ਤੇ ਭਾਅ ਜੀ ਦੇ ਹੰਝੂ ਮੇਰੇ ਮੋਢਿਆਂ 'ਤੇ ਡਿੱਗ ਰਹੇ ਹਨ।

"ਮੇਰਿਓ ਸ਼ੇਰੋ! ਹੌਸਲਾ ਕਰੋ! ਹੋਣੀ ਨੂੰ ਕੌਣ ਟਾਲ ਸਕਿਆ? ਇਹ ਭਾਣਾ ਤਾਂ ਮਿੱਠਾ ਕਰਕੇ ਮੰਨਣਾ ਈਂ ਪੈਣਾ।" ਇਕ ਬਜ਼ੁਰਗ ਨੇ ਉੱਠ ਕੇ ਸਾਨੂੰ ਧੀਰਜ ਦਿੰਦੇ ਹੋਏ ਬੈਠ ਕੇ ਗੱਲਬਾਤ ਕਰਨ ਲਈ ਕਿਹੈ।

ਮੇਰੇ ਕੋਲ ਕਹਿਣ ਲਈ ਕੁਝ ਵੀ ਨਹੀਂ। ਮੇਰੀਆਂ ਸੇਜਲ ਅੱਖਾਂ ਮੇਰੀ ਮਾਨਸਿਕਤਾ ਨੂੰ ਬਿਆਨ ਕਰ ਰਹੀਆਂ ਹਨ। ਕੋਲ ਬੈਠੇ ਬਹੁਤ ਸਾਰੇ ਚਿਹਰੇ ਓਪਰੇ ਨਜ਼ਰ ਆ ਰਹੇ ਨੇ। ਭਾਅ ਜੀ ਸਭ ਨਾਲ ਜਾਣ-ਪਛਾਣ ਕਰਵਾ ਰਹੇ ਨੇ।

"ਭਾਅ ਜੀ ਮੈਂ ਜ਼ਰਾ ਬੀਬੀ ਜੀ ਨੂੰ ਮਿਲ ਲਾਂ...?"

"ਹਾਂ! ਆਪਣੇ ਕਮਰੇ 'ਚ ਈ ਨੇ, ਚਲ ਮਿਲ ਲੈ।"

ਭਾਅ ਜੀ ਮੇਰੇ ਅੱਗੇ ਹੋ ਕੇ ਤੁਰ ਪਏ ਨੇ।

"ਬੀਬੀ! ਉੱਠ ਕੇ ਬਹਿ! ਦੇਖ ਕੌਣ ਆਇਆ?" ਆਖਦੇ ਹੀ ਭਾਅ ਜੀ ਨੇ ਬੀਬੀ ਨੂੰ ਉਠਾ ਕੇ ਸਿਰਾਹਣੇ ਨਾਲ ਬਿਠਾ ਦਿੱਤੈ।

"ਜਗਦੀਪ! ਮੇਰਾ ਲਾਲ!"

ਮੈਂ ਬੀਬੀ ਦੇ ਪੈਰੀਂ ਹੱਥ ਲਾਉਂਦੇ ਹੀ ਉਸਦੇ ਮੋਢੇ 'ਤੇ ਸਿਰ ਰੱਖ ਦਿੱਤਾ। ਮੈਂ ਹੁਬਕੀਆਂ ਲੈ ਰਿਹਾਂ।

"ਤੁਸੀਂ ਕਿੱਥੇ ਗਏ? ਇਕ ਵਾਰੀ ਮੁੜ ਕੇ ਤਾਂ ਦੇਖੋ ਜਗਦੀਪ ਮਿਲਣ ਆਇਆ। ਜਗਦੀਪ! ਬੱਚਿਆ ਭਾਪਾ ਜੀ ਕਿਹਨੂੰ ਜੇ ਕੈਣ੍ਹਾ...?" ਬੀਬੀ ਦਾ ਵਿਰਲਾਪ ਰੂਹ ਨੂੰ ਵਿੰਨ੍ਹ ਰਿਹਾ।

"ਬੀਬੀ ਮੈਨੂੰ ਨ੍ਹੀਂ ਸੀ ਪਤਾ ਕਿ ਦਾਰ ਜੀ ਦੇ ਅੰਤਿਮ ਦਰਸ਼ਨ ਵੀ ਨ੍ਹੀਂ ਕਰ ਸਕਾਂਗਾ।"

"ਪੁੱਤਰਾ! ਤੈਨੂੰ ਉਡੀਕਦੇ ਈ ਚਲੇ ਗਏ।"

"ਬੀਬੀ ਜੇ ਪਤਾ ਹੁੰਦਾ ਤਾਂ ਸਭ ਕੁਛ ਛੱਡ ਕੇ ਪਹਿਲਾਂ ਆ ਜਾਂਦਾ। ਹੁਣ ਤੂੰ ਜਿੰਨੀ ਦੇਰ ਕਏਂਗੀ, ਤੇਰੇ ਕੋਲ ਈ ਰਹੂੰਗਾ। ਮੈਂ ਵਾਪਸੀ ਟਿਕਟ ਨ੍ਹੀਂ ਲੈ ਕੇ ਆਇਆ। ਹਰ ਸਾਲ ਆਇਆ ਕਰੂੰਗਾ।"

"ਜਗਦੀਪ ਪੁੱਤ, ਮੇਰਾ ਹੁਣ ਕੀ ਬਣੂੰ?"

"ਬੀਬੀ! ਹੱਦ ਹੋ ਗਈ। ਅਸੀਂ ਸਾਰੇ ਤੇਰੇ ਕੋਲ ਆਂ। ਤੂੰ ਕੋਈ ਫਿਕਰ ਨ੍ਹੀਂ ਕਰਨਾ।" ਭਾਅ ਜੀ ਨੇ ਬੀਬੀ ਨੂੰ ਤਸੱਲੀ ਦਿੰਦੇ ਕਿਹਾ।

"ਜਗਦੀਸ਼! ਮੇਰੇ ਪੁੱਤ ਨੂੰ ਕੁਝ ਖਾਣ-ਪੀਣ ਨੂੰ ਵੀ ਦਿਓ। ਖ਼ੌਰੇ ਵਾਟੇ ਕੁਛ ਖਾਧਾ ਵੀ ਆ ਕਿ ਨਈਂ?"

ਮੈਂ ਨਹਾਉਣ ਤੋਂ ਬਾਅਦ ਅੱਖਾਂ ਪੂੰਝਦੇ ਹੋਏ ਮੁੜ ਬੀਬੀ ਕੋਲ ਆ ਬੈਠਾਂ। ਭਾਬੀ ਰੋਟੀ ਲੈ ਆਈ ਆ। ਰੋਟੀ ਦੀ ਬੁਰਕੀ ਮੇਰੇ ਗਲ ਤੋਂ ਹੇਠਾਂ ਨਹੀਂ ਉੱਤਰ ਰਹੀ। ਬੀਬੀ ਨੇ ਚੁੰਨੀ ਨਾਲ ਮੇਰੇ ਹੰਝੂ ਪੂੰਝਦੇ ਹੋਏ ਆਪਣੇ ਹੱਥ 'ਨਾ ਬੁਰਕੀ ਮੇਰੇ ਮੂੰਹ 'ਚ ਪਾਈ ਆ। ਬੀਬੀ ਦਾ ਮਨ ਰੱਖਣ ਲਈ ਔਖੇ-ਸੌਖੇ ਦੋ ਫੁਲਕੇ ਖਾ ਲਏ ਨੇ...।

ਬੀਬੀ ਦੀ ਹਾਲਤ ਮੇਰੇ ਕੋਲੋਂ ਤੱਕ ਨਹੀਂ ਹੁੰਦੀ। ਉਸਨੂੰ ਰੋਂਦੇ ਤੱਕ ਕੇ, ਦਿਲ ਤਰਲੋਮੱਛੀ ਹੋ ਰਿਹੈ। ਸੋਚਦਾ ਹਾਂ, ਬੀਬੀ ਨੂੰ ਸ਼ਿਮਲੇ ਜਾਂ ਡਲਹੌਜ਼ੀ ਦੀਆਂ ਵਾਦੀਆਂ ਵੱਲ ਲੈ ਜਾਵਾਂ। ਕੁਦਰਤ ਦੀ ਗੋਦ ਵਿਚ ਜਿੱਥੇ ਚਾਰ-ਚੁਫ਼ੇਰੇ ਸ਼ਾਂਤੀ ਹੋਵੇ। ਚਾਹ ਕੇ ਵੀ ਅਜਿਹਾ ਨਹੀਂ ਕਰ ਸਕਦਾ...।

ਭਾਅ ਜੀ ਬਾਹਰੋਂ ਆ ਕੇ ਮੇਰੇ ਕੋਲ ਬੈਠੇ ਨੇ, "ਜਗਦੀਪ! ਐਤਵਾਰ ਨੂੰ ਦਾਰ ਜੀ ਦੀ ਆਤਮਾ ਦੀ ਸ਼ਾਂਤੀ ਲਈ ਰਖਵਾਏ ਅਖੰਡ-ਪਾਠ ਦਾ ਭੋਗ ਪਾਉਣਾਂ। ਉਨ੍ਹਾਂ ਆਪਣੀ ਛੋਟੀ ਜਿਈ ਜ਼ਿੰਦਗੀ 'ਚ ਬਹੁਤ ਵੱਡੇ ਕੰਮ ਕੀਤੇ। ਤੇਰੇ ਡਾਲਰਾਂ 'ਨਾ ਪਿੰਡ 'ਚ ਹਰ ਸਾਲ ਫੁੱਟਬਾਲ ਦਾ ਟੂਰਨਾਮੈਂਟ ਕਰਵਾਉਣਾ ਕੋਈ ਮਾੜੀ-ਮੋਟੀ ਗੱਲ ਨ੍ਹੀਂ। ਨਰਸਰੀ ਬਣਵਾਈ। ਹਰ ਗਰੀਬ ਦੀ ਧੀ ਦੇ ਵਿਆਹ ਮੌਕੇ ਪੂਰੀ ਮਦਦ ਕਰਦੇ ਰਏ੍ਹ। ਪਿੰਡ 'ਚ ਕੋਈ ਵੀ ਉਨ੍ਹਾਂ ਦੀ ਸਲਾਹ ਲਏ ਬਿਨਾਂ ਨ੍ਹੀਂ ਸੀ ਤੁਰਦਾ। ਉਨ੍ਹਾਂ ਦੇ ਏਦਾਂ ਅਚਾਨਕ ਚਲੇ ਜਾਣ ਦਾ ਵਿਗੋਚਾ ਸਾਰੇ ਪਿੰਡ ਨੂੰ ਆਇਆ। ਅਸੀਂ ਭੋਗ ਵਾਲੇ ਦਿਨ ਰੋਣਾ ਨ੍ਹੀਂ। ਉਨ੍ਹਾਂ ਦੇ ਕੀਤੇ ਨੇਕ ਕੰਮਾਂ ਨੂੰ ਯਾਦ ਕਰਨਾਂ। ਮੈਂ ਬਾਹਰਲੇ ਕੰਮ ਸੰਭਾਲਦਾਂ ਤੇ ਤੂੰ ਘਰੇ ਬੀਬੀ ਦਾ ਧਿਆਨ ਰੱਖੀਂ।"

"ਜੀ ਭਾਅ ਜੀ! ਨੋ ਪਰੋਬਲਮ।"

"ਪਾਪਾ ਜੀ! ਬਾਹਰ ਆਓ। ਮਕਾਣ ਆਉਂਦੀ ਪਈ ਆ।" ਬਾਹਰੋਂ ਮੇਰੀ ਭਤੀਜੀ ਸੋਨਮ ਨੇ ਆਵਾਜ਼ ਮਾਰੀ...।

ਮਾਮਾ ਜੀ ਮਕਾਣ ਲੈ ਕੇ ਆਏ ਹਨ। ਭਾਅ ਜੀ ਬਾਹਰ ਚਲੇ ਗਏ ਨੇ ਪਰ ਮੈਂ ਬੀਬੀ ਦੇ ਕੋਲ ਹੀ ਬੈਠਾ ਹਾਂ। ਸਰਸਰੀ ਗੱਲਾਂ ਕਰਨ ਤੋਂ ਬਾਅਦ ਮਾਮੀ ਨੇ ਅੱਖਾਂ ਪੂੰਝਦੇ ਕਿਹੈ, "ਜਗਦੀਪ! ਪੁੱਤ ਤੂੰ ਬਾਹਰ ਚਲਾ ਜ੍ਹਾ! ਅਸੀਂ *ਬੁਰਾ ਪਾਉਣ ਲੱਗੀਆਂ।"

ਮੈਂ ਬਿਨਾਂ ਕੁਝ ਬੋਲੇ, ਬਾਹਰ ਜਾਣ ਲਈ ਉੱਠ ਕੇ ਖੜ੍ਹਾ ਹੋਇਆ ਹਾਂ। ਬੀਬੀ ਨੇ ਮੇਰਾ ਹੱਥ ਫੜ ਲਿਆ। ਉਸਦੀ ਧੌਣ ਇਕ ਪਾਸੇ ਨੂੰ ਲੁੜਕ ਗਈ ਹੈ।

"ਬੀਬੀ!" ਮੈਂ ਘਬਰਾ ਗਿਆਂ।

ਬੀਬੀ ਬੋਲੀ ਨਹੀਂ। ਮੈਂ ਬੀਬੀ ਦੀ ਬਾਂਹ ਫੜੀ ਆ।

"ਬੀਬੀ।" ਮੈਂ ਬੀਬੀ ਨੂੰ ਜ਼ੋਰ ਨਾਲ ਹਲੂਣਿਆਂ।

ਬੀਬੀ ਨੇ ਇਕ ਡੂੰਘਾ ਸਾਹ ਲੈ ਕੇ ਅੱਖਾਂ ਬੰਦ ਕਰ ਲਈਆਂ...। ਇਕ ਹੋਰ ਡੂੰਘਾ ਸਾਹ ਲਿਆ ਤੇ ਇਕ ਹੋਰ...।

"ਬੀਬੀ! ਬੀਬੀ!!ਬੀਬੀ...!!!"

"ਜਗਦੀਸ਼! ਜਲਦੀ ਡਾਕਟਰ ਨੂੰ ਬੁਲਾਓ।" ਮਾਮੀ ਦੀ ਆਵਾਜ਼ ਕੰਬ ਰਹੀ ਏ।

ਬੀਬੀ ਦੇ ਸਾਹ ਹੋਰ ਡੂੰਘੇ ਹੋ ਰਹੇ ਨੇ। ਹੁਣ ਬੀਬੀ ਨੇ ਇਕ ਬਹੁਤ ਡੂੰਘਾ ਸਾਹ ਲਿਐ...।

ਡਾਕਟਰ ਆ ਕੇ ਬੀਬੀ ਨੂੰ ਚੈੱਕ ਕਰ ਰਿਹੈ।

"ਬੀਬੀ ਜੀ ਖ਼ਤਮ ਹੋ ਗਏ।" ਆਖਦੇ ਹੀ ਡਾਕਟਰ ਨੇ ਬਾਂਹਾਂ ਢਿੱਲੀਆਂ ਕਰ ਲਈਆਂ।

"ਕੀ ਡਾਕਟਰ ਸਾਬ੍ਹ? ਮੁੜ ਕੇ ਚੈੱਕ ਕਰੋ, ਮੈਨੂੰ ਯਕੀਨ ਨ੍ਹੀਂ ਆ ਰਿਹ੍ਹਾ? ਬੀਬੀ ਦੇ ਚਿਹਰੇ 'ਤੇ ਤਾਂ ਮੁਸਕਰਾਹਟ ਆ। ਇਕ ਵਾਰੀ ਮੁੜਕੇ ਚੈੱਕ ਕਰੋ, ਪਲੀਜ਼।"

"ਜਗਦੀਪ ਬੇਟੇ! ਮੁਆਫ਼ ਕਰਨਾ। ਮਾਤਾ ਜੀ ਚਲੇ ਗਏ ਨੇ।"

ਸਾਡੇ ਘਰ ਵਿਚ ਭੂਚਾਲ ਆ ਗਿਐ। ਸਾਨੂੰ ਕੁਝ ਸਮਝ ਨਹੀਂ ਆ ਰਿਹਾ। ਮਾਮੀ ਦੀਆਂ ਅਲਾਹੁਣੀਆਂ ਪਰਬਤਾਂ ਦਾ ਸੀਨਾ ਪਾੜ ਰਹੀਆਂ।

"ਬੀਬੀ!" ਮੇਰੀਆਂ ਅੱਖਾਂ 'ਚ ਹੰਝੂਆਂ ਦੀ ਝੜੀ ਲੱਗ ਗਈ ਹੈ।

"ਜਗਦੀਪ ਚੁੱਪ ਕਰ ਜਾਹ। ਤੈਨੂੰ ਹੱਥੀਂ ਰੋਟੀ ਖਲਾ ਕੇ ਗਈ ਆ।" ਭਾਅ ਜੀ ਨੇ ਆਪਣੀ ਬਾਂਹ ਮੇਰੀ ਧੌਣ ਦੁਆਲੇ ਵਗਲੀ ਆ।

ਪਿੰਡੋਂ ਲੋਕ ਆਉਣੇ ਸ਼ੁਰੂ ਹੋ ਗਏ ਨੇ-

"ਰੱਬ ਦੇ ਰੰਗਾਂ ਦਾ ਕੋਈ ਪਤਾ ਨ੍ਹੀਂ।"

"ਦੋਹਾਂ ਦਾ ਪਿਆਰ ਵੀ ਤਾਂ ਬੌਤੁ ਗੂੜ੍ਹਾ ਸੀ।"

"ਕੁਛ ਵੀ ਕਹੋ ਆਹ ਤਾਂ ਅਣਹੋਣੀ ਹੋਈ।"

"ਜੋੜੀ ਧੁਰੋਂ ਬਣ ਕੇ ਆਈ ਸੀ।"

"ਇਕ-ਦੂਜੇ ਦਾ ਵਸਾਹ ਨ੍ਹੀਂ ਸੀ ਖਾਂਦੇ।"

ਹਰ ਕੋਈ ਆਪਣੀ ਸੂਝ ਦੇ ਘੋੜੇ ਦੌੜਾ ਰਿਹਾ...।

ਬੀਬੀ ਦੀ ਅਰਥੀ ਚੁੱਕ ਕੇ ਤੁਰ ਪਏ ਹਾਂ। ਉਫ਼ ਮੈਥੋਂ ਤੁਰਿਆ ਨਹੀਂ ਜਾ ਰਿਹਾ। ਮੇਰੇ ਮੋਢਿਆਂ 'ਤੇ ਮਣਾਂ ਮੂੰਹ ਭਾਰ ਏ। ਇੰਝ ਲੱਗ ਰਿਹਾ, ਜਿਵੇਂ ਮੈਂ ਆਪਣੇ ਮੋਢਿਆਂ 'ਤੇ ਹਿਮਾਲਾ ਪਰਬਤ ਚੁੱਕਿਆ ਹੋਵੇ। ਹੌਲੀ-ਹੌਲੀ ਤੁਰਦੇ ਪਿੰਡੋਂ ਬਾਹਰ ਪੈਂਦੀ ਝਿੜੀ ਕੋਲ ਆਣ ਪੁੱਜੇ ਹਾਂ...। ਮੈਨੂੰ ਯਾਦ ਆ ਰਿਹਾ ਕਿ ਹਰ ਐਤਵਾਰ ਵਾਲੇ ਦਿਨ ਬੀਬੀ ਇਸ ਝਿੜੀ 'ਚ ਸ਼ਹੀਦਾਂ ਦੀ ਮੜ੍ਹੀ 'ਤੇ ਦੀਵਾ ਜਗਾਉਣ ਆਉਂਦੀ ਹੁੰਦੀ ਸੀ। ਮੈਂ ਵੀ ਹਮੇਸ਼ਾਂ ਉਸਦੇ ਨਾਲ ਜਾਂਦਾ। ਉਹ ਦੀਵਾ ਬਾਲ਼ਦੀ। ਦੀਵੇ ਦੀ ਲੋਅ 'ਤੇ ਹੱਥ ਰੱਖ ਕੇ ਮੇਰੇ ਮੁਖ ਨੂੰ ਚਾਨਣ ਨਾਲ਼ ਧੋਂਦੀ। ਮੈਂ ਉਸ ਨਿੱਕੇ ਜਿਹੇ ਦੀਵੇ ਨੂੰ ਬਲ਼ਦੇ ਹੋਏ ਕਿੰਨਾ ਚਿਰ ਤੱਕਦਾ ਰਹਿੰਦਾ। ਇਕ ਐਤਵਾਰ ਦੀ ਸ਼ਾਮ ਨੂੰ, ਮੈਂ ਬੀਬੀ ਤੋਂ ਵੀ ਪਹਿਲਾਂ ਝਿੜੀ 'ਚ ਪਹੁੰਚ ਗਿਆ। ਰੁੱਖਾਂ ਦੀਆਂ ਟਾਹਣੀਆਂ ਧਰਤੀ 'ਨਾ ਟਕਰਾ ਰਹੀਆਂ ਸੀ। ਮੈਂ ਟਾਹਣੀਆਂ ਜ਼ੋਰ-ਜ਼ੋਰ ਨਾਲ ਹਿਲਾ ਕੇ ਖੇਡਣ ਲੱਗਾ। ਬੀਬੀ ਥਾਲੀ 'ਚ ਦੀਵਾ ਰੱਖੀ ਆਈ ਤੇ ਬੜੇ ਪਿਆਰ ਨਾਲ ਬੋਲੀ, "ਜਗਦੀਪ! ਪੁੱਤ ਰਾਤ ਵੇਲੇ ਰੁੱਖ ਵੀ ਬੰਦਿਆਂ ਆਂਗ ਸੌਂ ਜਾਂਦੇ, ਇਨ੍ਹਾਂ ਨੂੰ ਛੇੜੀਦਾ ਨ੍ਹੀਂ।" ਰੁੱਖਾਂ ਨੂੰ ਰਾਤ ਨੂੰ ਜਗਾਉਣ ਵਾਲੀ ਗੱਲ ਦਾ ਵਿਗਿਆਨਕ ਤੱਥ ਸ਼ਾਇਦ ਮੇਰੀ ਅਨਪੜ੍ਹ ਬੀਬੀ ਨੂੰ ਨਹੀਂ ਪਤਾ ਸੀ ਪਰ ਮੈਂ ਸੱਚਮੁਚ ਹੀ ਉਸ ਦਿਨ ਤੋਂ ਬਾਅਦ ਆਥਣ ਵੇਲੇ ਕਦੇ ਕਿਸੇ ਰੁੱਖ ਨੂੰ ਨਹੀਂ ਛੇੜਿਆ।

ਮੈਨੂੰ ਰੁੱਖਾਂ ਤੇ ਪੌਣਾਂ ਨਾਲ ਅੰਤਾਂ ਦਾ ਮੋਹ ਹੋ ਗਿਆ। ਮੇਰੀਆਂ ਨਜ਼ਮਾਂ ਤੇ ਗ਼ਜ਼ਲਾਂ ਵਿਚ ਅਕਸਰ ਹੀ ਕੁਦਰਤੀ ਬਿੰਬਾਂ: ਰੁੱਖ, ਝੀਲਾਂ, ਨਦੀਆਂ, ਸਾਗਰ, ਸੂਰਜ, ਚੰਨ ਤੇ ਤਾਰਿਆਂ ਦਾ ਵਰਣਨ ਹੋਣ ਲੱਗਾ ਤੇ ਉਸ ਦੀਵੇ ਦਾ ਵੀ, ਜਿਹੜਾ ਮੈਂ ਬੀਬੀ ਦੇ ਨਾਲ ਬਾਲ਼ਦਾ ਹੁੰਦਾ ਸੀ-

ਮੈਂ ਨਹੀਂ ਸੂਰਜ ਕਿ ਹਰ ਇਕ ਸ਼ਾਮ ਨੂੰ ਢਲਦਾ ਰਹਾਂਗਾ
ਮੈਂ ਬੜਾ ਨਿੱਕਾ ਜਿਹਾ ਦੀਵਾ ਹਾਂ ਪਰ ਬਲਦਾ ਰਹਾਂਗਾ।

ਸੱਚਮੁਚ ਇਹ ਸ਼ਿਅਰ ਮੈਨੂੰ ਹਰ ਮੁਸ਼ਾਇਰੇ 'ਚ ਦਾਦ ਨਾਲ ਲਬਰੇਜ਼ ਕਰ ਦਿੰਦੈ। ਮੇਰੇ ਸ਼ਾਇਰ ਸਾਥੀ ਵਾਹ! ਵਾਹ! ਮੁਕੱਰਰ! ਇਕ ਵਾਰੀ ਫਿਰ ਆਖਦੇ ਸ਼ਰਸ਼ਾਰ ਹੋ ਜਾਂਦੇ ਨੇ...।

ਸ਼ਮਸ਼ਾਨ ਘਾਟ ਪਹੁੰਚ ਕੇ ਅਰਦਾਸ ਉਪਰੰਤ ਭਾਅ ਜੀ ਨੇ ਚਿਖਾ ਨੂੰ ਅਗਨੀ ਦਿਖਾਉਂਦੇ ਹੋਏ, ਮੈਨੂੰ ਵੀ ਆਪਣੇ ਨਾਲ ਅਜਿਹਾ ਕਰਨ ਲਈ ਕਿਹੈ। ਮੇਰਾ ਦਿਲ ਰੋ ਪਿਆ, ਆਪਣੇ ਹੱਥੀਂ ਬੀਬੀ ਨੂੰ ਅੱਗ ਕਿੱਦਾਂ ਲਾਮਾਂ...?"

ਮੈਂ ਦਿਲ 'ਤੇ ਪੱਥਰ ਰੱਖ ਕੇ ਭਾਅ ਜੀ ਦੇ ਨਾਲ ਚਿਖਾ ਨੂੰ ਅਗਨੀ ਦਿਖਾ ਦਿੱਤੀ ਆ। ਸਭ ਦੀਆਂ ਅੱਖਾਂ 'ਚ ਬੇਰੋਕ ਹੰਝੂ ਨੇ।

ਸਿਵਾ ਬਲ਼ ਰਿਹੈ। ਮੈਨੂੰ ਅੱਗ ਦੀਆਂ ਲਪਟਾਂ ਵਿਚ ਬੀਬੀ ਦੀ ਬਾਂਹ ਫੜੀ ਦਾਰ ਜੀ ਨਜ਼ਰ ਆ ਰਹੇ ਨੇ।

ਬੀਬੀ- ਦਾਰ ਜੀ! ਬੀਬੀ- ਦਾਰ ਜੀ!! ਬੀਬੀ- ਦਾਰ ਜੀ!!!

ਮੈਂ ਚਿਖਾ ਵੱਲ ਉਨ੍ਹਾਂ ਨੂੰ ਫੜਨ ਦੌੜਦਾ ਹਾਂ...।

ਬੀਬੀ ਦਾ ਅੰਤਿਮ ਸਸਕਾਰ ਹੋ ਗਿਆ। ਐਤਵਾਰ ਦਾਰ ਜੀ ਤੇ ਬੀਬੀ ਦੀ ਇਕੱਠੀ ਅੰਤਿਮ ਅਰਦਾਸ ਹੋ ਗਈ। ਭਾਅ ਜੀ ਦੇ ਸਿਰ 'ਤੇ ਪੱਗ ਬੱਝ ਗਈ...।

ਸਾਡਾ ਘਰ ਇਕ ਦਮ ਖਾਲੀ ਹੋ ਗਿਆ। ਦੋਵਾਂ ਦੀਆਂ ਅਸਥੀਆਂ ਕੀਰਤਪੁਰ ਸਾਹਿਬ ਜਲ ਪ੍ਰਵਾਹ ਕਰਕੇ ਆਉਂਦੇ ਹੀ ਵਾਪਸ ਮੁੜਨ ਦਾ ਸਮਾਂ ਆ ਗਿਐ। ਭਾਬੀ ਨੇ ਅੱਖਾਂ ਭਰ ਲਈਆਂ, "ਜਗਦੀਪ, ਆਪਣਾ ਧਿਆਨ ਰੱਖੀਂ! ਅਗਲੇ ਸਾਲ ਛੁੱਟੀਆਂ 'ਚ ਪਰਿਵਾਰ ਸਮੇਤ ਗੇੜਾ ਮਾਰੀਂ ...।"

ਭਾਅ ਜੀ ਏਅਰਪੋਰਟ ਤੱਕ ਨਾਲ ਜਾਣ ਲਈ ਤਿਆਰ ਹੋ ਕੇ ਅਟੈਚੀ ਚੁੱਕ ਲਿਆਏ ਨੇ...।

ਟੈਕਸੀ ਤੁਰ ਪਈ ਹੈ। ਮੈਂ ਥੋੜ੍ਹਾ ਅੱਗੇ ਆ ਕੇ ਡਰਾਈਵਰ ਨੂੰ ਸਿਵਿਆਂ ਕੋਲ ਰੁਕਣ ਲਈ ਇਸ਼ਾਰਾ ਕੀਤੈ। ਮੈਂ ਉਸ ਥਾਂ ਨੂੰ ਸਿਜਦਾ ਕਰਦਾ ਹਾਂ, ਜਿੱਥੇ ਮੇਰੇ ਦਾਰ ਜੀ ਤੇ ਬੀਬੀ ਜੀ ਸਦਾ ਦੀ ਨੀਂਦ ਸੌਂ ਗਏ। ਇਕ ਵਾਰੀ ਫਿਰ ਭਾਅ ਜੀ ਦੇ ਗਲ ਲੱਗ ਕੇ ਮਨ ਹਲਕਾ ਲਿਐ...।

ਟੈਕਸੀ ਵਿਚ ਮੁੜ ਬੈਠ ਗਿਆ ਹਾਂ। ਅੱਜ ਮਨ ਵਿਚ ਅਮਰੀਕਾ ਜਾਣ ਦਾ ਚਾਅ ਨਹੀਂ। ਸਾਹਮਣੇ ਸੜਕ 'ਤੇ ਭਈਆਂ ਦਾ ਟੋਲਾ ਰੋੜੀ ਕੁੱਟ ਰਿਹਾ। ਮੈਂ ਬੈਗ ਵਿਚੋਂ ਆਪਣੀ ਡਾਇਰੀ ਕੱਢ ਕੇ ਲਿਖ ਰਿਹਾਂ-

ਬੇਵਸੀ ਵਿਚ ਲੋਕ ਇਹ ਵੀ ਸਹਿ ਰਹੇ ਨੇ
ਅੱਗ ਦੇ ਪਰਛਾਵਿਆਂ ਵਿਚ ਰਹਿ ਰਹੇ ਨੇ।

ਮੈਂ ਸੀਟ ਬੈਲਟ ਲਗਾਉਂਦਾ ਦਹਿਲ ਗਿਆ ਹਾਂ। ਮੈਨੂੰ ਲੱਗਦਾ ਪਛਤਾਵੇ ਦੀ ਅੱਗ ਦਾ ਪਰਛਾਵਾਂ ਮੇਰੇ ਨਾਲ ਚੱਲ ਰਿਹਾ ਹੈ...।

* ਬੁਰਾ ਪਾਉਣਾ-ਪਤੀ ਦੀ ਮੌਤ ਤੋਂ ਬਾਅਦ ਪੇਕਿਆਂ ਵਲੋਂ ਕੀਤੀ ਜਾਂਦੀ ਰਸਮ।

ਨੋਟ: ਇਸ ਕਹਾਣੀ ਵਿਚ ਅੰਕਿਤ ਸ਼ਿਅਰ ਕੁਲਵਿੰਦਰ ਦੇ ਹਨ।

# ਰੂਹਾਨੀ ਰਮਜ਼ਾਂ ਕਾਵਿ ਸੰਗ੍ਰਹਿ- ਇੱਕ ਅਧਿਐਨ

"ਰੂਹਾਨੀ ਰਮਜ਼ਾਂ" ਕਾਵਿ-ਸੰਗ੍ਰਹਿ ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਦੀ ਚੌਥੀ ਕ੍ਰਿਤ ਹੈ। ਇਸ ਤੋਂ ਪਹਿਲਾਂ ਉਹ 'ਪੰਜ ਆਬਾਂ ਦੀ ਜਾਈ', 'ਇਕ ਬੂੰਦ ਸਵਾਤੀ', 'ਬੂੰਦ ਬੂੰਦ ਬਰਸਾਤ' ਕਾਵਿ ਕ੍ਰਿਤਾਂ ਪੰਜਾਬੀ ਸਾਹਿਤ ਦੀ ਝੋਲ਼ੀ ਪਾ ਚੁੱਕੀ ਹੈ। ਬੀਬੀ ਸੁਰਜੀਤ ਕੌਰ ਜਿੱਥੇ ਕਲਮ ਦੀ ਧਨੀ ਹੈ, ਉੱਥੇ ਉਹ ਖ਼ੂਬਸੂਰਤ, ਪਿਆਰੀ, ਸੁਰੀਲੀ, ਮਿੱਠੀ ਅਤੇ ਬੁਲੰਦ ਆਵਾਜ਼ ਦੀ ਮਲਿਕਾ ਵੀ ਹੈ। ਕੁਦਰਤ ਅਤੇ ਕਾਦਰ ਵੱਲੋਂ ਪੋਇਟਰੀ ਅਤੇ ਮਿਊਜ਼ਿਕ ਦਾ ਖ਼ੂਬਸੂਰਤ ਸੰਗਮ ਬੀਬੀ ਸੁਰਜੀਤ ਕੌਰ ਵਿਚ ਕੀਤਾ ਮਿਲਦਾ ਹੈ।

"ਰੂਹਾਨੀ ਰਮਜ਼ਾਂ" ਪੁਸਤਕ ਵਿਚ ਉਨ੍ਹਾਂ ਨੇ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਮਰਪਿਤ ਕਰਦਿਆਂ ਲਿਖਿਆ ਹੈ-

"ਮੈਂ ਜੋ ਵੀ ਹੁਣ ਤੱਕ ਪਾਇਆ ਏ, ਤੇਰੇ ਹੀ ਦਰ ਤੋਂ ਪਾਇਆ ਏ।

ਮੈਂ ਜੋ ਵੀ ਨਗ਼ਮਾ ਗਾਇਆ ਏ, ਤੇਰੇ ਹੀ ਪਿਆਰ 'ਚ ਗਾਇਆ ਏ।

ਤੇਰੀ ਰਹਿਮਤ ਦਾ ਹੱਥ ਸਿਰ 'ਤੇ ਹੈ, ਤਾਂ ਹੀ ਤਾਂ ਮੈਂ 'ਸੁਰਜੀਤ' ਹੋਈ,

ਬੱਸ, ਇਹੋ ਮੇਰੀ ਦੌਲਤ ਹੈ, ਏਹੋ ਮੇਰਾ ਸਰਮਾਇਆ ਏ।"



ਬੀਬੀ ਸੁਰਜੀਤ ਕੌਰ ਨੇ ਆਪਣੀ ਸਾਹਿਤ ਸਿਰਜਣਾ

**ਡਾ. ਇਕਬਾਲ ਸਿੰਘ ਸਕਰੌਦੀ**
**ਫੋਨ: 84276-85020**

ਨਾਲ਼ ਅਤੇ ਖ਼ੂਬਸੂਰਤ, ਬੁਲੰਦ ਆਵਾਜ਼ ਵਿਚ ਗਾਉਣ ਦੀ ਕਲਾ ਦੀ ਬਦੌਲਤ ਪੰਜਾਬੀ ਭਾਸ਼ਾ ਦੀ ਸਟੇਜੀ ਕਵਿਤਾ ਨੂੰ ਕੇਵਲ ਪੰਜਾਬ ਅਤੇ ਭਾਰਤ ਵਿਚ ਹੀ ਨਹੀਂ, ਸਗੋਂ ਵਿਦੇਸ਼ੀ ਧਰਤੀ ਕੈਨੇਡਾ, ਅਮਰੀਕਾ, ਇੰਗਲੈਂਡ, ਆਸਟਰੇਲੀਆ, ਨਿਊਜ਼ੀਲੈਂਡ ਆਦਿ ਦੇਸ਼ਾਂ ਵਿਚ ਵੀ ਬੜੀ ਸੁਹਿਰਦਤਾ, ਸੰਵੇਦਨਸ਼ੀਲਤਾ, ਸਫ਼ਲਤਾ ਸਹਿਤ ਪੇਸ਼ ਕੀਤਾ ਹੈ।

ਇਸ ਪ੍ਰਕਾਰ ਕਵਿੱਤਰੀ ਨੇ ਆਪਣੀਆਂ ਕ੍ਰਿਤਾਂ ਨੂੰ ਲਗਪਗ ਹਰ ਪੰਜਾਬੀ ਪ੍ਰੇਮੀ ਖ਼ਾਸ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਨਾਲ਼ ਜੁੜੇ ਹੋਇਆਂ ਦੇ ਘਰ-ਘਰ ਪਹੁੰਚਾਉਣ ਵਿਚ ਸਫ਼ਲਤਾ ਹਾਸਲ ਕੀਤੀ ਹੈ।

ਇੱਕ ਇਹ ਵੀ ਬੜੀ ਖ਼ੁਸ਼ੀ ਅਤੇ ਮਾਣ ਵਾਲ਼ੀ ਗੱਲ ਹੈ ਕਿ ਬੀਬੀ ਸੁਰਜੀਤ ਕੌਰ, ਆਲੋਚਕਾਂ, ਵਿੱਦਿਅਕ ਸੰਸਥਾਵਾਂ, ਸਾਹਿਤ ਸਭਾਵਾਂ ਵੱਲੋਂ ਅਣਦੇਖੀ ਕਰਨ ਦੇ ਬਾਵਜੂਦ ਪੰਜਾਬੀ ਸਾਹਿਤ ਸਿਰਜਣਾ ਦੇ ਖੇਤਰ ਵਿਚ ਲਗਾਤਾਰ ਘਾਲਣਾ ਘਾਲ ਰਹੇ ਹਨ। ਉਹ ਪਿਛਲੇ ਲੰਮੇ ਸਮੇਂ ਤੋਂ ਲਗਾਤਾਰ ਧਾਰਮਿਕ ਗੀਤ, ਗ਼ਜ਼ਲਾਂ, ਰੁਬਾਈਆਂ, ਨਜ਼ਮਾਂ, ਗੁਰ ਸ਼ਬਦ ਵਿਆਖਿਆ, ਲੇਖ, ਆਰਟੀਕਲ ਲਿਖਣ ਦੇ ਨਾਲ਼-ਨਾਲ਼ ਗੁਰੂ ਘਰ ਦੇ ਪਹਿਲੇ ਮੁੱਖ ਗ੍ਰੰਥੀ ਹੋਣ ਦਾ ਧਰਮ ਅਤੇ ਫ਼ਰਜ਼ ਵੀ ਨਿਭਾਉਂਦੀ ਆ ਰਹੀ ਹੈ। ਇਸੇ ਲੜੀ ਨੂੰ ਅੱਗੇ ਤੋਰਦੇ ਹੋਏ ਉਸ ਨੇ ਆਪਣੀ ਇਹ ਨਵੀਂ ਕ੍ਰਿਤ "ਰੂਹਾਨੀ ਰਮਜ਼ਾਂ" ਪੰਜਾਬੀ ਪਾਠਕਾਂ, ਆਲੋਚਕਾਂ, ਖੋਜੀਆਂ ਅਤੇ ਸਾਹਿਤ ਪ੍ਰੇਮੀਆਂ ਦੀ ਝੋਲ਼ੀ ਪਾਈ ਹੈ।

ਇਸ ਪੁਸਤਕ ਵਿਚ ਜਿੱਥੇ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਤੋਂ ਆਰੰਭ ਕਰਦੇ ਹੋਏ, ਗੁਰੂ ਅੰਗਦ ਦੇਵ, ਗੁਰੂ ਅਮਰਦਾਸ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ, ਗੁਰੂ ਹਰਿਗੋਬਿੰਦ ਜੀ, ਗੁਰੂ ਤੇਗ਼ ਬਹਾਦਰ, ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ, ਸੰਘਰਸ਼, ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਕੀਤੇ ਸ਼ਲਾਘਾਯੋਗ ਕਾਰਜ, ਕੁਰਬਾਨੀਆਂ ਨੂੰ ਸਿਜਦਾ ਕਰਨ ਦੇ ਨਾਲ਼-ਨਾਲ਼ ਗੁਰੂ ਸਾਹਿਬਾਨ ਤੋਂ ਪਿੱਛੋਂ ਸਿੱਖਾਂ ਦੀ ਲਾਸਾਨੀ ਸ਼ਹਾਦਤ ਨਾਲ਼ ਸੰਬੰਧਤ ਘਟਨਾਵਾਂ ਨੂੰ ਵੀ ਸਿਲਸਿਲੇਵਾਰ ਢੰਗ ਨਾਲ਼ ਦਰਜ ਕੀਤਾ ਗਿਆ ਹੈ।

ਇਸ ਦੇ ਨਾਲ਼ ਹੀ ਬੀਬੀ ਜੀ ਅਜੋਕੇ ਮਨੁੱਖ ਵਿਚ ਖ਼ਤਮ ਹੁੰਦੀਆਂ ਜਾ ਰਹੀਆਂ ਨੈਤਿਕ ਕਦਰਾਂ- ਕੀਮਤਾਂ ਅਤੇ ਧਰਮ ਕਰਮ ਨਾਲ਼ ਜੁੜੇ ਵਿਅਕਤੀਆਂ ਵਿਚ ਆ ਰਹੀ ਗਿਰਾਵਟ ਲਈ ਵੀ ਬੇਹੱਦ ਚਿੰਤਤ ਨਜ਼ਰੀਂ ਆਉਂਦੇ ਹਨ।

"ਰੂਹਾਨੀ ਰਮਜ਼ਾਂ" ਪੁਸਤਕ ਦੀ ਇਕ ਹੋਰ ਵਡਿਆਈ ਇਹ ਹੈ ਕਿ ਇਸ ਕ੍ਰਿਤ ਵਿਚ ਦਰਜ ਕੀਤੇ ਗਏ ਗ਼ੀਤ, ਵਾਰਾਂ, ਘੋੜੀਆਂ, ਕਬਿੱਤ ਬਹੁਤ ਹੀ ਸਾਦੀ, ਸਰਲ, ਮੁਹਾਵਰੇਦਾਰ ਮਿੱਠੀ ਭਾਸ਼ਾ ਵਿਚ ਹੋਣ ਕਾਰਨ ਗਹਿਰ ਗੰਭੀਰ ਪਾਠਕ ਤੋਂ ਇਲਾਵਾ ਪੰਜ ਜਮਾਤਾਂ ਪੜ੍ਹਿਆ ਵਿਅਕਤੀ ਵੀ ਇਨ੍ਹਾਂ ਦਾ ਭਰਪੂਰ ਆਨੰਦ ਅਤੇ ਰਸ ਮਾਣਦਾ ਹੈ।

ਇਸ ਪੁਸਤਕ ਵਿਚ ਸ਼ਾਮਿਲ ਸਾਰੇ ਗੀਤਾਂ ਨੂੰ ਸਕੂਲਾਂ, ਕਾਲਜਾਂ ਅਤੇ ਹੋਰ ਵਿੱਦਿਅਕ, ਧਾਰਮਿਕ, ਸਮਾਜਿਕ, ਸੱਭਿਆਚਾਰਕ ਸਮਾਗਮਾਂ ਵਿਚ ਕਰਵਾਏ ਜਾਂਦੇ ਵਿੱਦਿਅਕ, ਸਾਹਿਤਕ, ਧਾਰਮਿਕ ਮੁਕਾਬਲਿਆਂ ਵਿਚ ਆਸਾਨੀ ਨਾਲ਼ ਗਾਇਆ ਜਾ ਸਕਦਾ ਹੈ।

ਇਸ ਪੁਸਤਕ ਨੂੰ ਪੜ੍ਹਨ ਉਪਰੰਤ ਮੇਰੀ ਇਹ ਧਾਰਨਾ ਬਣੀ ਹੈ ਕਿ ਜਿੱਥੇ ਇਹ ਰੂਹਾਨੀ ਰਮਜ਼ਾਂ ਪੰਜਾਬੀ ਪਾਠਕਾਂ, ਸਰੋਤਿਆਂ ਨੂੰ ਉਨ੍ਹਾਂ ਦੇ ਆਪਣੇ ਅਮੀਰ ਧਾਰਮਿਕ, ਸਾਹਿਤਕ ਵਿਰਸੇ ਨਾਲ਼ ਜੋੜਨ ਵਿਚ ਸਫ਼ਲ ਹੋਣਗੀਆਂ, ਉੱਥੇ ਹੀ ਗੁਰੂ ਨਾਨਕ ਦੇਵ, ਗੁਰੂ ਅਰਜਨ ਦੇਵ, ਗੁਰੂ ਤੇਗ਼ ਬਹਾਦਰ, ਗੁਰੂ ਗੋਬਿੰਦ ਸਿੰਘ ਅਤੇ ਸਾਹਿਬਜ਼ਾਦਿਆਂ ਦੇ ਮਹਾਨ ਕਿਰਦਾਰ ਨੂੰ ਆਦਰਸ਼ ਰੂਪ ਵਿਚ ਹੋਰ ਵੀ ਵਧੇਰੇ ਦ੍ਰਿੜ੍ਹ ਕਰਵਾਉਣਗੀਆਂ। ਬੀਬੀ ਜੀ ਦਾ ਇਹ ਉਪਰਾਲਾ ਸਮਾਜਿਕ ਅਤੇ ਧਾਰਮਿਕ ਬਿਹਤਰੀ ਵਿਚ ਆਪਣਾ ਅਹਿਮ ਅਤੇ ਮਹੱਤਵਪੂਰਨ ਭੂਮਿਕਾ ਨਿਭਾਏਗਾ।

"ਰੂਹਾਨੀ ਰਮਜ਼ਾਂ" ਪੁਸਤਕ ਵਿਚੋਂ ਬੀਬੀ ਸੁਰਜੀਤ ਕੌਰ ਦੀ ਮੁੱਖ ਵਿਚਾਰਧਾਰਾ ਉੱਘੜ ਕੇ ਸਾਡੇ ਸਾਹਮਣੇ ਆਉਂਦੀ ਹੈ। ਅਸਲ ਵਿਚ ਉਸ ਨੇ ਆਪਣੇ ਸਮੁੱਚੇ ਜੀਵਨ ਨੂੰ ਸ੍ਰੀ ਗੁਰੂ ਨਾਨਕ ਦੇਵ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਨੂੰ ਸਮਰਪਿਤ ਕੀਤਾ ਹੋਇਆ ਹੈ। ਇਹੋ ਧੁਨੀ ਇਸ ਕਾਵਿ-ਸੰਗ੍ਰਹਿ ਦੀਆਂ ਸਾਰੀਆਂ ਰਚਨਾਵਾਂ ਵਿਚੋਂ ਸੁਣਾਈ ਦਿੰਦੀ ਹੈ। ਇਸ ਸੰਗ੍ਰਹਿ ਵਿਚ ਦਰਜ ਕੀਤੀਆਂ ਕਵਿਤਾਵਾਂ ਦਾ ਮੁੱਖ ਵਿਸ਼ਾ ਗੁਰ ਇਤਿਹਾਸ, ਸਿੱਖ ਇਤਿਹਾਸ, ਗੁਰਮਤਿ ਸਿਧਾਂਤ ਅਤੇ ਸਮਾਜ ਵਿਚਲੀਆਂ ਉੱਚੀਆਂ ਅਤੇ ਸੱਚੀਆਂ ਸੁੱਚੀਆਂ ਕਦਰਾਂ ਕੀਮਤਾਂ ਹਨ।

ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਨੂੰ ਸਿੱਖ ਜਗਤ ਦੀ ਪਹਿਲੀ ਔਰਤ ਹੈੱਡ ਗ੍ਰੰਥੀ ਹੋਣ ਦਾ ਸੁਭਾਗ ਪ੍ਰਾਪਤ ਹੈ। ਬੇਸ਼ੱਕ ਕੀਰਤਨ ਦੀ ਦਾਤ ਉਨ੍ਹਾਂ ਨੂੰ ਆਪਣੇ ਵਿਰਸੇ ਵਿਚੋਂ ਪਿਤਾ ਪਾਸੋਂ ਪ੍ਰਾਪਤ ਹੋਈ। ਦੇਸ਼ਾਂ ਵਿਦੇਸ਼ਾਂ ਵਿਚ ਸਿੱਖ ਸੰਗਤ ਨੂੰ ਗੁਰਬਾਣੀ ਅਤੇ ਕੀਰਤਨ ਨਾਲ਼ ਜੋੜਦੇ ਹੋਏ ਉਨ੍ਹਾਂ ਨੂੰ ਕੈਲੇਫੋਰਨੀਆ ਦੀ ਸਿੱਖ ਸੰਗਤ ਵਲੋਂ ਗੁਰਦੁਆਰਾ ਸਾਹਿਬ ਐਲ ਸੋਬਰਾਂਟੇ ਸੈਨ ਫਰਾਂਸਿਸਕੋ ਵਿਖੇ ਗੁਰੂ ਘਰ ਦੇ ਹੈੱਡ ਗ੍ਰੰਥੀ ਅਤੇ ਕੀਰਤਨ ਕਰਨ ਦੀ ਸੇਵਾ ਪ੍ਰਾਪਤ ਹੋਈ। ਪੰਜ ਸਾਲ ਦੀ ਬਾਲੜੀ ਉਮਰ ਤੋਂ ਹੀ ਉਹ ਗੁਰੂ ਘਰ ਅਤੇ ਗੁਰਮਤਿ ਪਰੰਪਰਾਵਾਂ ਨਾਲ਼ ਜੁੜ ਗਏ ਸਨ। ਇਸ ਸੰਬੰਧੀ ਉਨ੍ਹਾਂ ਖ਼ੁਦ ਸਵੀਕਾਰ ਕੀਤਾ ਹੈ - "ਸਾਹਿਬਾਂ ਦਾ ਸਾਰੀ ਉਮਰ ਮੇਰੇ ਸਿਰ 'ਤੇ ਹੱਥ ਰਿਹਾ ਹੈ। ਉਨ੍ਹਾਂ ਔਖ ਸੌਖ ਵੇਲੇ ਮੇਰੀ ਬਾਂਹ ਫੜੀ ਰੱਖੀ ਹੈ।"

ਉਹ ਆਪਣੀ ਇਸ ਮਾਨਸਿਕਤਾ ਨੂੰ ਬਹੁਤ ਹੀ ਭਾਵੁਕ ਅਤੇ ਜਜ਼ਬਾਤੀ ਰੰਗ ਵਿਚ ਰੰਗ ਕੇ ਆਪਣੀਆਂ ਕਈ ਨਜ਼ਮਾਂ ਵਿਚ ਸਾਕਾਰ ਕਰਦੇ ਨਜ਼ਰੀਂ ਪੈਂਦੇ ਹਨ। ਇਹੋ ਕਾਰਨ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਅਥਾਹ ਸ਼ਰਧਾ ਅਤੇ ਸਤਿਕਾਰ ਦਾ ਜਜ਼ਬਾ ਵਾਰ-ਵਾਰ ਉਨ੍ਹਾਂ ਦੀਆਂ ਰਚਨਾਵਾਂ ਵਿਚ ਆ ਜਾਂਦਾ ਹੈ, ਜਿਵੇਂ -

"ਮੈਂ ਸੁਰਜੀਤ ਹਾਂ ਸੇਵਕ ਤੇਰੇ, ਬਣ ਬੈਠੀ ਤੇਰੇ ਘਰ ਦੀ ਚੇਰੀ।

ਤੂੰ ਤੂੰ ਕਰਦੀ ਤੂੰ ਹੀ ਹੋ ਗਈ, ਮੁੱਕ ਗਈ ਸਾਰੀ ਹੂੰ ਹੂੰ ਹੂੰ।"

"ਲਗਨ ਪ੍ਰੇਮ ਦੀ ਐਸੀ ਲੱਗੀ ਮੈਂ ਰੱਬੀ ਸੰਗੀਤ ਹੋ ਗਈ,

ਗੁਰੂ ਨਾਨਕ ਦੀ ਰਹਿਮਤ ਹੋਈ ਮੁਰਦੇ ਤੋਂ 'ਸੁਰਜੀਤ' ਹੋ ਗਈ।"

"ਉੱਚਾ ਕਿਰਦਾਰ ਦੇਹ, ਆਪਣਾ ਪਿਆਰ ਦੇਹ।
ਬਾਣੀ ਦਾ ਖ਼ੁਮਾਰ ਦੇਹ, ਨਾ ਹੋਵਾਂ ਵਿਪਰੀਤ ਮੈਂ।
ਇੱਕ ਵਾਰੀ ਹੱਥ, ਮੇਰੇ ਸਿਰ ਉੱਤੇ ਰੱਖ,
ਬੱਸ ਹੋਰ ਕੁਝ ਚਾਹੀਦਾ ਨਈ, ਹੋ ਜਾਂ 'ਸੁਰਜੀਤ' ਮੈਂ।"

"ਮੈਂ ਜੋ ਵੀ ਹੁਣ ਤੱਕ ਪਾਇਆ ਏ, ਤੇਰੇ ਹੀ ਦਰ ਤੋਂ ਪਾਇਆ ਏ।

ਮੈਂ ਜੋ ਵੀ ਨਗਮਾ ਗਾਇਆ ਏ, ਤੇਰੇ ਹੀ ਪਿਆਰ 'ਚ ਗਾਇਆ ਏ।

ਤੇਰੀ ਰਹਿਮਤ ਦਾ ਹੱਥ ਸਿਰ 'ਤੇ ਹੈ ਤਾਂ ਧੀ ਤੇਰੀ 'ਸੁਰਜੀਤ' ਹੋਈ,

ਬੱਸ, ਏਹੋ ਮੇਰੀ ਦੌਲਤ ਹੈ, ਏਹੋ ਮੇਰਾ ਸਰਮਾਇਆ ਏ।"

"ਕਲਮ ਦਿੱਤੀ ਏ, ਕਲਮ ਚਲਾ, ਸੱਚ ਦੇ ਪਰਚਮ ਨੂੰ ਲਹਿਰਾਅ।

ਸੱਚ ਲਿਖੀਂ ਤੇ ਸੱਚ ਹੀ ਬੋਲੀਂ, ਸੱਚ ਬੋਲਣ ਤੋਂ ਕਦੀ ਨਾ ਡੋਲੀਂ।"

ਬੀਬੀ ਸੁਰਜੀਤ ਕੌਰ ਨੇ "ਰੂਹਾਨੀ ਰਮਜ਼ਾਂ" ਕਾਵਿ ਸੰਗ੍ਰਹਿ ਦਾ ਆਰੰਭ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦੁਨੀਆਂ ਵਿਚ ਅਵਤਾਰ ਧਾਰਨ ਤੋਂ ਕੀਤਾ ਹੈ। ਜਿੱਥੇ ਉਹ ਤ੍ਰਿਪਤਾ ਮਾਤਾ ਦੀ ਪੁੱਤਰ ਦੀ ਪ੍ਰਾਪਤੀ ਲਈ ਦਿਲ ਵਿਚ ਰੀਝ ਨੂੰ ਵਿਅਕਤ ਕਰਦੀ ਹੋਈ ਲਿਖਦੀ ਹੈ -

"ਮਾਂ ਤ੍ਰਿਪਤਾ ਸੀ ਤ੍ਰਿਪਤ ਹੋਈ, ਫ਼ਿਰ ਵੀ ਅੰਦਰ ਭੁੱਖ ਸੀ ਰਹਿੰਦੀ।

ਕਦ ਵੇਹੜੇ ਵਿਚ ਪੁੱਤਰ ਖੇਡੇ, ਦਿਲ ਦੇ ਵਿਚ ਸੀ ਧੁੱਖਦੀ ਰਹਿੰਦੀ।"

ਕਵਿੱਤਰੀ ਨਾਨਕ ਦੀ ਵੱਡੀ ਭੈਣ ਬੀਬੀ ਨਾਨਕੀ ਜੀ ਵੱਲੋਂ ਉਸ ਪਰਮੇਸ਼ਰ ਅੱਗੇ ਕੀਤੀਆਂ ਅਰਜ਼ੋਈਆਂ ਨੂੰ ਇਸ ਤਰ੍ਹਾਂ ਸ਼ਬਦਾਂ ਵਿਚ ਬੀੜਦੀ ਹੈ -

"ਉੱਠਦੀ ਬਹਿੰਦੀ ਰੱਬ ਨੂੰ ਕਹਿੰਦੀ ਨਿੱਕੜਾ ਜਿਹਾ ਇੱਕ ਵੀਰਾ ਦੇ ਦੇ,

ਜਿਸ ਦਾ ਮੁੱਲ ਨਾ ਕੋਈ ਪਾਵੇ ਉਹ ਵੱਡਮੁੱਲਾ ਹੀਰਾ ਦੇ ਦੇ।"

ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਉਪਰੰਤ ਦੇ ਸਮੇਂ ਨੂੰ ਬਹੁਤ ਹੀ ਘੱਟ ਸ਼ਬਦਾਂ ਵਿਚ ਬੜੇ ਸੁਹਿਰਦ ਢੰਗ ਨਾਲ਼ ਪੇਸ਼ ਕੀਤਾ ਗਿਆ ਹੈ। ਇੱਕ ਵੰਨਗੀ ਪੇਸ਼ ਹੈ -

"ਅੰਮ੍ਰਿਤ ਵੇਲਾ ਦਿਨ ਪੁੰਨਿਆਂ ਦਾ ਤਲਵੰਡੀ ਵਿਚ ਵਜੀ ਵਧਾਈ।

ਕੂੜ ਹਨੇਰੇ ਉਡ ਗਏ ਸਾਰੇ ਚਹੁੰ ਕੁੰਟੀ ਹੋ ਗਈ ਰੁਸ਼ਨਾਈ।"

ਇੱਕ ਹੋਰ ਕਵਿਤਾ ਵਿਚ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਸਮੇਂ ਦਰਸ਼ਨ ਦੀਦਾਰੇ ਕਰਕੇ ਵੱਡੀ ਭੈਣ ਨਾਨਕੀ ਵਿਸਮਾਦ ਅਵਸਥਾ ਵਿਚ ਆਪਣੇ ਵੀਰੇ ਵੱਲ ਵੇਖ ਰਹੀ ਹੈ। ਕਵਿੱਤਰੀ ਉਸ ਦ੍ਰਿਸ਼ ਨੂੰ ਇਸ ਢੰਗ ਨਾਲ਼ ਰੂਪਮਾਨ ਕਰਦੀ ਹੈ -

"ਭੈਣ ਨਾਨਕੀ ਖੀਵੀ ਹੋ ਹੋ, ਮੁੜ ਮੁੜ ਵੀਰ ਨੂੰ ਵੇਖੇ,
ਕਦੀ ਪ੍ਰਭੂ ਦੇ, ਕਦੀ ਵੀਰ ਦੇ, ਉਸ ਨੂੰ ਪੈਣ ਭੁਲੇਖੇ।"

ਪੰਦਰਵੀਂ ਸਦੀ ਵਿਚ ਜਾਤ-ਪਾਤ ਅਤੇ ਵਰਗ ਵੰਡ ਦਾ ਬਹੁਤ ਜ਼ਿਆਦਾ ਪ੍ਰਚਲਣ ਸੀ। ਉਸ ਸਮੇਂ ਤਥਾ ਕਥਿਤ ਉੱਚੀਆਂ ਜਾਤਾਂ ਵਾਲੇ ਨਿਮਨ ਵਰਗ ਨਾਲ਼ ਹਰ ਪ੍ਰਕਾਰ ਦਾ ਵਿਤਕਰਾ ਕਰਦੇ ਸਨ। ਕਿਰਤੀ ਵਰਗ ਨੂੰ ਸਨਮਾਨ ਦੀ ਨਜ਼ਰ ਨਾਲ਼ ਨਹੀਂ, ਸਗੋਂ ਉਨ੍ਹਾਂ ਦਾ ਹਰ ਥਾਂ ਤ੍ਰਿਸਕਾਰ ਕੀਤਾ ਜਾਂਦਾ ਸੀ। ਪਰੰਤੂ ਗੁਰੂ ਨਾਨਕ ਸਾਹਿਬ ਦੇ ਆਗਮਨ ਨਾਲ਼ ਉਨ੍ਹਾਂ ਦੀ ਪ੍ਰਭਾਵਸ਼ਾਲੀ ਸ਼ਖ਼ਸੀਅਤ ਨੇ ਸਮਾਜ ਵਿਚੋਂ ਵਰਗ ਵੰਡ ਨੂੰ ਖ਼ਤਮ ਕਰਨ ਲਈ ਬਹੁਤ ਹੀ ਮਹੱਤਵਪੂਰਨ ਰੋਲ ਅਦਾ ਕੀਤਾ। ਇਸ ਦੇ ਨਾਲ਼ ਹੀ ਉਨ੍ਹਾਂ ਕਿਰਤ ਕਰਨ ਦਾ ਵਡਮੁੱਲਾ ਸਿਧਾਂਤ ਸੰਸਾਰ ਨੂੰ ਦਿੱਤਾ। ਇਸ ਸੰਦਰਭ ਵਿਚ ਕਵਿੱਤਰੀ "ਪਿੰਡ ਤਲਵੰਡੀ ਰਾਇ ਬੁਲਾਰ ਦੀ" ਵਿਚ ਇੱਕ ਥਾਂ ਲਿਖਦੀ ਹੈ -

"ਸਭ ਦਾ ਸਾਂਝਾ ਹੈ ਗੁਰੂ ਨਾਨਕ ਜਾਤ ਪਾਤ ਦੀ ਲੀਕ ਹਟਾਈ।

ਤੇਰਾ ਤੇਰਾ ਤੋਲ ਤੋਲ ਕੇ ਜਿਸਨੇ ਜੱਗ ਦੀ ਭੁੱਖ ਮਿਟਾਈ।

ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ।

ਉਸ ਮੇਰੇ ਗੁਰੂ ਨਾਨਕ ਤਾਈਂ ਝੁਕ ਝੁਕ ਸਿਜਦੇ ਕਰੇ ਖ਼ੁਦਾਈ।"

"ਜਿਸ ਥਾਂ 'ਤੇ ਕਰਤਾਰ ਵਸੇਂਦਾ ਐਸਾ ਪੁਰ ਕਰਤਾਰ ਵਸਾਇਆ।

ਖੇਤੀ ਕਰਕੇ ਫ਼ਸਲ ਉਗਾ ਕੇ ਕਿਰਤ ਕਿਵੇਂ ਕਰਨੀ ਸਮਝਾਇਆ।

ਖੱਤਰੀ ਬ੍ਰਾਹਮਣ ਸੂਦ ਵੈਸ਼ ਵਿਚ ਇੱਕੋ ਸਿਰਜਣਹਾਰ ਦਿਖਾਇਆ।

ਤਾਂ ਹੀ ਸਾਰੀ ਦੁਨੀਆਂ ਆਖੇ ਕਲ ਤਾਰਨ ਗੁਰੂ ਨਾਨਕ ਆਇਆ।"

ਕਵਿੱਤਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਨਾਲ਼ ਜਿੱਥੇ ਸਾਰੇ ਸਮਾਜ ਵਿਚ ਚਾਨਣ ਹੋਇਆ ਵੇਖ ਰਹੀ ਹੈ, ਉੱਥੇ ਹੀ ਕੁਦਰਤ ਦੀ ਦੇਵੀ ਵੱਲੋਂ ਵੀ ਬਹੁਤ ਉਤਸ਼ਾਹ ਨਾਲ਼ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ ਹੈ। ਕਵਿੱਤਰੀ "ਸੱਚਖੰਡ 'ਚੋਂ ਇੱਕ ਜੋਤ ਤੁਰੀ" ਕਵਿਤਾ ਵਿਚ ਦਰਜ ਕਰਦੀ ਹੈ -

"ਸੱਚਖੰਡ 'ਚੋਂ ਇੱਕ ਜੋਤ ਤੁਰੀ ਤੇ ਵਿਚ ਤਲਵੰਡੀ ਆਈ,

ਲੱਖ ਸੂਰਜਾਂ ਤੋਂ ਵੱਧ ਹੋਈ ਧਰਤੀ 'ਤੇ ਰੁਸ਼ਨਾਈ।

ਨੀਲ ਗਗਨ ਤੋਂ ਬੱਦਲ ਆਏ ਧੋਵਣ ਦੇ ਲਈ ਰਾਹਵਾਂ,

ਫੁੱਲ ਵਰਸਾਵਣ ਰਾਹਵਾਂ ਦੇ ਵਿਚ ਆਈਆਂ ਆਪ ਹਵਾਵਾਂ।"

ਦੇਸ਼ ਦੀ ਵੰਡ ਸਮੇਂ ਗੁਰੂ ਨਾਨਕ ਦੇਵ ਜੀ ਦਾ ਜਨਮ ਅਸਥਾਨ ਨਨਕਾਣਾ, ਪੱਛਮੀ ਪੰਜਾਬ ਪਾਕਿਸਤਾਨ ਦੇ ਹਿੱਸੇ ਆਇਆ। ਇਸ ਲਈ ਇੱਧਰਲੇ ਪੂਰਬੀ ਪੰਜਾਬ ਦੇ ਸਿੱਖ ਸ਼ਰਧਾਲੂ ਆਪਣੇ ਜੀਵਨ ਕਾਲ ਵਿਚ ਗੁਰੂ ਨਾਨਕ ਜੀ ਦੇ ਪਾਵਨ ਪ੍ਰਕਾਸ਼ ਅਸਥਾਨ ਦੇ ਦਰਸ਼ਨ ਜ਼ਰੂਰ ਕਰਨਾ ਚਾਹੁੰਦੇ ਹਨ। ਅਰਦਾਸ ਕਰਦੇ ਸਮੇਂ ਵੀ ਉਹ ਇਹੋ ਜੋਦੜੀ ਕਰਦੇ ਹਨ ਕਿ ਜਿਨ੍ਹਾਂ ਪਾਵਨ ਗੁਰਧਾਮਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ, ਤਿਨਾਂ ਦੇ ਖੁੱਲ੍ਹੇ ਦਰਸ਼ਨ ਇਸ਼ਨਾਨ ਦਾ ਧਿਆਨ ਧਰ ਕੇ। ਇਸੇ ਭਾਵ ਨੂੰ ਪਰਗਟ ਕਰਦੀ ਹੋਈ ਕਵਿੱਤਰੀ ਲਿਖਦੀ ਹੈ -

"ਸੁਣਿਆਂ ਏ ਉਹਦੇ ਦਰ 'ਤੇ ਅੰਮੀਏਂ ਹੁੰਦੀ ਏ ਸੁਣਵਾਈ,

ਰੋ ਰੋ ਕੇ ਆਖਾਂਗੀ ਮੈਂ ਪਰਦੇਸਣ ਦੂਰ ਤੋਂ ਆਈ।

ਵੇਖੀਂ ਉਸ ਨੇ ਝੱਟ 'ਸੁਰਜੀਤ' ਨੂੰ ਚਰਨੀਂ ਲਾਣਾ ਏ,

ਨਨਕਾਣੇ ਜਾਣਾ ਏ, ਮੈਂ ਨਨਕਾਣੇ ਜਾਣਾ ਏ।

ਗੁਰੂ ਨਾਨਕ ਸਾਹਿਬ ਨੇ ਭਾਈ ਲਹਿਣਾ ਜੀ ਦੀ ਸੇਵਾ ਭਾਵਨਾ 'ਤੇ ਤੁੱਠ ਕੇ ਉਨ੍ਹਾਂ ਨੂੰ ਗੁਰ ਗੱਦੀ ਦਾ ਦੂਜਾ ਵਾਰਸ ਥਾਪ ਦਿੱਤਾ। ਇਸ ਭਾਵ ਦਾ ਕਵਿੱਤਰੀ "ਗੁਰੂ ਨਾਨਕ ਨੇ ਗੁਰਿਆਈ ਦਾ" ਕਵਿਤਾ ਵਿਚ ਇਉਂ ਪ੍ਰਗਟਾਵਾ ਕਰਦੀ ਹੈ -

"ਵਿਚ ਦੁਨੀਆਂ ਸੇਵ ਕਮਾਈਐ, ਤਾਂ ਦਰਗਹ ਬੈਸਣ ਪਾਈਐ।

ਸੇਵਾ ਨਾਲ਼ ਮੇਵਾ ਮਿਲਦਾ ਏ, ਲਹਿਣੇ ਜੱਗ ਤਾਈਂ ਵਿਖਾ ਦਿੱਤਾ।

ਤੇਰੇ ਚਰਨਾਂ ਨਾਲ਼ ਪ੍ਰੀਤ ਰਵ੍ਹੇ, ਤਾਂ ਜਿਊਂਦੀ ਇਹ 'ਸੁਰਜੀਤ' ਰਵ੍ਹੇ,

ਸਭ ਅਉਗਣ ਮੇਰੇ ਬਖ਼ਸ਼ ਕੇ, ਮੈਨੂੰ ਸ਼ਬਦ ਗੁਰੂ ਨਾਲ਼ ਲਾ ਦਿੱਤਾ।"

ਸਿੱਖ ਧਰਮ ਦੇ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਦ੍ਰਿਸ਼ ਨੂੰ ਚਿੱਤਰਦਿਆਂ ਕਵਿੱਤਰੀ ਪਾਠਕ ਅਤੇ ਸਰੋਤੇ ਨੂੰ ਉਸ ਸਥਾਨ ਦੇ ਸਨਮੁੱਖ ਲਿਜਾ ਖੜ੍ਹਾਉਂਦੀ ਹੈ:

"ਤੱਤੀ ਅੱਗ ਤੱਤੀ ਰੇਤ ਤੱਤੀ ਤੱਤੀ ਲੋਹ ਦੇ ਉੱਤੇ,
ਛਾਲੇ ਛਾਲੇ ਹੋਇਆ ਮੇਰੇ ਗੁਰਾਂ ਦਾ ਸਰੀਰ ਹੈ।"

ਔਰੰਗਜ਼ੇਬ ਵੱਲੋਂ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੂੰ ਦਿੱਲੀ ਦੇ ਚਾਂਦਨੀ ਚੌਕ ਵਿਚ ਉਨ੍ਹਾਂ ਦੇ ਤਿੰਨ ਪਿਆਰੇ ਸਿੱਖਾਂ ਭਾਈ ਮਤੀਦਾਸ, ਭਾਈ ਸਤੀਦਾਸ, ਭਾਈ ਦਿਆਲਾ ਸੰਗ ਸ਼ਹੀਦ ਕਰ ਦਿੱਤਾ ਗਿਆ ਸੀ। ਉਸ ਸ਼ਹੀਦੀ ਘਟਨਾ ਨੂੰ ਕਵਿੱਤਰੀ ਆਪਣੀ ਕਵਿਤਾ "ਅੰਮ੍ਰਿਤ ਵੇਲੇ ਸੁਬਹ ਸਵੇਰੇ ਦਿੱਲੀ ਦਾ ਦਿਲ ਡੋਲ" ਵਿਚ ਇੰਝ ਦਰਜ ਕਰਦੀ ਹੈ:

"ਧੜ ਤੋਂ ਸੀਸ ਜਦੋਂ ਵੱਖ ਹੋਇਆ ਧਰਤ ਰੋਈ ਅਸਮਾਨ ਵੀ ਰੋਇਆ,

ਮਾਰ ਦੁਹੱਥੜਾਂ ਆਇਤਾਂ ਪਿੱਟੀਆਂ ਤੱਕ ਕੇ ਜ਼ੁਲਮ ਕੁਰਾਨ ਵੀ ਰੋਇਆ

ਸਰਮ ਧਰਮ ਦੋਵੇਂ ਹੀ ਰੋਏ, ਰੋਇਆ ਦੀਨ ਈਮਾਨ ਵੀ ਰੋਇਆ,

ਖੀਰ ਸਮੁੰਦਰ ਦੇ ਵਿਚ ਬੈਠਾ, ਜ਼ਾਰ-ਜ਼ਾਰ ਭਗਵਾਨ ਵੀ ਰੋਇਆ।"

ਦਸਮੇਸ਼ ਪਿਤਾ ਦੇ ਅਵਤਾਰ ਧਾਰਨ ਉਪਰੰਤ ਮਾਂ ਗੁਜਰੀ ਦੀ ਵਡਿਆਈ ਕਰਦੀ ਹੋਈ ਕਵਿੱਤਰੀ ਲਿਖਦੀ ਹੈ -

"ਮੇਰੇ ਦਸਮ ਪਿਤਾ ਦਸਮੇਸ਼ ਗੁਰੂ ਧੰਨ ਧੰਨ ਹੈ ਤੇਰੀ ਮਾਂ ਗੁਜਰੀ,

ਜਿਨ ਜਨਮ ਦਿੱਤਾ ਮੇਰੇ ਸਤਿਗੁਰ ਨੂੰ ਉੱਚੇ ਸਤਿਕਾਰ ਦੀ ਥਾਂ ਗੁਜਰੀ।

ਉਹ ਧਰਤੀ ਧੰਨ ਹੈ ਪਟਨੇ ਦੀ ਜਿਨੂੰ ਸ੍ਰਿਸ਼ਟੀ ਸਿਜਦੇ ਕਰਦੀ ਏ,

ਤੇਰੀ ਝੋਲ਼ੀ ਦੇ ਵਿਚ ਰੱਬ ਖੇਡੇ ਤੈਨੂੰ ਦੁਨੀਆਂ ਆਖੇ ਤਾਂ ਗੁਜਰੀ।

ਲੱਖਾਂ ਹੀ ਗੁਜਰੀਆਂ ਹੋਣਗੀਆਂ ਪਰ ਤੇਰੇ ਵਰਗੀ ਕੋਈ ਨਹੀਂ,

ਬਲੀਦਾਨ ਦੇ ਸਿਰ ਦੇ ਸਾਈਂ ਦਾ, ਸਾਨੂੰ ਕਰ ਗਈ ਠੰਢੀ ਛਾਂ ਗੁਜਰੀ।

ਇਸ ਆਪਣੇ ਪੰਥ ਪਿਆਰੇ ਲਈ ਬਲੀਦਾਨ ਤੂੰ ਦਿੱਤੇ ਹੱਸ ਹੱਸ ਕੇ,

ਸੁਰਜੀਤ ਸਦਾ ਤੂੰ ਰਹਿਣਾ ਏ ਤਾਂਹੀਓਂ ਹੈ ਤੇਰਾ ਨਾਂ ਗੁਜਰੀ।"

ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਉਪਰੰਤ ਦਸਵੇਂ ਗੁਰੂ ਗੋਬਿੰਦ ਰਾਇ ਅਤੇ ਹੋਰ ਸਿੱਖਾਂ ਦੇ ਵਿਹਾਰ ਵਿਚ ਆਈ ਤਬਦੀਲੀ ਨੂੰ ਕਵਿੱਤਰੀ ਇਸ ਪ੍ਰਕਾਰ ਬਿਆਨ ਕਰਦੀ ਹੈ:

"ਮੈਂ ਖ਼ਾਲਸਾ ਪੰਥ ਸਜਾਵਾਂਗਾ, ਗਿੱਦੜਾਂ ਤੋਂ ਸ਼ੇਰ ਬਣਾਵਾਂਗਾ।

ਲੱਖ ਲੱਖ ਨਾਲ਼ 'ਕੱਲਾ ਸਿੰਘ ਲੜੂ ਇਹ ਵੇਖੇਗਾ ਜੱਗ ਸਾਰਾ।"

"ਮੈਂ ਜ਼ੁਲਮ ਦਾ ਰਾਜ ਮੁਕਾਵਾਂਗਾ, ਮਜ਼ਲੂਮਾਂ ਨੂੰ ਗਲ਼ ਨਾਲ਼ ਲਾਵਾਂਗਾ,

ਪੈਰਾਂ ਵਿਚ ਰੁਲਦੇ ਲੋਕਾਂ ਨੂੰ ਦੇਵਾਂਗਾ ਆਪ ਸਹਾਰਾ।

ਇਸ ਦੇ ਨਾਲ਼ ਹੀ ਕਵਿੱਤਰੀ ਨੇ ਉਨ੍ਹਾਂ ਸਿੱਖਾਂ ਨੂੰ ਵੀ ਚੇਤੰਨ ਕੀਤਾ ਹੈ, ਜਿਹੜੇ ਸਿੱਖ ਧਰਮ ਵਿਚ ਹੋਣ ਦੇ ਬਾਵਜੂਦ ਵਹਿਮਾਂ ਭਰਮਾਂ ਵਿਚ ਫ਼ਸ ਕੇ ਪਖੰਡੀ ਸਾਧਾਂ ਸੰਤਾਂ ਦੇ ਡੇਰਿਆਂ ਵਿਚ ਮੱਥਾ ਟੇਕਦੇ ਫ਼ਿਰਦੇ ਹਨ। "ਵਿਚ ਪੁਰੀ ਅਨੰਦ ਬੈਠਾ ਇੱਕ ਬਾਲਕ" ਕਵਿਤਾ ਵਿਚ ਕਵਿੱਤਰੀ ਲਿਖਦੀ ਹੈ :

"ਸਿੰਘਾ ਜੇ ਸਿੰਘ ਅਖਵਾਨਾ ਏਂ, ਕਿਉਂ ਸਾਧਾਂ ਡੇਰੇ ਜਾਨਾ ਏਂ।

ਤੁਰ ਸ਼ਬਦ ਗੁਰੂ ਦੀ ਸਿੱਖਿਆ 'ਤੇ, ਤੇਰਾ ਹੋ ਜਾਏ ਪਾਰ ਉਤਾਰਾ।

ਸਿਰ ਧਰ ਕੇ ਤਲੀ ਜੋ ਆਵੇਗਾ, ਜੱਗ ਵਿਚ 'ਸੁਰਜੀਤ' ਹੋ ਜਾਵੇਗਾ,

ਇਸ ਖੰਨਿਓਂ ਤਿੱਖੇ ਮਾਰਗ 'ਤੇ ਜ਼ਰਾ ਤੁਰ ਕੇ ਵੇਖ ਨਜ਼ਾਰਾ।"

ਚਮਕੌਰ ਦੀ ਅਸਾਵੀਂ ਜੰਗ ਵਿਚ ਦੋਵੇਂ ਵੱਡੇ ਸਾਹਿਬਜ਼ਾਦਿਆਂ ਅਤੇ ਸਿੰਘਾਂ ਦੀ ਸ਼ਹਾਦਤ ਉਪਰੰਤ ਜਦੋਂ ਪੰਜ ਸਿੰਘਾਂ ਨੇ ਗੁਰੂ ਗੋਬਿੰਦ ਸਿੰਘ ਨੂੰ ਗੜ੍ਹੀ ਛੱਡ ਕੇ ਚਲੇ ਜਾਣ ਦਾ ਹੁਕਮ ਸੁਣਾਇਆ ਤਾਂ ਦਸਮੇਸ਼ ਪਿਤਾ ਨੇ ਪੰਜ ਪਿਆਰਿਆਂ ਦੇ ਹੁਕਮ ਅੱਗੇ ਸੀਸ ਝੁਕਾ ਕੇ ਭਾਈ ਸੰਗਤ ਸਿੰਘ ਦੇ ਸਿਰ 'ਤੇ ਆਪਣੀ ਕਲਗ਼ੀ ਸਜਾ ਕੇ ਚਮਕੌਰ ਦੀ ਗੜ੍ਹੀ ਨੂੰ ਛੱਡ ਦਿੱਤਾ। ਉਸ ਸਮੇਂ ਦੇ ਇਤਿਹਾਸਕ ਪ੍ਰਸੰਗ ਨੂੰ ਬੀਬੀ ਸੁਰਜੀਤ ਕੌਰ ਨੇ ਆਪਣੀ ਕਵਿਤਾ "ਵਿਚ ਚਮਕੌਰ ਜਦੋਂ, ਪੁੱਤ ਦਿੱਤੇ ਤੋਰ ਜਦੋਂ" ਵਿਚ ਦਰਜ ਕਰਦੀ ਹੈ -

"ਤੇਗ਼ ਦੇ ਦੁਲਾਰੇ ਮਾਤਾ ਗੁਜਰੀ ਦੇ ਤਾਰੇ,
ਅੱਜ ਪੰਜਾਂ ਸਿੰਘਾਂ ਅੱਗੇ ਸੀਸ ਆਪਣਾ ਝੁਕਾ ਦਿੱਤਾ।
ਆਪਣਾ ਪੁਸ਼ਾਕਾ ਦਸਤਾਰ ਅਤੇ ਕਲਗੀ ਦੇ,
ਭਾਈ ਸੰਗਤ ਸਿੰਘ ਦਾ ਜੀਵਨ ਪਲਟਾ ਦਿੱਤਾ।"

ਸਾਹਿਬਜ਼ਾਦਾ ਜ਼ੋਰਾਵਰ ਸਿੰਘ, ਸਾਹਿਬਜ਼ਾਦਾ ਫ਼ਤਹਿ ਸਿੰਘ ਅਤੇ ਮਾਤਾ ਗੁਜਰੀ ਦੇ ਸਰਸਾ ਨਦੀ ਪਾਰ ਕਰਨ ਉਪਰੰਤ

***(ਬਾਕੀ ਅਗਲੇ ਸਫੇ 'ਤੇ)***

# ਨਵਾਂ ਵਰ੍ਹਾ - ਔਰਤਾਂ ਲਈ ਨਵਾਂ ਕੀ?

ਸੰਨ 2017 ਵਿਚ 86,001 ਕੇਸਾਂ ਵਿਚ ਭਾਰਤ ਵਿਚ ਔਰਤਾਂ ਦੀ ਬੇਪਤੀ ਜਾਂ ਬੇਇਜ਼ਤੀ ਕਰਨ ਦੇ ਕੇਸ ਸਾਹਮਣੇ ਆਏ। ਸੰਨ 2021 ਵਿਚ ਇਹ ਗਿਣਤੀ 89,200 ਕੇਸਾਂ ਤੱਕ ਪਹੁੰਚ ਗਈ। ਇਨ੍ਹਾਂ ਵਿਚੋਂ ਬੇਪਤੀ ਕਰਨ ਵਾਲਿਆਂ ਵਿਚੋਂ 2 ਫੀਸਦੀ ਔਰਤਾਂ ਸਨ ਅਤੇ 98 ਫੀਸਦੀ ਮਰਦ।

ਧਾਰਾ 354 ਵਿਚ ਸ਼ਾਮਲ ਤੱਥ:-

1. ਬੇਪਤੀ ਕਿਸੇ ਔਰਤ ਦੀ ਹੋਈ ਹੋਵੇ

2. ਬੇਪਤੀ ਕਰਨ ਵਾਲਾ ਆਪਣਾ ਪੂਰਾ ਜ਼ੋਰ ਅਤੇ ਰੁਤਬਾ ਵਰਤ ਰਿਹਾ ਹੋਵੇ

3. ਔਰਤ ਨੂੰ ਬੇਇਜ਼ਤੀ ਮਹਿਸੂਸ ਹੋਈ ਹੋਵੇ।

ਇਹ ਬੇਪਤੀ ਭੱਦੀ ਜ਼ਬਾਨ ਵਰਤ ਕੇ ਜਾਂ ਜ਼ੋਰ ਜ਼ਬਰਦਸਤੀ ਨਾਲ ਕੀਤੀ ਜਾ ਸਕਦੀ ਹੈ। ਚਾਰ ਦਸੰਬਰ 2023 ਨੂੰ ਜਾਰੀ ਹੋਈ ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਦੀ ਰਿਪੋਰਟ ਅਨੁਸਾਰ ਸੰਨ 2022 ਵਿਚ 31.4 ਫੀਸਦੀ

**ਡਾ. ਹਰਸ਼ਿੰਦਰ ਕੌਰ, ਐੱਮ.ਡੀ.,**
**ਫੋਨ: 0175-2216783**

ਔਰਤਾਂ ਵੱਲੋਂ ਮਾਰ ਕੁਟਾਈ ਸਹਿਣ ਸੰਬੰਧੀ ਜੋ ਰਿਪੋਰਟਾਂ ਦਰਜ ਹੋਈਆਂ, ਉਹ ਜਾਂ ਤਾਂ ਪਤੀ ਵੱਲੋਂ ਜਾਂ ਉਸ ਦੇ ਰਿਸ਼ਤੇਦਾਰਾਂ ਵੱਲੋਂ ਔਰਤ ਦੀ ਮਾਰ ਕੁਟਾਈ ਦੀਆਂ ਕੀਤੀਆਂ ਗਈਆਂ, 19.2 ਫੀਸਦੀ ਉਧਾਲੇ ਜਾਂ ਚੁੱਕੇ ਜਾਣ ਦੀਆਂ, 18.7 ਫੀਸਦੀ ਔਰਤ ਦੀ ਬੇਪਤੀ ਦੀਆਂ ਅਤੇ 7.1 ਫੀਸਦੀ ਬਲਾਤਕਾਰ ਦੀਆਂ ਸ਼ਿਕਾਇਤਾਂ ਉੱਤੇ ਰਿਪੋਰਟਾਂ ਦਰਜ ਕੀਤੀਆਂ ਗਈਆਂ।

ਅਜਿਹੀਆਂ 4.45 ਲੱਖ ਐਫ.ਆਈ.ਆਰ. ਸੰਨ 2022 ਵਿਚ ਦਰਜ ਕੀਤੀਆਂ ਗਈਆਂ ਜੋ ਅਸਲ ਨਾਲੋਂ ਲਗਭਗ 60 ਗੁਣਾ ਘੱਟ ਸਨ ਕਿਉਂਕਿ ਪੂਰੇ ਕੇਸ ਸ਼ਿਕਾਇਤ ਕਰਨ ਪਹੁੰਚੇ ਹੀ ਨਹੀਂ ਤੇ ਕੁੱਝ ਨੂੰ ਜ਼ੋਰ ਜ਼ਬਰਦਸਤੀ ਚੁੱਪ ਕਰਵਾ ਦਿੱਤਾ ਗਿਆ।

ਭਾਰਤ ਸਰਕਾਰ ਮੰਨ ਚੁੱਕੀ ਹੈ ਕਿ ਜੇ ਔਰਤਾਂ ਪ੍ਰਤੀ ਹੁੰਦੇ ਜੁਰਮਾਂ ਬਾਰੇ ਰਿਕਾਰਡ ਅਨੁਸਾਰ ਵੇਖੀਏ ਤਾਂ 51 ਐਫ.ਆਈ.ਆਰ. ਪ੍ਰਤੀ ਘੰਟਾ ਦਰਜ ਹੋ ਰਹੀਆਂ ਹਨ। ਪ੍ਰਤੀ ਲੱਖ ਲੋਕਾਂ ਵਿਚੋਂ 268 ਔਰਤਾਂ ਭਾਰੀ ਜ਼ੁਲਮ ਦਾ ਸ਼ਿਕਾਰ ਹੋ ਰਹੀਆਂ ਹਨ।

ਇਨ੍ਹਾਂ ਵਿਚੋਂ ਬਹੁਤੀਆਂ ਨੂੰ ਕਾਨੂੰਨ ਜਾਂ ਪੁਲਿਸ ਵੱਲੋਂ ਨਿਆਂ ਨਸੀਬ ਨਹੀਂ ਹੋਇਆ।

ਦਿੱਲੀ ਨੂੰ ਔਰਤਾਂ ਪ੍ਰਤੀ ਹੁੰਦੇ ਜੁਰਮਾਂ ਲਈ ਪੂਰੇ ਭਾਰਤ ਵਿਚੋਂ ਪਹਿਲੇ ਨੰਬਰ ਉੱਤੇ ਰੱਖਿਆ ਗਿਆ ਹੈ ਜਿੱਥੇ 14,247 ਕੇਸ ਰਿਪੋਰਟ ਹੋਏ ਜੋ ਬਾਕੀ ਭਾਰਤ ਦੇ ਔਸਤਨ 66.4 ਦੀ ਥਾਂ 144.4 ਪ੍ਰਤੀ ਲੱਖ ਸਨ।

ਜਨਗਣਨਾ ਦੇ ਹਿਸਾਬ ਨਾਲ ਉੱਤਰ ਪ੍ਰਦੇਸ਼ ਵਿਚ 66,743 ਕੇਸ, ਮਹਾਰਾਸ਼ਟਰ ਵਿਚ 43,331, ਰਾਜਸਥਾਨ 'ਚ 45,058, ਬੰਗਾਲ 'ਚ 34,738 ਅਤੇ ਮੱਧ ਪ੍ਰਦੇਸ਼ ਵਿਚ 32,765 ਕੇਸ। ਇਨ੍ਹਾਂ ਪੰਜਾਂ ਸੂਬਿਆਂ ਵਿਚਲੇ ਕੇਸ ਮਿਲਾ ਲਈਏ ਤਾਂ 2,23,635 ਔਰਤਾਂ ਉੱਤੇ ਜ਼ੁਲਮ ਹੋਏ ਜੋ ਪੂਰੇ ਭਾਰਤ ਵਿਚਲੇ ਕੁੱਲ ਰਿਪੋਰਟ ਹੋਏ ਕੇਸਾਂ ਦਾ 50.2 ਫੀਸਦੀ ਹਿੱਸਾ ਬਣ ਜਾਂਦਾ ਹੈ।

ਇਸ ਨੂੰ ਜੇ ਪ੍ਰਤੀ ਲੱਖ ਜਨਸੰਖਿਆ ਦੇ ਹਿਸਾਬ ਨਾਲ ਵੰਡੀਏ ਤਾਂ ਦਿੱਲੀ 144.4, ਹਰਿਆਣਾ 118.7, ਤੇਲੰਗਾਨਾ 117, ਰਾਜਸਥਾਨ 115.1, ਉੜੀਸਾ 103, ਆਂਧਰ ਪ੍ਰਦੇਸ਼ 96.2, ਅੰਡਾਮਨ ਨਿਕੋਬਾਰ 93.7, ਕੇਰਲ 82, ਆਸਾਮ 81, ਮੱਧ ਪ੍ਰਦੇਸ਼ 78.8, ਉਤਰਾਖੰਡ 77, ਮਹਾਰਾਸ਼ਟਰ 75.1, ਬੰਗਾਲ 71.8 ਅਤੇ ਉੱਤਰ ਪ੍ਰਦੇਸ਼ 'ਚ 58.6 ਬਣ ਜਾਂਦੇ ਹਨ।

ਇਹ ਜੁਰਮ ਲਗਾਤਾਰ ਵਧਦਾ ਹੀ ਜਾ ਰਿਹਾ ਹੈ ਕਿਉਂਕਿ ਸੰਨ 2020 ਵਿਚ 3,71,503 ਕੇਸ ਸਨ ਅਤੇ ਸੰਨ 2021 ਵਿਚ 4,28,278 ਕੇਸ।

ਇਨ੍ਹਾਂ ਵਿਚੋਂ ਕੰਮ ਕਾਰ ਵਾਲੀ ਥਾਂ ਜਾਂ ਉੱਚੇ ਅਹੁਦਿਆਂ ਉੱਤੇ ਬੈਠੀਆਂ ਔਰਤਾਂ ਨਾਲ ਹੁੰਦੀ ਜਿਨਸੀ ਛੇੜਛਾੜ ਬਹੁਤੀ ਵਾਰ ਬਾਹਰ ਕੱਢੀ ਹੀ ਨਹੀਂ ਜਾਂਦੀ। ਜ਼ਿਆਦਾਤਰ ਔਰਤਾਂ ਆਪਣਾ ਅਹੁਦਾ ਬਰਕਰਾਰ ਰੱਖਣ, ਸਮਾਜਿਕ ਸ਼ਰਮ ਜਾਂ ਤਰੱਕੀ ਲੈਣ ਦੇ ਚੱਕਰ ਵਿਚ ਫਸ ਕੇ ਚੁੱਪ ਰਹਿੰਦੀਆਂ ਹਨ।

ਕੁੱਝ ਔਰਤਾਂ ਆਪ ਹੀ ਉੱਚੇ ਅਹੁਦੇ ਉੱਤੇ ਬੈਠੇ ਮਰਦ ਨਾਲ ਤਾਕਤ ਦਾ ਆਨੰਦ ਮਾਨਣ ਲਈ ਸਰੀਰਕ ਸੰਬੰਧ ਕਾਇਮ ਕਰ ਲੈਂਦੀਆਂ ਹਨ ਤੇ ਫਿਰ ਵਕਤ ਨਿਕਲ ਜਾਣ ਉੱਤੇ ਝੂਠੇ ਇਲਜ਼ਾਮ ਲਾ ਦਿੰਦੀਆਂ ਹਨ।

ਗੱਲ ਕਰੀਏ ਸੰਨ 2023 ਦੀ! ਨੌਂ ਦਸੰਬਰ 2023, ਦੀ ਰਾਤ ਨੂੰ ਇਕ 19 ਸਾਲਾ ਗ਼ਰੀਬ ਬੇਟੀ ਆਪਣੇ ਮਾਮੇ ਕੋਲ ਨੌਕਰੀ ਲੈਣ ਲਈ ਕਾਨਪੁਰ ਤੋਂ ਜੈਪੁਰ ਬਸ ਵਿਚ ਗਈ। ਰਾਹ ਵਿਚ ਚਲਦੀ ਬੱਸ ਵਿਚ ਹੀ ਕੰਡਕਟਰ ਨੇ ਉਸ ਨੂੰ ਲੇਟਣ ਵਾਲੀ ਸੀਟ ਉੱਤੇ ਆਰਾਮ ਕਰਨ ਲਈ ਕਿਹਾ।

ਬੇਟੀ ਨੇ ਟਿਕਟ ਮਹਿੰਗੀ ਹੋਣ ਕਾਰਨ ਸਿਰਫ਼ ਬੈਠਣ ਦੀ ਸੀਟ ਹੀ ਬੁੱਕ ਕੀਤੀ ਸੀ। ਕੰਡਕਟਰ ਨੇ ਆਪਣੀ ਕੇਬਿਨ ਵਿਚ ਲੱਗੇ ਬਿਸਤਰੇ ਉੱਤੇ ਉਸ ਨੂੰ ਕੁੱਝ ਦੇਰ ਆਰਾਮ ਕਰਨ ਲਈ ਕਿਹਾ ਕਿ ਉਹ ਤਾਂ ਬਾਹਰ ਹੀ ਬੈਠਾ ਹੈ। ਜਿਉਂ ਹੀ ਬੇਟੀ ਸੌਂ ਗਈ, ਵਾਰੋ ਵਾਰੀ ਦੋ ਡਰਾਈਵਰਾਂ ਅਤੇ ਕੰਡਕਟਰ ਨੇ ਉੱਚੀ ਗਾਣੇ ਲਾ ਕੇ, ਲੜਕੀ ਦਾ ਮੂੰਹ ਘੁੱਟ ਕੇ ਬੰਦ ਕਰ ਕੇ ਸਮੂਹਿਕ ਬਲਾਤਕਾਰ ਕਰ ਦਿੱਤਾ। ਸਾਰੀਆਂ ਸਵਾਰੀਆਂ ਅੱਧ ਰਾਤ ਹੋਣ ਕਾਰਨ ਘੂਕ ਸੁੱਤੀਆਂ ਰਹੀਆਂ। ਸਵੇਰੇ ਜੈਪੁਰ ਪਹੁੰਚ ਕੇ ਜਦੋਂ ਬੇਟੀ ਥੱਲੇ ਉਤਰੀ ਤਾਂ ਉਸ ਨੇ ਆਪਣੇ ਮਾਮੇ ਨੂੰ ਦੱਸਿਆ। ਉਸ ਤੋਂ ਬਾਅਦ ਹੀ ਪੁਲਿਸ ਨੇ ਸ਼ਿਕਾਇਤ ਦਰਜ ਕੀਤੀ ਤੇ ਇਹ ਮਾਮਲਾ ਮੀਡੀਆ ਦੀ ਨਜ਼ਰੀਂ ਆਇਆ।

ਨਿੱਕੀਆਂ ਬੱਚੀਆਂ ਦੇ ਜਿਨਸੀ ਸ਼ੋਸ਼ਣ ਦੇ ਮਾਮਲੇ ਭਾਵੇਂ ਬਹੁਤ ਜ਼ਿਆਦਾ ਹਨ ਪਰ ਉਹ ਲੋਕਾਂ ਦੇ ਨਜ਼ਰਾਂ ਵਿਚ ਘੱਟ ਹੀ ਆਉਂਦੇ ਹਨ ਕਿਉਂਕਿ ਕੋਈ ਸ਼ਿਕਾਇਤਕਰਤਾ ਹੁੰਦਾ ਹੀ ਨਹੀਂ। ਜ਼ਿਆਦਾ ਮਾਮਲਿਆਂ ਵਿਚ ਘਰ ਦਾ ਹੀ ਕੋਈ ਰਿਸ਼ਤੇਦਾਰ ਜਾਂ ਜਾਣਕਾਰ ਇਹ ਕਾਰਾ ਕਰਦਾ ਲੱਭਦਾ ਹੈ। ਫਿਰ ਇਸ ਸ਼ੋਸ਼ਣ ਉੱਤੇ ਮਿੱਟੀ ਪਾ ਦਿੱਤੀ ਜਾਂਦੀ ਹੈ ਅਤੇ ਨਾਬਾਲਗ ਧੀ ਮਾਨਸਿਕ ਰੋਗੀ ਬਣ ਕੇ ਰਹਿ ਜਾਂਦੀ ਹੈ।

ਆਮ ਹੀ ਅਜਿਹੇ ਕੇਸ ਸੁਣਨ ਬਾਅਦ ਇਹ ਕਹਿ ਦਿੱਤਾ ਜਾਂਦਾ ਹੈ ਕਿ ਔਰਤ ਦਾ ਸਸ਼ਕਤੀਕਰਨ ਹੀ ਇਸ ਦਾ ਇਲਾਜ ਹੈ! ਜੇ ਔਰਤ ਆਪ ਉੱਚੇ ਅਹੁਦੇ ਉੱਤੇ ਹੋਵੇ ਜਾਂ ਕਾਨੂੰਨ ਅਤੇ ਨਿਆਂ ਕਰਨ ਵਾਲਿਆਂ ਵਿਚ ਸ਼ਾਮਲ ਹੋਵੇ ਤਾਂ ਉਹ ਆਪਣੀ ਜਿਨਸ ਨੂੰ ਬਚਾ ਸਕਦੀ ਹੈ।

ਪਰ ਇਸ ਖ਼ਬਰ ਬਾਰੇ ਕੀ ਕਹਿਣਾ ਚਾਹੋਗੇ! ਸੰਨ 2014 ਵਿਚ ਖ਼ਬਰ ਛਪੀ ਕਿ ਉੱਤਰ ਪ੍ਰਦੇਸ਼ ਵਿਚ ਇਕ ਮਹਿਲਾ ਜੱਜ ਨੂੰ ਜਬਰੀ ਨਸ਼ਾ ਦੇ ਕੇ ਉਸ ਦੇ ਸਰਕਾਰੀ ਮਕਾਨ ਅੰਦਰ ਹੀ ਉਸ ਦਾ ਸਮੂਹਿਕ ਬਲਾਤਕਾਰ ਕਰ ਦਿੱਤਾ ਗਿਆ। ਉਸ ਦੇ ਸਰੀਰ ਉੱਤੇ ਅਣਗਿਣਤ ਡੂੰਘੇ ਜ਼ਖ਼ਮ ਲੱਭੇ ਗਏ।

ਇਸ ਕਾਰੇ ਤੋਂ ਦੋ ਦਿਨ ਪਹਿਲਾਂ ਬਦੌਣ ਵਿਖੇ ਦੋ ਨਾਬਾਲਗ ਭੈਣਾਂ ਦਾ ਸਮੂਹਿਕ ਬਲਾਤਕਾਰ ਕਰ ਕੇ ਕਤਲ ਕਰ ਦੇਣ ਦੀ ਘਟਨਾ ਨੇ ਸਾਰੇ ਭਾਰਤ ਵਾਸੀਆਂ ਨੂੰ ਸ਼ਰਮਸਾਰ ਕਰ ਦਿੱਤਾ ਸੀ।

ਕਾਰਨ ਇਹ ਸੀ ਕਿ ਜਿਸ ਬੇਹੂਦਗੀ ਨਾਲ ਉਨ੍ਹਾਂ ਧੀਆਂ ਨੂੰ ਮਾਰਿਆ ਗਿਆ ਸੀ, ਉਹ ਤਾਂ ਦਿਲ ਕੰਬਾਊ ਹੈ ਹੀ ਸੀ ਪਰ ਉਸ ਤੋਂ ਬਾਅਦ ਉਨ੍ਹਾਂ ਦੀਆਂ ਲਾਸ਼ਾਂ ਨੂੰ ਦਰਖਤ ਉੱਤੇ ਟੰਗ ਦਿੱਤਾ ਗਿਆ ਸੀ। ਲਾਸ਼ਾਂ ਵਿੱਚੋਂ ਥੱਲੇ ਚੋਂਦੀਆਂ ਲਹੂ ਦੀਆਂ ਬੂੰਦਾਂ ਦਾ ਭਾਰ ਧਰਤੀ ਵੀ ਝੱਲਣ ਤੋਂ ਅਸਮਰਥ ਜਾਪਦੀ ਸੀ।

ਨਿਰਭਯਾ ਕਾਂਡ ਹੋਵੇ ਜਾਂ ਜੈਸਿਕਾ ਲਾਲ ਕਤਲ ਜਾਂ ਨੈਨਾ ਨੂੰ ਤੰਦੂਰ ਵਿਚ ਭੁੰਨ ਦੇਣ ਦੀ ਗੱਲ ਹੋਵੇ, ਇਨ੍ਹਾਂ ਮਾਮਲਿਆਂ ਵਿਚ ਕਦੇ ਵੀ ਕਮੀ ਨਹੀਂ ਆਈ, ਭਾਵੇਂ ਭਾਰਤ ਵਿਚ ਪ੍ਰਧਾਨ ਮੰਤਰੀ ਜਾਂ ਰਾਸ਼ਟਰਪਤੀ ਤੱਕ ਦੇ ਅਹੁਦਿਆਂ ਉੱਤੇ ਔਰਤ ਬਿਰਾਜਮਾਨ ਹੋਵੇ!

ਤਾਜ਼ੀ ਘਟਨਾ ਔਰਤ ਦੀ ਲਾਚਾਰਗੀ ਦੀ ਸਪਸ਼ਟ ਤਸਵੀਰ ਸਾਹਮਣੇ ਰੱਖ ਦਿੰਦੀ ਹੈ। ਕੇਰਲ ਵਿਖੇ ਵਕੀਲ ਮਨੂ ਬਾਰੇ ਜੋ ਸ਼ਿਕਾਇਤ ਦਰਜ ਕੀਤੀ ਗਈ, ਉਸ ਅਨੁਸਾਰ ਉਸ ਨੇ ਬਲਾਤਕਾਰ ਪੀੜਤ ਮਹਿਲਾ ਦਾ ਕੇਸ ਲੜਨ ਦੌਰਾਨ ਤਿੰਨ ਵਾਰ ਉਸ ਦਾ ਜਬਰ-ਜਨਾਹ ਕੀਤਾ, ਜਿਸ ਵਿਚ ਦੋ ਵਾਰ ਕੋਰਟ ਅੰਦਰਲੇ ਆਪਣੇ ਹੀ ਕਮਰੇ ਵਿਚ! ਜਦੋਂ ਸ਼ਿਕਾਇਤ ਦਰਜ ਹੋ ਗਈ ਤਾਂ ਉਸ ਹੱਥ ਜੋੜ ਕੇ ਮਹਿਲਾ ਕੋਲ ਜਾ ਕੇ ਬੇਨਤੀ ਕੀਤੀ ਕਿ ਉਹ ਸ਼ਿਕਾਇਤ ਵਾਪਸ ਲੈ ਲਵੇ, ਕਿਉਂਕਿ ਉਸ ਦੀ ਜੱਜ ਬਣਨ ਦੀ ਵਾਰੀ ਆ ਚੱਲੀ ਹੈ! ਸੋਚ ਕੇ ਵੇਖੀਏ ਕਿ ਇਹੋ ਜਿਹੇ ਲੋਕ ਜੱਜ ਬਣ ਕੇ ਅੱਗੋਂ ਕੀ ਨਿਆਂ ਕਰ ਸਕਦੇ ਹਨ!

ਲੁਧਿਆਣੇ ਵਿਖੇ (24 ਜੂਨ 2022 ਦੀ ਖ਼ਬਰ ਹੈ) 32 ਸਾਲਾ ਵਕੀਲ ਨੂੰ ਉਸ ਦੇ ਪਤੀ ਦੇ ਦੋਸਤ ਨੇ ਹੀ ਕੋਲਡ ਡਰਿੰਕ ਵਿਚ ਨਸ਼ਾ ਰਲਾ ਕੇ ਬੇਹੋਸ਼ ਕਰ ਕੇ ਆਪਣੇ ਸਾਥੀਆਂ ਨਾਲ ਸਮੂਹਿਕ ਬਲਾਤਕਾਰ ਕਰ ਕੇ ਵੀਡੀਓ ਬਣਾ ਲਈ।

ਹੁਣ ਤਾਂ ਹੱਦ ਹੀ ਹੋ ਗਈ ਕਿ ਭਾਰਤ ਦੀ ਇਕ ਜੱਜ ਇੱਛਾ ਮੌਤ ਤੱਕ ਮੰਗਣ ਲੱਗ ਪਈ ਹੈ।

**ਕਾਰਨ?**

ਉਹ ਆਪਣੇ ਆਪ ਨੂੰ ਜ਼ਿੰਦਾ ਲਾਸ਼ ਤੋਂ ਵੱਧ ਕੁੱਝ ਮੰਨ ਹੀ ਨਹੀਂ ਰਹੀ। ਚੀਫ ਜਸਟਿਸ ਚੰਦਰਚੂੜ ਜੀ ਨੂੰ ਲਿਖੇ ਪੱਤਰ ਵਿਚ ਉਸ ਸਪੱਸ਼ਟ ਕੀਤਾ ਹੈ ਕਿ ਮੈਂ ਇਸ ਉੱਚੀ ਪਦਵੀ ਉੱਤੇ ਰਹਿ ਕੇ ਵੀ ਔਰਤ ਹੋਣ ਦੇ ਨਾਤੇ ਕੂੜੇ ਦੇ ਢੇਰ ਤੋਂ ਵੱਧ ਕੁੱਝ ਮੰਨੀ ਹੀ ਨਹੀਂ ਗਈ। ਉਸ ਨੂੰ ਹੋਰ ਸਾਥੀ ਅਤੇ ਉੱਪਰਲੇ ਜੱਜਾਂ ਨੇ ਰਾਤਾਂ ਨੂੰ ਮੀਟਿੰਗਾਂ ਵਾਸਤੇ ਸੱਦ ਕੇ, ਰੱਜ ਕੇ ਸਰੀਰਕ ਸ਼ੋਸ਼ਣ ਕੀਤਾ ਜਿਸ ਦੀ ਕਿਤੇ ਸੁਣਵਾਈ ਨਹੀਂ ਹੋਈ!

ਉਸ ਬਾਕੀ ਔਰਤਾਂ ਲਈ ਵੀ ਸੁਨੇਹਾ ਛੱਡਿਆ ਹੈ ਕਿ ਤੁਸੀਂ ਵੀ ਕਿਤੋਂ ਨਿਆਂ ਦੀ ਉਮੀਦ ਨਾ ਰੱਖਿਓ! ਜਿੱਥੇ ਭਾਰੀ ਗਿਣਤੀ ਜੱਜ ਹੀ ਬਲਾਤਕਾਰੀਏ ਹੋਣ ਤੇ ਔਰਤ ਜੱਜ ਵੀ ਸ਼ਿਕਾਰ ਬਣ ਰਹੀ ਹੋਵੇ, ਤਾਂ ਕਿਸ ਕੋਲੋਂ ਨਿਆਂ ਮੰਗਣ ਜਾ ਰਹੀਆਂ ਹੋ?

ਇਹ ਸੁਣਨਹਾ ਆਪਣੇ ਆਪ ਵਿਚ ਬਹੁਤ ਵੱਡਾ ਤੇ ਸਪਸ਼ਟ ਹੈ।

ਨਿਤ ਵਧਦੇ ਜਾਂਦੇ ਔਰਤਾਂ ਪ੍ਰਤੀ ਜੁਰਮ ਕੁੱਝ ਗੱਲਾਂ ਸਪਸ਼ਟ ਕਰ ਰਹੇ ਹਨ :-

1. ਔਰਤ ਨੂੰ ਸ਼ਕਤੀ ਦਾ ਪ੍ਰਤੀਕ ਜ਼ਰੂਰ ਮੰਨਿਆ ਜਾ ਰਿਹਾ ਹੈ ਪਰ ਉਨ੍ਹਾਂ ਨੂੰ ਧਾਰਮਿਕ ਥਾਵਾਂ ਅੰਦਰ ਕੈਦ ਕਰ ਕੇ ਪੈਸੇ ਕਮਾਉਣ ਦੇ ਜ਼ਰੀਏ ਤੱਕ ਹੀ ਸੀਮਤ ਕਰ ਦਿੱਤਾ ਗਿਆ ਹੈ ਕਿਉਂਕਿ ਧਾਰਮਿਕ ਥਾਵਾਂ ਅੰਦਰ ਵੀ ਔਰਤ ਦੀ ਪੱਤ ਲੁੱਟੇ ਜਾਣ ਦੀਆਂ ਖ਼ਬਰਾਂ ਨਸ਼ਰ ਹੋ ਚੁੱਕੀਆਂ ਹਨ।

2. ਹੱਕਾਂ ਬਾਰੇ ਆਵਾਜ਼ ਚੁੱਕਦੀ ਔਰਤ ਨੂੰ ਚਰਿੱਤਰਹੀਣ, ਚੁੜੈਲ, ਮਾਨਸਿਕ ਰੋਗੀ ਆਦਿ ਕਹਿ ਕੇ ਸਮਾਜਿਕ ਰੱਸਿਆਂ ਵਿਚ ਜਕੜ ਕੇ ਉਸ ਨੂੰ ਇਕੱਲਾ ਕਰ ਕੇ, ਉਸ ਦੇ ਹੱਕ ਵਿਚ ਉੱਠਦੀ ਹਰ ਆਵਾਜ਼ ਦੱਬ ਕੇ, ਮਰਨ ਲਈ ਛੱਡ ਦਿੱਤਾ ਜਾਂਦਾ ਹੈ।

3. ਜ਼ਾਲਮ ਨੂੰ ਰਾਜਸੀ ਤਾਕਤ ਦੇ ਕੇ, ਆਪਣਾ ਆਗੂ ਮੰਨਣ ਦਾ ਰਿਵਾਜ਼ ਪਾ ਦਿੱਤਾ ਗਿਆ ਹੈ ਤਾਂ ਜੋ ਚੁਫ਼ੇਰੇ ਭੈਅ ਦਾ ਰਾਜ ਹੋ ਜਾਵੇ।

4. ਨਿਆਂ ਪ੍ਰਣਾਲੀ ਕਮਜ਼ੋਰ ਕਰ ਕੇ ਪੂਰੀ ਉਮਰ ਕੋਰਟਾਂ ਦੇ ਧੱਕੇ ਖਾਂਦਿਆਂ ਮਾਨਸਿਕ ਤੌਰ ਉੱਤੇ ਲੋਕਾਂ ਨੂੰ ਖ਼ਤਮ ਕੀਤਾ ਜਾ ਰਿਹਾ ਹੈ।

5. ਬਥੇਰੇ ਜ਼ੁਲਮ ਵਿਰੁੱਧ ਆਵਾਜ਼ ਚੁੱਕਣ ਵਾਲੇ ਤਾ-ਉਮਰ ਕੈਦਖ਼ਾਨਿਆਂ ਵਿਚ ਧੱਕ ਦਿੱਤੇ ਜਾਂਦੇ ਹਨ।

6. ਆਪਸੀ ਵੈਰ ਭਾਵ ਜਗਾ ਕੇ, ਮਨਾਂ ਵਿਚ ਇੱਕ ਦੂਜੇ ਲਈ ਨਫ਼ਰਤ ਭਰ ਕੇ, ਆਮ ਲੋਕਾਂ ਵਿਚ ਫੁੱਟ ਪਾ ਕੇ, ਉਨ੍ਹਾਂ ਨੂੰ ਆਸਾਨ ਲੁੱਟ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ, ਜਿਸ ਵਿਚ ਉਨ੍ਹਾਂ ਦੀਆਂ ਧੀਆਂ ਭੈਣਾਂ ਦੀਆਂ ਕਦਰਾਂ ਉੱਕਾ ਹੀ ਮੁਕਾ ਦਿੱਤੀਆਂ ਗਈਆਂ ਹਨ ਤੇ ਧੀਆਂ ਦੇ ਰਾਖੇ ਬਣਨ ਵਾਲੇ ਬਚੇ ਹੀ ਨਹੀਂ। ਪੁਲਿਸ ਕਰਮੀ ਵੀ ਆਪਣੀ ਧੀ ਦੀ ਪਤ ਬਚਾਉਣ ਗਿਆ ਤਾਂ ਜ਼ਾਲਮਾਂ ਦੀ ਗੋਲੀ ਦਾ ਸ਼ਿਕਾਰ ਹੋ ਗਿਆ ਸੀ।

7. ਔਰਤ ਨੂੰ ਸਿਰਫ਼ ਅਹੁਦਿਆਂ ਦਾ ਸ਼ਿੰਗਾਰ ਹੀ ਬਣਾਇਆ ਜਾਂਦਾ ਹੈ, ਪਰ ਤਾਕਤ ਵਿਹੂਣੀ ਬਣਾ ਕੇ!

8. ਔਰਤਾਂ ਦੇ ਥਾਣਿਆਂ ਵਿਚ ਵੀ ਔਰਤ ਅਫ਼ਸਰਾਂ ਦੇ ਉੱਤੇ ਬੈਠੇ ਮਰਦ ਅਫਸਰ ਜ਼ੁਲਮ ਜਾਂ ਘਰੇਲੂ ਹਿੰਸਾ ਸਹਿੰਦੀ ਔਰਤ ਦੇ ਹੱਕ ਵਿਚ ਆਵਾਜ਼ ਚੁੱਕਣ ਦੀ ਥਾਂ ਆਪਸੀ ਸਮਝੌਤਾ ਕੇਂਦਰ ਬਣਾਉਣ ਨੂੰ ਤਰਜੀਹ ਦਿੰਦੇ ਹਨ ਜਿੱਥੇ ਔਰਤ ਨੂੰ ਦਿੱਤੇ ਜਾਂਦੇ ਕਾਨੂੰਨੀ ਹੱਕ ਦਰਕਿਨਾਰ ਕਰਕੇ ਉਸੇ ਘਰ ਵਿਚ ਮਰਨ ਤੱਕ ਪਤੀ ਵੱਲੋਂ ਮਾਰ ਕੁਟਾਈ ਸਹਿੰਦੀ ਰਹਿਣ ਲਈ ਧੱਕਿਆ ਜਾ ਰਿਹਾ ਹੈ।

ਇਸ ਸਾਰੇ ਵਰਤਾਰੇ ਨੂੰ ਵੇਖਦੇ, ਕੋਈ ਦੱਸਣ ਦੀ ਹਿਮਾਕਤ ਤਾਂ ਕਰੇ ਕਿ ਹੁਣ ਔਰਤ ਲਈ ਭਾਰਤ ਵਿਚ ਕਿਹੜੀ ਥਾਂ, ਹਿੱਕ ਤਾਣ ਕੇ, ਸੁਰੱਖਿਅਤ ਕਹਿ ਸਕਦੇ ਹੋ? ਜੇ ਨਹੀਂ, ਤਾਂ ਕੀ ਇੱਕੋ ਰਾਹ ਬਚਿਆ ਹੈ-ਔਰਤ ਦੇ ਕੁੱਖੋਂ ਮਰਦ ਦੀ ਪੈਦਾਇਸ਼ ਹੋਣੀ ਬੰਦ ਹੋ ਜਾਏ?

ਹਾਲੇ ਵੀ ਜੇ ਅਣਖੀ ਲੋਕ ਆਪਣੀ ਚੁੱਪੀ ਤੋੜ ਕੇ ਮੌਜੂਦਾ ਹਾਲਾਤ ਨੂੰ ਵੇਲੇ ਸਿਰ ਸਮਝ ਕੇ ਇਕਜੁੱਟ ਹੋ ਜਾਣ, ਤਾਂ ਆਉਣ ਵਾਲਾ ਸਮਾਂ ਸਹੀ ਕੀਤਾ ਜਾ ਸਕਦਾ ਹੈ! ਉਮੀਦ ਉੱਤੇ ਦੁਨੀਆ ਖੜ੍ਹੀ ਹੈ! ਔਰਤ ਨੂੰ ਕਦੇ ਤਾਂ ਇਸ਼ਤਿਹਾਰਾਂ ਵਿਚ ਸ਼ੈਅ ਵਿਖਾਉਣੀ ਬੰਦ ਕਰ ਕੇ ਰਿਸ਼ਤਿਆਂ ਦੇ ਨਿੱਘ ਦਾ ਆਧਾਰ ਮੰਨਣਾ ਸ਼ੁਰੂ ਕਰਕੇ ਘਰ ਵਿਚ ਸਹੀ ਅਰਥਾਂ ਵਿਚ ਬਰਾਬਰੀ ਦਾ ਦਰਜਾ ਦਿਆਂਗੇ!

---

## ਰੂਹਾਨੀ ਰਮਜ਼ਾਂ ਕਾਵਿ ਸੰਗ੍ਰਹਿ- ਇੱਕ ਅਧਿਐਨ

*(ਪਿਛਲੇ ਸਫੇ ਦੀ ਬਾਕੀ)*

ਸੰਘਰਸ਼ਮਈ ਜੀਵਨ ਨਾਲ਼ ਸੰਬੰਧਿਤ ਕਵਿੱਤਰੀ ਵੱਲੋਂ ਕਈ ਕਵਿਤਾਵਾਂ ਰਚੀਆਂ ਗਈਆਂ ਹਨ। ਵੰਨਗੀਆਂ ਦੇਖੋ -

"ਗਾਈ ਸੁਰਜੀਤ ਮਾਤਾ ਗੁਜਰੀ ਨੇ ਘੋੜੀ,
ਮੌਤ ਨੂੰ ਵਿਆਹੁਣ ਤੇਰੀ ਪੋਤਿਆਂ ਦੀ ਜੋੜੀ।
ਸ਼ੁਕਰ ਗੁਜ਼ਾਰੇ ਨਾਲ਼ੇ ਜਪੁ ਜੀ ਪੜ੍ਹੇ,
ਗੁਜਰੀ ਮਾਂ ਪੋਤਿਆਂ ਦੇ ਸ਼ਗਨ ਕਰੇ।"
"ਉੱਠੋ ਫ਼ਤਹਿ ਜ਼ੋਰਾਵਰ ਦਾਦੀ ਪਈ ਜਗਾਵਾਂ,
ਸੋਹਣੀਆਂ ਸਿਰਾਂ 'ਤੇ ਦਸਤਾਰਾਂ ਸਜਾਵਾਂ।
ਜੰਞ ਇਹ ਅਨੋਖੀ ਦੁਹਾਂ ਵੀਰਾਂ ਦੀ ਚੜ੍ਹੇ,
ਗੁਜਰੀ ਮਾਂ ਪੋਤਿਆਂ ਦੇ ਸ਼ਗਨ ਕਰੇ।"

ਚਮਕੌਰ ਦੀ ਗੜ੍ਹੀ ਵਿਚੋਂ ਨਿਕਲ ਕੇ ਦਸਮੇਸ਼ ਪਿਤਾ ਮਾਛੀਵਾੜੇ ਦੇ ਜੰਗਲਾਂ ਵਿਚ ਨਿਵਾਸ ਕਰਦੇ ਹਨ। ਉਸ ਸਮੇਂ ਦੇ ਦ੍ਰਿਸ਼ ਨੂੰ ਕਵਿੱਤਰੀ ਦੀ ਕਲਮ ਇਸ ਤਰ੍ਹਾਂ ਚਿੱਤਰਦੀ ਹੈ -

"ਜਿਦੇ ਹੱਥ ਦੇ ਵਿਚ ਹੈ ਸੱਜਦਾ ਖੰਡਾ ਦੋ ਧਾਰਾ,
ਜਿਸ ਖੰਡੇ ਵਿਚੋਂ ਸਾਜਿਆ ਫਿਰ ਪੰਥ ਪਿਆਰਾ।
ਜਿਸ ਲੈ ਕੇ ਹੁਕਮ ਅਕਾਲ ਤੋਂ ਲਾਇਆ ਜੈਕਾਰਾ।
ਮੈਨੂੰ ਪੁੱਤਰਾਂ ਨਾਲੋਂ ਵੱਧ ਕੇ ਹੈ ਸਿੰਘ ਪਿਆਰਾ।
ਸੁਰਜੀਤ ਗੁਰੂ ਦਸਮੇਸ਼ ਤੋਂ ਬਲਿਹਾਰੀ ਜਾਵਾਂ,
ਅੱਜ ਬਾਜ਼ਾਂ ਵਾਲ਼ੇ ਗੁਰੂ ਦਾ ਇਤਿਹਾਸ ਸੁਣਾਵਾਂ।"

ਜਿਸ ਪ੍ਰਕਾਰ ਅਸੀਂ ਸਾਰੇ ਜਾਣਦੇ ਹਾਂ ਕਿ ਆਦਿ ਗ੍ਰੰਥ ਕੇਵਲ ਸਿੱਖਾਂ ਦਾ ਧਾਰਮਿਕ ਗ੍ਰੰਥ ਹੀ ਨਹੀਂ ਹੈ, ਸਗੋਂ ਇਹ ਸਮੁੱਚੀ ਮਾਨਵਤਾ ਨੂੰ ਰਾਹ ਦਿਖਾਉਣ ਵਾਲੀ ਉਹ ਵਿਚਾਰਧਾਰਾ ਹੈ, ਜਿਸ 'ਤੇ ਚੱਲ ਕੇ ਕੋਈ ਵੀ ਸਮਾਜ, ਰਾਜ, ਦੇਸ਼, ਕੌਮ ਉੱਚੀਆਂ ਅਤੇ ਸੱਚੀਆਂ-ਸੁੱਚੀਆਂ ਕਦਰਾਂ ਕੀਮਤਾਂ ਸਥਾਪਤ ਕਰਨ ਦੇ ਸਮਰੱਥ ਹੋ ਸਕਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਡਿਆਈ ਅਤੇ ਵਿਚਾਰਧਾਰਾ ਦੀ ਉਸਤਤਿ ਬੀਬੀ ਸੁਰਜੀਤ ਕੌਰ ਇਸ ਪ੍ਰਕਾਰ ਕਰ ਰਹੀ ਹੈ -

"ਇਹਦਾ ਸਿਮਰਨ ਸਭ ਤੋਂ ਮਿੱਠਾ ਏ, ਇਹ ਸੁਰ ਵੀ ਹੈ ਸੰਗੀਤ ਵੀ ਹੈ।
ਇਹ ਭਗਤੀ ਹੈ, ਇਹ ਸ਼ਕਤੀ ਹੈ, ਇਹਦੇ ਵਿਚ ਰੱਬ ਦੀ ਪ੍ਰੀਤ ਵੀ ਹੈ।
ਇਹ ਮੁਰਦਿਆਂ ਨੂੰ 'ਸੁਰਜੀਤ' ਕਰੇ ਇਹਦੇ ਦਰ 'ਤੇ ਝੁਕਦਾ ਜਹਾਨ ਹੈ,
ਗੁਰੂ ਗ੍ਰੰਥ ਗੁਰੂ ਹੈ ਸਾਡਾ, ਸਾਨੂੰ ਸ਼ਬਦ ਗੁਰੂ 'ਤੇ ਮਾਣ ਹੈ।"

ਜਿੱਥੇ ਕਵਿੱਤਰੀ ਖ਼ਾਲਸਾ ਪੰਥ ਦੀ ਚੜ੍ਹਦੀ ਕਲਾ ਬਾਰੇ ਪੂਰੀ ਚੇਤੰਨ ਹੈ। ਉੱਥੇ ਉਸ ਨੇ ਅਜੋਕੇ ਸਮੇਂ ਵਿਚ ਸਿੱਖਾਂ ਦੀ ਮੁੱਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, ਤਥਾ ਕਥਿਤ ਅਖੌਤੀ ਜਥੇਦਾਰਾਂ, ਵੱਖ ਵੱਖ ਸਿੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਅਤੇ ਕਾਰਕੁਨਾਂ ਵਿਚ ਆ ਰਹੀ ਗਿਰਾਵਟ, ਡਿੱਗ ਰਹੇ ਮਿਆਰ, ਕਿਰਦਾਰ ਸੰਬੰਧੀ ਵੀ ਕਈ ਕਵਿਤਾਵਾਂ ਦੀ ਸਿਰਜਣਾ ਕੀਤੀ ਹੈ। ਜਿਵੇਂ -

"ਬਾਜਾਂ ਵਾਲੇ ਸਿੰਘ ਸਜਾ ਕੇ ਫ਼ੌਜ ਖ਼ਾਲਸਾ ਕੀਤੀ ਤਿਆਰ,
ਖ਼ਾਲਸਾ ਮੇਰੋ ਰੂਪ ਹੈ ਖਾਸ, ਆਖਿਆ ਸੀ ਇਹ ਬਾਰੰਬਾਰ।"

ਅਤੇ ਹੁਣ

"ਪੰਥ ਖ਼ਾਲਸਾ ਅਤੇ ਫ਼ੌਜ ਵਿਚ ਆ ਗਏ ਨੇ ਹੁਣ ਕਈ ਗ਼ਦਾਰ,
ਪੈਸਾ, ਚੌਧਰ, ਕੁਰਸੀ ਦੇ ਲਈ ਜਿਨ੍ਹਾਂ ਜ਼ਮੀਰਾਂ ਲਈਆਂ ਮਾਰ।"

ਸਮੇਂ ਦੀਆਂ ਸਰਕਾਰਾਂ ਵੱਲੋਂ ਆਪ੍ਰੇਸ਼ਨ ਬਲਿਊ ਸਟਾਰ (1984), ਆਪ੍ਰੇਸ਼ਨ ਬਲੈਕ ਥੰਡਰ (1986) ਕਰਕੇ ਜਿਸ ਬੇਦਰਦੀ ਅਤੇ ਵਹਿਸ਼ਿਆਨਾ ਢੰਗ ਨਾਲ਼ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਨੂੰ ਬੇਹੱਦ ਨੁਕਸਾਨ ਪਹੁੰਚਾਇਆ ਗਿਆ। ਸੈਂਕੜੇ ਬੇਦੋਸ਼ੇ ਬੱਚੇ ਬੱਚੀਆਂ, ਨੌਜਵਾਨਾਂ, ਮੁਟਿਆਰਾਂ ਨੂੰ ਬਲਦੀ ਅੱਗ ਵਿਚ ਸੁੱਟਿਆ ਗਿਆ, ਉਹ ਬਹੁਤ ਹੀ ਸ਼ਰਮਨਾਕ ਅਤੇ ਅਸੰਵੇਦਨਸ਼ੀਲ ਘਟਨਾਵਾਂ ਹਨ। ਕਵਿੱਤਰੀ ਨੇ ਹਰਿਮੰਦਰ ਸਾਹਿਬ 'ਤੇ ਹਮਲਾ, ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ-ਢੇਰੀ ਕਰਨਾ, ਦਿੱਲੀ ਅਤੇ ਦੇਸ਼ ਦੇ ਹੋਰ ਬਹੁਤ ਸਾਰੇ ਸ਼ਹਿਰਾਂ ਵਿਚ ਘੱਟ ਗਿਣਤੀਆਂ ਵਿਚ ਰਹਿ ਰਹੇ ਸਿੱਖਾਂ ਉੱਤੇ ਜ਼ੁਲਮ ਕਰਨਾ ਅਜਿਹੇ ਅੱਲ੍ਹੇ ਜ਼ਖ਼ਮ ਹਨ, ਜਿਨ੍ਹਾਂ 'ਤੇ ਅਜੇ ਤੱਕ ਕਿਸੇ ਵੀ ਰਾਜਸੀ ਪਾਰਟੀ ਨੇ ਮੱਲ੍ਹਮ ਲਗਾਉਣ ਦਾ ਉਪਰਾਲਾ ਨਹੀਂ ਕੀਤਾ। ਇੱਕ ਵੰਨਗੀ ਪੇਸ਼ ਹੈ -

"ਦੁੱਖ ਦਰਦ ਤੇ ਪੀੜਾਂ ਲੈ, ਯਾਦ ਨੇ ਆਉਂਦੇ ਕਾਲ਼ੇ ਦਿਨ,
ਦਿਲ ਦੇ ਅੱਲ੍ਹੇ ਜ਼ਖ਼ਮਾਂ ਉੱਤੇ, ਲੂਣ ਨੇ ਪਾਉਂਦੇ ਕਾਲ਼ੇ ਦਿਨ।
ਦੜ ਦੜ ਦੜ ਦੜ ਟੈਂਕ ਦੌੜਦੇ, ਪਰਿਕਰਮਾ ਵਿਚ ਆ ਗਏ,
ਠਾਹ ਠਾਹ ਠਾਹ ਬੰਬ ਚਲਾ ਕੇ ਤਖ਼ਤ ਅਕਾਲ ਨੂੰ ਢਾਹ ਗਏ।

ਰੂਪਕ ਪੱਖ

ਜਦੋਂ ਅਸੀਂ "ਰੂਹਾਨੀ ਰਮਜ਼ਾਂ" ਕਾਵਿ-ਸੰਗ੍ਰਹਿ ਨੂੰ ਰੂਪਕ ਪੱਖ ਤੋਂ ਵਿਚਾਰਦੇ ਹਾਂ ਤਾਂ ਸਾਡੇ ਸਾਹਮਣੇ ਇਹ ਉਜਾਗਰ ਹੁੰਦਾ ਹੈ ਕਿ ਬੀਬੀ ਸੁਰਜੀਤ ਕੌਰ ਵੱਲੋਂ ਪਿੰਗਲ ਅਤੇ ਅਰੂਜ਼ ਦੇ ਨਿਯਮਾਂ ਦੀ ਬੜੇ ਸੁਚੱਜੇ ਢੰਗ ਨਾਲ਼ ਵਰਤੋਂ ਕੀਤੀ ਗਈ ਹੈ। ਕਬਿੱਤ ਛੰਦ, ਬੈਂਤ ਛੰਦ, ਘੋੜੀਆਂ, ਵਾਰਾਂ, ਰੁਬਾਈਆਂ ਨੂੰ ਨਿਯਮਾਂ ਵਿਚ ਬੰਨ੍ਹ ਕੇ ਬੜੇ ਸੁਚੱਜੇ ਢੰਗ ਨਾਲ਼ ਪੇਸ਼ ਕੀਤਾ ਗਿਆ ਹੈ।

ਬਹੁਤ ਸਾਰੀਆਂ ਰਚਨਾਵਾਂ ਨੂੰ ਸੁਰ, ਲੈਅ, ਤਾਲ, ਅਦਾ, ਤਰੰਨੁਮ ਵਿਚ ਗਾਇਆ ਜਾ ਸਕਦਾ ਹੈ। ਕਵਿੱਤਰੀ ਨੇ ਯੋਗ ਸਥਾਨਾਂ 'ਤੇ ਢੁਕਵੇਂ ਅਲੰਕਾਰਾਂ ਦੀ ਢੁਕਵੀਂ ਵਰਤੋਂ ਕੀਤੀ ਹੈ। ਕਰੁਣਾ ਰਸ, ਸ਼ਾਂਤ ਰਸ, ਵਾਤਸਲ ਰਸ, ਬੀਰ ਰਸ ਦੀ ਬੜੀ ਖੁੱਲ੍ਹ ਕੇ ਵਰਤੋਂ ਕੀਤੀ ਗਈ ਮਿਲਦੀ ਹੈ।

"ਰੂਹਾਨੀ ਰਮਜ਼ਾਂ" ਕ੍ਰਿਤ ਨੂੰ ਪੜ੍ਹਦਿਆਂ ਮੇਰੇ ਮਨ ਵਿਚ ਇਹ ਧਾਰਨਾ ਬਣੀ ਹੈ ਕਿ ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਨੇ ਸਟੇਜੀ ਕਵਿਤਾ ਨੂੰ ਮੁੜ ਸੁਰਜੀਤ ਕਰਨ ਦਾ ਸਫ਼ਲ ਉਪਰਾਲਾ ਕੀਤਾ ਹੈ। ਇਹ ਕਾਵਿ ਸੰਗ੍ਰਹਿ ਬਹੁਤ ਸਾਰੇ ਪੰਜਾਬੀ ਸਾਹਿਤ ਪ੍ਰੇਮੀਆਂ ਨੂੰ ਆਪਣੇ ਵੱਲ ਆਕਰਸ਼ਿਤ ਕਰਨ ਲਈ ਬਹੁਤ ਮਹੱਤਵਪੂਰਨ ਰੋਲ ਅਦਾ ਕਰੇਗਾ।

ਅੰਤ ਵਿਚ ਮੈਂ ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਨੂੰ "ਰੂਹਾਨੀ ਰਮਜ਼ਾਂ" ਕਾਵਿ ਸੰਗ੍ਰਹਿ ਰਚਨ ਲਈ ਬਹੁਤ ਬਹੁਤ ਮੁਬਾਰਕਾਂ ਦਿੰਦਾ ਹਾਂ। ਮੇਰਾ ਵਿਸ਼ਵਾਸ ਹੈ ਕਿ ਉਹ ਭਵਿੱਖ ਵਿਚ ਹੋਰ ਸਾਹਿਤਕ ਕ੍ਰਿਤਾਂ ਰਾਹੀਂ ਪੰਜਾਬੀ ਮਾਂ ਬੋਲੀ ਨੂੰ ਸਮਰਿੱਧ ਕਰਦੇ ਰਹਿਣਗੇ। ਆਮੀਨ।

# ਮਹਾਨ ਪੱਤਰਕਾਰ ਸੁਰਜਨ ਜ਼ੀਰਵੀ ਨੂੰ ਯਾਦ ਕਰਦਿਆਂ

ਪੰਜਾਬੀ ਦੇ ਪ੍ਰਸਿੱਧ ਪੱਤਰਕਾਰ ਤੇ ਲੇਖਕ ਸੁਰਜਨ ਜ਼ੀਰਵੀ ਪੰਜਾਬ ਦੇ ਮਸ਼ਹੂਰ ਸ਼ਹਿਰ ਜ਼ੀਰਾ ਵਿਚ 1 ਦਸੰਬਰ 1929 ਨੂੰ ਪੈਦਾ ਹੋਏ ਅਤੇ 24 ਅਕਤੂਬਰ 2023 ਨੂੰ ਮਿਸੀਸਾਗਾ, ਉਨਟਾਰੀਓ ਵਿਚ ਉਹ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। ਉਨ੍ਹਾਂ ਨੇ ਲੰਮਾ ਸਮਾਂ 1962 ਤੋਂ 1990 ਤੱਕ ਪੰਜਾਬੀ ਦੇ ਕਮਿਊਨਿਸਟ ਪੱਖੀ ਅਖ਼ਬਾਰ ਨਵਾਂ ਜ਼ਮਾਨਾ ਦੇ ਸਮਾਚਾਰ ਸੰਪਾਦਕ ਦੇ ਤੌਰ 'ਤੇ ਕੰਮ ਕਰਦੇ ਰਹੇ। ਉਨ੍ਹਾਂ ਨੂੰ

**ਪਿਆਰਾ ਸਿੰਘ ਕੁੱਦੋਵਾਲ**

ਸੁਰਖੀਆਂ ਲਿਖਣ ਦਾ ਮਾਹਿਰ ਕਿਹਾ ਜਾਂਦਾ ਹੈ। 1990 ਵਿਚ ਉਹ ਕੈਨੇਡਾ ਆ ਗਏ। ਕੈਨੇਡਾ ਵਿਚ ਕਲਮਾਂ ਦਾ ਕਾਫਲਾ ਅਤੇ ਹੋਰ ਕਈ ਸਾਹਿਤ ਸਭਾਵਾਂ ਦੀਆਂ ਗਤੀਵਿਧੀਆਂ ਵਿਚ ਬੜੀ ਸਰਗਰਮੀ ਨਾਲ ਹਿੱਸਾ ਲੈਂਦੇ ਰਹੇ। ਕਲਮਾਂ ਦਾ ਕਾਫ਼ਲਾ ਨੇ ਉਨ੍ਹਾਂ ਦੀ ਯਾਦ ਵਿਚ 24 ਨਵੰਬਰ 2023 ਨੂੰ ਇਕ ਭਾਵਪੂਰਤ ਯਾਦਗਾਰੀ ਸਮਾਗਮ ਕਰਵਾਇਆ ਅਤੇ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ।

ਉਨ੍ਹਾਂ ਦੀ ਜੀਵਨ ਸਾਥਣ ਅੰਮ੍ਰਿਤ ਕੌਰ ਜੀ ਨਾਲ ਉਨ੍ਹਾਂ ਦਾ ਰਿਸ਼ਤਾ ਬੜਾ ਹੀ ਪਿਆਰ ਭਰਿਆ ਰਿਹਾ। ਉਨ੍ਹਾਂ ਦੇ ਕਹਿਣ ਅਨੁਸਾਰ ਜ਼ੀਰਵੀ ਨੇ ਕਦੇ ਗੁੱਸਾ ਨਹੀਂ ਕੀਤਾ ਤੇ ਨਾ ਹੀ ਕਦੇ ਉੱਚੀ ਬੋਲੇ। ਥਮਾਮ ਉਮਰ ਉਨ੍ਹਾਂ ਨੇ ਇਕ ਦੂਜੇ ਦਾ ਬੜਾ ਖਿਆਲ ਰੱਖਿਆ। ਉਨ੍ਹਾਂ ਦੀ ਵਿਗੜੀ ਸਿਹਤ ਬਾਰੇ 2013 ਵਿਚ ਜੁਗਿੰਦਰ ਬਾਠ ਦੇ ਲਿਖੇ ਲੇਖ ਵਿਚ ਬਲਰਾਜ ਚੀਮਾ ਵੱਲੋਂ ਜ਼ੀਰਵੀ ਜੀ ਬਾਰੇ ਇਹ ਕਿਹਾ ਗਿਆ ਸੀ, "ਜੋਗਿੰਦਰ ਹੁਣ ਇਹ ਉਹ ਜ਼ੀਰਵੀ ਨਹੀਂ ਜਿਸ ਨੂੰ ਤੂੰ ਮਿਲ ਕੇ ਗਿਆ ਸੀ"। ਉਹ ਜ਼ੀਰਵੀ ਤਾਂ ਬੇਹੱਦ ਹਸਮੁੱਖ ਵੀ ਸੀ ਤੇ ਗੰਭੀਰ ਵੀ। ਉਨ੍ਹਾਂ ਨੂੰ ਜੀਵਨ ਦੇ ਆਖਰੀ ਸਾਲਾਂ ਵਿਚ ਬੀਮਾਰੀ ਨਾਲ ਜੂਝਣਾ ਪਿਆ ਤਾਂ ਉਸ ਕਠਿਨ ਸਮੇਂ ਦੌਰਾਨ ਅੰਮ੍ਰਿਤ ਕੌਰ ਜੀ ਨੇ ਜ਼ੀਰਵੀ ਸਾਹਿਬ ਦੀ ਸੇਵਾ ਸੰਭਾਲ ਵਿਚ ਕੋਈ ਕਸਰ ਨਹੀਂ ਛੱਡੀ।

ਇਸੇ ਕਾਰਨ ਜਦੋਂ ਜ਼ੀਰਵੀ ਸਾਹਿਬ ਕੁਝ ਸਿਹਤਯਾਫ਼ਤਾ ਹੋਏ ਤਾਂ ਕਈ ਸਾਲ ਆਪਣੇ ਸਨੇਹੀਆਂ, ਪਿਆਰਿਆਂ ਤੇ ਸ਼ਾਗਿਰਦਾਂ ਨੂੰ ਮਿਲਦੇ ਰਹੇ ਅਤੇ ਉਨ੍ਹਾਂ ਨੂੰ ਯੋਗ ਸਲਾਹਾਂ ਵੀ ਦਿੰਦੇ ਰਹੇ। ਇਥੇ ਜ਼ਿਕਰਯੋਗ ਹੈ ਕਿ ਪੰਜਾਬੀ ਦੇ ਸੈਂਕੜੇ ਪੱਤਰਕਾਰ ਜ਼ੀਰਵੀ ਦੇ ਸ਼ਾਗਿਰਦ ਹੋਣ ਦਾ ਮਾਣ ਕਰਦੇ ਹਨ। ਸੁਰਜਨ ਜ਼ੀਰਵੀ ਦੇ ਸਿਖਾਏ ਹੋਏ ਅਨੇਕਾਂ ਪੱਤਰਕਾਰਾਂ ਨੇ ਪੱਤਰਕਾਰੀ ਵਿਚ ਉੱਚੇ ਅਤੇ ਮਿਆਰੀ ਮਾਰਕੇ ਮਾਰੇ ਹਨ। ਡਾ. ਲਖਵਿੰਦਰ ਜੌਹਲ ਅਤੇ ਜਤਿੰਦਰ ਪੰਨੂੰ ਜੀ ਅਨੁਸਾਰ ਉਹ ਜ਼ੀਰਵੀ ਸਾਹਿਬ 'ਤੇ ਬਹੁਤ ਮਾਣ ਮਹਿਸੂਸ ਕਰਦੇ ਹਨ। ਕਿਹਾ ਜਾਂਦਾ ਹੈ ਕਿ ਉਨ੍ਹਾਂ ਦੇ ਸਮੇਂ ਵਿਚ ਨਵਾਂ ਜ਼ਮਾਨਾ ਦਾ ਦਫ਼ਤਰ ਨਵੇਂ ਪੱਤਰਕਾਰਾਂ ਲਈ ਇਕ ਕਾਲਜ ਵਾਂਗ ਸੀ।

ਉਨ੍ਹਾਂ ਨੇ ਦੋ ਕਿਤਾਬਾਂ "ਇਹ ਹੈ ਬਾਰਬੀ ਸੰਸਾਰ" ਅਤੇ "ਆਪੋ ਆਪਣਾ ਸੱਚ" ਲਿਖੀਆਂ ਜੋ ਲਗਾਤਾਰ ਚਰਚਾ ਵਿਚ ਰਹੀਆਂ। 'ਇਹ ਹੈ ਬਾਰਬੀ ਸੰਸਾਰ' ਲੇਖ ਵਿਚ ਉਸ ਨੇ ਅਮਰੀਕੀ ਬਹੁ-ਕੌਮੀ ਕੰਪਨੀਆਂ ਵੱਲੋਂ ਬੱਚਿਆਂ ਲਈ ਮਾਪਿਆਂ ਦੇ ਮੋਹ ਦਾ ਵਪਾਰੀਕਰਨ ਕਰਕੇ ਬਾਰਬੀ ਨਾਂ ਦੀ ਇਕ ਡੌਲ ਬਣਾਉਣ ਦਾ ਸਿਲਸਿਲਾ ਸ਼ੁਰੂ ਕਰਨ ਪਿੱਛੇ ਦੀ ਸਾਜ਼ਿਸ਼ ਤੋਂ ਪਰਦਾ ਉਠਾਇਆ। ਕਿਵੇਂ ਹਰ ਸਾਲ ਕਿਸੇ ਸੱਚੀ-ਮੁਚੀਂ ਦੀ ਕੁੜੀ ਨੂੰ 'ਬਾਰਬੀ' ਬਣਾਉਣ ਲਈ ਚੁਣਿਆ ਜਾਂਦਾ ਹੈ ਫਿਰ ਉਸ ਦੀ ਸ਼ਕਲ ਦੀਆਂ ਗੁੱਡੀਆਂ ਤਿਆਰ ਕੀਤੀਆਂ ਅਤੇ ਵੇਚੀਆਂ ਜਾਂਦੀਆਂ ਹਨ। ਫਿਰ ਬਾਰਬੀ ਦੀਆਂ ਪੁਸ਼ਾਕਾਂ, ਫ਼ਰਨੀਚਰ, ਭਾਂਡੇ, ਦਿਲ ਲਾਉਣ ਲਈ ਸੁਹਣਾ ਮੁੰਡਾ, ਘਰ-ਘਾਟ, ਕਾਰਾਂ ਗੱਡੀਆਂ ਹੋਰ ਕੀ ਕੀ-ਗੱਲ ਕੀ ਨਿੱਤ ਨਵੀਂ ਮੰਗ ਪੈਦਾ ਕਰਨ ਲਈ ਪਹਿਲਾਂ ਇਨ੍ਹਾਂ ਵਸਤਾਂ ਨੂੰ ਬਾਜ਼ਾਰ ਵਿਚ ਵੇਚਿਆ ਜਾਂਦਾ ਹੈ ਅਤੇ ਕਰੋੜਾਂ ਦੀ ਕਮਾਈ ਕੀਤੀ ਜਾਂਦੀ ਹੈ। ਇੰਝ ਇਕ ਗੁੱਡੀ ਬਾਰਬੀ ਆਪਣੇ ਆਪ ਵਿਚ ਬਾਜ਼ਾਰ ਦੀ ਲੁੱਟ-ਖਸੁੱਟ ਦਾ ਪ੍ਰਤੀਕ ਬਣ ਜਾਂਦੀ ਹੈ।

ਸੁਰਜਨ ਜ਼ੀਰਵੀ ਹੋਰਾਂ ਨੇ ਕਈ ਲੇਖ ਲਿਖੇ ਜੋ "ਆਉ ਸੱਚ ਜਾਣੀਏ" ਪੁਸਤਕ ਵਿਚ ਸ਼ਾਮਿਲ ਹਨ। ਉਨ੍ਹਾਂ ਵਿਚੋਂ ਇਕ ਲੇਖ ਹੈ "ਸਾਡਾ ਦੇਸ਼ ਬੀਮਾਰ ਹੈ" ਉਸ ਦੀ ਆਖਰੀ ਸਤਰ ਹੈ "ਸਾਡਾ ਦੇਸ਼ ਬੀਮਾਰ ਹੈ ਅਤੇ ਸਾਰੀ ਦੁਨੀਆਂ ਇਸ ਦੀ ਗਵਾਹ ਹੈ।" ਇਸ ਵਿਚ ਉਨ੍ਹਾਂ ਨੇ ਅਮਰੀਕਾ ਵਿਚ ਇਕ ਬੰਦੂਕਧਾਰੀ 23 ਸਾਲਾ ਸੁੰਗ ਹੂਈ ਵੱਲੋਂ ਵਰਜੀਨੀਆ ਟੈਂਕ ਵਿਚ ਇਕ ਵਿਦਿਅਕ ਅਦਾਰੇ ਦੇ 31 ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਮਾਰ ਦਿੱਤਾ ਸੀ ਅਤੇ ਇਸੇ ਤਰ੍ਹਾਂ ਕੌਲਮਬਾਂਈਨ ਦੇ ਦੋ ਮੁੰਡਿਆਂ ਵੱਲੋਂ 12 ਵਿਦਿਆਰਥੀਆਂ ਨੂੰ ਗੋਲੀਆਂ ਨਾਲ ਮਾਰ ਦਿੱਤਾ ਗਿਆ ਸੀ। ਜ਼ੀਰਵੀ ਸਾਹਿਬ ਨੇ ਇਸ ਲੇਖ ਦੇ ਨਿਭਾਅ ਵਿਚ ਬਹੁਤ ਸਾਰੇ ਪਹਿਲੂ ਉਜਾਗਰ ਕੀਤੇ। ਜਿਵੇਂ ਕਿ ਬੰਦੂਕਾਂ ਆਮ ਤੇ ਅਰਾਮ ਨਾਲ ਮਿਲ ਜਾਂਦੀਆਂ ਹਨ ਜੋ ਇਨ੍ਹਾਂ ਕਤਲਾਂ ਦਾ ਇਕ ਵੱਡਾ ਕਾਰਨ ਬਣਦਾ ਹੈ। ਇਸਦਾ ਦੋਸ਼ ਮੈਂਟਲ ਹੈਲਥ ਮੜ੍ਹ ਦਿੱਤਾ ਜਾਂਦਾ ਹੈ। ਇਸ ਕਥਨ ਦੇ ਵੀ ਦੋ ਪਹਿਲੂ ਹੋ ਸਕਦੇ ਹਨ। ਪਹਿਲਾ ਕਿ ਇਹ ਕਹਿ ਦੇਣਾ ਕਿ ਉਹ ਮਾਨਸਿਕ ਰੋਗੀ ਸੀ, ਇਸ ਲਈ ਹਿੰਸਾ ਹੋਈ। ਪਰ ਇਸ ਕਥਨ ਨਾਲ ਦੂਸਰੇ ਮਾਨਸਿਕ ਰੋਗੀਆਂ ਨਾਲ ਵਧੀਕੀ ਹੋਵੇਗੀ ਜੋ ਹਿੰਸਾ ਨਹੀਂ ਕਰਦੇ। ਸਾਰਿਆਂ ਨੂੰ ਇਕੋ ਰੱਸੇ ਨਾਲ ਨਹੀਂ ਬੰਨ੍ਹਿਆਂ ਨਹੀਂ ਜਾ ਸਕਦਾ। ਇਸ ਤਰ੍ਹਾਂ ਸੋਚਣ ਨਾਲ ਆਮ ਮਨੋਰੋਗੀਆਂ ਦਾ ਖਿਆਲ ਰੱਖਣਾ ਮੁਸ਼ਕਲ ਹੋ ਜਾਵੇਗਾ। ਇਸ ਲਈ ਹੋਰ ਰਿਸਰਚ ਹੋਣੀ ਚਾਹੀਦੀ ਹੈ।

ਉਨ੍ਹਾਂ ਨੇ ਮੀਡੀਆ ਦੇ ਰੋਲ 'ਤੇ ਵੀ ਵੱਡਾ ਕਿੰਤੂ ਕੀਤਾ ਹੈ। ਮੀਡੀਆ ਕਿਵੇਂ ਘਟਨਾਵਾਂ ਨੂੰ ਪੇਸ਼ ਕਰ ਕੇ ਆਪਣੀ ਟੀ.ਆਰ.ਪੀ. ਉਪਰ ਚੁਕਦਾ ਹੈ। ਉਦਾਹਰਣ ਲਈ ਮੀਡੀਆ ਨੂੰ ਨੱਬੇਵਿਆਂ ਦੇ ਦੌਰਾਨ ਹੋਏ ਇਰਾਕ ਯੁੱਧ ਵਿਚ ਮਰ ਰਹੇ ਲੋਕਾਂ ਬਾਰੇ ਬਹੁਤੀ ਦਿਲਚਸਪੀ ਨਹੀਂ ਰਹੀ ਸੀ। ਇਸੇ ਲਈ ਵਰਜੀਨੀਆ ਟੈਂਕ ਅਤੇ ਕੌਲਮ ਬਾਂਈਨ ਦੀਆਂ ਘਟਨਾਵਾਂ ਨੂੰ ਵੱਧ ਕਵਰੇਜ ਦੇ ਰਿਹਾ ਸੀ।

ਮੇਰੇ ਖਿਆਲ ਵਿਚ ਇਹ ਗੱਲ ਉਵੇਂ ਹੀ ਸੀ ਜਿਵੇਂ ਅੱਜ



ਕੱਲ ਹਮਸ, ਫ਼ਲਸਤੀਨ ਤੇ ਇਜ਼ਰਾਈਲ ਯੁੱਧ ਦੀ ਵੱਧ ਗੱਲ ਹੋ ਰਹੀ ਤੇ ਸਾਲ ਤੋਂ ਉਪਰ ਚੱਲ ਰਹੀ ਯੂਕਰੇਨ-ਰੂਸ ਜੰਗ ਬਾਰੇ ਮੀਡੀਆ ਬਹੁਤਾ ਧਿਆਨ ਨਹੀਂ ਦੇ ਰਿਹਾ। ਹੁਣ ਕੁਝ ਦਿਨ ਹੋਰ ਬਹਿਸ ਛਿੜੇਗੀ। ਬੰਦੂਕਾਂ ਬੈਨ ਹੋਣੀਆਂ ਚਾਹੀਦੀਆਂ ਬਾਰੇ ਗੱਲ ਹੋਵੇਗੀ, ਪਰ ਮਸਲਾ ਉਥੇ ਦਾ ਉਥੇ ਹੀ ਰਹੇਗਾ। ਫਿਰ ਕੋਈ ਗੰਨ ਚੁੱਕੇਗਾ ਤੇ ਨਿਰਦੋਸ਼ ਲੋਕਾਂ ਨੂੰ ਮਾਰੇਗਾ। ਨੋਟ 2023 ਵਿਚ ਕੈਲੇਫੋਰਨੀਆਂ ਵਿਚ ਮੌਂਨਰੇਅ ਵਿਚ, ਨਾਰਥ ਕੈਰੋਲੀਨਾ, ਟੈਨੇਸੀ, ਜਾਰਜੀਆ, ਇਲੀਨੌਇਸ, ਮਿਸੀਸਿਪੀ, ਪੈਨਸਿਲਵੇਨੀਆ, ਕੌਲਾਰਾਡੋ, ਓਹਾਇਓ, ਅਟਲਾਂਟਾ, ਟੈਕਸਸ, ਐਰੋਜ਼ੋਨਾ, ਐਲਾਬਾਮਾ, ਵਰਜੀਨੀਆ, ਲਾਸ ਵੇਗਸ ਵਿਚ ਦਸੰਬਰ 2023 ਤੱਕ ਸ਼ੂਟਿੰਗ ਹੋ ਚੁੱਕੀ ਹੈ ਜਿਸ ਦੌਰਾਨ ਕਈ ਜਾਨਾਂ ਗਈਆਂ। ਜ਼ੀਰਵੀ ਸਾਹਿਬ ਦਾ ਕਥਨ ਸਹੀ ਕਿ ਦੇਸ਼ ਬੀਮਾਰ ਹੈ ਦੁਨੀਆਂ ਇਸ ਦੀ ਗਵਾਹ ਹੈ।

"ਜਮਹੂਰੀਅਤ: ਕੁਝ ਪ੍ਰਸ਼ਨ" ਨਾਮੀ ਲੇਖ ਵਿਚ ਉਹ ਲੋਕ ਰਾਜ ਦੀ ਚੋਣ ਪ੍ਰਕਿਰਿਆ ਤੋਂ ਲੈ ਕੇ ਸੰਗਠਨ ਤੱਕ ਬਹੁਤ ਸਾਰੇ ਤੱਥ-ਯੁਕਤ ਸੁਝਾਅ ਪੇਸ਼ ਕਰਦੇ ਹਨ ਪਰ ਅੰਤ ਵਿਚ ਲਿਖਦੇ ਹਨ,'ਜਮਹੂਰੀਅਤ ਦੇ ਭਵਿੱਖ ਬਾਰੇ ਇਹ ਵਿਚਾਰ ਪੇਸ਼ ਕਰਨ ਦਾ ਮੰਤਵ ਸੂਝਵਾਨ ਨਾਗਰਿਕਾਂ ਦੀ ਸੋਚ ਤੇ ਜਗਿਆਸਾ ਨੂੰ ਟੁੰਬਣਾ ਹੈ। ਇਹ ਵਿਚਾਰ ਇਸ ਖਿਆਲ ਨਾਲ ਪੇਸ਼ ਨਹੀਂ ਕੀਤੇ ਜਾ ਰਹੇ ਕਿ ਇਹ ਜਮਹੂਰੀਅਤ ਬਾਰੇ ਕਤਈ ਨਿਰਣੇ ਦੀ ਹੈਸੀਅਤ ਰੱਖਦੇ ਹਨ।' ਇੱਥੋਂ ਉਨ੍ਹਾਂ ਦੀ ਦਿਆਨਤਦਾਰੀ ਅਤੇ ਹਲੀਮੀ ਪ੍ਰਗਟ ਹੁੰਦੀ ਹੈ ਕਿ ਉਹ ਆਪਣੇ ਵਿਚਾਰ ਦੂਜਿਆਂ 'ਤੇ ਥਾਪਣ ਦੀ ਕੋਸ਼ਿਸ਼ ਵੀ ਨਹੀਂ ਕਰਦੇ ਸਨ। ਇਸ ਸੁਭਾਅ ਨੇ ਉਨ੍ਹਾਂ ਨੂੰ ਵੱਡਾ ਬਣਾਇਆ।

ਉਹ ਖਾਸ ਤੌਰ 'ਤੇ ਅਬਦੁਲ ਹਮੀਦ ਆਦਮ ਦੀ ਗ਼ਜ਼ਲ,"ਮੈ-ਕਦਾ ਥਾ ਚਾਂਦਨੀ ਥੀ ਮੈਂ ਨਾ ਥਾ," ਅਕਸਰ ਸੁਰਮਈ ਆਵਾਜ਼ ਵਿਚ ਗਾਉਂਦੇ ਸਨ। ਉਨ੍ਹਾਂ ਦੇ ਸਸਕਾਰ ਸਮੇਂ ਸਨੇਹੀਆਂ ਦੀਆਂ ਜੋ ਵੀਡੀਓ ਵਿਖਾਈਆਂ ਗਈਆਂ ਉਸਦੇ ਆਖਰ ਵਿਚ, ਉਨ੍ਹਾਂ ਦੀ ਕੁੱਝ ਅਰਸਾ ਪਹਿਲਾਂ ਦੀ ਗਾਈ ਹੋਈ ਇਸੇ ਗ਼ਜ਼ਲ ਦੀ ਪੁਰਾਣੀ ਵੀਡੀਓ ਚਲਾਈ ਗਈ। ਉਸਤੋਂ ਬਾਅਦ ਹੀ ਉਨ੍ਹਾਂ ਨੂੰ ਅੰਤਿਮ ਵਿਦਾਇਗੀ ਦਿੱਤੀ ਗਈ। ਇਹ ਉਨ੍ਹਾਂ ਨੂੰ ਤੋਰਨ ਦਾ ਇਕ ਵੱਖਰਾ ਭਾਵ ਯੁਕਤ ਅੰਦਾਜ਼ ਸੀ।

ਅੰਮ੍ਰਿਤ ਜ਼ੀਰਵੀ ਜੀ ਨੇ ਉਨ੍ਹਾਂ ਦੀਆਂ ਕਈ ਯਾਦਾਂ ਸਾਂਝੀਆਂ ਕੀਤੀਆਂ। ਉਹ ਵੀਡੀਓ ਆਪਣੇ ਫੇਸ-ਬੁੱਕ ਪੇਜ 'ਤੇ ਸਾਂਝੀ ਕੀਤੀ ਹੋਈ ਹੈ ਵੇਖ ਸਕਦੇ ਹੋ। ਉਨ੍ਹਾਂ ਵਿਚੋਂ ਇਕ ਯਾਦ ਇਉਂ ਸੀ: ਇਕ ਵਾਰ ਉਨ੍ਹਾਂ ਨੂੰ (ਦਿੱਲੀ ਤੋਂ) ਤਿੰਨ ਬੰਦੇ ਮਿਲਣ ਆਏ, ਗੱਲਾਂ ਬਾਤਾਂ ਕਰਦਿਆਂ ਸ਼ਾਮ ਵੀ ਹੋ ਗਈ। ਉਨ੍ਹਾਂ ਕੋਲ ਰਹਿਣ ਲਈ ਕੋਈ ਬੰਦੋਬਸਤ ਨਹੀਂ ਸੀ ਤੇ ਉਹ ਵੀ ਜ਼ੀਰਵੀ ਸਾਹਿਬ ਨਾਲ ਗੱਲਾਂ ਕਰਦੇ ਕਰਦੇ ਘਰ ਹੀ ਆ ਗਏ। ਦੂਸਰੇ ਦਿਨ ਸਵੇਰੇ ਬਰੇਕ ਫਾਸਟ ਸਮੇਂ ਜ਼ੀਰਵੀ ਸਾਹਿਬ ਅੰਮ੍ਰਿਤ ਜੀ ਕੋਲ ਰਸੋਈ ਵਿਚ ਆ ਕੇ ਕਹਿੰਦੇ, 'ਗੱਲਾਂ ਗੱਲਾਂ ਵਿਚ ਇਨ੍ਹਾਂ ਕੋਲੋਂ ਪੁੱਛੀਂ ਕਿ ਇਹ ਕੌਣ ਹਨ ਤਾਂ ਕਿਥੋਂ ਆਏ ਹਨ...?'

ਜ਼ੀਰਵੀ ਸਾਹਿਬ ਹਾਸ ਰਸ ਵਿਚ ਵਿਸ਼ਵਾਸ ਰੱਖਦੇ ਸਨ। ਉਨ੍ਹਾਂ ਦਾ ਹਾਸਾ ਠੱਠਾ ਚਲਦਾ ਰਹਿੰਦਾ ਸੀ। ਕਈ ਵਾਰ ਤਾਂ ਹਰ ਗੱਲ 'ਤੇ ਵਿਅੰਗ ਕਰ ਜਾਂਦੇ ਸਨ। ਚੁਟਕਲੇ ਸੁਣਾਉਣ ਦੇ ਮਾਹਿਰ ਸਨ। ਉਨ੍ਹਾਂ ਕੋਲ ਚੁਟਕਲਿਆਂ ਦਾ ਇਕ ਵੱਡਾ ਖਜ਼ਾਨਾ ਸੀ। ਅੱਜ ਕੱਲ੍ਹ ਅਮਰੀਕਾ ਵਸਦੇ ਮੇਰੇ ਮਿੱਤਰ ਤੇ ਚੰਗੇ ਇਨਸਾਨ ਵਕੀਲ ਹਰਮੋਹਨ ਲਾਲ ਛਿੱਬੜ ਜੀ ਨੇ ਟਰਾਂਟੋ ਵਿਚ,'ਹਿਉਮਰਸ ਕਲੱਬ' ਨਾਂ ਦੀ ਇਕ ਸੰਸਥਾ ਬਣਾਈ ਸੀ। ਜ਼ੀਰਵੀ ਸਾਹਿਬ ਕਈ ਸਾਲ ਇਸ ਕਲੱਬ ਦੇ ਸਰਪ੍ਰਸਤ ਰਹੇ। ਜ਼ੀਰਵੀ ਸਾਹਿਬ ਹੀ ਵਧੀਆ ਚੁਟਕਲਾ ਸੁਣਾਉਣ ਵਾਲੇ ਦਾ ਨਾਮ ਇਨਾਮ ਲਈ ਚੁਣਦੇ ਸਨ ਅਤੇ ਉਨ੍ਹਾਂ ਦਾ ਫੈਸਲਾ ਆਖਰੀ ਹੁੰਦਾ ਸੀ।

ਜ਼ੀਰਵੀ ਸਾਹਿਬ ਦੀ ਲਿਖਣ ਸ਼ੈਲੀ, ਵਿਚਾਰ ਪੇਸ਼ ਕਰਨ ਦਾ ਢੰਗ, ਖ਼ਬਰਾਂ ਦੀਆਂ ਸੁਰਖੀਆਂ ਲਿਖਣ ਦਾ ਢੰਗ, ਹਾਜ਼ਰ ਜਵਾਬੀ, ਵਿਅੰਗ, ਹਾਸ ਰਸ, ਗਾਉਣ ਕਲਾ, ਠੰਢਾ ਅਤੇ ਮਲੰਗ ਸੁਭਾਅ, ਅਣਜਾਣ ਲੋਕਾਂ ਦੀ ਮਦਦ ਕਰਨ ਦਾ ਚਾਅ, ਆਪਣੇ ਸਹਿਕਰਮੀਆਂ ਨੂੰ ਸਿਖਾਉਣ ਦਾ ਗੁਰ, ਨਵੇਂ ਲੇਖਕਾਂ ਅਤੇ ਕਵੀਆਂ ਨੂੰ ਸਹੀ ਸਲਾਹ ਦੇਣਾ, ਉਨ੍ਹਾਂ ਦੀ ਸ਼ਖਸੀਅਤ ਦੇ ਵੱਡੇ ਗੁਣ ਸਨ। ਇਨ੍ਹਾਂ ਗੁਣਾਂ ਕਰਕੇ ਉਨ੍ਹਾਂ ਨੂੰ ਲੰਮੇ ਸਮੇਂ ਤੱਕ ਯਾਦ ਰੱਖਿਆ ਜਾਵੇਗਾ।

# ਆਓ ਟੂਣੇ ਚੱਕੀਏ !

ਮੈਨੂੰ ਐਂ ਜੇ ਲੱਗਦਾ ਹੁੰਦਾ ਕਿ ਅੰਧ ਵਿਸ਼ਵਾਸ 'ਚ ਜੇ ਅਸੀਂ ਯਕੀਨ ਰੱਖਣ ਲੱਗ ਜਾਈਏ ਤਾਂ ਸਾਨੂੰ ਇਹ ਸਭ ਸੱਚ ਲੱਗਣ ਲੱਗ ਜਾਂਦਾ ਤੇ ਜੇ ਅਸੀਂ ਇਹ ਸਮਝ ਬਣਾ ਲਈਏ ਕਿ ਇਹ ਸਭ ਫਜ਼ੂਲ ਦੀਆਂ ਗੱਲਾਂ ਨੇ ਤਾਂ ਇਨ੍ਹਾਂ ਵਹਿਮਾਂ ਭਰਮਾਂ ਤੇ ਇਨ੍ਹਾਂ ਨੂੰ ਮੰਨਣ ਵਾਲਿਆਂ 'ਤੇ ਹਾਸਾ ਤੇ ਤਰਸ ਆਉਣ ਲੱਗ ਜਾਂਦਾ ਹੈ।

ਪਿਛਲੇ ਸ਼ਨਿਚਰਵਾਰ ਦੀ ਗੱਲ ਐ ਕਿ ਸਾਡੇ ਘਰ ਦੇ ਨੇੜੇ ਹੀ ਚੁਰਸਤੇ 'ਚ ਟੂਣਾ ਕਰਿਆ ਪਿਆ ਸੀ ਤੇ ਆਪਾਂ ਉਹ ਲਪੇਟਤਾ ਤੇ ਉਥੋਂ ਬੀਤੇ ਸਮੇਂ ਦੌਰਾਨ ਟੂਣਿਆਂ ਨਾਲ ਸਾਂਝ ਦੀ ਲੜੀ ਤੁਰ ਪਈ। (ਤਿੰਨ ਕੁ ਘਟਨਾਵਾਂ ਦਾ ਇੱਥੇ ਜ਼ਿਕਰ ਕਰਾਂਗਾ) ਤੇ ਇਸ ਪੋਸਟ/ਡਾਕ ਬਣੀ।



ਘੱਲ ਉਦੋਂ ਦੀ ਐ ਜਦ

**ਅਨੰਦ ਸਿੰਘ ਬਾਲਿਆਂਵਾਲੀ**

ਮੈਂ ਬੀਏ ਦੇ ਦੂਜੇ ਸਾਲ 'ਚ ਪੜ੍ਹਦਾ ਸੀ। ਗਰਮੀਆਂ 'ਚ ਅਸੀਂ ਬੋਹੜਾਂ ਥੱਲੇ ਬੈਠੇ ਤਾਸ਼ ਖੇਡ ਰਹੇ ਸੀ। ਮੇਰੇ ਪਿੰਡ ਦਾ ਮੁੰਡਾ ਗੁਰਪ੍ਰੀਤ ਮੇਰੇ ਕੰਨ 'ਚ ਆ ਕੇ ਕਹਿੰਦਾ ਕਿ ਫਲਾਣੇ ਬੰਦੇ ਨੇ ਅੱਜ ਆਪਣੇ ਸਿਵਿਆਂ/ਸ਼ਮਸ਼ਾਨਘਾਟ ਕੋਲ ਪੂਰਾ ਨਜ਼ਾਰੇਦਾਰ ਟੂਣਾ ਕਰਵਾਇਆ ਪਿਆ। (ਅਸਲ ਵਿਚ ਉਸ ਨੂੰ ਮੇਰੇ ਟੂਣੇ ਟਾਣੇ ਸਮੇਟਣ ਬਾਰੇ ਪਤਾ ਸੀ।) ਏਸ ਤੋਂ ਪਹਿਲਾਂ ਕਿ ਟੂਣਾ ਕਰਵਾਉਣ ਵਾਲਾ ਪਹਿਲਾਂ ਜਾ ਕੇ ਟੂਣਾ ਚੱਕ ਲਵੇ, ਬਾਜ਼ੀ ਵਾਲੇ ਪੱਤੇ ਉਸ ਨੂੰ ਫੜਾ ਕੇ ਮਹਾਪੁਰਸ਼ ਜਾ ਪਹੁੰਚੇ ਟੂਣੇ ਹੋਰਾਂ ਕੋਲ। ਬਾਕੀ ਦੀਆਂ ਫਾਲਤੂ ਚੀਜ਼ਾਂ ਸੰਧੂਰ ਵਗੈਰਾ ਇਕ ਪਾਸੇ ਸਿੱਟ ਕੇ ਵ੍ਹਿਸਕੀ ਦਾ ਅਧੀਆ ਚੁੱਕ ਕੇ ਚੰਗੀ ਤਰ੍ਹਾਂ ਸੀਲ ਚੈੱਕ ਕਰ ਕੇ ਟੰਗਿਆ ਡੱਬ 'ਚ ਸ਼ਮਸ਼ਾਨਘਾਟ ਵਿਚ ਹੀ ਟੂਟੀਆਂ ਤੋਂ ਕੁੱਜਾ ਪਾਣੀ ਦਾ ਭਰ ਕੇ ਉਸ ਵਿਚ ਅਧੀਆ ਰੱਖ ਕੇ ਲੁਕੋ ਕੇ ਜੇਹੇ ਰੱਖ ਆਇਆ ਤੇ ਆਥਣੇ ਜੇਹੇ ਅਸੀਂ ਦੋ ਜਣੇ ਗਏ। ਨਿਬੇੜ ਕੇ ਘਰ ਆ ਗਏ (ਇਕ ਸਮਾਂ ਸੀ ਜਦ ਸ਼ਮਸ਼ਾਨਘਾਟ ਸਾਡੀ ਪਸੰਦੀਦਾ ਜਗ੍ਹਾ ਹੁੰਦੀ ਸੀ ਖਾਣ ਪੀਣ ਲਈ, ਕਿਉਂਕਿ ਪੂਰੀ ਸ਼ਾਂਤੀ ਭੋਰਾ ਵੀ ਨਾ ਹੈ ਹੈ, ਨਾ ਖੈ ਖੈ)।



ਦੂਜੀ ਘਟਨਾ ਯਾਦ ਆ ਰਹੀ ਐ ਜਦ ਮੇਰੀ ਪੋਸਟਿੰਗ ਸੀ ਸੈਦੋਕੇ 2017 'ਚ। ਸੈਦੋਕੇ ਦਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤਿੰਨ ਪਿੰਡਾਂ ਦੀ ਹੱਦ 'ਤੇ ਬਣਿਆ ਹੋਇਆ ਹੈ ਤੇ ਉਥੇ ਸੂਏ ਦੀ ਟੋਲ ਪੈਂਦੀ ਐ।

ਅੱਧੀ ਛੁੱਟੀ ਵੇਲੇ ਸੂਏ ਤੇ ਗੇੜਾ ਮਾਰਨ ਚਲਾ ਜਾਂਦਾ ਤੇ ਵੇਖਿਆ ਕਿ ਉਥੇ ਖੋਪੇ ਦੇ ਗੁੱਟ/ਲਲੋਰ ਅਕਸਰ ਜਾਂਦੇ ਸੀ।... ਬਸ ਫੇਰ, ਰਹਿੰਦੇ ਖੂੰਦੇ ਗਿਆਰਵੀਂ-ਬਾਰਵੀਂ ਦੇ ਮੁੰਡੇ ਮਿਲ ਗਏ ਤਿੰਨ ਕੁ ਮੇਰੇ ਵਰਗੇ।ਹਫਤੇ 'ਚ ਤਿੰਨ ਕੁ ਦਿਨ ਚੰਗਾ ਛਾਟ ਛਾਟ ਕੇ ਲੋਕਾਂ ਦਾ ਟੂਣਾ ਤੇ ਸਾਡੇ ਲਈ ਖੋਪਾ ਗਿਰੀ, ਛਕਦੇ ਰਹੇ। ਸਾਲ ਕੁ ਸੈਦੋ ਕੇ ਲਾਇਆ ਸੀ ਤੇ ਸਾਲ ਭਰ ਇਹ ਸਿਲਸਿਲਾ ਨਿਰਵਿਘਨ ਚਲਦਾ ਰਿਹਾ।

ਟੂਣਿਆਂ ਪ੍ਰਤੀ ਮੋਹ ਮੇਰਾ ਹੁਣ ਵੀ ਜਾਰੀ ਐ। ਪਿਛਲੇ ਸ਼ਨਿਚਰਵਾਰ ਸਵੇਰੇ ਸਵੇਰੇ ਮੈਂ ਘਰ ਨੇੜੇ ਦੇ ਨੇੜੇ ਹੀ ਚੁਰਸਤੇ 'ਚੋਂ ਇਕ ਦੋ ਜਣਿਆਂ ਨੂੰ ਬਚ ਬਚ ਕੇ ਜੋ ਲੰਘਦੇ ਵੇਖਿਆ, ਮੈਂ ਵੇਖਣ ਲਈ ਜਾ ਪਹੁੰਚਿਆ। ਵੇਖਿਆ ਕਿ ਇਕ ਦਿਨ ਤਿੰਨ ਚਾਬੀਆਂ ਵਾਲਾ ਜਿੰਦਾ ਚੁਰਸਤੇ 'ਚ ਰੱਖਿਆ ਪਿਆ ਸੀ। ਮੈਨੂੰ ਲੱਗਿਆ ਜਿਵੇਂ ਉਹ ਟੂਣਾ ਖਾਸ ਕਰਕੇ ਮੇਰੇ ਲਈ ਹੀ ਕਰਿਆ ਹੋਵੇ। ਕਿਉਂਕਿ ਕੁਝ ਕੁ ਦਿਨਾਂ ਤੋਂ ਮੋਟਰ ਕਮਰੇ ਵਾਲਾ ਜਿੰਦਾ ਥੋੜਾ ਅੜਕ ਕੇ ਜੇ ਲੱਗਣ ਲੱਗ ਪਿਆ ਸੀ ਤੇ ਬਦਲਣਾ ਹੀ ਸੀ ਇਕ ਅੱਧੇ ਦਿਨ ਤਕ। ਚਲੋ ਜੀ ਬਣ ਗਈ ਗੱਲ। ਮੇਰਾ ਪੰਜਾਹਾਂ ਦਾ ਨੋਟ ਬਚ ਗਿਆ। ਆਪਾਂ ਚੁੱਕਿਆ ਜਿੰਦਾ ਤੇ ਬਣਾ ਤਾ ਮੋਟਰ ਕਮਰੇ ਦਾ ਸ਼ਿੰਗਾਰ।

ਹੁਣ ਅੱਗੇ ਵੇਖਦੇ ਆਂ ਕਿ ਮਹਾਪੁਰਸ਼ਾ ਕੀ ਮਿਲਦੈ।

ਨਵਾਂ ਟੂਣਾ ਮਿਲਣ ਦੀ ਆਸ ਵਿਚ।

*(ਸਫਾ 27 ਦੀ ਬਾਕੀ)*

ਚਾਹੀਦੀ ਸੀ। ਸ਼ਹਿਰੀਕਰਨ ਦੇ ਬਾਵਜੂਦ ਪਿੰਡਾਂ ਦੀ ਕੁਰਬਾਨੀ ਨਹੀਂ ਸੀ ਦਿੱਤੀ ਜਾਣੀ ਚਾਹੀਦੀ। ਅਸਲ 'ਚ ਇਹੋ ਜਿਹੀ ਯੋਗ ਖੇਤੀ ਨੀਤੀ ਹੋਣੀ ਚਾਹੀਦੀ ਸੀ, ਜਿਸ ਵਿਚ ਖੇਤੀ ਅਤੇ ਖੇਤੀ ਅਧਾਰਤ ਧੰਦਿਆਂ ਬਾਗਬਾਨੀ, ਦੁੱਧ ਉਤਪਾਦਨ ਆਦਿ ਨੂੰ ਉਤਸ਼ਾਹਤ ਕੀਤਾ ਜਾਣਾ ਚਾਹੀਦਾ ਸੀ। ਸਿੰਚਾਈ, ਭੰਡਾਰਨ, ਪਰਵਹਿਨ ਦਾ ਪ੍ਰਬੰਧ ਹੋਣਾ ਚਾਹੀਦਾ ਸੀ।

ਬਿਨਾਂ ਸ਼ੱਕ ਦੇਸ਼ 'ਚ ਉਦਯੋਗ ਜ਼ਰੂਰੀ ਹੈ, ਅੰਤਰਰਾਸ਼ਟਰੀ ਵਪਾਰ-ਜੋੜ ਵੀ ਦੇਸ਼ ਲਈ ਮਹੱਤਵਪੂਰਨ ਹੈ, ਲੇਕਿਨ ਇਹ ਹਿੱਤਾਂ 'ਤੇ ਕਿਸਾਨ ਹਿੱਤਾਂ ਨੂੰ ਧਿਆਨ 'ਚ ਰੱਖ ਕੇ ਬਣਾਉਣ ਦੀ ਲੋੜ ਸੀ। ਪਰ ਇੰਜ ਨਹੀਂ ਹੋ ਸਕਿਆ।


ਵਧਦੀ ਵਿਸ਼ਵ ਪੱਧਰੀ ਖਾਣ ਵਾਲੀਆਂ ਚੀਜ਼ਾਂ ਦੀ ਲੋੜ ਪੂਰੀ ਕਰਨ ਲਈ ਭਾਰਤ ਦੇ ਸਾਹਮਣੇ ਵੱਡੇ ਮੌਕੇ ਹਨ। ਜ਼ਿੰਮੇਵਾਰੀਆਂ ਵੀ ਹਨ। ਇਹ ਚੁਣੌਤੀਆਂ ਲਚਕੀਲੇਪਨ, ਸਰਲਤਾ ਸਿਆਣਪ ਨਾਲ ਸਵੀਕਾਰੀਆਂ ਜਾਣੀਆਂ ਚਾਹੀਦੀਆਂ ਹਨ। ਸਿਰਫ਼ "ਵਿਸ਼ਵ ਗੁਰੂ" ਬਣਨ ਦੇ ਨਾਅਰੇ ਹੀ ਭਾਰਤ ਦੀ ਆਰਥਿਕਤਾ ਨੂੰ ਹੁਲਾਰਾ ਨਹੀਂ ਦੇ ਸਕਦੇ।

ਦੇਸ਼ ਦੀ ਆਰਥਿਕਤਾ ਨੂੰ ਹੁਲਾਰਾ ਤਦੇ ਮਿਲ ਸਕਦਾ ਹੈ, ਜੇਕਰ ਅਸੀਂ ਦੇਸ਼ ਦੇ ਅਧਾਰ ਖੇਤੀ ਖੇਤਰ, ਛੋਟੇ ਸੀਮਤ ਕਿਸਾਨਾਂ ਦੇ ਹਿੱਤਾਂ ਨੂੰ ਧਿਆਨ 'ਚ ਰੱਖਦਿਆਂ, ਨੀਤੀਆਂ ਦਾ ਨਿਰਮਾਣ ਕਰਾਂਗੇ। ਕਿਸਾਨਾਂ ਨੂੰ ਆਰਥਿਕ ਤੌਰ 'ਤੇ ਤਕੜੇ ਕਰਨ ਲਈ ਖੇਤੀ ਨੂੰ ਜ਼ਿਆਦਾ ਵਿਵਹਾਰਕ ਬਣਾਵਾਂਗੇ।

ਪਰੰਪਰਿਕ ਅਜੀਵਕਾ ਦੇ ਨਾਲ-ਨਾਲ ਅਧੁਨਿਕੀਕਰਣ ਦਾ ਸੰਤੁਲਿਨ ਬਣਾ ਕੇ ਤੁਰਨ ਦੀ ਅੱਜ ਦੇਸ਼ ਨੂੰ ਲੋੜ ਹੈ। ਇਹ ਹੀ ਭਾਰਤ ਦੀ ਆਰਥਿਕ ਯਾਤਰਾ ਵਿਚ ਆ ਰਹੀਆਂ ਤਬਦੀਲੀਆਂ ਨੂੰ ਅੱਗੇ ਵਧਾਉਣ ਦੀ ਕੁੰਜੀ ਹੈ।


ਅੱਜ ਚੁਣੌਤੀ ਇਹੋ ਜਿਹੀਆਂ ਨੀਤੀਆਂ ਨੂੰ ਤਿਆਰ ਕਰਨ ਦੀ ਹੈ, ਜੋ ਨਾ ਕੇਵਲ ਬਦਲਦੀਆਂ ਸਥਿਤੀਆਂ ਨੂੰ ਪ੍ਰਵਾਨ ਕਰਦੀ ਹੋਵੇ, ਬਲਕਿ ਇਹ ਵੀ ਯਕੀਨੀ ਬਣਾਵੇ ਕਿ ਆਰਥਿਕ ਵਿਕਾਸ ਦਾ ਲਾਭ ਖੇਤੀ ਖੇਤਰ ਅਤੇ ਆਮ ਲੋਕਾਂ ਤੱਕ ਪੁੱਜਦਾ ਹੋਵੇ। ਨਾ ਕਿ ਦੇਸ਼ ਦਾ ਧਨ ਕੁਝ ਹੱਥਾਂ 'ਚ ਹੀ ਇਕੱਠਾ ਹੋਵੇ, ਅਤੇ ਲੋਕ ਦੋ ਡੰਗ ਦੀ ਰੋਟੀ ਲਈ ਵੀ ਆਤੁਰ ਹੋ ਜਾਣ।

# ਹੁਣ ਦਰਸ਼ਕਾਂ ਨੂੰ ਫੈਸਲਾ ਕਰਨਾ ਪਵੇਗਾ: ਜਾਵੇਦ ਅਖਤਰ



**ਆਮਨਾ ਕੌਰ**

‘ਸ਼ੋਅਲੇ’ ਵਰਗੀ ਮਿਸਾਲੀ ਫਿਲਮ ਲਿਖਣ ਵਾਲੇ ਸ਼ਾਇਰ ਜਾਵੇਦ ਅਖਤਰ ਦਾ ਕਹਿਣਾ ਹੈ ਕਿ ਅੱਜ ਕੱਲ੍ਹ ਜਿਸ ਤਰ੍ਹਾਂ ਦੀਆਂ ਫਿਲਮਾਂ ਬਣਨ ਲੱਗ ਪਈਆਂ ਹਨ ਅਤੇ ਹਿੱਟ ਵੀ ਹੋਣ ਲੱਗ ਪਈਆਂ ਹਨ, ਹੁਣ ਦਰਸ਼ਕਾਂ ਨੂੰ ਇਹ ਫੈਸਲਾ ਕਰਨਾ ਪਵੇਗਾ ਕਿ ਉਹ ਕਿਹੋ ਜਿਹੀਆਂ ਫਿਲਮਾਂ ਦੇਖਣੀਆਂ ਪਸੰਦ ਕਰਦੇ ਹਨ। ਮਸਲਾ ਸਮਾਜ ਨੂੰ ਦੇਧ ਦੇਣ ਦਾ ਵੀ ਹੈ।



ਜਾਵੇਦ ਅਖਤਰ ਨੇ ਇਕ ਸਮਾਗਮ ਦੌਰਾਨ ਫਿਲਮ ‘ਐਨੀਮਲ’ ਦਾ ਜ਼ਿਕਰ ਕੀਤੇ ਬਗੈਰ ਕਿਹਾ, “ਕੁਝ ਅਜਿਹੀਆਂ ਫਿਲਮਾਂ ਆ ਰਹੀਆਂ ਹਨ ਜਿਨ੍ਹਾਂ ਵਿਚ ਔਰਤਾਂ ਅਤੇ ਮਨੁੱਖਤਾ ਦੀ ਰੱਜ ਕੇ ਤੌਹੀਨ ਕੀਤੀ ਜਾ ਰਹੀ ਹੈ। ਸਿਤਮਜ਼ਰੀਫੀ ਇਹ ਹੈ ਕਿ ਅਜਿਹੀਆਂ ਹਿੰਸਕ ਫਿਲਮਾਂ ਹਿੱਟ ਵੀ ਹੋ ਰਹੀਆਂ ਹਨ। ਅਸਲ ਵਿਚ, ਇਹ ਸਾਡੇ ਸਮਾਜ ਦੀ ਕਮਜ਼ੋਰੀ ਹੀ ਦਿਖਾ ਰਹੀਆਂ ਹਨ। ਸਮਾਜ ਅੰਦਰ ਇੰਨਾ ਨਿਘਾਰ ਆ ਚੁੱਕਾ ਹੈ ਕਿ ਮਨੁੱਖਤਾ ਦਾਅ ’ਤੇ ਲੱਗ ਗਈ ਹੈ। ਅੱਜ ਦੇ ਫਿਲਮਸਾਜ਼ ਹੁਣ ਅਜਿਹੇ ਬਿਮਾਰ ਸਮਾਜ ਬਾਰੇ ਇਕਪਾਸੜ ਫਿਲਮਾਂ ਬਣਾਉਣ ਲੱਗੇ ਹਨ। ਦਰਸ਼ਕਾਂ ਨੂੰ ਹੁਣ ਸੰਜੀਦਗੀ ਨਾਲ ਸੋਚਣਾ ਪਵੇਗਾ ਕਿ ਉਨ੍ਹਾਂ ਨੇ ਕਿਹੜੀਆਂ ਫਿਲਮਾਂ ਦੇਖਣੀਆਂ ਹਨ। ਅਜਿਹੀਆਂ ਹਿੰਸਕ ਫਿਲਮਾਂ ਸਮਾਜ ਨੂੰ ਹੋਰ ਨਿਘਾਰ ਵੱਲ ਲੈ ਜਾਣਗੀਆਂ। ਇਸ ਲਈ ਇਸ ਨਿਘਾਰ ਨੂੰ ਰੋਕਣ ਅਤੇ ਮਨੁੱਖਤਾ ਦੀ ਰਾਖੀ ਲਈ ਦਰਸ਼ਕਾਂ ਨੂੰ ਆਪਣੀ ਬਣਦੀ ਭੂਮਿਕਾ ਨਿਭਾਉਣੀ ਪਵੇਗੀ।”

ਇਸੇ ਸਮਾਗਮ ਦੌਰਾਨ ਉਘੇ ਫਿਲਮਸਾਜ਼ ਮਣੀ ਰਤਨਮ ਨੇ ਕਿਹਾ ਕਿ ਹੁਣ ਜਾਵੇਦ ਅਖਤਰ ਵਰਗੇ ਲਿਖਾਰੀਆਂ ਨੂੰ ਫਿਲਮਾਂ ਲਿਖਣ ਲਈ ਅੱਗੇ ਆਉਣਾ ਚਾਹੀਦਾ ਹੈ।

ਮਣੀ ਰਤਨਮ ਦਾ ਕਹਿਣਾ ਹੈ ਕਿ ਹੁਣ ਫਿਲਮਾਂ ਦੀ ਸਫਲਤਾ ਜਾਂ ਅਸਫਲਤਾ ਸਿਰਫ ਬਾਕਸ ਆਫਿਸ ਦੀ ਕਮਾਈ ਦੇ ਹਿਸਾਬ ਨਾਲ ਗਿਣੀ ਜਾਂਦੀ ਹੈ। ਉਨ੍ਹਾਂ ਮੌਕੇ ’ਤੇ ਹੀ ਐਲਾਨ ਕੀਤਾ ਕਿ ਜੇ ਜਾਵੇਦ ਅਖਤਰ ਫਿਲਮ ਲਿਖਣਗੇ ਤਾਂ ਉਹ ਉਸ ’ਤੇ ਫਿਲਮ ਬਣਾਉਣ ਲਈ ਤਿਆਰ ਹਨ। ਫਿਲਹਾਲ ਉਹ ਉਘੇ ਅਦਾਕਾਰ ਕਮਲ ਹਾਸਨ ਨਾਲ ਫਿਲਮ ‘ਠੱਗ ਲਾਈਫ’ ਬਣਾ ਰਹੇ ਹਨ। ਯਾਦ ਰਹੇ ਕਿ ਮਣੀ ਰਤਨਮ ਤਾਮਿਲ, ਤੈਲਗੂ, ਕੰਨੜ ਅਤੇ ਮਲਿਆਲਮ ਫਿਲਮਾਂ ਦਾ ਉਘਾ ਨਾਂ ਹੈ। ਹਿੰਦੀ ਵਿਚ ਉਸ ਨੇ ‘ਰੋਜ਼ਾ’ ਅਤੇ ‘ਦਿਲ ਸੇ’ ਵਰਗੀਆਂ ਫਿਲਮਾਂ ਬਣਾਈਆਂ ਹਨ ਅਤੇ ਵੱਖਰੀ ਛਾਪ ਛੱਡੀ।

ਜਾਵੇਦ ਅਖਤਰ ਨੇ ਮਣੀ ਰਤਨਮ ਦੀਆਂ ਫਿਲਮਾਂ ਦੀ ਤਾਰੀਫ ਕੀਤੀ ਅਤੇ ਕਿਹਾ ਕਿ ਮਣੀ ਰਤਨਮ ਨੇ ਹਿੰਦੀ ਫਿਲਮ ਵਾਲਿਆਂ ਨੂੰ ਅਹਿਸਾਸ ਕਰਵਾਇਆ ਕਿ ਫਿਲਮਾਂ ਕਿਸ ਤਰ੍ਹਾਂ ਬਣਾਈਆਂ ਜਾ ਸਕਦੀਆਂ ਹਨ। ਜਾਵੇਦ ਅਖਤਰ ਨੇ ਸਲੀਮ ਨਾਲ ਰਲ ਕੇ ‘ਸ਼ੋਅਲੇ’ ਤੋਂ ਇਲਾਵਾ ‘ਜ਼ੰਜੀਰ’ ‘ਦੀਵਾਰ’, ‘ਤ੍ਰਿਸ਼ੂਲ’, ‘ਸੀਤਾ ਔਰ ਗੀਤਾ’ ‘ਮਿਸਟਰ ਇੰਡੀਆ’, ‘ਸ਼ਕਤੀ’, ‘ਕ੍ਰਾਂਤੀ’ ਵਰਗੀਆਂ ਫਿਲਮਾਂ ਲਿਖੀਆਂ। ਅੱਜ ਕੱਲ੍ਹ ਉਹ ਗੀਤਕਾਰ ਵਜੋਂ ਮਸ਼ਹੂਰ ਹਨ।

ਚੇਤੇ ਰਹੇ ਕਿ ‘ਐਨੀਮਲ’ ਫਿਲਮ ਸੰਦੀਪ ਰੈਡੀ ਵਾਂਗਾ ਨੇ ਬਣਾਈ ਹੈ ਅਤੇ ਇਹ ਫਿਲਮ 1000 ਕਰੋੜ ਰੁਪਏ ਦੇ ਕਰੀਬ ਕਮਾਈ ਕਰ ਚੁੱਕੀ ਹੈ। ਫਿਲਮ ਵਿਚ ਔਰਤ ਨੂੰ ਬਹੁਤ ਮਾੜੀ ਹਾਲਤ ਵਿਚ ਦਿਖਾਇਆ ਗਿਆ ਹੈ ਅਤੇ ਫਿਲਮ ਵਿਚ ਅੰਨ੍ਹੀ ਹਿੰਸਾ ਹੈ।

ਜਾਵੇਦ ਅਖਤਰ ਦਾ ਮੰਨਣਾ ਹੈ ਕਿ ਫਿਲਮਾਂ ਅਤੇ ਸਾਹਿਤ, ਸਮਾਜ ਦਾ ਸ਼ੀਸ਼ਾ ਜ਼ਰੂਰ ਹੁੰਦੇ ਹਨ ਪਰ ਕਲਾ ਦਾ ਮਤਲਬ ਚੰਗੇ ਸਮਾਜ ਵਿਚ ਆਪਣੀ ਭੂਮਿਕਾ ਨਿਭਾਉਣਾ ਵੀ ਹੈ। ਲੇਖਕਾਂ ਅਤੇ ਕਲਾਕਾਰਾਂ ਨੂੰ ਇਹ ਗੱਲ ਭੁੱਲਣੀ ਨਹੀਂ ਚਾਹੀਦੀ। ਉਂਝ ਵੀ ਬਿਮਾਰ ਸਮਾਜ ਤੁਹਾਨੂੰ ਕਿਤੇ ਨਹੀਂ ਲੈ ਕੇ ਜਾਂਦਾ। ਇਸ ਸੂਰਤ ਵਿਚ ਕਲਾ ਦੀ ਅਹਿਮੀਅਤ ਬਹੁਤ ਵਧ ਜਾਂਦੀ ਹੈ ਅਤੇ ਨਾਲ ਹੀ ਕਲਾਕਾਰ ਦੀ ਜ਼ਿੰਮੇਵਾਰੀ ਦੀ।

# ਮਧੁਰ ਮਾਧੁਰੀ ਦੀਕਸ਼ਿਤ

**ਕੁਦਰਤ ਕੌਰ**

ਫਿਲਮ ਅਦਾਕਾਰਾ ਮਾਧੁਰੀ ਦੀਕਸ਼ਿਤ ਨੇ ਅਦਾਕਾਰੀ ਤੋਂ ਬਾਅਦ ਫਿਲਮਾਂ ਦੇ ਨਿਰਮਾਣ ਦਾ ਵੀ ਰੁਖ਼ ਕਰ ਲਿਆ ਹੈ। ਉਸ ਦਾ ਕਹਿਣਾ ਹੈ ਕਿ ਉਹ ਸਾਰਥਕ ਸਿਨੇਮਾ ਕਰਨ ਦੀ ਇੱਛੁਕ ਹੈ ਕਿਉਂਕਿ ਉਸ ਦਾ ਮੰਨਣਾ ਹੈ ਕਿ ਅਜਿਹੀਆਂ ਫਿਲਮਾਂ ਦਾ ਦਰਸ਼ਕਾਂ ’ਤੇ ਸਕਾਰਾਤਮਕ ਅਸਰ ਪੈਂਦਾ ਹੈ। ‘ਦਿਲ’, ‘ਸਾਜਨ’, ‘ਹਮ ਆਪਕੇ ਹੈ ਕੌਨ?’ ਵਰਗੀਆਂ ਸੁਪਰ ਹਿੱਟ ਫਿਲਮਾਂ ਦੇਣ ਵਾਲੀ ਮਾਧੁਰੀ ਨੇ ਹਿੰਦੀ ਫਿਲਮ ਜਗਤ ’ਤੇ ਲੰਮਾ ਸਮਾਂ ਰਾਜ ਕੀਤਾ ਹੈ।

ਮਾਧੁਰੀ ਦੀਕਸ਼ਿਤ ਆਪਣੀ ਦੂਜੀ ਪਾਰੀ ਵਿਚ ‘ਆਜਾ ਨੱਚ ਲੈ’, ‘ਬਕੇਟ ਲਿਸਟ’, ‘ਡੇਢ ਇਸ਼ਕੀਆ’ ਅਤੇ ‘ਮਾਜਾ ਮਾ’ ਵਰਗੀਆਂ ਫਿਲਮਾਂ ਵਿਚ ਕੰਮ ਕਰ ਚੁੱਕੀ ਹੈ। ਹੁਣ ਉਸ ਨੇ ਕਿਹਾ ਹੈ, “ਮੈਂ ਅਜਿਹੀਆਂ ਫਿਲਮਾਂ ਅਤੇ ਕਿਰਦਾਰਾਂ ਦੀ ਤਲਾਸ਼ ਕਰ ਰਹੀ ਹਾਂ ਜੋ ਔਖੇ ਤੇ ਵੱਖਰੇ ਹੋਣ ਅਤੇ ਉਹ ਦਰਸ਼ਕਾਂ ’ਤੇ ਪ੍ਰਭਾਵ ਪਾਉਣ ਤੇ ਦਰਸ਼ਕਾਂ ਨੂੰ ਸੋਚਣ ਲਈ ਮਜਬੂਰ ਕਰਨ।” ਉਸ ਦੀ ਨਵੀਂ ਮਰਾਠੀ ਫਿਲਮ ‘ਪੰਚਕ’ ਅੰਧ-ਵਿਸ਼ਵਾਸ ਅਤੇ ਮੌਤ ਦੇ ਡਰ ਵਰਗੇ ਵਿਸ਼ਿਆਂ ਦੁਆਲੇ ਘੁੰਮਦੀ ਹੈ। ਇਸ ਫਿਲਮ ਦੇ ਨਿਰਮਾਣ ਵਿਚ ਮਾਧੁਰੀ ਦਾ ਉਸ ਦੇ ਪਤੀ ਸ੍ਰੀਰਾਮ ਨੇਨੇ ਨੇ ਵੀ ਸਹਿਯੋਗ ਦਿੱਤਾ ਹੈ।



15 ਮਈ 1967 ਨੂੰ ਜਨਮੀ ਮਾਧੁਰੀ ਦੀਕਸ਼ਿਤ ਹੁਣ ਤੱਕ 70 ਤੋਂ ਜ਼ਿਆਦਾ ਫਿਲਮਾਂ ਵਿਚ ਕੰਮ ਕਰ ਚੁੱਕੀ ਹੈ। ਉਸ ਨੇ ਆਪਣੇ ਫਿਲਮੀ ਕਰੀਅਰ ਦਾ ਆਰੰਭ 1984 ਵਿਚ ਫਿਲਮ ‘ਅਬੋਧ’ ਨਾਲ ਕੀਤਾ ਸੀ। ਇਹ ਫਿਲਮ ਬਹੁਤੀ ਚੱਲੀ ਨਹੀਂ ਪਰ ਇਸ ਵਿਚ ਮਾਧੁਰੀ ਦੀਕਸ਼ਿਤ ਦੇ ਕੰਮ ਦੀ ਖੂਬ ਤਾਰੀਫ ਹੋਈ। ਫਿਰ 1985 ਵਿਚ ਉਸ ਦੀ ਫਿਲਮ ‘ਅਵਾਰਾ ਬਾਪ’ ਰਿਲੀਜ਼ ਹੋਈ। ਫਿਰ ਤਾਂ ਚੱਲ ਸੋ ਚੱਲ। ਉਂਝ, 1988 ਵਿਚ ਆਈ ਫਿਲਮ ‘ਤੇਜ਼ਾਬ’ ਨੇ ਉਸ ਦੇ ਕਰੀਅਰ ਨੂੰ ਖੰਭ ਲਾ ਦਿੱਤੇ। ਇਸ ਫਿਲਮ ਦਾ ਗੀਤ ‘ਏਕ ਦੋ ਤੀਨ’ ਅੱਜ ਵੀ ਵੱਜਦਾ ਸੁਣਾਈ ਦੇ ਜਾਂਦਾ ਹੈ। ਉਸ ਨੇ ‘ਰਾਮ ਲਖਨ’, ਦਿਲ, ‘ਇਲਾਕਾ’, ‘ਪ੍ਰਿੰਦਾ’, ‘ਮ੍ਰਿਤੂਦੰਡ’, ‘ਦਿਲ ਤੋ ਪਾਗਲ ਹੈ’, ‘ਗੁਲਾਬ ਗੈਂਗ’, ‘ਹਮ ਆਪਕੇ ਹੈਂ ਕੌਨ?’ ਵਰਗੀਆਂ ਫਿਲਮਾਂ ਵਿਚ ਕੰਮ ਕੀਤਾ।

# ਅਦਾਕਾਰਾ ਰਕੁਲਪ੍ਰੀਤ ਸਿੰਘ ਦਾ ਕਰੀਅਰ

**ਗੁਰਜੰਟ ਸਿੰਘ**

ਹਿੰਦੀ ਫਿਲਮ ‘ਯਾਰੀਆਂ’ ਰਾਹੀਂ 2014 ਵਿਚ ਫਿਲਮੀ ਕਰੀਅਰ ਸ਼ੁਰੂ ਕਰਨ ਵਾਲੀ ਅਦਾਕਾਰਾ ਰਕੁਲਪ੍ਰੀਤ ਸਿੰਘ ਨੇ ਬੌਲੀਵੁੱਡ ’ਚ ਆਪਣੇ ਦਸ ਸਾਲਾਂ ਦੇ ਸਫਰ ਬਾਰੇ ਯਾਦਾਂ ਸਾਂਝੀਆਂ ਕੀਤੀਆਂ। ਉਸ ਨੇ ਕਿਹਾ ਕਿ ਉਹ ਅੱਜ ਜਿਸ ਮੁਕਾਮ ’ਤੇ ਹੈ, ਉੱਥੇ ਪਹੁੰਚਣ ਲਈ ਉਸ ਨੂੰ ਸਖ਼ਤ ਮਿਹਨਤ ਅਤੇ ਦ੍ਰਿੜ ਨਿਸ਼ਚੇ ਦੀ ਲੋੜ ਪਈ।



ਉਸ ਨੇ ਕੰਨੜ ਫਿਲਮ ‘ਗਿੱਲੀ’ ਰਾਹੀਂ 2009 ਵਿਚ ਅਦਾਕਾਰੀ ਦੀ ਸ਼ੁਰੂਆਤ ਕਰਨ ਮਗਰੋਂ ‘ਕੇਰਾਤਮ’, ‘ਯੁਵਾਨ’, ‘ਪੁਥਾਗਮ’ ਆਦਿ ਫਿਲਮਾਂ ਵਿਚ ਕੰਮ ਕੀਤਾ ਅਤੇ ਫਿਰ ਹਿਮਾਂਸ਼ ਕੋਹਲੀ ਨਾਲ ਹਿੰਦੀ ਫਿਲਮ ‘ਯਾਰੀਆਂ’ ਰਾਹੀਂ ਬੌਲੀਵੁੱਡ ’ਚ ਸ਼ੁਰੂਆਤ ਕੀਤੀ। ਦਿਵਿਆ ਖੋਸਲਾ ਕੁਮਾਰ ਵੱਲੋਂ ਨਿਰਦੇਸ਼ਤ ਫਿਲਮ ‘ਯਾਰੀਆਂ’ ਵਿਚ ਉਸ ਨੇ ਸਲੋਨੀ ਦੀ ਭੂਮਿਕਾ ਨਿਭਾਈ ਸੀ। ਫਿਲਮ ਦੇ ਰਿਲੀਜ਼ ਨੂੰ ਦਸ ਸਾਲ ਪੂਰੇ ਹੋਣ ’ਤੇ ਰਕੁਲਪ੍ਰੀਤ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ ’ਤੇ ‘ਯਾਰੀਆਂ’ ਫਿਲਮ ਦੀਆਂ ਕੁਝ ਤਸਵੀਰਾਂ ਸਾਂਝੀਆਂ ਕੀਤੀਆਂ। ਤਸਵੀਰਾਂ ਦੇ ਨਾਲ ਉਸ ਨੇ ਲਿਖਿਆ, “ਦਸ ਸਾਲ ਪਹਿਲਾਂ ਜਦੋਂ ਮੈਂ ਬੌਲੀਵੁੱਡ ’ਚ ਪਹਿਲਾ ਕਦਮ ਰੱਖਿਆ ਸੀ, ਉਦੋਂ ਮੈਂ ਉਹ ਮੁਟਿਆਰ ਸੀ ਜਿਸ ਦੇ ਵੱਡੇ-ਵੱਡੇ ਸੁਫ਼ਨੇ ਸਨ। ਅੱਜ ਮੈਂ ਜਿੱਥੇ ਹਾਂ, ਉੱਥੇ ਪਹੁੰਚਣ ਲਈ ਮੈਨੂੰ ਇੱਕ ਦਹਾਕੇ ਦੀ ਸਖ਼ਤ ਮਿਹਨਤ ਤੇ ਦ੍ਰਿੜਤਾ ਦੀ ਲੋੜ ਪਈ। ਅਜੇ ਵੀ ਹਾਸਲ ਕਰਨ ਲਈ ਬਹੁਤ ਕੁਝ ਹੈ। ਹੁਣ ਤੱਕ ਕੀਤੇ ਆਪਣੇ ਕੰਮ ਤੋਂ ਮੈਂ ਖੁਸ਼ ਹਾਂ।”

10 ਅਕਤੂਬਰ 1990 ਦੀ ਜਨਮੀ ਰਕੁਲਪ੍ਰੀਤ ਸਿੰਘ ਨੇ ਹਿੰਦੀ, ਤੈਲਗੂ ਅਤੇ ਤਾਮਿਲ ਫਿਲਮਾਂ ਵਿਚ ਕੰਮ ਕੀਤਾ ਹੈ। ਉਹ ਕਈ ਇਨਾਮ ਅਤੇ ਮਾਨ-ਸਨਮਾਨ ਵੀ ਹਾਸਲ ਕਰ ਚੁੱਕੀ ਹੈ। ਰਕੁਲਪ੍ਰੀਤ ਸਿੰਘ ਦਾ ਜਨਮ ਨਵੀਂ ਦਿੱਲੀ ਵਿਚ ਵੱਸਦੇ ਸਿੱਖ ਪਰਿਵਾਰ ਵਿਚ ਹੋਇਆ। ਉਸ ਦੇ ਪਿਤਾ ਫੌਜ ਵਿਚ ਅਫਸਰ ਸਨ। ਪਿਛਲੇ ਸਾਲ ਰਕੁਲਪ੍ਰੀਤ ਸਿੰਘ ਦੀ ਫਿਲਮ ‘ਆਈ ਲਵ ਯੂ’ ਆਈ ਸੀ। ਇਸ ਫਿਲਮ ਵਿਚ ਅਕਸ਼ੈ ਓਬਰਾਏ ਅਤੇ ਪਵੇਲ ਗੁਲਾਟੀ ਦੀਆਂ ਭੂਮਿਕਾਵਾਂ ਸਨ। ਉਸ ਦਾ ਭਰਾ ਅਮਨਪ੍ਰੀਤ ਸਿੰਘ ਵੀ ਅਦਾਕਾਰ ਹੈ, ਉਸ ਨੇ ਹਿੰਦੀ ਫਿਲਮ ‘ਰਾਮ ਰਾਜਿਆ’ ਵਿਚ ਕੰਮ ਕੀਤਾ। ਇਹ ਫਿਲਮ 2022 ਵਿਚ ਰਿਲੀਜ਼ ਹੋਈ ਸੀ ਪਰ ਫਿਲਮ ਚੱਲੀ ਨਹੀਂ।

# Noblesville

## *Trucks & Trailer Repair Shop*

**15203 Stony Creek Way,**
**Noblesville, IN 46060**



Truck & Trailer Alignment
Truck Oil Change
Truck & Trailer Brakes
Shock and Chambers
Drive Lines & AC Work
Tire Chnage, Repair, And Balance
Reefer Oil Change * DPF Work
Nox Sensor
Truck & Trailer Bushings
Air Compressor * Air Dryer
Radiator Change

Sam Bhullar: 317-995-2020
Gurbaksh S Randhawa
Call: 317-800-2976

# Reliable

## *Trucks & Trailer Repair Shop*

**7401 Brookville Road**
**Indianapolis, IN 46239**



Truck & Trailer Alignment
Truck Oil Change
Truck & Trailer Brakes
Shock and Chambers
Drive Lines & AC Work
Tire Chnage, Repair, And Balance
Reefer Oil Change * DPF Work
Nox Sensor
Truck & Trailer Bushings
Air Compressor * Air Dryer
Radiator Change

Gurbaksh S Randhawa:
317-800-2976
Sam Bhullar: 317-995-2020

# Reliable



## *Semi Trucks & Trailer Repair Shop*

**5520S Harding St., Suite : C,**
**Indianapolis, IN 46217**

Truck & Trailer Alignment
Truck Oil Change
Truck & Trailer Brakes
Shock and Chambers
Drive Lines & AC Work
Tire Chnage, Repair, And Balance
Reefer Oil Change * DPF Work
Nox Sensor
Truck & Trailer Bushings
Air Compressor * Air Dryer
Radiator Change

Jasbir Singh: 317-702-6302
Gurbaksh S Randhawa:
317-800-2976

# TRUCK PARTS KING USA

**Heavy duty Trucks & Trailer Parts**

## 7401 Brookville Road
## Indianapolis, IN 46239

**We will sell Trucks & Trailers tires as well.**

*COMING SOON...*

Gurbaksh S Randhawa
Call: 317-800-2976
Sam Bhullar: 317-995-2020